5-MAY-PAGE-1.qxd 5/4/2025 8:40 PM Page 1


ਸੋਮਵਾਰ, 5 ਮਈ, 2025

23 ਵਿਸਾਖ { ਨਾਨਕਸ਼ਾਹੀ 557 / ਬਿਕਰਮੀ 2082

ਜਿਲਦ/VOL. : 73

ਅੰਕ/NO. : 334

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • MONDAY, 5 MAY, 2025 ਜਲੰਧਰ

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12


## ਐਕਸ਼ਨ ਨੂੰ ਅੰਤਮ ਛੋਹਾਂ

### ਐਡਮਿਰਲ ਤੋਂ ਬਾਅਦ ਮੋਦੀ ਵੱਲੋਂ ਏਅਰ ਚੀਫ ਨਾਲ ਮਸ਼ਵਰੇ




**ਨਵੀਂ ਦਿੱਲੀ** : ਪਹਿਲਗਾਮ ਹਮਲੇ ਨੂੰ ਲੈ ਕੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਵਧਦੇ ਤਣਾਅ ਦਰਮਿਆਨ ਭਾਰਤੀ ਹਵਾਈ ਸੈਨਾ ਦੇ ਮੁਖੀ ਏਅਰ ਚੀਫ ਮਾਰਸ਼ਲ ਏ ਪੀ ਸਿੰਘ ਨੇ ਐਤਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ। ਇਸ ਤੋਂ ਪਹਿਲਾਂ ਸਨਿੱਚਰਵਾਰ ਜਲ ਸੈਨਾ ਮੁਖੀ ਐਡਮਿਰਲ ਡੀ ਕੇ ਤ੍ਰਿਪਾਠੀ ਪ੍ਰਧਾਨ ਮੰਤਰੀ ਮੋਦੀ ਨੂੰ ਮਿਲੇ ਸਨ। ਜਲ ਸੈਨਾ ਮੁਖੀ ਨੇ ਪ੍ਰਧਾਨ ਮੰਤਰੀ ਨੂੰ ਅਰਬ ਸਾਗਰ ਵਿੱਚ ਨਾਜ਼ੁਕ ਸਮੁੰਦਰੀ ਮਾਰਗਾਂ ਦੀ ਸਮੁੱਚੀ ਸਥਿਤੀ ਬਾਰੇ ਜਾਣਕਾਰੀ ਦਿੱਤੀ ਸੀ। ਇਹ ਮੁਲਾਕਾਤਾਂ ਇਸ ਲਈ ਅਹਿਮ ਹਨ, ਕਿਉਂਕਿ ਫਰਵਰੀ 2019 ਵਿੱਚ ਪੁਲਵਾਮਾ ਵਿੱਚ ਹੋਏ ਆਖਰੀ ਵੱਡੇ ਦਹਿਸ਼ਤੀ ਹਮਲੇ ਦਾ ਜਵਾਬ ਭਾਰਤੀ ਹਵਾਈ ਸੈਨਾ ਨੇ ਦਿੱਤਾ ਸੀ, ਜਿਸ ਵਿੱਚ ਜੈੱਟ ਜਹਾਜ਼ਾਂ ਨੇ ਪਾਕਿਸਤਾਨ ਦੇ ਬਾਲਾਕੋਟ ਵਿੱਚ ਬੰਬਾਰੀ ਕੀਤੀ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਲੰਮੀ ਦੂਰੀ ਦੀਆਂ ਮਿਜ਼ਾਈਲਾਂ ਅਤੇ ਹਵਾਈ ਰੱਖਿਆ ਦੇ ਮਾਮਲੇ ਵਿੱਚ ਭਾਰਤੀ ਹਵਾਈ ਸੈਨਾ ਦੀ ਤਾਕਤ ਕਈ ਗੁਣਾ ਵਧੀ ਹੈ। ਬਾਲਾਕੋਟ ਹਮਲੇ ਤੋਂ ਬਾਅਦ ਰਾਫੇਲ ਜੈੱਟਾਂ ਵਿੱਚ ਅਜਿਹੀਆਂ ਮਿਜ਼ਾਈਲਾਂ ਸ਼ਾਮਲ ਹਨ, ਜੋ ਆਪਣੇ ਨਿਸ਼ਾਨੇ ਨੂੰ ਪੂਰੀ ਸਟੀਕਤਾ ਨਾਲ ਫੁੰਡ ਸਕਦੀਆਂ ਹਨ। ਰੂਸ ਦੀ ਬਣੀ ਐੱਸ-400 ਹਵਾਈ ਰੱਖਿਆ ਪ੍ਰਣਾਲੀ ਕਈ ਖਤਰਿਆਂ ਨੂੰ ਟਰੈਕ ਅਤੇ ਨਿਸ਼ਾਨਾ ਬਣਾ ਸਕਦੀ ਹੈ।

### ਬਗਲੀਹਾਰ ਡੈਮ ਤੋਂ ਪਾਣੀ ਰੋਕਿਆ

**ਨਵੀਂ ਦਿੱਲੀ** : ਭਾਰਤ ਨੇ ਝਨਾਂ ਨਦੀ ’ਤੇ ਬਗਲੀਹਾਰ ਡੈਮ ਰਾਹੀਂ ਪਾਣੀ ਦਾ ਪ੍ਰਵਾਹ ਰੋਕ ਦਿੱਤਾ ਹੈ ਅਤੇ ਜੇਹਲਮ ਨਦੀ ਉੱਤੇ ਬਣੇ ਕਿਸ਼ਨਗੰਗਾ ਡੈਮ ’ਤੇ ਵੀ ਇਸੇ ਤਰ੍ਹਾਂ ਦੀ ਪੇਸ਼ਬੰਦੀ ਦੀ ਯੋਜਨਾ ਬਣਾ ਰਿਹਾ ਹੈ। ਇਸ ਮਾਮਲੇ ਤੋਂ ਜਾਣੂ ਸੂਤਰ ਨੇ ਕਿਹਾ ਕਿ ਇਹ ਪਣਬਿਜਲੀ ਡੈਮ—ਜੰਮੂ ਦੇ ਰਾਮਬਨ ਵਿੱਚ ਬਗਲੀਹਾਰ ਅਤੇ ਉੱਤਰੀ ਕਸ਼ਮੀਰ ਵਿੱਚ ਕਿਸ਼ਨਗੰਗਾ—ਭਾਰਤ ਨੂੰ ਪਾਣੀ ਛੱਡਣ ਦੇ ਸਮੇਂ ਨੂੰ ਨਿਯਮਤ ਕਰਨ ਦੇ ਸਮਰੱਥ ਬਣਾਉਂਦੇ ਹਨ। ਭਾਰਤ ਨੇ ਦਹਾਕਿਆਂ ਪੁਰਾਣੀ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨ ਦਾ ਫੈਸਲਾ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ 26 ਅਪਰੈਲ ਨੂੰ ਹੋਏ ਦਹਿਸ਼ਤੀ ਹਮਲੇ ਤੋਂ ਬਾਅਦ ਲਿਆ ਹੈ। ਵਿਸ਼ਵ ਬੈਂਕ ਦੀ ਵਿਚੋਲਗੀ ਵਾਲੀ ਸਿੰਧੂ ਜਲ ਸੰਧੀ, 1960 ਤੋਂ ਭਾਰਤ ਅਤੇ ਪਾਕਿਸਤਾਨ ਦਰਮਿਆਨ ਸਿੰਧੂ ਨਦੀ ਅਤੇ ਇਸ ਦੀਆਂ ਸਹਾਇਕ ਨਦੀਆਂ ਦੀ ਵਰਤੋਂ ਨੂੰ ਕੰਟਰੋਲ ਕਰਦੀ ਹੈ। ਬਗਲੀਹਾਰ ਡੈਮ ਦੋਵਾਂ ਗੁਆਂਢੀਆਂ ਦਰਮਿਆਨ ਲੰਮੇ ਸਮੇਂ ਤੋਂ ਵਿਵਾਦ ਦਾ ਵਿਸ਼ਾ ਰਿਹਾ ਹੈ। ਪਾਕਿਸਤਾਨ ਨੇ ਬੀਤੇ ਵਿੱਚ ਵੀ ਵਿਸ਼ਵ ਬੈਂਕ ਤੋਂ ਵਿਚੋਲਗੀ ਦੀ ਮੰਗ ਕੀਤੀ ਸੀ। ਕਿਸ਼ਨਗੰਗਾ ਡੈਮ ਨੂੰ, ਖਾਸ ਕਰਕੇ ਜੇਹਲਮ ਦੀ ਸਹਾਇਕ ਨਦੀ ਨੀਲਮ ਨਦੀ ’ਤੇ ਇਸ ਦੇ ਪ੍ਰਭਾਵ ਕਰਕੇ ਕਾਨੂੰਨੀ ਅਤੇ ਕੂਟਨੀਤਕ ਜਾਂਚ ਦਾ ਸਾਹਮਣਾ ਕਰਨਾ ਪਿਆ ਹੈ।

## ਅੱਸੀਵਿਆਂ ’ਚ ਕਾਂਗਰਸ ਤੋਂ ਹੋਈਆਂ ਗਲਤੀਆਂ ਦੀ ਜ਼ਿੰਮੇਵਾਰੀ ਲੈਂਦਾ ਹਾਂ : ਰਾਹੁਲ



**ਨਵੀਂ ਦਿੱਲੀ** : ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਤੇ ਸਾਬਕਾ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਕਿਹਾ ਹੈ ਕਿ 80ਵਿਆਂ ਵਿੱਚ ਉਨ੍ਹਾ ਦੀ ਪਾਰਟੀ ਨੇ ਉਦੋਂ ਬਹੁਤ ਸਾਰੀਆਂ ਗਲਤੀਆਂ ਕੀਤੀਆਂ, ਜਦੋਂ ਉਹ ਉੱਥੇ ਨਹੀਂ ਸਨ, ਪਰ ਉਹ ਪਾਰਟੀ ਵੱਲੋਂ ਇਤਿਹਾਸ ਵਿੱਚ ਕੀਤੀਆਂ ਗਈਆਂ ਗਲਤੀਆਂ ਦੀ ਜ਼ਿੰਮੇਵਾਰੀ ਲੈ ਕੇ ਬਹੁਤ ਖੁਸ਼ ਹਨ। ਰਾਹੁਲ ਅਮਰੀਕਾ ਦੀ ਆਪਣੀ ਫੇਰੀ ਦੌਰਾਨ 21 ਅਪਰੈਲ ਨੂੰ ਬਰਾਊਨ ਯੂਨੀਵਰਸਿਟੀ ਦੇ ਵਾਟਸਨ ਇੰਸਟੀਚਿਊਟ ਫਾਰ ਇੰਟਰਨੈਸ਼ਨਲ ਐਂਡ ਪਬਲਿਕ ਅਫੇਅਰਜ਼ ਵਿਚਿ ਰੂਬਰੂ ਸੈਸ਼ਨ ਦੌਰਾਨ ਇਕ ਸਿੱਖ ਨੌਜਵਾਨ ਵੱਲੋਂ 1984 ਦੇ ਦੰਗਿਆਂ ਅਤੇ ਕਾਂਗਰਸ ਦੇ ਸਿੱਖ ਭਾਈਚਾਰੇ ਨਾਲ ਸੰਬੰਧਾਂ ਬਾਰੇ ਪੁੱਛੇ ਸਵਾਲ ਦਾ ਜਵਾਬ ਦੇ ਰਹੇ ਸਨ। ਰਾਹੁਲ ਨੇ ਕਿਹਾ ਕਿ ਉਨ੍ਹਾ ਜਨਤਕ ਤੌਰ ’ਤੇ ਮੰਨਿਆ ਹੈ ਕਿ 80 ਦੇ ਦਹਾਕੇ ਵਿੱਚ ਜੋ ਕੁਝ ਹੋਇਆ, ਉਹ ਗਲਤ ਸੀ। ਸਿੱਖ ਵਿਦਿਆਰਥੀ ਨੇ ਰਾਹੁਲ ਗਾਂਧੀ ਨੂੰ ਸਵਾਲ ਪੁੱਛਿਆ ਸੀ ਕਿ ਉਹ ਸਿੱਖ ਭਾਈਚਾਰੇ ਨਾਲ ਸੁਲ੍ਹਾ ਕਰਨ ਲਈ ਕੀ ਯਤਨ ਕਰ ਰਹੇ ਹਨ ਅਤੇ ਵਿਦਿਆਰਥੀ ਨੇ ਸਵਾਲ ਵਿੱਚ 1984 ਦੇ ਸਿੱਖ ਵਿਰੋਧੀ ਦੰਗਿਆਂ ਦਾ ਵੀ ਹਵਾਲਾ ਦਿੱਤਾ।

ਵਿਦਿਆਰਥੀ ਨੇ ਰਾਹੁਲ ਵੱਲੋਂ ਪਿਛਲੀ ਅਮਰੀਕਾ ਫੇਰੀ ਦੌਰਾਨ ਕੀਤੀ ਟਿੱਪਣੀ ਦਾ ਵੀ ਹਵਾਲਾ ਦਿੱਤਾ, ਜਿਸ ਵਿਚ ਕਾਂਗਰਸ ਆਗੂ ਨੇ ਕਿਹਾ ਸੀ ਕਿ ਉਹ ਜਿਹੜੀ ਲੜਾਈ ਲੜ ਰਿਹਾ ਹੈ ਉਹ ਇਸ ਬਾਰੇ ਹੈ ਕਿ ਕੀ ਸਿੱਖਾਂ ਨੂੰ ਭਾਰਤ ਵਿੱਚ ਪੱਗ ਬੰਨ੍ਹਣ ਦੀ ਇਜਾਜ਼ਤ ਹੋਵੇਗੀ ਜਾਂ ਨਹੀਂ। ਰਾਹੁਲ ਨੇ ਆਪਣੇ ਜਵਾਬ ਵਿੱਚ ਕਿਹਾ, ‘ਮੈਨੂੰ ਨਹੀਂ ਲੱਗਦਾ ਕਿ ਸਿੱਖਾਂ ਨੂੰ ਕੋਈ ਡਰ ਹੈ। ਮੈਂ ਜੋ ਬਿਆਨ ਦਿੱਤਾ ਸੀ, ਉਹ ਇਹ ਸੀ ਕਿ ਕੀ ਅਸੀਂ ਅਜਿਹਾ ਭਾਰਤ ਚਾਹੁੰਦੇ ਹਾਂ, ਜਿੱਥੇ ਲੋਕ ਆਪਣੇ ਧਰਮ ਦਾ ਪ੍ਰਗਟਾਵਾ ਕਰਨ ਵਿੱਚ ਅਸਹਿਜ ਮਹਿਸੂਸ ਕਰਦੇ ਹੋਣ ? ਜਿੱਥੋਂ ਤੱਕ ਕਾਂਗਰਸ ਪਾਰਟੀ ਦੀਆਂ ਗਲਤੀਆਂ ਦਾ ਸਵਾਲ ਹੈ, ਉਨ੍ਹਾਂ ਵਿੱਚੋਂ ਬਹੁਤ ਸਾਰੀਆਂ ਗਲਤੀਆਂ ਉਦੋਂ ਹੋਈਆਂ, ਜਦੋਂ ਮੈਂ ਉੱਥੇ ਨਹੀਂ ਸੀ, ਪਰ ਕਾਂਗਰਸ ਪਾਰਟੀ ਨੇ ਆਪਣੇ ਇਤਿਹਾਸ ਵਿੱਚ ਜੋ ਵੀ ਗਲਤ ਕੀਤਾ ਹੈ, ਮੈਂ ਉਸ ਦੀ ਜ਼ਿੰਮੇਵਾਰੀ ਲੈ ਕੇ ਬਹੁਤ ਖੁਸ਼ ਹਾਂ। ਮੈਂ ਜਨਤਕ ਤੌਰ ’ਤੇ ਮੰਨਿਆ ਹੈ ਕਿ ’80 ਦੇ ਦਹਾਕੇ ਵਿੱਚ ਜੋ ਕੁਝ ਹੋਇਆ, ਉਹ ਗਲਤ ਸੀ, ਮੈਂ ਕਈ ਵਾਰ ਹਰਿਮੰਦਰ ਸਾਹਿਬ ਗਿਆ ਹਾਂ, ਮੇਰਾ ਭਾਰਤ ਵਿੱਚ ਸਿੱਖ ਭਾਈਚਾਰੇ ਨਾਲ ਬਹੁਤ ਵਧੀਆ ਰਿਸ਼ਤਾ ਹੈ ਅਤੇ ਉਨ੍ਹਾਂ ਨਾਲ ਪਿਆਰ ਭਰਿਆ ਰਿਸ਼ਤਾ ਹੈ।’

## 20 ਦੀ ਹੜਤਾਲ ਦੀ ਮੁਕੰਮਲ ਕਾਮਯਾਬੀ ਲਈ ਸੂਬਾ ਪੱਧਰੀ ਕਨਵੈਨਸ਼ਨ



**ਜਲੰਧਰ (ਰਾਜੇਸ਼ ਥਾਪਾ)**

ਕੇਂਦਰੀ ਟਰੇਡ ਯੂਨੀਅਨਾਂ ਅਤੇ ਮੁਲਾਜ਼ਮ ਫੈਡਰੇਸ਼ਨਾਂ ਵੱਲੋਂ ਕੇਂਦਰ ਅਤੇ ਰਾਜ ਸਰਕਾਰਾਂ ਵਿਰੁੱਧ ਲੋਕ ਅਤੇ ਮੁਲਾਜ਼ਮ, ਮਜ਼ਦੂਰ, ਕਿਸਾਨ ਵਿਰੋਧੀ ਨੀਤੀਆਂ ਦੇ ਵਿਰੁੱਧ 18 ਮਾਰਚ ਨੂੰ ਦਿੱਲੀ ਕਨਵੈਨਸ਼ਨ ਕਰਕੇ 20 ਮਈ ਨੂੰ ਦੇਸ਼ ਵਿਆਪੀ ਹੜਤਾਲ ਦਾ ਸੱਦਾ ਦਿੱਤਾ ਗਿਆ। ਪੰਜਾਬ ਅੰਦਰ ਵੀ ਇਸ ਹੜਤਾਲ ਦੀ ਤਿਆਰੀ ਅਤੇ ਸਫਲਤਾ ਲਈ ਸੂਬੇ ਦੀਆਂ ਵੱਖ-ਵੱਖ ਟਰੇਡ ਯੂਨੀਅਨਾਂ ਅਤੇ ਮੁਲਾਜ਼ਮ ਫੈਡਰੇਸ਼ਨਾਂ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਵਿਖੇ ਐਤਵਾਰ ਸੂਬਾ ਪੱਧਰੀ ਕਨਵੈਨਸ਼ਨ ਕੀਤੀ ਗਈ। ਕਨਵੈਨਸ਼ਨ ਦੀ ਪ੍ਰਧਾਨਗੀ ਸੁਰਿੰਦਰ ਸ਼ਰਮਾ ਇੰਟਕ, ਬੰਤ ਬਰਾੜ ਏਟਕ, ਮਹਾਂ ਸਿੰਘ ਰੋੜੀ ਸੀਟੂ, ਰਾਜਵਿੰਦਰ ਰਾਣਾ ਏਕਟੂ, ਦੇਵ ਰਾਜ ਵਰਮਾ ਸੀ ਟੀ ਯੂ , ਕੁਲਵਿੰਦਰ ਸਿੰਘ ਵੜੈਚ ਇਫਟੂ ਅਤੇ ਕੁਲਵੰਤ ਸਿੰਘ ਬਾਵਾ ਐੱਚ ਐੱਮ ਐੱਸ ’ਤੇ ਅਧਾਰਤ ਪ੍ਰਧਾਨਗੀ ਮੰਡਲ ਵੱਲੋਂ ਕੀਤੀ ਗਈ। ਕਨਵੈਨਸ਼ਨ ਦੇ ਸ਼ੁਰੂ ਵਿਚ ਪਹਿਲਗਾਮ ਵਿਖੇ ਹੋਏ ਅੱਤਵਾਦੀ ਹਮਲੇ ਵਿੱਚ ਮਾਰੇ ਗਏ ਸੈਲਾਨੀਆਂ ਨੂੰ ਦੋ ਮਿੰਟ ਦਾ ਮੋਨ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ।

ਕਨਵੈਨਸ਼ਨ ਨੂੰ ਨਿਰਮਲ ਸਿੰਘ ਧਾਲੀਵਾਲ, ਚੰਦਰ ਸ਼ੇਖਰ, ਅਮਰੀਕ ਸਿੰਘ, ਨੱਥਾ ਸਿੰਘ , ਰਾਜ ਸਿੰਘ, ਸ਼ਿਵ ਕੁਮਾਰ ਅਤੇ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਸਤੀਸ਼ ਰਾਣਾ, ਜਗਦੀਸ਼ ਸਿੰਘ ਚਾਹਲ, ਗੁਰਪ੍ਰੀਤ ਸਿੰਘ ਗੰਡੀਵਿੰਡ, ਗਗਨਦੀਪ ਸਿੰਘ ਭੁੱਲਰ, ਜਰਮਨਜੀਤ ਸਿੰਘ ਅਤੇ ਊਸ਼ਾ ਰਾਣੀ ਨੇ ਸੰਬੋਧਨ ਕਰਦਿਆਂ ਆਖਿਆ ਕਿ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਅਤੇ ਕੇਂਦਰ ਸਰਕਾਰ ਦੇ ਫਿਰਕੂ ਅਜੰਡੇ ਨੂੰ ਲੋਕਾਂ ਦੀ ਕਚਹਿਰੀ ਵਿੱਚ ਨੰਗਾ ਕਰਨ ਅਤੇ ਇਹਨਾਂ ਨੀਤੀਆਂ ਦਾ ਵਿਰੋਧ ਕਰਨ ਹਿੱਤ ਕੀਤੀ ਜਾ ਰਹੀ ਇਸ ਦੇਸ਼-ਵਿਆਪੀ ਹੜਤਾਲ ਦੀ ਸਫਲਤਾ ਲਈ ਇਹ ਕਨਵੈਨਸ਼ਨ ਕੀਤੀ ਜਾ ਰਹੀ ਹੈ। ਆਗੂਆਂ ਆਖਿਆ ਕਿ 20 ਮਈ ਦੀ ਦੇਸ਼-ਵਿਆਪੀ ਹੜਤਾਲ ਜਿੱਥੇ ਸਮਾਜੀਕਰਨ ਸੰਸਾਰੀਕਰਨ, ਉਦਾਰੀਕਰਨ, ਨਿੱਜੀਕਰਨ ਦੀਆਂ ਤਬਾਹਕੁੰਨ ਆਰਥਕ ਤੇ ਸਨਅਤੀ ਨੀਤੀਆਂ ਅਤੇ ਕੇਂਦਰ ਦੀ ਮੋਦੀ ਸਰਕਾਰ ਤੇ ਪੰਜਾਬ ਸਰਕਾਰ ਦੇ ਮਜ਼ਦੂਰ ਵਿਰੋਧੀ ਫੈਸਲਿਆਂ ਖਿਲਾਫ ਹੈ, ਉੱਥੇ ਸਾਰੇ ਚਾਰ ਲੇਬਰ ਕੋਡ ਰੱਦ ਕਰਵਾਉਣ, ਘੱਟੋ-ਘੱਟ ਉਜਰਤ 26 ਹਜਾਰ ਰੁਪਏ ਪ੍ਰਤੀ ਮਹੀਨਾ ਲਾਗੂ ਕਰਵਾਉਣ, ਜਨਤਕ ਵੰਡ ਪ੍ਰਣਾਲੀ ਨੂੰ ਸਮੁੱਚੇ ਦੇਸ਼ ਅੰਦਰ ਲਾਗੂ ਅਤੇ ਮਜ਼ਬੂਤ • ਬਾਕੀ ਸਫਾ 2 ’ਤੇ

## ਚਰਚਾ 400 ਦੇ 400 ਅੰਕ ਲੈਣ ਦੀ ਨਹੀਂ...



**ਕੋਲਕਾਤਾ** : ਆਈ ਐੱਸ ਸੀ ਦੀ ਬਾਰ੍ਹਵੀਂ ਦੀ ਪ੍ਰੀਖਿਆ ’ਚ 400 ਦੇ 400 ਅੰਕ ਹਾਸਲ ਕਰਨ ਵਾਲੀ ਸ੍ਰਿਜਨੀ ਦੀ ਚਰਚਾ ਨੰਬਰ ਕਰਕੇ ਨਹੀਂ, ਸਗੋਂ ਇਸ ਕਰਕੇ ਹੋ ਰਹੀ ਹੈ ਕਿ ਉਸ ਨੇ ਪ੍ਰੀਖਿਆ ਫਾਰਮ ਵਿੱਚ ਆਪਣਾ ਸਰਨੇਮ ਨਾ ਲਿਖਣ ਦਾ ਦਲੇਰਾਨਾ ਫੈਸਲਾ ਲਿਆ ਸੀ। ਉਸ ਨੇ ਧਰਮ ਵਾਲੇ ਖਾਨੇ ਵਿੱਚ ਲਿਖਿਆ—ਇਨਸਾਨੀਅਤ।

ਕੋਲਕਾਤਾ ਦੇ ਟੌਲੀਗੰਜ ਇਲਾਕੇ ’ਚ ਰਾਣੀਕੁੱਠੀ ਵਿਖੇ ਰਹਿੰਦੀ ਸ੍ਰਿਜਨੀ ਦੇ ਪਿਤਾ ਦੇਬਾਸ਼ੀਸ਼ ਗੋਸਵਾਮੀ ਇੰਡੀਅਨ ਸਟੈਟਿਸਟੀਕਲ ਇੰਸਟੀਚਿਊਟ ਵਿੱਚ ਪੜ੍ਹਾਉਂਦੇ ਹਨ, ਜਦਕਿ ਮਾਤਾ ਗੋਪਾ ਮੁਖਰਜੀ ਗੁਰੂਦਾਸ ਕਾਲਜ ’ਚ ਪੜ੍ਹਾਉਂਦੀ ਹੈ। ਦੋਨਾਂ ਨੂੰ ਆਪਣੀ ਧੀ ਦੀਆਂ ਅਕਾਦਮਿਕ ਪ੍ਰਾਪਤੀਆਂ ਤੇ ਕਦਰਾਂ-ਕੀਮਤਾਂ ’ਤੇ ਪਹਿਰਾ ਦੇਣ ’ਤੇ ਮਾਣ ਹੈ। ਸ੍ਰਿਜਨੀ ਨੇ ਦੱਸਿਆ ਕਿ ਉਹ ਅਜਿਹਾ ਸੰਸਾਰ ਚਾਹੁੰਦੀ ਹੈ, ਜਿੱਥੇ ਲੋਕਾਂ ਨੂੰ ਜਾਤ, ਧਰਮ, ਲਿੰਗ ਜਾਂ ਪਿਛੋਕੜ ਨੂੰ ਪਾਸੇ ਰੱਖ ਕੇ ਬਰਾਬਰ ਸਮਝਿਆ ਜਾਵੇ। ਇਸੇ ਕਰਕੇ ਉਸ ਨੇ ਸਰਨੇਮ ਹਟਾਇਆ। ਉਸ ਨੇ ਕਿਹਾ, “ਮੇਰੇ ਦੋਸਤ ਤੇ ਪਿਆਰੇ ਮੈਨੂੰ ਪਹਿਲੇ ਨਾਂਅ ਨਾਲ ਹੀ ਪੁਕਾਰਦੇ ਹਨ। ਮੈਂ ਸਰਨੇਮ ਲਾਉਣ ਦੀ ਲੋੜ ਨਹੀਂ ਸਮਝਦੀ, ਕਿਉਂਕਿ ਇਸ ਤੋਂ ਤੁਹਾਡੀ ਸਮਾਜੀ ਤੇ ਧਾਰਮਿਕ ਪਛਾਣ ਸਾਹਮਣੇ ਆਉਂਦੀ ਹੈ। ਮੈਂ ਚਾਹੁੰਦੀ ਹਾਂ ਕਿ ਲੋਕ ਮੈਨੂੰ ਮੇਰੀ ਕਰਨੀ ਤੋਂ ਜਾਨਣ, ਨਾ ਕਿ ਮੇਰੇ ਪਿਛੋਕੜ ਤੋਂ। ਮੇਰੇ ਸਰਨੇਮ • ਬਾਕੀ ਸਫਾ 2 ’ਤੇ

### ਜਿਨਪਿੰਗ 7 ਤੋਂ ਰੂਸ ਦੌਰੇ ’ਤੇ

**ਮਾਸਕੋ** : ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ 7 ਤੋਂ 10 ਮਈ ਲਈ ਰੂਸ ਦੇ ਦੌਰੇ ’ਤੇ ਜਾਣਗੇ। ਸ਼ੀ ਪਹਿਲਾਂ ਹੀ ਉਨ੍ਹਾਂ ਮਹਿਮਾਨਾਂ ਦੀ ਸੂਚੀ ਵਿੱਚ ਸ਼ਾਮਲ ਹਨ, ਜੋ 9 ਮਈ ਨੂੰ ਮਾਸਕੋ ’ਚ ਵਿਕਟਰੀ ਡੇਅ ਪਰੇਡ ’ਚ ਸ਼ਾਮਲ ਹੋਣਗੇ। ਸ਼ੀ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਦੁਵੱਲੇ ਸੰਬੰਧਾਂ ਤੋਂ ਇਲਾਵਾ ਕੌਮਾਂਤਰੀ ਅਤੇ ਖੇਤਰੀ ਏਜੰਡੇ ਦੇ ਮੁੱਦਿਆਂ ਉੱਤੇ ਚਰਚਾ ਕਰਨਗੇ। ਦੋਨੋਂ ਆਗੂ ਕਈ ਦੁਵੱਲੇ ਦਸਤਾਵੇਜ਼ਾਂ ’ਤੇ ਸਹੀ ਵੀ ਪਾਉਣਗੇ। ਫਰਵਰੀ 2022 ਤੋਂ ਯੂਕਰੇਨ ਤੇ ਰੂਸ ਵਿਚਾਲੇ ਚੱਲ ਰਹੀ ਲੜਾਈ ਦੌਰਾਨ ਸ਼ੀ ਦੀ ਇਹ ਤੀਜੀ ਰੂਸ ਫੇਰੀ ਹੋਵੇਗੀ।

### ਵਕਫ ਕਾਨੂੰਨ ਖਿਲਾਫ ਸੁਣਵਾਈ ਅੱਜ

**ਨਵੀਂ ਦਿੱਲੀ** : ਸੁਪਰੀਮ ਕੋਰਟ ਵਕਫ (ਸੋਧ) ਕਾਨੂੰਨ ਦੀ ਸੰਵਿਧਾਨਕ ਵੈਧਤਾ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਬਾਰੇ ਪੰਜ ਮਈ ਨੂੰ ਸੁਣਵਾਈ ਕਰੇਗੀ। ਇਸ ਸੋਧ ਐਕਟ ਦੇ ਪਾਸ ਹੋਣ ਤੋਂ ਬਾਅਦ ਇਸ ਦਾ ਦੇਸ਼ ਭਰ ਵਿਚ ਵਿਰੋਧ ਹੋਇਆ ਸੀ ਤੇ ਇਸ ਸੰਬੰਧੀ ਸੁਪਰੀਮ ਕੋਰਟ ਵਿੱਚ ਪਟੀਸ਼ਨਾਂ ਪਾਈਆਂ ਗਈਆਂ ਸਨ।

### ਟਰੱਕ ਖੱਡ ’ਚ, 3 ਜਵਾਨਾਂ ਦੀ ਮੌਤ

**ਰਾਮਬਨ** : ਕਸ਼ਮੀਰ ਦੇ ਰਾਮਬਨ ਜ਼ਿਲ੍ਹੇ ਵਿੱਚ ਫੌਜੀ ਟਰੱਕ ਦੇ ਸੜਕ ਕਿਨਾਰੇ 700 ਫੁੱਟ ਡੂੰਘੀ ਖੱਡ ਵਿਚ ਡਿੱਗਣ ਨਾਲ ਤਿੰਨ ਜਵਾਨਾਂ ਦੀ ਮੌਤ ਹੋ ਗਈ। ਟਰੱਕ ਜੰਮੂ ਤੋਂ ਸ੍ਰੀਨਗਰ ਜਾ ਰਹੇ ਕਾਫਲੇ ਵਿੱਚ ਸ਼ਾਮਲ ਸੀ। ਹਾਦਸਾ ਸਵੇਰੇ 11:30 ਵਜੇ ਦੇ ਕਰੀਬ ਬੈਟਰੀ ਚਸ਼ਮਾ ਨੇੜੇ ਵਾਪਰਿਆ। ਮਾਰੇ ਜਾਣ ਵਾਲਿਆਂ ਦੀ ਪਛਾਣ ਸਿਪਾਹੀ ਅਮਿਤ ਕੁਮਾਰ, ਸੁਜੀਤ ਕੁਮਾਰ ਤੇ ਮਾਨ ਬਹਾਦੁਰ ਵਜੋਂ ਹੋਈ ਹੈ।

### ਈ ਡੀ ਦੀਆਂ ਸ਼ਕਤੀਆਂ ’ਤੇ ਸੁਣਵਾਈ 7 ਨੂੰ

**ਨਵੀਂ ਦਿੱਲੀ** : ਸੁਪਰੀਮ ਕੋਰਟ ਮਨੀ ਲਾਂਡਰਿੰਗ ਰੋਕਥਾਮ ਐਕਟ ਤਹਿਤ ਈ ਡੀ ਵੱਲੋਂ ਸੰਪਤੀਆਂ ਨੂੰ ਕੁਰਕ ਕਰਨ ਦੀਆਂ ਸ਼ਕਤੀਆਂ ਵਿਰੁੱਧ ਪਾਈਆਂ ਪਟੀਸ਼ਨਾਂ ਬਾਰੇ ਸੁਣਵਾਈ ਸੱਤ ਮਈ ਨੂੰ ਕਰੇਗੀ। ਸੁਪਰੀਮ ਕੋਰਟ ਨੇ ਇਸ ਲਈ ਤਿੰਨ ਜੱਜਾਂ ਦੀ ਬੈਂਚ ਦਾ ਪੁਨਰਗਠਨ ਕੀਤਾ ਹੈ। ਉਹ ਵਿਚਾਰੇਗੀ ਕਿ ਕੀ ਅਜਿਹੀਆਂ ਸ਼ਕਤੀਆਂ ਨੂੰ ਬਰਕਰਾਰ ਰੱਖਣ ਵਾਲੇ ਉਸ ਦੇ 2022 ਦੇ ਫੈਸਲੇ ’ਤੇ ਪੁਨਰਵਿਚਾਰ ਦੀ ਲੋੜ ਹੈ। ਤਿੰਨ ਮੈਂਬਰੀ ਬੈਂਚ ਵਿੱਚ ਜਸਟਿਸ ਸੂਰੀਆ ਕਾਂਤ, ਜਸਟਿਸ ਉੱਜਲ ਭੂਈਆਂ ਤੇ ਜਸਟਿਸ ਐੱਨ ਕੋਟਿਸ਼ਵਰ ਸਿੰਘ ਹੋਣਗੇ।

### ਪ੍ਰੀਖਿਆ ਦੀ ਪੂਰਬਲੀ ਸ਼ਾਮ ਖੁਦਕੁਸ਼ੀ

**ਕੋਟਾ** : ਇੱਥੇ ਪਾਰਸ਼ਵਨਾਥ ਇਲਾਕੇ ਵਿੱਚ ਨੀਟ-ਯੂ ਜੀ ਦੀ ਤਿਆਰੀ ਕਰ ਰਹੀ ਵਿਦਿਆਰਥਣ ਨੇ ਸ਼ਨਿੱਚਰਵਾਰ ਸ਼ਾਮ ਆਪਣੇ ਕਮਰੇ ਵਿੱਚ ਲੋਹੇ ਦੀ ਗਰਿੱਲ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਉਸ ਨੇ ਇਹ ਸਿਰੇ ਦਾ ਕਦਮ ਐਤਵਾਰ ਲਈ ਜਾਣ ਵਾਲੀ ਰਾਸ਼ਟਰੀ ਮੈਡੀਕਲ ਪ੍ਰਵੇਸ਼ ਪ੍ਰੀਖਿਆ ਤੋਂ ਇੱਕ ਦਿਨ ਪਹਿਲਾਂ ਚੁੱਕਿਆ। ਕੁਨਹਾੜੀ ਪੁਲਸ ਥਾਣੇ ਦੇ ਸਰਕਲ ਇੰਸਪੈਕਟਰ ਅਰਵਿੰਦ ਭਾਰਦਵਾਜ ਨੇ ਵਿਦਿਆਰਥਣ ਦੀ ਪਛਾਣ ਦੱਸਣ ਤੋਂ ਇਨਕਾਰ ਕਰਦਿਆਂ ਦੱਸਿਆ ਕਿ ਕੁੜੀ 18 ਸਾਲ ਤੋਂ ਘੱਟ ਉਮਰ ਦੀ ਸੀ ਅਤੇ ਮੱਧ ਪ੍ਰਦੇਸ਼ ਦੇ ਸ਼ਿਓਪੁਰ ਦੀ ਰਹਿਣ ਵਾਲੀ ਸੀ। ਉਹ ਪਿਛਲੇ ਕਈ ਸਾਲਾਂ ਤੋਂ ਕੋਟਾ ਵਿੱਚ ਆਪਣੇ ਮਾਪਿਆਂ ਨਾਲ ਰਹਿ ਰਹੀ ਸੀ ਅਤੇ ਇੱਕ ਕੋਚਿੰਗ ਇੰਸਟੀਚਿਊਟ ਵਿੱਚ ਨੀਟ-ਯੂ ਜੀ ਦੀ ਤਿਆਰੀ ਕਰ ਰਹੀ ਸੀ। ਘਟਨਾ ਸਮੇਂ ਪਰਵਾਰਕ ਮੈਂਬਰ ਘਰ ਵਿੱਚ ਸਨ ਅਤੇ ਉਨ੍ਹਾਂ ਨੂੰ ਰਾਤ 9 ਵਜੇ ਦੇ ਕਰੀਬ ਮੌਤ ਬਾਰੇ ਪਤਾ ਲੱਗਾ।

## ਪਾਕਿਸਤਾਨ ਨੇ ਵੀ ਭਾਰਤੀ ਬੇੜਿਆਂ ’ਤੇ ਰੋਕ ਲਾਈ

**ਨਵੀਂ ਦਿੱਲੀ** : ਪਹਿਲਗਾਮ ਦਹਿਸ਼ਤੀ ਹਮਲੇ ਦੇ ਮੱਦੇਨਜ਼ਰ ਭਾਰਤ ਵੱਲੋਂ ਪਾਕਿਸਤਾਨ ਖਿਲਾਫ ਨਵੀਆਂ ਪਾਬੰਦੀਆਂ ਲਾਉਣ ਦੇ ਕੁਝ ਘੰਟਿਆਂ ਬਾਅਦ ਪਾਕਿਸਤਾਨ ਨੇ ਵੀ ਭਾਰਤੀ ਤਿਰੰਗੇ ਝੰਡੇ ਵਾਲੇ ਬੇੜਿਆਂ ਲਈ ਆਪਣੀਆਂ ਬੰਦਰਗਾਹਾਂ ਬੰਦ ਕਰ ਦਿੱਤੀਆਂ ਹਨ। ਇਸ ਤੋਂ ਪਹਿਲਾਂ ਭਾਰਤ ਨੇ ਸ਼ਨਿੱਚਰਵਾਰ ਪਾਕਿਸਤਾਨ ਨਾਲ ਸਾਰੀਆਂ ਡਾਕ ਸੇਵਾਵਾਂ ਬੰਦ ਕਰ ਦਿੱਤੀਆਂ ਤੇ ਭਾਰਤੀ ਬੰਦਰਗਾਹਾਂ ’ਤੇ ਪਾਕਿਸਤਾਨੀ ਝੰਡੇ ਵਾਲੇ ਬੇੜਿਆਂ ਦੇ ਦਾਖਲੇ ’ਤੇ ਪਾਬੰਦੀ ਲਾ ਦਿੱਤੀ ਸੀ।

### ਅੱਠ ਥਾਵਾਂ ’ਤੇ ਗੋਲੀਬਾਰੀ

**ਜੰਮੂ** : ਪਾਕਿਸਤਾਨ ਨੇ ਸ਼ਨਿੱਚਰਵਾਰ ਤੇ ਐਤਵਾਰ ਦੀ ਦਰਮਿਆਨੀ ਰਾਤ ਜੰਮੂ-ਕਸ਼ਮੀਰ ਦੇ ਪੰਜ ਜ਼ਿਲ੍ਹਿਆਂ ਵਿੱਚ ਅੱਠ ਥਾਵਾਂ ’ਤੇ ਗੋਲੀਬੰਦੀ ਦੀ ਉਲੰਘਣਾ ਕੀਤੀ, ਜਿਸ ਦਾ ਭਾਰਤੀ ਫੌਜ ਨੇ ਢੁੱਕਵਾਂ ਜਵਾਬ ਦਿੱਤਾ। ਪਹਿਲਗਾਮ ਦਹਿਸ਼ਤੀ ਹਮਲੇ ਮਗਰੋਂ ਇਹ ਲਗਾਤਾਰ ਦਸਵੀਂ ਰਾਤ ਸੀ, ਜਦੋਂ ਸਰਹੱਦ ਪਾਰੋਂ ਬਿਨਾਂ ਕਿਸੇ ਭੜਕਾਹਟ ਦੇ ਗੋਲੀਬਾਰੀ ਕੀਤੀ ਗਈ।

ਰੱਖਿਆ ਤਰਜਮਾਨ ਨੇ ਕਿਹਾ, “ਪਾਕਿਸਤਾਨ ਦੀਆਂ ਫੌਜੀ ਚੌਕੀਆਂ ਤੋਂ ਕੰਟਰੋਲ ਰੇਖਾ ਦੇ ਨਾਲ ਕੁਪਵਾੜਾ, ਬਾਰਾਮੂਲਾ, ਪੁਣਛ, ਰਾਜੌਰੀ, ਮੇਂਧੜ, ਨੌਸ਼ਹਿਰਾ, ਸੁੰਦਰਬਨੀ ਤੇ ਅਖਨੂਰ ਸੈਕਟਰਾਂ ਵਿੱਚ ਬਿਨਾਂ ਕਿਸੇ ਭੜਕਾਹਟ ਦੇ ਛੋਟੇ ਹਥਿਆਰਾਂ ਨਾਲ ਗੋਲੀਬਾਰੀ ਕੀਤੀ ਗਈ। ਭਾਰਤੀ ਥਲ ਸੈਨਾ ਨੇ ਇਸ ਦਾ ਢੁੱਕਵਾਂ ਜਵਾਬ ਦਿੱਤਾ।”

### ਦੋ ਪਾਕਿਸਤਾਨੀ ਏਜੰਟ ਗ੍ਰਿਫ਼ਤਾਰ

**ਅੰਮ੍ਰਿਤਸਰ** : ਦਿਹਾਤੀ ਪੁਲਸ ਨੇ ਸਰਹੱਦੀ ਪੱਟੀ ਵਿੱਚ ਰਹਿਣ ਵਾਲੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ, ਜੋ ਕਿ ਭਾਰਤੀ ਫੌਜ, ਬੀ ਐੱਸ ਐੱਫ, ਪੁਲਸ ਅਤੇ ਏਅਰ ਫੋਰਸ ਦੀ ਖੁਫੀਆ ਜਾਣਕਾਰੀ ਪਾਕਿਸਤਾਨ ਦੇ ਹੈਂਡਲਰ ਨਾਲ ਸਾਂਝੀਆਂ ਕਰਦੇ ਸਨ। ਐੱਸ ਐੱਸ ਪੀ ਮਨਿੰਦਰ ਸਿੰਘ ਨੇ ਦੱਸਿਆ ਕਿ ਐੱਸ ਪੀ ਇਨਵੈਸਟੀਗੇਸ਼ਨ ਅਦਿਤਿਆ ਵਾਰੀਅਰ ਅਤੇ ਡੀ ਐੱਸ ਪੀ ਅਜਨਾਲਾ ਗੁਰਵਿੰਦਰ ਸਿੰਘ ਨੇ ਅਜਨਾਲਾ ਖੇਤਰ ਵਿੱਚੋਂ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ, ਜੋ ਕਿ ਭਾਰਤੀ ਰੱਖਿਆ ਫੋਰਸਾਂ ਦੀ ਜਾਣਕਾਰੀ ਵਟਸਐਪ ਜ਼ਰੀਏ ਪਾਕਿਸਤਾਨ ਨੂੰ ਭੇਜਦੇ ਸਨ। ਇਨ੍ਹਾਂ ਦੀ ਪਛਾਣ ਫਲਕ ਸ਼ੇਰ ਮਸੀਹ ਅਤੇ ਸੂਰਜ ਮਸੀਹ ਵਾਸੀ ਪਿੰਡ ਬੱਲੜਵਾਲ, ਥਾਣਾ ਅਜਨਾਲਾ ਵੱਲੋਂ ਹੋਈ ਹੈ। ਇਨ੍ਹਾਂ ਨਾਲ ਇੱਕ ਹੋਰ ਵਿਅਕਤੀ ਹਰਦੀਪ ਸਿੰਘ ਉਰਫ ਪਿੱਟੂ, ਜੋ ਕਿ ਪਹਿਲਾਂ ਹੀ ਐੱਨ ਡੀ ਪੀ ਐੱਸ ਐਕਟ ਅਧੀਨ ਜੇਲ੍ਹ ਵਿੱਚ ਹੈ, ਵੀ ਸ਼ਾਮਲ ਹੈ। ਉਨ੍ਹਾ ਦੱਸਿਆ ਕਿ ਮੋਬਾਇਲ ਫੋਨਾਂ ਦੀ ਮੁੱਢਲੀ ਜਾਂਚ ਅਤੇ ਗ੍ਰਿਫਤਾਰ ਮੁਲਜ਼ਮਾਂ ਕੋਲੋਂ ਹੋਈ ਪੁੱਛਗਿੱਛ ਤੋਂ ਪਤਾ ਲੱਗਾ ਹੈ ਕਿ ਇਨ੍ਹਾਂ ਵਿਅਕਤੀਆਂ ਨੂੰ ਭੇਜੀ ਗਈ ਜਾਣਕਾਰੀ ਦੇ ਬਦਲੇ ਪਾਕਿਸਤਾਨ ਵੱਲੋਂ ਪੈਸੇ ਭੇਜੇ ਜਾਂਦੇ ਸਨ ਅਤੇ ਜਾਣਕਾਰੀ ਦੇ ਪੱਧਰ ਦੇ ਆਧਾਰ ਉੱਤੇ ਰਕਮ ਤੈਅ ਹੁੰਦੀ ਸੀ। ਪੁਲਸ ਹਰਦੀਪ ਨੂੰ ਵੀ ਪ੍ਰੋਡਕਸ਼ਨ ਵਾਰੰਟ ਉੱਤੇ ਲੈ ਕੇ ਪੁੱਛਗਿਛ ਕਰੇਗੀ।

## ਅੱਜ-ਨਾਮਾ

ਭਾਰਤ ਪਾਕਿ ਦਾ ਸੰਕਟ ਆ ਵਧੀ ਜਾਂਦਾ,
ਦੁਪਾਸੀਂ ਚੱਲਣ ਬਿਆਨਾਂ ਦੇ ਤੀਰ ਬੇਲੀ।
ਤਿੱਖਾ ਬੋਲਣ ਦੀ ਪਈ ਫਿਰ ਦੌੜ ਲੱਗੀ,
ਕੋਈ ਵੀ ਆਗੂ ਜਾਂ ਕੋਈ ਵਜ਼ੀਰ ਬੇਲੀ।
ਮਸਲੇ ਓਸ ਤੋਂ ਸਾਰੇ ਫਿਰ ਬਾਤ ਕਰਦੇ,
ਕਰਨੀ ਹੁੰਦੀ ਆ ਜਿਹੜੀ ਅਖੀਰ ਬੇਲੀ।
ਸੱਭੋ ਥਾਂ ਜੰਗ ਦੀ ਜਾਂਦੀ ਹੈ ਹੋਈ ਚਰਚਾ,
ਭੜਕਾਊ ਬੜੀ ਹੈ ਬਣੀ ਤਸਵੀਰ ਬੇਲੀ।
ਜ਼ਾਬਤਾ ਬੋਲਣ ਦਾ ਕੁਝ ਕੁ ਚਾਹੀਦਾ ਈ,
ਹਰ ਕੋਈ ਵਾਹੀ ਨਾ ਜਾਏ ਜ਼ਬਾਨ ਬੇਲੀ।
ਆ ਗਈ ਔਕੜ ਤਾਂ ਲੈਣਗੇ ਝੱਲ ਲੋਕੀਂ,
ਛਿੱਕੇ ਉੱਤੇ ਕਿਉਂ ਟੰਗੀ ਊ ਜਾਨ ਬੇਲੀ।


-ਤੀਸ ਮਾਰ ਖਾਂ

### ਹੈੱਡਕੁਆਰਟਰ ਤੋਂ ਪੁੱਛ ਕੇ ਪਾਕਿਸਤਾਨਣ ਨਾਲ ਵਿਆਹ ਕਰਵਾਇਆ ਸੀ : ਮੁਨੀਰ ਅਹਿਮਦ



**ਜੰਮੂ** : ਪਾਕਿਸਤਾਨੀ ਮਹਿਲਾ ਨਾਲ ਆਪਣੇ ਨਿਕਾਹ ਨੂੰ ‘ਲੁਕਾਉਣ’ ਲਈ ਨੌਕਰੀ ਤੋਂ ਬਰਖਾਸਤ ਕੀਤੇ ਜਾਣ ਤੋਂ ਕੁਝ ਘੰਟਿਆਂ ਬਾਅਦ ਸੀ ਆਰ ਪੀ ਐੱਫ ਜਵਾਨ ਮੁਨੀਰ ਅਹਿਮਦ ਨੇ ਕਿਹਾ ਹੈ ਕਿ ਉਸ ਨੇ ਪਿਛਲੇ ਸਾਲ ਫੋਰਸ ਦੇ ਹੈੱਡਕੁਆਰਟਰ ਤੋਂ ਪ੍ਰਵਾਨਗੀ ਮਿਲਣ ਤੋਂ ਕਰੀਬ ਇੱਕ ਮਹੀਨੇ ਬਾਅਦ ਨਿਕਾਹ ਕਰਵਾਇਆ ਸੀ।

ਜੰਮੂ ਦੇ ਘਰੋਟਾ ਇਲਾਕੇ ਦੇ ਵਸਨੀਕ ਅਹਿਮਦ, ਜੋ ਅਪਰੈਲ 2017 ਵਿੱਚ ਸੀ ਆਰ ਪੀ ਐੱਫ ਵਿੱਚ ਸ਼ਾਮਲ ਹੋਇਆ ਸੀ, ਨੇ ਕਿਹਾ ਕਿ ਉਹ ਆਪਣੀ ਬਰਖਾਸਤਗੀ ਨੂੰ ਅਦਾਲਤ ਵਿੱਚ ਚੁਣੌਤੀ ਦੇਵੇਗਾ। • ਬਾਕੀ ਸਫਾ 2 ’ਤੇ

5-MAY-PAGE-1.qxd 5/4/2025 8:41 PM Page 2



## ਹਰਗੋਬਿੰਦ ਪਬਲਿਕ ਸਕੂਲ 'ਚ ਮਨਾਇਆ ਪ੍ਰੈੱਸ ਦਿਵਸ



**ਬਠਿੰਡਾ (ਰਾਜੀਵ ਗੋਇਲ)**-ਹਰਗੋਬਿੰਦ ਪਬਲਿਕ ਸਕੂਲ ਕਾਂਗੜ ਵਿੱਚ ਪ੍ਰੈਸ ਦਿਵਸ ਮਨਾਇਆ ਗਿਆ। ਇਸ ਮੌਕੇ ਬੱਚਿਆਂ ਵੱਲੋਂ ਕਈ ਤਰ੍ਹਾਂ ਦੇ ਭਾਸ਼ਣ ਪੇਸ਼ ਕੀਤੇ ਗਏ। ਸਕੂਲ ਦੇ ਪ੍ਰਿੰਸੀਪਲ ਸੋਨੂ ਕੁਮਾਰ ਕਾਂਗੜ ਨੇ ਦੱਸਿਆ ਕਿ ਪ੍ਰੈਸ ਸਮਾਜ ਦੀ ਨੀਂਹ ਹੈ। ਮੀਡੀਆ ਦੀ ਆਜ਼ਾਦੀ ਤੋਂ ਬਿਨਾਂ ਖ਼ਬਰਾਂ ਨੂੰ ਸਹੀ ਢੰਗ ਨਾਲ ਰਿਪੋਰਟ ਨਹੀਂ ਕੀਤਾ ਜਾ ਸਕਦਾ ਤੇ ਲੋਕਾਂ ਨੂੰ ਸਹੀ ਜਾਣਕਾਰੀ ਦੀ ਘਾਟ ਹੈ। ਇਸ ਲਈ ਵਿਸ਼ਵ ਪ੍ਰੈਸ ਆਜ਼ਾਦੀ ਦਿਵਸ ਰਾਹੀਂ ਨਿਊਜ਼ ਮੀਡੀਆ ਦੀ ਆਜ਼ਾਦੀ ਦੀ ਮਹੱਤਤਾ ਨੂੰ ਸਮਝਾਇਆ ਜਾਂਦਾ ਹੈ ਤੇ ਉਨ੍ਹਾਂ ਦੇ ਸੰਘਰਸ਼ ਨੂੰ ਸਮਾਜ 'ਚ ਮਹਿਸੂਸ ਕਰਾਉਂਦਾ ਯਤਨ ਕੀਤਾ ਜਾਂਦਾ ਹੈ।

## 400 ਮਰੀਜ਼ਾਂ ਦੀਆਂ ਅੱਖਾਂ ਦਾ ਚੈੱਕਅੱਪ




**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਸਵ: ਗੁਰਦੇਵ ਕੌਰ ਬਰਾੜ ਧਰਮ ਪਤਨੀ ਸਵ: ਬਿੱਕਰ ਸਿੰਘ ਬਰਾੜ (ਸਪੁੱਤਰ ਸਰਦਾਰ ਪਾਲਾਂ ਸਿੰਘ ਬਰਾੜ ਖੋਟੇ) ਦੀ ਯਾਦ ਵਿੱਚ ਉਨ੍ਹਾਂ ਦੀਆਂ ਦੋਨੋਂ ਬੇਟੀਆਂ ਵੱਲੋਂ ਲਾਇਨਜ਼ ਕਲੱਬ ਦੇ ਸਹਿਯੋਗ ਨਾਲ 73ਵਾਂ ਫ੍ਰੀ ਅੱਖਾਂ ਦਾ ਅਪ੍ਰੇਸ਼ਨ ਤੇ ਚੈੱਕਅਪ ਕੈਂਪ ਦਿਸ਼ੀ ਤੇ ਕੁੱਕੀ ਇੰਗਲੈਂਡ ਦੇ ਸਹਿਯੋਗ ਦੁਆਰਾ ਲਾਇਆ ਗਿਆ।ਅੱਖਾਂ ਵਾਲੇ 400 ਦੇ ਕਰੀਬ ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਤੇ 31 ਵਿਅਕਤੀਆਂ ਨੂੰ ਕੰਨਾਂ ਵਾਲੀਆਂ ਮਸ਼ੀਨਾਂ ਦਿੱਤੀਆ। ਇਸ ਮੌਕੇ ਚੇਅਰਮੈਨ ਪ੍ਰਦੀਪ ਗਰਗ ਤੇ ਚੇਅਰਮੈਨ ਕਮਲ ਮੰਗਲਾ ਸੈਕਟਰੀ ਪਰਦੀਪ ਗੋਇਲ, ਸੋਨੂੰ ਮੰਗਲਾ ਤੇਜਿੰਦਰ ਨੰਬਰਦਾਰ ਸਮੂਹ ਕਲੱਬ ਮੈਂਬਰ ਤੇ ਐਨ ਆਰ ਆਈ ਵੀਰ ਸਮੂਹ ਗ੍ਰਾਮ ਪੰਚਾਇਤ ਸਮੂਹ ਨਗਰ ਨਿਵਾਸੀ ਹਾਜ਼ਰ ਸਨ।

## ਮੁਖਤਿਆਰ ਯਾਦਵ ਬਣੇ ਸ਼ਿਵਧਾਮ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸ਼ਿਵ ਧਾਮ ਜਲਾਲਾਬਾਦ ਰੋਡ ਸਬੰਧੀ ਸ਼ਹਿਰ ਵਾਸੀਆਂ ਦੀ ਅਹਿਮ ਮੀਟਿੰਗ ਪੰਜਾਬ ਰਾਈਸ ਮਿੱਲਜ਼ ਐਸੋਸੀਏਸ਼ਨ ਦੇ ਸੂਬਾਈ ਪ੍ਰਧਾਨ ਭਾਰਤ ਭੂਸ਼ਣ ਬਿੰਟਾ ਤੇ ਸੀਨੀਅਰ ਭਾਜਪਾ ਆਗੂ ਰਾਜੇਸ਼ ਗੋਰਾ ਪਠੇਲਾ ਦੀ ਅਗਵਾਈ ਹੇਠ ਹੋਈ।ਮੀਟਿੰਗ 'ਚ ਸ਼ਿਵਧਾਮ ਵੈਲਫੇਅਰ ਸੁਸਾਇਟੀ ਜਲਾਲਾਬਾਦ ਰੋਡ ਦੀ ਨਵੀਂ ਕਮੇਟੀ ਦਾ ਗਠਨ ਕੀਤਾ ਗਿਆ।ਸਭ ਤੋਂ ਪਹਿਲਾਂ ਪੁਰਾਣੀ ਕਮੇਟੀ ਨੂੰ ਸਰਬਸੰਮਤੀ ਨਾਲ ਭੰਗ ਕਰ ਦਿੱਤਾ ਗਿਆ।ਸ਼ਿਵਧਾਮ ਸੁਸਾਇਟੀ ਦੇ ਪ੍ਰਧਾਨ ਮੁਖਤਿਆਰ ਯਾਦਵ, ਮੀਤ ਪ੍ਰਧਾਨ ਜੀਵਨ ਸ਼ਰਮਾ, ਅਮਰ ਜੱਗਾ ਤੇ ਕੇਵਲ ਕ੍ਰਿਸ਼ਨ, ਜਨਰਲ ਸਕੱਤਰ ਕ੍ਰਿਸ਼ਨ ਕੁਮਾਰ ਉਰਫ਼ ਬੰਟੀ ਗੋਇਲ ਤੇ ਸੰਜੀਵ ਕੁਮਾਰ ਖੇੜਾ, ਕੈਸ਼ੀਅਰ ਸਤਪਾਲ ਬਾਂਸਲ, ਪ੍ਰੈੱਸ ਸਕੱਤਰ ਦੀਪਕਪਾਲ ਸ਼ਰਮਾ ਤੇ ਰਾਜ ਖੁਰਾਣਾ, ਸਲਾਹਕਾਰ ਅੰਮ੍ਰਿਤ ਖੁਰਾਣਾ ਤੇ ਸੁਸ਼ੀਲ ਸਿੰਘ ਮੀਤ ਸਕੱਤਰ, ਬਲਜੀਤ ਸਿੰਘ ਬੱਲਵਾੜਾ, ਸਕੱਤਰ ਬਲਜੀਤ ਸਿੰਘ ਆਦਿ ਹਾਜ਼ਰ ਸਨ।ਇਨਕਮ ਟੈਕਸ ਸਲਾਹਕਾਰ ਭਾਰਤ ਭੂਸ਼ਣ ਤਨੇਜਾ ਤੇ ਗਗਨ ਪਠੇਲਾ, ਕਾਨੂੰਨੀ ਸਲਾਹਕਾਰ ਗੌਤਮ ਅਰੋੜਾ, ਸਪੈਸ਼ਲ ਇਨਵਿਸਟੀ ਕ੍ਰਿਸ਼ਨ ਕੁਮਾਰ ਤੇਰੀਆ ਤੇ ਕਾਰਜਕਾਰੀ ਮੈਂਬਰ ਪਿੰਦਰ ਸਰਪੰਚ, ਵਿਜੇ ਕੁਮਾਰ ਬਾਂਸਲ ਅਤੇ ਰਾਜੇਸ਼ ਕਟਾਰੀਆ ਸਰਬਸੰਮਤੀ ਨਾਲ ਚੁਣੇ ਗਏ।ਇਸ ਮੌਕੇ ਪ੍ਰਸਤਾਵ ਪਾਸ ਕੀਤਾ ਗਿਆ ਕਿ ਉਕਤ ਕਮੇਟੀ ਸ਼ਿਵਧਾਮ 'ਚ ਬਣੇ ਸ਼ਿਵ ਮੰਦਰ ਤੇ ਸ਼ਿਵਸ਼ਕਤੀ ਹਾਲ ਦੇ ਕੰਮ ਦੀ ਦੇਖਭਾਲ ਵੀ ਕਰੇਗੀ।

## ਰੇਲਵੇ ਲਾਈਨ 'ਤੇ ਬਣੇ ਪੁਲ ਦਾ ਵਿਧਾਇਕਾ ਵੱਲੋਂ ਉਦਘਾਟਨ, ਸ਼ਹਿਰ ਵਾਸੀਆਂ 'ਚ ਖੁਸ਼ੀ ਦੀ ਲਹਿਰ



**ਰਾਜਪੁਰਾ (ਰਮੇਸ਼ ਕਟਾਰੀਆ)**-ਰਾਜਪੁਰਾ ਵਾਸੀਆਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਅਖੀਰਕਾਰ ਪੂਰੀ ਹੋ ਗਈ, ਜਦੋਂ ਇੱਥੋਂ ਦੀ ਵਿਧਾਇਕਾ ਨੀਨਾ ਮਿੱਤਲ ਨੇ ਰਾਜਪੁਰਾ ਰੇਲਵੇ ਲਾਈਨ ਉੱਤੇ ਨਵੇਂ ਬਣੇ ਓਵਰ ਬ੍ਰਿਜ (ਆਰ.ਓ.ਬੀ.) ਦਾ ਉਦਘਾਟਨ ਕੀਤਾ ਤੇ ਰਾਜਪੁਰਾ ਵਾਸੀਆਂ ਨੂੰ ਕੀਮਤੀ ਸੌਗਾਤ ਦਿੱਤੀ।ਇਸ ਪੁਲ ਦੇ ਚਾਲੂ ਹੋਣ ਨਾਲ ਰਾਜਪੁਰਾ ਤੇ ਨਜ਼ਦੀਕੀ ਇਲਾਕਿਆਂ ਵਿੱਚ ਆਵਾਜਾਈ ਅਸਾਨ ਹੋਣ ਦੇ ਨਾਲ ਨਾਲ ਟ੍ਰੈਫਿਕ ਜਾਮ ਤੇ ਦੁਰਘਟਨਾਵਾਂ 'ਚ ਵੀ ਕਮੀ ਆਵੇਗੀ।ਪੁਲ ਖੋਲ੍ਹੇ ਜਾਣ 'ਤੇ ਜਿੱਥੇ ਦੁਕਾਨਦਾਰਾਂ ਨੂੰ ਵੱਡੀ ਰਾਹਤ ਮਿਲੀ ਹੈ, ਉਥੇ ਸਰਹਿੰਦ ਤੋਂ ਰਾਜਪੁਰਾ ਸ਼ਹਿਰ ਅੰਦਰ ਆਉਣ-ਜਾਣ ਵਾਲੇ ਰਾਹਗੀਰਾਂ ਨੂੰ ਟ੍ਰੈਫਿਕ ਸਮੱਸਿਆ ਤੋਂ ਨਿਜਾਤ ਮਿਲੇਗੀ।ਉਦਘਾਟਨ ਸਮਾਗਮ ਦੌਰਾਨ ਵਿਧਾਇਕਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਵਾਜਾਈ ਦੇ ਢਾਂਚੇ ਨੂੰ ਮਜ਼ਬੂਤ ਕਰਨ ਲਈ ਨਿਰੰਤਰ ਯਤਨ ਕੀਤੇ ਜਾ ਰਹੇ ਹਨ।ਉਨ੍ਹਾ ਕਿਹਾ ਕਿ ਓਵਰ ਬ੍ਰਿਜ ਦੇ ਨਿਰਮਾਣ ਸਮੇਂ ਦੌਰਾਨ ਨੇੜਲੀ ਮਾਰਕੀਟ ਦੇ ਦੁਕਾਨਦਾਰਾਂ ਨੂੰ ਕਾਫੀ ਪ੍ਰੇਸ਼ਾਨੀ ਝੱਲਣੀ ਪਈ। ਸਥਾਨਕ ਨਿਵਾਸੀਆਂ ਨੇ ਵੀ ਇਸ ਪ੍ਰਾਜੈਕਟ ਦੇ ਪੂਰਾ ਹੋਣ 'ਤੇ ਖੁਸ਼ੀ ਜਤਾਈ ਤੇ ਰਾਜਪੁਰਾ ਵਿਧਾਇਕਾ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਸਨਮਾਨਤ ਕੀਤਾ। ਇਸ ਮੌਕੇ ਸਬੰਧਤ ਵਿਭਾਗਾਂ ਦੇ ਅਧਿਕਾਰੀ ਤੇ ਪਾਰਟੀ ਅਹੁਦੇਦਾਰ ਅਤੇ ਸ਼ਹਿਰ ਦੇ ਪਤਵੰਤੇ ਸੱਜਣ ਵੱਡੀ ਗਿਣਤੀ ਵਿੱਚ ਮੌਜੂਦ ਸਨ।

## ਕਿੱਲੋ ਅਫੀਮ ਸਮੇਤ 2 ਨਸ਼ਾ ਤਸਕਰ ਕਾਬੂ



**ਮੋਗਾ (ਇਕਬਾਲ ਸਿੰਘ ਖਹਿਰਾ)**-ਡੀ.ਜੀ.ਪੀ. ਪੰਜਾਬ ਵੱਲੋਂ ਨਸ਼ਾ ਤਸਕਰਾਂ ਖਿਲਾਫ ਚਲਾਈ ਮੁਹਿੰਮ ਤਹਿਤ ਐੱਸ.ਐੱਸ.ਪੀ. ਮੋਗਾ ਅਜੈ ਗਾਂਧੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਬਾਲ ਕ੍ਰਿਸ਼ਨ ਸਿੰਗਲਾ ਐੱਸ ਪੀ (ਆਈ) ਮੋਗਾ ਦੀ ਰਹਿਨੁਮਾਈ ਹੇਠ ਥਾਣਾ ਕੋਟ ਈਸੇ ਖਾਂ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦ ਏ.ਐੱਸ.ਆਈ. ਪਰਵਿੰਦਰ ਸਿੰਘ ਜਲੰਧਰ ਚੌਕੀ ਇੰਚਾਰਜ ਦੌਲੇਵਾਲਾ ਨੇ ਸਮੇਤ ਸਾਥੀ ਕਰਮਚਾਰੀਆਂ ਦੇ 2 ਨਸ਼ਾ ਤਸਕਰਾਂ ਨੂੰ 1 ਕਿੱਲੋ ਅਫੀਮ ਤੇ ਇੱਕ ਥਾਰ ਗੱਡੀ ਬਿਨਾਂ ਨੰਬਰੀ ਸਮੇਤ ਗ੍ਰਿਫਤਾਰ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਕੋਟ ਈਸੇ ਖਾਂ ਦੇ ਮੁਖੀ ਗੁਰਵਿੰਦਰ ਸਿੰਘ ਭੁੱਲਰ ਨੇ ਦੱਸਿਆ ਕਿ ਬੀਤੇ ਦਿਨ ਏ.ਐੱਸ.ਆਈ. ਪਰਵਿੰਦਰ ਸਿੰਘ ਜਲੰਧਰ ਚੌਕੀ ਇੰਚਾਰਜ ਦੌਲੇਵਾਲਾ ਸਮੇਤ ਸਾਥੀ ਕਰਮਚਾਰੀਆਂ ਦੇ ਗਸ਼ਤ ਦੌਰਾਨ ਇੱਕ ਥਾਰ ਗੱਡੀ ਬਿਨਾਂ ਨੰਬਰ ਨੂੰ ਪੜਤਾਲ ਲਈ ਰੋਕ ਕੇ ਵਿੱਚ ਬੈਠੇ 2 ਨੌਜਵਾਨਾਂ ਦਾ ਨਾਮ-ਪਤਾ ਪੁੱਛਿਆ ਤਾਂ ਡਰਾਇਵਰ ਨੇ ਆਪਣਾ ਨਾਮ ਮਨਦੀਪ ਸਿੰਘ ਉਰਫ ਮਨੀ ਪੁੱਤਰ ਹਰਵਿੰਦਰ ਸਿੰਘ ਵਾਸੀ ਸੁਰਘੁਰੀ ਥਾਣਾ ਜੈਤੋ ਤੇ ਦੂਜੇ ਵਿਅਕਤੀ ਨੇ ਆਪਣਾ ਨਾਮ ਗੁਰਪ੍ਰੀਤ ਸਿੰਘ ਗਰੇਵਾਲ ਪੁੱਤਰ ਅਵਤਾਰ ਸਿੰਘ ਵਾਸੀ ਜੋਧਾਂ (ਲੁਧਿਆਣਾ) ਦੱਸਿਆ। ਗੱਡੀ ਵਿਚਲੇ ਬੈਗ ਦੀ ਤਲਾਸ਼ੀ ਕੀਤੀ ਗਈ ਤਾਂ ਬੈਗ ਵਿੱਚੋਂ 1 ਕਿੱਲੋਗ੍ਰਾਮ ਅਫੀਮ ਬਰਾਮਦ ਹੋਈ। ਉਕਤ ਮੁਲਜ਼ਮਾਂ ਨੂੰ 1 ਕਿੱਲੋ ਅਫੀਮ ਤੇ ਇੱਕ ਥਾਰ ਗੱਡੀ ਬਿਨਾਂ ਨੰਬਰ ਸਮੇਤ ਗ੍ਰਿਫਤਾਰ ਕੀਤਾ ਗਿਆ, ਜਿਸ 'ਤੇ ਥਾਣਾ ਕੋਟ ਈਸੇ ਖਾਂ ਕੇਸ ਦਰਜ ਕੀਤਾ ਗਿਆ।

## 'ਫੂਲੇ' ਫਿਲਮ ਦੇਖਣ ਲਈ ਦਰਸ਼ਕਾਂ 'ਚ ਭਾਰੀ ਉਤਸ਼ਾਹ



**ਮਾਨਸਾ/ਬੁਢਲਾਡਾ (ਆਤਮਾ ਸਿੰਘ ਪਮਾਰ)**-ਭਾਰਤ ਦੀ ਪਹਿਲੀ ਮਹਿਲਾ ਅਧਿਆਪਕਾ ਮਾਤਾ ਸਵਿੱਤਰੀ ਬਾਈ ਫੂਲੇ ਤੇ ਉਨ੍ਹਾਂ ਦੇ ਪਤੀ ਮਹਾਤਮਾ ਜੋਤੀਬਾ ਫੂਲੇ ਦੇ ਜੀਵਨ, ਸੰਘਰਸ਼ ਤੇ ਵਿਸ਼ੇਸ਼ ਤੌਰ 'ਤੇ ਔਰਤਾਂ ਦੀ ਸਿੱਖਿਆ ਲਈ ਕੀਤੇ ਜੋਖ਼ਮ ਭਰੇ ਅਤੇ ਸਿਰਤੋੜ ਯਤਨਾਂ ਨੂੰ ਦਰਸਾਉਂਦੀ ਫਿਲਮ 'ਫੂਲੇ' ਦਾ ਪਹਿਲਾ ਸ਼ੋਅ ਬੁਢਲਾਡਾ ਦੇ ਸਕਾਈ ਸਿਨੇਮੇ 'ਚ ਪੂਰੀ ਤਰ੍ਹਾਂ ਸਫ਼ਲ ਰਿਹਾ।ਵੱਖ ਵੱਖ ਪਿੰਡਾਂ ਤੇ ਸ਼ਹਿਰਾਂ ਤੋਂ ਆਏ ਦਰਸ਼ਕਾਂ ਤੇ ਵਿਸ਼ੇਸ਼ ਕਰਕੇ ਔਰਤਾਂ 'ਚ ਇਸ ਫਿਲਮ ਨੂੰ ਦੇਖਣ ਲਈ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ।ਇਸ ਫਿਲਮ ਵਿੱਚ ਮਹਾਤਮਾ ਜੋਤੀਬਾ ਫੂਲੇ ਤੇ ਮਾਤਾ ਸਵਿੱਤਰੀ ਬਾਈ ਫੂਲੇ ਦੇ ਸੰਘਰਸ਼ ਨੂੰ ਬਾਕਮਾਲ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ।ਫਿਲਮ ਨੂੰ ਦੇਖਣ ਤੋਂ ਬਾਅਦ ਭਾਵੁਕ ਹੋਏ ਦਰਸ਼ਕਾਂ ਨੇ ਕਿਹਾ ਕਿ ਹਰ ਵਰਗ ਦੇ ਲੋਕਾਂ ਨੂੰ ਇਹ ਫਿਲਮ ਜ਼ਰੂਰ ਦੇਖਣੀ ਚਾਹੀਦੀ ਹੈ।ਇਸ ਫਿਲਮ ਨੂੰ ਦੇਖਣ ਤੇ ਆਮ ਲੋਕਾਂ ਨੂੰ ਉਤਸ਼ਾਹਤ ਕਰਨ ਲਈ ਬਾਬਾ ਸਾਹਿਬ ਅੰਬੇਡਕਰ ਕਲੱਬ ਮਾਨਸਾ, ਅੰਬੇਡਕਰ ਯਾਦਗਾਰੀ ਕਮੇਟੀ ਭੀਖੀ ਤੇ ਐੱਸ.ਸੀ./ਬੀ.ਸੀ. ਅਧਿਆਪਕ ਯੂਨੀਅਨ ਦੇ ਆਗੂਆਂ ਦਾ ਵਿਸ਼ੇਸ਼ ਯੋਗਦਾਨ ਰਿਹਾ।ਇਸ ਮੌਕੇ ਮਾਸਟਰ ਬਲਵੰਤ ਸਿੰਘ ਬੰਟੀ ਮਾਨਸਾ, ਦਰਸ਼ਨ ਸਿੰਘ ਮੱਲ ਸਿੰਘ ਵਾਲਾ, ਕਰਨ ਸਿੰਘ, ਬਲਜੀਤ ਖੀਵਾ, ਜਸਵਿੰਦਰ ਜਨਕ, ਰਾਮ ਸਿੰਘ ਰੱਤਾ ਖੇੜਾ, ਚਮਕੌਰ ਸਿੰਘ ਗੁਰਨੇ ਤੇ ਕੇਵਲ ਕ੍ਰਿਸ਼ਨ ਤੋਂ ਇਲਾਵਾ ਵੱਡੀ ਗਿਣਤੀ ਮਰਦ, ਔਰਤਾਂ ਤੇ ਬੱਚੇ ਹਾਜ਼ਰ ਸਨ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਬਿਨਾਂ ਕਿਸੇ ਭੇਦ ਤੋਂ ਦੇਸ਼ ਦੀ ਪਹਿਲੀ ਮਹਿਲਾ ਅਧਿਆਪਕਾ ਦੇ ਸਤਿਕਾਰ ਵਜੋਂ ਤੇ ਉਨ੍ਹਾਂ ਦੇ ਔਰਤ ਵਰਗ ਦੇ ਉਥਾਨ ਲਈ ਕੀਤੇ ਯਤਨਾਂ ਲਈ ਇਸ ਫਿਲਮ ਨੂੰ ਜ਼ਰੂਰ ਦੇਖਣ ਤਾਂ ਕਿ ਉਨ੍ਹਾਂ ਦੇ ਜੀਵਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਾਪਤ ਹੋ ਸਕੇ।

## ਆਈ ਡੀ ਪੀ ਡੀ ਵੱਲੋਂ ਪਹਿਲਗਾਮ ਵਿਖੇ ਅੱਤਵਾਦੀ ਹਿੰਸਾ 'ਚ ਹੋਏ ਸ਼ਹੀਦਾਂ ਨੂੰ ਸ਼ਰਧਾਂਜਲੀ

**ਲੁਧਿਆਣਾ (ਨ ਜ਼ ਸ)**-ਇੰਡੀਅਨ ਡਾਕਟਰ ਫਾਰ ਪੀਸ ਐਂਡ ਡਿਵੈਲਪਮੈਂਟ (ਆਈ ਡੀ ਪੀ ਡੀ) ਵੱਲੋਂ ਪਹਿਲਗਾਮ ਵਿਖੇ ਨਿਰਦੋਸ਼ ਸੈਲਾਨੀਆਂ ਦੀ ਹੱਤਿਆ ਵਿੱਚ ਸ਼ਹੀਦ ਹੋਏ ਲੋਕਾਂ ਨੂੰ ਸ਼ਰਧਾਂਜਲੀ ਦੇਣ ਲਈ ਇੱਕ ਵਿਚਾਰ ਚਰਚਾ ਕੀਤੀ ਗਈ।ਇਸ ਵਿੱਚ ਅੱਤਵਾਦੀਆਂ ਦੇ ਇਸ ਕਾਰੇ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਤੇ ਉਨ੍ਹਾਂ ਨੂੰ ਸਖਤ ਤੋਂ ਸਖਤ ਸਜ਼ਾਵਾਂ ਦੇਣ ਦੀ ਮੰਗ ਕੀਤੀ ਗਈ।ਵੱਖ ਵੱਖ ਬੁਲਾਰਿਆਂ ਨੇ ਸਰਕਾਰ ਦੇ ਖੋਖਲੇ ਦਾਅਵਿਆਂ ਕਿ ਘਾਟੀ ਵਿੱਚ ਅੱਤਵਾਦ ਸਮਾਪਤ ਹੋ ਚੁੱਕਿਆ ਹੈ, ਨੂੰ ਸਿਰਫ ਇੱਕ ਰਾਜਨੀਤਕ ਸਟੰਟ ਦੱਸਿਆ। ਪ੍ਰਧਾਨ ਮੰਤਰੀ ਨੇ ਪਹਿਲਾਂ ਕਿਹਾ ਸੀ ਕਿ ਨੋਟਬੰਦੀ ਤੋਂ ਬਾਅਦ ਅੱਤਵਾਦ ਸਮਾਪਤ ਹੋ ਜਾਏਗਾ ਅਤੇ ਇਸੇ ਗੱਲ ਨੂੰ ਦੁਬਾਰਾ ਧਾਰਾ 370 ਹਟਾਉਣ ਤੋਂ ਬਾਅਦ ਫਿਰ ਦੋਹਰਾਇਆ।ਇਕਦਮ ਘਬਰਾ ਕੇ ਬਿਨਾਂ ਸੋਚੇ ਸਮਝੇ ਸਿੰਧੂ ਨਦੀ ਸੰਧੀ ਨੂੰ ਰੱਦ ਕਰਨ ਦੀ ਗੱਲ ਕੀਤੀ ਗਈ ਤੇ ਪਾਕਿਸਤਾਨ ਨੂੰ ਪਾਣੀ ਬੰਦ ਕਰਨ ਦੀ ਗੱਲ ਕਰ ਦਿੱਤੀ ਗਈ। ਨਾ ਤੇ ਇਹ ਤਕਨੀਕੀ ਤੌਰ 'ਤੇ ਸੰਭਵ ਹੈ ਤੇ ਨਾਲ ਹੀ ਇਹ ਗੈਰ ਕਾਨੂੰਨੀ ਵੀ ਹੈ। ਇਹ ਪਾਣੀ ਪਾਕਿਸਤਾਨ ਦੇ ਲੋਕਾਂ ਦੀ ਖੇਤੀਬਾੜੀ ਅਤੇ ਹੋਰ ਲੋੜਾਂ ਲਈ ਇਕ ਜੀਵਨ ਰੇਖਾ ਹੈ। ਇਸ ਨੂੰ ਬੰਦ ਕਰਨ ਦੇ ਨਾਲ ਪਾਕਿਸਤਾਨ 'ਚ ਪੀਣ ਦੇ ਪਾਣੀ ਤੇ ਖੁਰਾਕ ਦਾ 20 ਕਰੋੜ ਲੋਕਾਂ ਦੇ ਲਈ ਸੰਕਟ ਖੜ੍ਹਾ ਹੋ ਸਕਦਾ ਹੈ ।ਇਹ ਲਾਜ਼ਮੀ ਹੈ ਕਿ ਹਿੰਸਾ ਦੇ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾਵਾਂ ਦਿੱਤੀਆਂ ਜਾਣ। ਪਰ ਪ੍ਰਧਾਨ ਮੰਤਰੀ ਵੱਲੋਂ ਹਮਲਾਵਰ ਕਿਸਮ ਦੀਆਂ ਗੱਲਾਂ ਅਤੇ ਮਿੱਟੀ ਵਿੱਚ ਮਿਲਾਉਣ ਦੀਆਂ ਗੱਲਾਂ ਭਾਵਨਾਪੂਰਨ ਤਾਂ ਹੋ ਸਕਦੀਆਂ ਹਨ ਪਰ ਯਥਾਰਥਵਾਦੀ ਨਹੀਂ ਹਨ।ਮੁਸਲਮਾਨਾਂ ਅਤੇ ਕਸ਼ਮੀਰੀ ਵਿਦਿਆਰਥੀਆਂ 'ਤੇ ਹਮਲਿਆਂ ਨੂੰ ਰੋਕਣਾ ਲਾਜ਼ਮੀ ਹੈ। ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਕਸ਼ਮੀਰ ਦੇ ਲੋਕਾਂ ਨੇ ਪਹਿਲਗਾਮ ਵਿਚ ਹੋਈ ਹਿੰਸਾ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ। ਉਨਾਂ ਨੇ ਨਾ ਕੇਵਲ ਜ਼ਖਮੀਆਂ ਨੂੰ ਬਚਾਇਆ ਬਲਕਿ ਸਾਰੇ ਕਸ਼ਮੀਰ ਵਿੱਚ ਸੜਕਾਂ ਤੇ ਉਤਰ ਕੇ ਇਸ ਹਿੰਸਕ ਕਾਰੇ ਦਾ ਪ੍ਰਦਰਸ਼ਨ ਕਰਕੇ ਵਿਰੋਧ ਵੀ ਕੀਤਾ।ਹੁਣ ਸਮਾਂ ਆ ਗਿਆ ਹੈ ਕਿ ਦੱਖਣੀ ਏਸ਼ੀਆਈ ਦੇਸ਼ਾਂ ਨੂੰ ਇਸ ਖੇਤਰ ਵਿੱਚ ਕਿਤੇ ਵੀ ਅਜਿਹੀ ਵਾਪਰਨ ਤੋਂ ਰੋਕਣ ਲਈ ਇੱਕ ਆਮ ਸੁਰੱਖਿਆ ਪ੍ਰਣਾਲੀ ਦਾ ਵਿਕਾਸ ਕਰਨਾ ਚਾਹੀਦਾ ਹੈ।

ਮੀਟਿੰਗ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਡਾ. ਅਰੁਣ ਮਿੱਤਰ-ਪ੍ਰਧਾਨ ਆਈ.ਡੀ.ਪੀ.ਡੀ, ਪ੍ਰੋਫੈਸਰ ਜਗਮੋਹਨ ਸਿੰਘ, ਡਾ. ਗਗਨਦੀਪ ਸਿੰਘ, ਡਾ. ਪਰਮ ਸੈਣੀ, ਡਾਕਟਰ ਪ੍ਰਿਗਿਆ ਸ਼ਰਮਾ, ਐਮ ਐਸ ਭਾਟੀਆ, ਡਾ. ਇੰਦਰਵੀਰ ਸਿੰਘ, ਡਾ. ਐਮ ਕੇ ਮਹਾਜਨ, ਡਾ. ਸ਼ਕਤੀ ਪ੍ਰਭਾਕਰ, ਡਾ. ਮਹਿੰਦਰ ਕੌਰ ਗਰੇਵਾਲ, ਬ੍ਰਿਜ ਭੂਸ਼ਨ ਗੋਇਲ, ਡਾ. ਕੁਸਮ ਲਤਾ ਸ਼ਾਮਲ ਸਨ।

## ਮੀਟਿੰਗ ਦਾ ਸਮਾਂ ਨਾ ਮਿਲਣ 'ਤੇ ਮੁਲਾਜ਼ਮਾਂ ਵੱਲੋਂ 8 ਨੂੰ ਐਕਸੀਅਨ ਦਾ ਘਿਰਾਓ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਰਾਜ ਬਿਜਲੀ ਬੋਰਡ ਫੈਡਰੇਸ਼ਨ ਵੱਲੋਂ ਮੁਲਾਜ਼ਮ ਮੰਗਾਂ ਲਈ ਮੀਟਿੰਗ ਲਈ ਸਮਾਂ ਦੇ ਕੇ ਕੈਂਸਲ ਕਰਨ ਵਿਰੁੱਧ ਰੋਹ 'ਚ ਆਏ ਪਾਵਰਕਾਮ ਕਾਮਿਆਂ ਨੇ ਐਕਸੀਅਨ ਸਬ ਅਰਬਨ ਨੂੰ 48 ਘੰਟਿਆਂ ਦਾ ਅਲਟੀਮੇਟਮ ਦਿੱਤਾ ਹੈ। ਗੱਲਬਾਤ ਕਰਦਿਆਂ ਪ੍ਰਧਾਨ ਅਸ਼ਵਨੀ ਕੁਮਾਰ, ਸਤੀਸ਼ ਕੁਮਾਰ ਸਕੱਤਰ ਸਬ ਅਰਬਨ ਮੰਡਲ ਸੁਖਚੈਨ ਸਿੰਘ ਸਰਕਲ ਸਕੱਤਰ ਪ੍ਰਧਾਨ ਰਜੇਸ਼ ਦੱਤਾ, ਰੋਸ਼ਨ ਲਾਲ, ਬਲਵੀਰ ਸਿੰਘ, ਰਾਮ ਸੁਖ, ਗੁਰਮੁੱਖ ਸਿੰਘ, ਸੁਖਦੇਵ ਸਿੰਘ ਨੇ ਕਿਹਾ ਕਿ ਮੁਲਾਜ਼ਮਾਂ ਜਥੇਬੰਦੀ ਵੱਲੋਂ ਐਕਸੀਅਨ ਸਬ ਅਰਬਨ ਮੰਡਲ ਨੂੰ 22 ਮੰਗਾਂ ਦਾ ਮੰਗ ਪੱਤਰ ਦਿੱਤਾ ਹੋਇਆ ਹੈ ਤੇ ਮੰਗ ਪੱਤਰ ਮੁਤਾਬਿਕ ਐਕਸੀਅਨ ਵੱਲੋਂ 21 ਅਪ੍ਰੈਲ ਨੂੰ ਹਫਤੇ ਬਾਅਦ ਮੀਟਿੰਗ ਦਾ ਸਮਾਂ ਦੇਣ ਬਾਰੇ ਲਿਖਿਆ ਗਿਆ, ਪਰ ਮੀਟਿੰਗ ਦਾ ਸਮਾਂ ਨਹੀਂ ਸੀ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਜਥੇਬੰਦੀ ਦੇ ਸਕੱਤਰ ਨਾਲ ਦੁਬਾਰਾ ਗੱਲਬਾਤ ਕੀਤੀ ਗਈ ਤੇ ਐਕਸੀਅਨ ਸਬ ਅਰਬਨ ਮੰਡਲ ਵੱਲੋਂ ਲਿਖਤੀ ਪੱਤਰ ਰਾਹੀਂ 30 ਅਪ੍ਰੈਲ ਨੂੰ 9.15 ਵਜੇ ਮੀਟਿੰਗ ਦਾ ਸਮਾਂ ਨਿਰਧਾਰਤ ਕੀਤਾ ਗਿਆ, ਪਰ ਇਕ ਦਿਨ ਪਹਿਲਾਂ ਰਾਤ ਕਰੀਬ 8.30 ਵਜੇ ਵਟਸਐਪ ਰਾਹੀਂ ਜ਼ਰੂਰੀ ਕੰਮ ਦਾ ਕਹਿ ਕੇ ਮੀਟਿੰਗ ਕੈਂਸਲ ਕਰ ਦਿੱਤੀ ਗਈ। ਉਨ੍ਹਾਂ ਕਿਹਾ ਕਿ ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਸਬ ਅਰਬਨ ਮੰਡਲ ਫਿਰੋਜ਼ਪੁਰ ਜਥੇਬੰਦੀ ਨੂੰ ਟਾਲ ਮਟੋਲ ਕਰਕੇ ਖਰਾਬ ਕਰ ਰਿਹਾ ਹੈ, ਜਿਸ ਕਰਕੇ ਮੁਲਾਜ਼ਮਾਂ ਅੰਦਰ ਗੁੱਸੇ ਦੇ ਲਹਿਰ ਦੌੜ ਗਈ ਹੈ। ਉਨ੍ਹਾਂ ਕਿਹਾ ਕਿ ਜੇਕਰ ਜਲਦ ਜਥੇਬੰਦੀ ਨੂੰ ਐਕਸੀਅਨ ਵੱਲੋਂ ਮੀਟਿੰਗ ਦਾ ਸਮਾਂ ਨਾ ਦਿੱਤਾ ਗਿਆ ਤਾਂ ਮਜਬੂਰਨ ਜਥੇਬੰਦੀ ਨੂੰ 8 ਮਈ ਨੂੰ ਐਕਸੀਅਨ ਸਬ ਅਰਬਨ ਮੰਡਲ ਵੱਲੋਂ ਸਵੇਰੇ 10 ਵਜੇ ਦਫਤਰ ਮੂਹਰੇ ਧਰਨਾ ਦੇਣਾ ਪਵੇਗਾ, ਜਿਸ ਦੀ ਸਾਰੀ ਜ਼ਿੰਮੇਵਾਰੀ ਐਕਸੀਅਨ ਸਬ ਅਰਬਨ ਮੰਡਲ ਦੀ ਹੋਵੇਗੀ।

## ਭੋਗ 'ਤੇ ਵਿਸ਼ੇਸ਼
## ਦਿਆਲ ਸਿੰਘ ਕੈਲਾ ਰਿਟਾ: ਐੱਸ ਡੀ ਓ ਦੇ ਜੀਵਨ 'ਤੇ ਝਾਤ ਪਾਉਂਦਿਆਂ



ਸਵ: ਸ੍ਰ. ਦਿਆਲ ਸਿੰਘ ਪਿੰਡ ਕੈਲਾ ਦਾ ਜਨਮ 01-02-1946 ਵਿੱਚ ਪਿੰਡ ਸੱਦਾ ਤਹਿਸੀਲ ਚੂਨੀਆ ਜ਼ਿਲ੍ਹਾ ਲਾਹੌਰ ਵਿਖੇ ਪਿਤਾ ਤਾਰਾ ਸਿੰਘ ਦੇ ਘਰ ਮਾਤਾ ਲਾਲ ਕੌਰ ਦੀ ਕੁੱਖੋਂ ਹੋਇਆ। ਭਾਰਤ-ਪਾਕਿ ਦੀ ਵੰਡ ਸਮੇਂ ਉਹ 1947 ਵਿੱਚ ਪਿੰਡ ਕੈਲਾ ਵਿਖੇ ਆਪਣੇ ਪਰਵਾਰ ਸਮੇਤ ਆ ਗਏ। ਸਵ: ਸ੍ਰ: ਦਿਆਲ ਸਿੰਘ ਨੇ ਮੁੱਢਲੀ ਸਿੱਖਿਆ ਪਿੰਡ ਕੈਲਾ ਦੇ ਪ੍ਰਾਇਮਰੀ ਸਕੂਲ ਵਿੱਚ ਤੇ ਮੈਟ੍ਰਿਕ ਅਰਜਨ ਦਾਸ ਸਕੂਲ ਧਰਮਕੋਟ ਵਿੱਚ ਕੀਤੀ। ਇਸ ਤੋਂ ਬਾਅਦ ਉਨ੍ਹਾਂ ਫਿਰੋਜ਼ਪੁਰ ਵਿਖੇ ਇਲੈਕਟਰੀਕਲ ਦਾ ਡਿਪਲੋਮਾ ਕੀਤਾ ਤੇ 1965 ਵਿੱਚ ਪੰਜਾਬ ਰਾਜ ਬਿਜਲੀ ਬੋਰਡ ਵਿੱਚ ਭੋਗਪੁਰ ਤੋਂ ਆਪਣੀ ਨੌਕਰੀ ਦੀ ਸ਼ੁਰੂਆਤ ਕੀਤੀ। ਸਵ: ਦਿਆਲ ਸਿੰਘ ਦਾ ਵਿਆਹ 1975 ਵਿੱਚ ਬੀਬੀ ਜਗਦੀਸ਼ ਕੌਰ ਨਾਲ ਹੋਇਆ। ਉਨ੍ਹਾਂ ਦੀਆਂ ਦੋ ਬੇਟੀਆਂ ਤੇ ਇੱਕ ਬੇਟਾ ਹੈ। ਦੋਨੋਂ ਬੇਟੀਆਂ ਸਰਕਾਰੀ ਸਰਵਿਸ ਕਰ ਰਹੀਆਂ ਹਨ ਤੇ ਬੇਟੇ ਨੇ ਖੇਤੀਬਾੜੀ ਵਿੱਚ ਹਾਈਡਰੋਪੋਨਿਕ ਟੈਕਨੀਕ ਨਾਲ ਆਪਣਾ ਬਿਜ਼ਨੈੱਸ ਕਰ ਰਹੇ ਹਨ। ਸਵ: ਦਿਆਲ ਸਿੰਘ ਆਪਣੇ ਸਾਂਝੇ ਪਰਵਾਰ ਵਿੱਚ ਰਹਿੰਦੇ ਹੋਏ ਪਰਵਾਰ ਦੇ ਮੋਢੀ ਦੇ ਰੂਪ ਵਿੱਚ ਆਪ ਬਾ-ਖ਼ੂਬੀ ਫਰਜ਼ ਨਿਭਾਉਂਦੇ ਰਹੇ। ਕੁੱਝ ਚਿਰ ਸਰਵਿਸ ਉਥੇ ਕਰਨ ਤੋਂ ਬਾਅਦ ਉਨ੍ਹਾਂ ਦੀ ਬਦਲੀ ਧਰਮਕੋਟ ਦੀ ਸਬ-ਡਵੀਜ਼ਨ ਵਿੱਚ ਹੋ ਗਈ। ਆਪਣੀ ਸਰਵਿਸ ਦੌਰਾਨ ਉਨ੍ਹਾਂ ਭਾਵੇਂ ਕੁੱਝ ਚਿਰ ਬਾਘਾ ਪੁਰਾਣਾ ਵੀ ਸਰਵਿਸ ਕੀਤੀ ਤੇ ਕੁੱਝ ਸਮਾਂ ਹੋਰ ਵੱਖ ਵੱਖ ਜਗ੍ਹਾ ਤੇ ਜ਼ਿਆਦਾ ਸਮਾਂ ਆਪਣੀ ਸਰਵਿਸ ਧਰਮਕੋਟ ਵਿੱਚ ਕੀਤੀ। ਉਨ੍ਹਾਂ ਦੀ ਸੇਵਾ ਮੁਕਤੀ ਵੀ ਧਰਮਕੋਟ ਵਿੱਚੋਂ ਹੀ 01-02-2004 ਨੂੰ ਹੋਈ। ਆਪ ਜੀ ਨੇ ਬਿਜਲੀ ਬੋਰਡ 'ਚ ਸ਼ਲਾਘਾਯੋਗ ਸੇਵਾਵਾਂ ਨਿਭਾਉਂਦਿਆਂ ਬਿਜਲੀ ਬੋਰਡ ਦੀ ਯੂਨੀਅਨ ਮਜ਼ਬੂਤ ਕਰਦਿਆਂ ਬਿਜਲੀ ਕਰਮਚਾਰੀਆਂ ਦੇ ਸੰਘਰਸ਼ਾਂ ਦੀ ਅਗਵਾਈ ਕੀਤੀ। ਆਪਣੀ ਰਿਟਾਇਰਮੈਂਟ ਤੋਂ ਬਾਅਦ ਵੀ ਬਿਜਲੀ ਪੈਨਸ਼ਨਰਜ਼ ਦੀ ਯੂਨੀਅਨ ਵਿੱਚ ਸਰਗਰਮੀ ਨਾਲ ਹਿੱਸਾ ਪਾਉਂਦੇ ਰਹੇ। ਆਪ ਜੀ ਦੇ ਸਰਵਗਵਾਸ ਹੋਣ ਤੋਂ ਪਹਿਲਾਂ ਉਹ ਪਾਵਰਕਾਮ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ (ਏਟਕ) ਸਰਕਲ ਫਰੀਦਕੋਟ ਦੇ ਮੀਤ ਪ੍ਰਧਾਨ ਤੇ ਸਿਟੀ ਡਵੀਜ਼ਨ ਦੇ ਪ੍ਰਧਾਨ ਦੇ ਤੌਰ 'ਤੇ ਕੰਮ ਕਰਦੇ ਸਨ। ਸਵ: ਦਿਆਲ ਸਿੰਘ ਜੋ 25 ਅਪ੍ਰੈਲ ਨੂੰ ਪਰਵਾਰ ਤੇ ਸਾਥੀਆਂ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਨਮਿੱਤ ਰਖਾਏ ਗਏ ਪਾਠ ਦਾ ਭੋਗ, ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਗੁਰਦੁਆਰਾ ਸ਼੍ਰੀ ਹਜ਼ੂਰ ਸਾਹਿਬ ਜੋਗੇਵਾਲਾ ਰੋਡ, ਧਰਮਕੋਟ (ਮੋਗਾ) ਵਿਖੇ 12 ਤੋਂ 1 ਵਜੇ ਤੱਕ ਹੋਵੇਗਾ।

*-ਇਕਬਾਲ ਸਿੰਘ ਖਹਿਰਾ, ਮੋਗਾ*

## ਮੀਡੀਆ ਕਲੱਬ ਵੱਲੋਂ ਕੌਮਾਂਤਰੀ ਪ੍ਰੈੱਸ ਆਜ਼ਾਦੀ ਦਿਵਸ ਮੌਕੇ ਵਿਚਾਰ-ਚਰਚਾ

### ਗੁਲਾਮੀ ਦੇ ਪ੍ਰਛਾਵੇਂ ਨੂੰ ਪਾਸੇ ਕਰਨ ਲਈ ਸੋਚ ਦੀ ਆਜ਼ਾਦੀ ਬੇਹੱਦ ਜ਼ਰੂਰੀ : ਵਾਸੂ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਕੌਮਾਂਤਰੀ ਪ੍ਰੈੱਸ ਆਜ਼ਾਦੀ ਦਿਵਸ ਮੌਕੇ ਮੀਡੀਆ ਕਲੱਬ ਪਾਤੜਾਂ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤੜਾਂ ਵਿਖੇ ਇੱਕ ਸਮਾਗਮ ਕੀਤਾ ਗਿਆ।ਇਸ ਮੌਕੇ ਕਰਵਾਈ ਗਈ ਵਿਸ਼ੇਸ਼ ਵਿਚਾਰ ਚਰਚਾ ਵਿੱਚ ਮੁੱਖ ਬੁਲਾਰੇ ਦੇ ਤੌਰ 'ਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਹਾਇਕ ਸਕੱਤਰ (ਸਿੱਖਿਆ) ਰਮਿੰਦਰਜੀਤ ਸਿੰਘ ਵਾਸੂ ਨੇ ਸ਼ਿਰਕਤ ਕੀਤੀ।

ਆਪਣੇ ਕੁੰਜੀਵਤ ਦਾ ਭਾਸ਼ਣ ਦੌਰਾਨ ਮੁੱਖ ਬੁਲਾਰੇ ਰਾਮਿੰਦਰਜੀਤ ਸਿੰਘ ਵਾਸੂ ਨੇ ਕਿਹਾ ਕਿ ਸੰਸਾਰ ਪੱਧਰ ਉੱਤੇ ਪੱਤਰਕਾਰੀ ਦਾ ਇਤਿਹਾਸ ਬੜਾ ਲੰਬਾ ਹੈ।ਦੇਸ਼ ਦੇ ਆਜ਼ਾਦੀ ਅੰਦੋਲਨ ਤੋਂ ਪਹਿਲਾਂ ਭਾਰਤ ਵਿੱਚ ਇਸਾਈ ਮਿਸ਼ਨਰੀ ਤੋਂ ਸ਼ੁਰੂ ਹੋ ਕੇ ਪ੍ਰਿੰਟ ਪੱਤਰਕਾਰੀ ਨੇ ਪੜਾਅ ਦਰ ਪੜਾਅ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ ਅਜੋਕੇ ਦੌਰ ਵਿੱਚ ਸ਼ਮੂਲੀਅਤ ਕੀਤੀ, ਪਰ ਆਧੁਨਿਕ ਦੌਰ ਵਿੱਚ ਚੁਣੌਤੀਆਂ ਦੇ ਬਾਵਜੂਦ ਪੰਜਾਬੀ ਪੱਤਰਕਾਰੀ ਸਮਾਜਿਕ ਸਰੋਕਾਰਾਂ ਨਾਲ ਜੁੜੀ ਰਹੀ ਹੈ।ਉਨ੍ਹਾਂ ਕਿਹਾ ਕਿ ਪ੍ਰੈੱਸ ਨੂੰ ਲੋਕਤੰਤਰ ਦਾ ਚੌਥਾ ਥੰਮ੍ਹ ਗਿਣਿਆ ਜਾਂਦਾ ਹੈ, ਪਰ ਬਦਕਿਸਮਤੀ ਦੀ ਗੱਲ ਹੈ ਕਿ ਅੱਜ ਇਸ ਥੰਮ੍ਹ ਉੱਤੇ ਰਾਜਨੀਤਕ ਤੇ ਕਾਰਪੋਰੇਟ ਘਰਾਣਿਆਂ ਦਾ ਸਿੱਧੇ ਅਸਿੱਧੇ ਰੂਪ ਵਿੱਚ ਕਬਜ਼ਾ ਹੋ ਗਿਆ ਹੈ।ਉਨ੍ਹਾਂ ਕਿਹਾ ਕਿ ਪ੍ਰੈੱਸ ਕਿਸੇ ਦੀ ਗੁਲਾਮ ਨਹੀਂ, ਪਰ ਪੱਤਰਕਾਰੀ 'ਤੇ ਪੈ ਰਹੇ ਗੁਲਾਮੀ ਦੇ ਪ੍ਰਛਾਵੇਂ ਨੂੰ ਪਾਸੇ ਕਰਨ ਲਈ ਸੋਚ ਦੀ ਆਜ਼ਾਦੀ ਬੇਹੱਦ ਜ਼ਰੂਰੀ ਹੈ।ਇਸ ਦੌਰਾਨ ਕਲੱਬ ਦੇ ਪ੍ਰਧਾਨ ਗੁਰਨਾਮ ਸਿੰਘ ਚੌਹਾਨ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।ਕਲੱਬ ਮੈਂਬਰਾਂ ਵੱਲੋਂ ਮੁੱਖ ਮਹਿਮਾਨ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਕਲੱਬ ਦੇ ਜਨਰਲ ਸਕੱਤਰ ਭੁਪਿੰਦਰਜੀਤ ਮੌਲਵੀਵਾਲਾ, ਸੀਨੀਅਰ ਮੀਤ ਪ੍ਰਧਾਨ ਜਗਦੀਸ਼ ਸਿੰਘ ਕੰਬੋਜ, ਸਤਪਾਲ ਗਰਗ, ਬਲਬੀਰ ਸਿੰਘ ਢਿੱਲੋਂ, ਬਲਵਿੰਦਰ ਸਿੰਘ ਕਾਹਨਗੜ੍ਹ, ਦੁਰਗਾ ਸਿੰਗਲਾ, ਹਰਪਾਲ ਸਨੇਹੀ ਘੱਗਾ, ਭੂਸ਼ਣ ਸਿੰਗਲਾ, ਪਰਮਿੰਦਰਜੀਤ ਮੌਦਗਿਲ, ਗੁਰਇਕਬਾਲ ਸਿੰਘ ਖਾਲਸਾ, ਸੁਖਵਿੰਦਰ ਸਿੰਘ ਦੁਗਾਲ, ਰਾਜਪਾਲ ਸਿੰਗਲਾ, ਨਿਸ਼ਾਨ ਸਿੰਘ ਬਣਵਾਲਾ, ਬਲਵੀਰ ਸਿੰਘ ਤੱਥਗਿਰ, ਗਗਨਦੀਪ ਰਟੋਲ, ਸੰਜੇ ਗਰਗ, ਲਵਲੀ ਗੋਇਲ ਤੇ ਜਸਵਿੰਦਰ ਸਿੰਘ ਜਿਉਣਪੁਰਾ ਆਦਿ ਹਾਜ਼ਰ ਸਨ।

## ਗੀਤਕਾਰ ਅਲਮਸਤ ਦੇਸਰਪੁਰੀ ਦੀ ਯਾਦ 'ਚ ਸਮਾਗਮ



**ਜਲੰਧਰ (ਨ ਜ਼ ਸ)**-ਬੀਤੇ ਦਿਨੀਂ ਫ਼ਕੀਰ ਸ਼ਾਇਰ ਅਲਮਸਤ ਦੇਸਰਪੁਰੀ ਦੀ ਯਾਦ ਵਿੱਚ ਤੀਸਰਾ ਯਾਦਗਾਰੀ ਬਰਸੀ ਸਮਾਗਮ ਉਨ੍ਹਾਂ ਦੇ ਜੱਦੀ ਪਿੰਡ ਦੇਸਰਪੁਰ 'ਚ ਕਰਵਾਇਆ ਗਿਆ। ਇਹ ਬਰਸੀ ਸਮਾਗਮ ਉਨ੍ਹਾਂ ਦੇ ਵੱਡੇ ਬੇਟੇ ਸਾਗਰ ਦੇਸਰਪੁਰੀ, ਸੋਨੂੰ ਦੇਸਰਪੁਰੀ, ਸਮੂਹ ਗ੍ਰਾਮ ਪੰਚਾਇਤ ਤੇ ਨਗਰ ਨਿਵਾਸੀਆਂ ਵੱਲੋਂ ਸੰਯੁਕਤ ਰੂਪ ਵਿੱਚ ਕਰਵਾਇਆ ਗਿਆ। ਪਰਵਾਰ ਵੱਲੋਂ ਸ਼ਾਇਰ ਅਲਮਸਤ ਦੇਸਰਪੁਰੀ ਦੀ ਮਜ਼ਾਰ 'ਤੇ ਚਾਦਰ ਚੜ੍ਹਾਈ ਗਈ। ਇਹ ਰਸਮ ਸਾਗਰ ਦੇਸਰਪੁਰੀ ਤੇ ਪਰਿਵਾਰਕ ਮੈਂਬਰਾਂ ਵੱਲੋਂ ਅਦਾ ਕੀਤੀ ਗਈ। ਦਰਬਾਰ ਬਾਬਾ ਰੋਡੇ ਸ਼ਾਹ ਜੱਲੋਵਾਲ ਦੇ ਗੱਦੀ ਨਸ਼ੀਨ ਸਾਈਂ ਕੁਲਵਿੰਦਰ ਸ਼ਾਹ, ਪਰਵਾਨਾ ਯਾਦਗਾਰੀ ਸੱਭਿਆਚਾਰਕ ਮੰਚ ਅਠੌਲਾ ਦੇ ਕਾਲੇਸ਼ਾਹ, ਹਰਬੰਸ ਅਰੋੜਾ ਯਾਦਗਾਰੀ ਵੈੱਲਫੇਅਰ ਕਮੇਟੀ ਦੇ ਚੇਅਰਮੈਨ ਰਜਨੀਸ਼ ਕੁਮਾਰ ਤੇ ਹੋਰ ਵੱਖ-ਵੱਖ ਦਰਬਾਰਾਂ ਤੋਂ ਫੱਕਰ-ਫ਼ਕੀਰ ਰੂਹਾਂ ਨੇ ਇਸ ਮੌਕੇ ਉਚੇਚੇ ਤੌਰ 'ਤੇ ਪਹੁੰਚ ਕੇ ਅਲਮਸਤ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਸਟੇਜ ਦੀ ਸ਼ੁਰੂਆਤ ਵਿੱਚ ਇਲਾਕੇ ਦੇ ਗਾਇਕਾਂ ਨੇ ਆਪਣੇ ਗੀਤਾਂ ਰਾਹੀਂ ਅਲਮਸਤ ਜੀ ਨੂੰ ਯਾਦ ਕੀਤਾ ਤੇ ਇਨ੍ਹਾਂ ਤੋਂ ਇਲਾਵਾ ਜਸਵਿੰਦਰ ਗੁਲਾਮ, ਵਿਜੈ ਪਾਲ, ਰਾਜਿੰਦਰ ਰਾਜਨ, ਮਨੀ ਕੋਟਲੀ ਆਦਿ ਨੇ ਸ਼ਰਧਾਂਜਲੀ ਵਜੋਂ ਆਪਣੀ ਹਾਜ਼ਰੀ ਲਗਵਾਈ। ਮੇਲਿਆਂ ਦੀ ਸ਼ਾਨ ਵਜੋਂ ਜਾਣੇ ਜਾਂਦੇ ਦਲਵਿੰਦਰ ਦਿਆਲਪੁਰੀ ਨੇ ਸਟੇਜ ਸੰਭਾਲਦਿਆਂ ਅਲਮਸਤ ਦੇਸਰਪੁਰੀ ਹੁਰਾਂ ਨਾਲ ਬਿਤਾਏ ਪਲਾਂ ਨੂੰ ਯਾਦ ਕੀਤਾ ਤੇ ਆਪਣੇ ਗੀਤਾਂ ਰਾਹੀਂ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ। ਗਾਇਕਾ ਮਨਜੀਤ ਸ਼ਾਇਰਾ, ਨੀਤੂ ਸਿੰਘ ਨੇ ਵੀ ਆਪਣੇ ਗੀਤਾਂ ਰਾਹੀਂ ਸਮਾਂ ਬੰਨ੍ਹਿਆ। ਦੋਗਾਣਾ ਜੋੜੀ ਅਮਰੀਕ ਬਲ-ਮੈਡਮ ਸੋਨੀਆ ਅਤੇ ਅਮਰੀਕ ਮਾਈਕਲ ਤੇ ਮੈਡਮ ਆਰਤੀ ਨੇ ਵੀ ਅਲਮਸਤ ਦੇਸਰਪੁਰੀ ਹੁਰਾਂ ਨੂੰ ਯਾਦ ਕਰਦਿਆਂ ਆਪਣੀ ਕਲਾ ਦਾ ਰੰਗ ਬਿਖੇਰਿਆ। ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ ਦਾ ਸੰਚਾਲਨ ਸਾਬੀ ਬਰਾੜ ਵੱਲੋਂ ਕੀਤਾ ਗਿਆ। ਇਸ ਯਾਦਗਾਰੀ ਤੀਸਰੇ ਬਰਸੀ ਮੇਲੇ ਦੌਰਾਨ ਪ੍ਰਬੰਧਕਾਂ ਵੱਲੋਂ ਗਾਇਕਾਂ ਤੇ ਗੀਤਕਾਰਾਂ ਦਾ ਉਚੇਚਾ ਸਨਮਾਨ ਕੀਤਾ ਗਿਆ। ਖਾਸ ਕਰਕੇ ਅਲਮਸਤ ਦੇਸਰਪੁਰੀ ਦੇ ਸ਼ਾਗਿਰਦ ਗੀਤਕਾਰ ਸਤੀਸ਼ ਦਰਦੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਤੋਂ ਇਲਾਵਾ ਰਾਹੁਲ ਲਹਿਰੀ ਗੀਤਕਾਰ ਚਹਿਰਕੇ, ਪਰਮਜੀਤ ਪੰਮਾ ਆਦਿ ਵੀ ਹਾਜ਼ਰ ਸਨ। ਅਖੀਰ ਵਿਚ ਸਾਗਰ ਦੇਸਰਪੁਰੀ ਨੇ ਆਏ ਹੋਏ ਪਤਵੰਤਿਆਂ ਦਾ ਧੰਨਵਾਦ ਕੀਤਾ।

## ...ਸ.ਫਾ 1 ਦੇ ਬਾਕੀ

### ਚਰਚਾ 400 ਦੇ ...

ਹਟਾਉਣ ਦੇ ਫੈਸਲੇ ਦੀ ਪਰਵਾਰ ਤੇ ਦੋਸਤਾਂ ਨੇ ਪੂਰੀ ਹਮਾਇਤ ਕੀਤੀ ਸੀ।"

ਸ੍ਰਿਜਨੀ ਦੀ ਮਾਤਾ ਨੇ ਕਿਹਾ, "ਅਸੀਂ ਆਪਣੀਆਂ ਦੋਹਾਂ ਧੀਆਂ ਨੂੰ ਆਜ਼ਾਦੀ ਨਾਲ ਜਿਊਣ ਦੇ ਮੌਕੇ ਦਿੱਤੇ ਹਨ। ਜਦੋਂ ਅਸੀਂ ਉਨ੍ਹਾਂ ਦੇ ਜਨਮ ਸਰਟੀਫਿਕੇਟ ਲਈ ਅਪਲਾਈ ਕੀਤਾ ਸੀ, ਸਰਨੇਮ ਨਹੀਂ ਵਰਤਿਆ ਸੀ। ਮੈਂ ਖੁਦ ਪਤੀ ਦਾ ਸਰਨੇਮ ਨਹੀਂ ਵਰਤਦੀ।" ਫਿਊਚਰ ਫਾਊਂਡੇਸ਼ਨ ਸਕੂਲ ਦੇ ਇੱਕ ਸਟਾਫ ਮੈਂਬਰ ਨੇ ਕਿਹਾ ਕਿ ਵਿਦਿਆਰਥੀ ਜੇ ਸਰਨੇਮ ਨਹੀਂ ਵਰਤਣਾ ਚਾਹੁੰਦੇ ਤਾਂ ਇਸ ਦੀ ਉਨ੍ਹਾਂ ਨੂੰ ਖੁੱਲ੍ਹ ਹੈ। ਇਹ ਕਾਨੂੰਨਨ ਸਹੀ ਹੈ। ਸ੍ਰਿਜਨੀ ਆਪਣੇ ਪਿਤਾ ਦੇਬਾਸ਼ੀਸ਼ ਗੋਸਵਾਮੀ ਵਾਂਗ ਵਿਗਿਆਨਕ ਖੋਜ ਦੇ ਖੇਤਰ 'ਚ ਜਾਣਾ ਚਾਹੁੰਦੀ ਹੈ। ਦੇਬਾਸ਼ੀਸ਼ ਨੂੰ ਵਿਗਿਆਨ ਤੇ ਤਕਨਾਲੋਜੀ ਦੇ ਖੇਤਰ ਦਾ ਵਕਾਰੀ ਸ਼ਾਂਤੀ ਸਵਰੂਪ ਭਟਨਾਗਰ ਐਵਾਰਡ ਮਿਲ ਚੁੱਕਿਆ ਹੈ। ਹੋਣਹਾਰ ਵਿਦਿਆਰਥਣ ਦੇ ਨਾਲ-ਨਾਲ ਸ੍ਰਿਜਨੀ ਸਮਾਜੀ ਤੌਰ 'ਤੇ ਵੀ ਚੇਤੰਨ ਹੈ। ਕੋਲਕਾਤਾ ਵਿੱਚ ਮੈਡੀਕਲ ਦੀ ਵਿਦਿਆਰਥਣ ਦੇ ਬਲਾਤਕਾਰ ਤੇ ਕਤਲ ਵਿਰੁੱਧ ਅੰਦੋਲਨ ਵਿੱਚ ਉਸ ਨੇ ਹਿੱਸਾ ਲਿਆ ਸੀ। ਉਸ ਨੇ ਕਿਹਾ ਕਿ ਇਸ ਨਾਲ ਉਸ ਦੀ ਪੜ੍ਹਾਈ 'ਤੇ ਕੋਈ ਫਰਕ ਨਹੀਂ ਪਿਆ। ਉਸ ਨੇ ਇਹ ਵੀ ਕਿਹਾ, "ਮੈਂ ਮਾਂ-ਪਿਓ, ਭੈਣ ਤੇ ਕਰੀਬੀ ਦੋਸਤਾਂ ਨਾਲ ਗੱਲਬਾਤ ਕਰਨ ਤੇ ਟਾਈਮ ਪਾਸ ਕਰਨ ਦਾ ਟਾਈਮ ਕੱਢ ਲੈਂਦੀ ਹਾਂ। ਮੈਂ ਕਿਤਾਬੀ ਕੀੜੀ ਨਹੀਂ।"

### 20 ਦੀ ਹੜਤਾਲ...

ਕਰਵਾਉਣ, ਪੀ ਐੱਫ ਆਰ ਡੀ ਏ ਬਿੱਲ ਨੂੰ ਰੱਦ ਕਰਕੇ ਪੁਰਾਣੀ ਪੈਨਸ਼ਨ ਲਾਗੂ ਕਰਵਾਉਣ, ਰਾਜ ਸਰਕਾਰ ਦੁਆਰਾ ਜਮ੍ਹਾਂ ਕੀਤੀ ਰਾਸ਼ੀ ਵਾਪਸ ਕਰਵਾਉਣ, ਸਾਰੇ ਸ਼ੇਅਰ ਧਾਰਕਾਂ ਨੂੰ ਈ ਪੀ ਐੱਸ-95 ਦੇ ਤਹਿਤ ਪਰਿਭਾਸ਼ਿਤ ਲਾਭ ਪੈਨਸ਼ਨ ਪ੍ਰਣਾਲੀ ਵਿੱਚ ਲਿਆਉਣ, ਹਰ ਪ੍ਰਕਾਰ ਦੇ ਕੱਚੇ, ਠੇਕੇ, ਆਊਟ ਸੋਰਸਿੰਗ, ਡੇਲੀਵੇਜ਼, ਵਰਕਚਾਰਜ, ਇਨਲਿਸਟਮੈਂਟ, ਇੰਨਸੈਨਟਿਵ/ ਮਾਣ ਭੱਤੇ 'ਤੇ ਕੰਮ ਕਰਦੇ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਪੱਕਾ ਕਰਵਾਉਣ ਅਤੇ ਸਰਕਾਰੀ ਵਿਭਾਗਾਂ ਅੰਦਰ ਪੱਕੇ ਤੌਰ 'ਤੇ ਭਰਤੀ ਕਰਕੇ ਖਾਲੀ ਅਸਾਮੀਆਂ ਨੂੰ ਭਰਵਾਉਣ, ਸਰਕਾਰੀ ਵਿਭਾਗਾਂ ਦੇ ਨਿੱਜੀਕਰਨ, ਨਿਗਮੀਕਰਨ, ਪੁਨਰਗਠਨ ਨੂੰ ਬੰਦ ਕਰਵਾਉਣ, ਮਹਿੰਗਾਈ ਭੱਤੇ ਦੀਆਂ ਰਹਿੰਦੀਆਂ ਕਿਸ਼ਤਾਂ ਅਤੇ ਬਕਾਇਆ ਦੀ ਅਦਾਇਗੀ ਯਕਮੁਸ਼ਤ ਕਰਵਾਉਣ, ਰਾਸ਼ਟਰੀ ਸਿੱਖਿਆ ਨੀਤੀ 2020 ਨੂੰ ਰੱਦ ਕਰਵਾਉਣ ਆਦਿ ਮੁੱਦਿਆਂ ਨੂੰ ਲੈ ਕੇ ਕੀਤੀ ਜਾ ਰਹੀ ਹੈ। ਕਨਵੈਨਸ਼ਨ ਵੱਲੋਂ 20 ਮਈ ਦੀ ਹੜਤਾਲ ਨੂੰ ਸਫਲ ਕਰਨ ਹਿੱਤ ਸੱਦਾ ਦਿੱਤਾ ਗਿਆ ਕਿ ਜ਼ਿਲ੍ਹਾ ਅਤੇ ਤਹਿਸੀਲ/ ਬਲਾਕ ਪੱਧਰਾਂ 'ਤੇ ਟਰੇਡ ਯੂਨੀਅਨਾਂ, ਮੁਲਾਜ਼ਮ ਫੈਡਰੇਸ਼ਨਾਂ, ਕਿਸਾਨ, ਮਜ਼ਦੂਰ, ਨੌਜਵਾਨ, ਵਿਦਿਆਰਥੀ, ਇਸਤਰੀਆਂ, ਦੁਕਾਨਦਾਰਾਂ ਅਤੇ ਹੋਰ ਕਿਰਤੀ ਵਰਗ ਦੀਆਂ ਜਥੇਬੰਦੀਆਂ ਨਾਲ ਸਾਂਝੀਆਂ ਮੀਟਿੰਗਾਂ ਕੀਤੀਆਂ ਜਾਣ ਅਤੇ ਸਮੂਹ ਲੋਕਾਂ ਨੂੰ ਅਪੀਲ ਕਰਕੇ 20 ਮਈ ਨੂੰ ਸਾਂਝੇ ਤੌਰ 'ਤੇ ਸਮੁੱਚੇ ਪੰਜਾਬ ਨੂੰ ਬੰਦ ਕੀਤਾ ਜਾਵੇ।

ਇਸ ਮੌਕੇ ਉਕਤ ਆਗੂਆਂ ਤੋਂ ਇਲਾਵਾ ਬਾਜ਼ ਸਿੰਘ ਖਹਿਰਾ, ਸੁਰਿੰਦਰ ਰਾਮ ਕੁੱਸਾ, ਰਣਜੀਤ ਸਿੰਘ ਰਾਣਵਾਂ, ਅਮਰੀਕ ਸਿੰਘ ਮਸੀਤਾਂ ਆਦਿ ਆਗੂ ਹਾਜ਼ਰ ਸਨ।

### ਹੈੱਡਕੁਆਰਟਰ ਤੋਂ ਪੁੱਛ ਕੇ ...

ਅਹਿਮਦ ਨੇ ਕਿਹਾ, "ਮੈਨੂੰ ਯਕੀਨ ਹੈ ਕਿ ਇਨਸਾਫ ਮਿਲੇਗਾ।"

ਸੀ ਆਰ ਪੀ ਐੱਫ ਨੇ ਅਹਿਮਦ ਨੂੰ ਪਾਕਿਸਤਾਨੀ ਮਹਿਲਾ ਮੀਨਲ ਖਾਨ ਨਾਲ ਆਪਣਾ ਨਿਕਾਹ 'ਲੁਕਾਉਣ' ਅਤੇ ਵੀਜ਼ੇ ਦੀ ਮਿਆਦ ਮੁੱਕਣ ਦੇ ਬਾਵਜੂਦ ਜਾਣਬੁੱਝ ਕੇ ਉਸ ਨੂੰ ਭਾਰਤ ਵਿਚ ਰੱਖਣ ਦੇ ਦੋਸ਼ ਤਹਿਤ ਬਰਖਾਸਤ ਕਰ ਦਿੱਤਾ ਹੈ। ਉਸ ਨੇ ਕਿਹਾ ਕਿ ਅਹਿਮਦ ਦਾ ਇਹ ਕਾਰਾ ਕੌਮੀ ਸੁਰੱਖਿਆ ਲਈ ਨੁਕਸਾਨਦੇਹ ਸੀ।

ਅਹਿਮਦ ਨੇ ਸ਼ਨਿੱਚਰਵਾਰ ਨੂੰ ਆਪਣੇ ਘਰ ਤੋਂ ਫੋਨ 'ਤੇ ਗੱਲਬਾਤ ਕਰਦਿਆਂ ਕਿਹਾ, "ਮੈਨੂੰ ਸ਼ੁਰੂ ਵਿੱਚ ਮੀਡੀਆ ਰਿਪੋਰਟਾਂ ਰਾਹੀਂ ਆਪਣੀ ਬਰਖਾਸਤਗੀ ਬਾਰੇ ਪਤਾ ਲੱਗਾ। ਮੈਨੂੰ ਜਲਦੀ ਹੀ ਸੀ ਆਰ ਪੀ ਐੱਫ ਵੱਲੋਂ ਇੱਕ ਪੱਤਰ ਮਿਲਿਆ, ਜਿਸ ਵਿੱਚ ਮੈਨੂੰ ਬਰਖਾਸਤਗੀ ਬਾਰੇ ਦੱਸਿਆ ਗਿਆ ਸੀ। ਇਹ ਮੇਰੇ ਅਤੇ ਮੇਰੇ ਪਰਵਾਰ ਲਈ ਕਿਸੇ ਸਦਮੇ ਤੋਂ ਘੱਟ ਨਹੀਂ ਸੀ, ਕਿਉਂਕਿ ਮੈਂ ਪਾਕਿਸਤਾਨੀ ਮਹਿਲਾ ਨਾਲ ਆਪਣੇ ਨਿਕਾਹ ਬਾਰੇ ਲੋੜੀਂਦੀ ਪ੍ਰਵਾਨਗੀ ਮੰਗੀ ਸੀ ਤੇ ਮੈਨੂੰ ਇਸ ਦੀ ਇਜਾਜ਼ਤ ਵੀ ਦਿੱਤੀ ਗਈ।"

ਅਹਿਮਦ ਦਾ ਮੀਨਲ ਖਾਨ ਨਾਲ ਨਿਕਾਹ ਉਦੋਂ ਸਾਹਮਣੇ ਆਇਆ ਜਦੋਂ ਭਾਰਤ ਨੇ ਪਹਿਲਗਾਮ ਦਹਿਸ਼ਤੀ ਹਮਲੇ, ਜਿਸ ਵਿੱਚ 26 ਲੋਕ ਮਾਰੇ ਗਏ ਸਨ, ਦੇ ਮੱਦੇਨਜ਼ਰ ਚੁੱਕੇ ਗਏ ਕੂਟਨੀਤਕ ਉਪਾਵਾਂ ਦੇ ਹਿੱਸੇ ਵਜੋਂ ਪਾਕਿਸਤਾਨੀ ਨਾਗਰਿਕਾਂ ਨੂੰ ਦੇਸ਼ ਛੱਡਣ ਲਈ ਕਿਹਾ।

ਮੀਨਲ ਖਾਨ 28 ਫਰਵਰੀ ਨੂੰ ਵਾਹਗਾ-ਅਟਾਰੀ ਸਰਹੱਦ ਰਸਤੇ ਭਾਰਤ ਵਿੱਚ ਦਾਖਲ ਹੋਈ ਸੀ ਅਤੇ ਉਸ ਦਾ ਥੋੜ੍ਹੇ ਸਮੇਂ ਦਾ ਵੀਜ਼ਾ 22 ਮਾਰਚ ਨੂੰ ਖਤਮ ਹੋ ਗਿਆ ਸੀ। ਹਾਲਾਂਕਿ, ਹਾਈ ਕੋਰਟ ਨੇ ਉਸ ਦੀ ਡਿਪੋਰਟੇਸ਼ਨ 'ਤੇ ਰੋਕ ਲਗਾ ਦਿੱਤੀ ਸੀ ਅਤੇ ਉਹ ਇਸ ਵੇਲੇ ਅਹਿਮਦ ਦੇ ਜੰਮੂ ਸਥਿਤ ਘਰ ਵਿੱਚ ਰਹਿ ਰਹੀ ਹੈ। ਅਹਿਮਦ ਨੇ ਕਿਹਾ, "ਮੈਂ 31 ਦਸੰਬਰ, 2022 ਨੂੰ ਪਹਿਲਾ ਪੱਤਰ ਲਿਖਿਆ ਸੀ, ਜਿਸ ਵਿੱਚ ਮੈਂ ਪਾਕਿਸਤਾਨੀ ਨਾਗਰਿਕ ਨਾਲ ਨਿਕਾਹ ਕਰਵਾਉਣ ਦੀ ਇੱਛਾ ਜਤਾਈ ਅਤੇ ਮੈਨੂੰ ਪਾਸਪੋਰਟ, ਵਿਆਹ ਦਾ ਕਾਰਡ ਅਤੇ ਹਲਫਨਾਮੇ ਦੀਆਂ ਕਾਪੀਆਂ ਨੱਥੀ ਕਰਨ ਵਰਗੀਆਂ ਰਸਮਾਂ ਪੂਰੀਆਂ ਕਰਨ ਲਈ ਕਿਹਾ ਗਿਆ। ਮੈਂ ਆਪਣਾ ਹਲਫਨਾਮਾ ਅਤੇ ਆਪਣੇ ਮਾਪਿਆਂ, ਸਰਪੰਚ ਅਤੇ ਜ਼ਿਲ੍ਹਾ ਵਿਕਾਸ ਪ੍ਰੀਸ਼ਦ ਮੈਂਬਰ ਦੇ ਹਲਫਨਾਮੇ ਢੁਕਵੇਂ ਤਰੀਕਿਆਂ ਰਾਹੀਂ ਜਮ੍ਹਾਂ ਕਰਵਾਏ ਅਤੇ ਅੰਤ ਵਿੱਚ 30 ਅਪਰੈਲ, 2024 ਨੂੰ ਹੈੱਡਕੁਆਰਟਰ ਤੋਂ ਪ੍ਰਵਾਨਗੀ ਮਿਲ ਗਈ।"

ਉਸ ਨੇ ਕਿਹਾ ਕਿ ਉਸ ਨੇ 'ਕੋਈ ਇਤਰਾਜ਼ ਨਹੀਂ ਸਰਟੀਫਿਕੇਟ' (ਐੱਨ ਓ ਸੀ) ਲਈ ਅਰਜ਼ੀ ਦਿੱਤੀ ਸੀ, ਪਰ ਉਸ ਨੂੰ ਦੱਸਿਆ ਗਿਆ ਕਿ ਅਜਿਹੀ ਕੋਈ ਵਿਵਸਥਾ ਉਪਲੱਬਧ ਨਹੀਂ ਹੈ ਅਤੇ ਉਸ ਨੇ ਨਿਯਮਾਂ ਅਨੁਸਾਰ ਇੱਕ ਵਿਦੇਸ਼ੀ ਨਾਗਰਿਕ ਨਾਲ ਆਪਣੇ ਨਿਕਾਹ ਬਾਰੇ ਸਰਕਾਰ ਨੂੰ ਸੂਚਿਤ ਕਰਕੇ ਰਸਮੀ ਕਾਰਵਾਈਆਂ ਪਹਿਲਾਂ ਹੀ ਪੂਰੀਆਂ ਕਰ ਲਈਆਂ ਹਨ। ਅਹਿਮਦ ਨੇ ਕਿਹਾ, "ਅਸੀਂ ਪਿਛਲੇ ਸਾਲ 24 ਮਈ ਨੂੰ ਵੀਡੀਓ ਕਾਲ ਰਾਹੀਂ ਆਨਲਾਈਨ ਨਿਕਾਹ ਕੀਤਾ ਸੀ। ਇਸ ਤੋਂ ਬਾਅਦ ਮੈਂ ਆਪਣੀ 72ਵੀਂ ਬਟਾਲੀਅਨ ਵਿੱਚ ਵਿਆਹ ਦੀਆਂ ਤਸਵੀਰਾਂ, ਨਿਕਾਹ ਦੇ ਕਾਗਜ਼ਾਤ ਅਤੇ ਵਿਆਹ ਸਰਟੀਫਿਕੇਟ ਜਮ੍ਹਾਂ ਕਰਵਾਏ, ਜਿੱਥੇ ਮੈਨੂੰ ਤਾਇਨਾਤ ਕੀਤਾ ਗਿਆ ਸੀ।"

ਅਹਿਮਦ ਨੇ ਕਿਹਾ, "ਜਦੋਂ ਮੀਨਲ ਖਾਨ 28 ਫਰਵਰੀ ਨੂੰ ਪਹਿਲੀ ਵਾਰ 15 ਦਿਨਾਂ ਦੇ ਵੀਜ਼ੇ 'ਤੇ ਆਈ ਸੀ, ਤਾਂ ਅਸੀਂ ਮਾਰਚ ਵਿੱਚ ਹੀ ਲੰਬੇ ਸਮੇਂ ਦੇ ਵੀਜ਼ੇ ਲਈ ਅਰਜ਼ੀ ਦਿੱਤੀ ਅਤੇ ਇੰਟਰਵਿਊ ਸਮੇਤ ਜ਼ਰੂਰੀ ਰਸਮਾਂ ਪੂਰੀਆਂ ਕੀਤੀਆਂ।" ਅਹਿਮਦ ਨੇ ਕਿਹਾ ਕਿ ਜੰਮੂ-ਕਸ਼ਮੀਰ ਅਤੇ ਲੱਦਾਖ ਹਾਈ ਕੋਰਟ ਨੇ ਲੰਘੇ ਬੁੱਧਵਾਰ ਨੂੰ ਐਨ ਆਖਰੀ ਮੌਕੇ ਉਸ ਦੀ ਪਤਨੀ ਦੀ ਡਿਪੋਰਟੇਸ਼ਨ 'ਤੇ ਰੋਕ ਲਗਾ ਕੇ ਉਨ੍ਹਾਂ ਨੂੰ ਰਾਹਤ ਪ੍ਰਦਾਨ ਕੀਤੀ। ਅਹਿਮਦ ਨੇ ਕਿਹਾ ਕਿ ਉਹ ਆਪਣੀ ਛੁੱਟੀ ਦੀ ਮਿਆਦ ਦੇ ਅੰਤ ਵਿੱਚ ਆਪਣੀ ਡਿਊਟੀ 'ਤੇ ਵਾਪਸ ਆ ਗਿਆ। ਉਸ ਨੂੰ 25 ਮਾਰਚ ਨੂੰ ਸੁੰਦਰਬਨੀ ਵਿਖੇ ਬਟਾਲੀਅਨ ਹੈੱਡਕੁਆਰਟਰ ਵਿੱਚ ਰਿਪੋਰਟ ਕਰਨ ਲਈ ਕਿਹਾ ਗਿਆ, ਪਰ 27 ਮਾਰਚ ਨੂੰ ਉਸ ਨੂੰ ਟਰਾਂਸਫਰ ਆਰਡਰ ਸੌਂਪਿਆ ਗਿਆ ਅਤੇ 15 ਦਿਨਾਂ ਦੀ ਲਾਜ਼ਮੀ ਜੁਆਇਨਿੰਗ ਮਿਆਦ ਪ੍ਰਦਾਨ ਕੀਤੇ ਬਿਨਾਂ ਭੋਪਾਲ (ਮੱਧ ਪ੍ਰਦੇਸ਼) ਵਿਖੇ 41ਵੀਂ ਬਟਾਲੀਅਨ ਵਿੱਚ ਤਾਇਨਾਤ ਕਰ ਦਿੱਤਾ ਗਿਆ।

ਅਹਿਮਦ ਨੇ ਕਿਹਾ, "ਮੈਨੂੰ ਆਰਡਰ ਦੀ ਕਾਪੀ ਦਿੱਤੀ ਗਈ ਅਤੇ ਤੁਰੰਤ ਰਿਲੀਵ ਕਰ ਦਿੱਤਾ ਗਿਆ, ਜਿਸ ਨਾਲ ਮੇਰੇ ਕੋਲ ਭੋਪਾਲ ਵਿਖੇ ਆਪਣੀ ਡਿਊਟੀ 'ਤੇ ਜਾਣ ਤੋਂ ਇਲਾਵਾ ਕੋਈ ਬਦਲ ਨਹੀਂ ਸੀ। ਮੈਂ ਉੱਥੇ 29 ਮਾਰਚ ਨੂੰ ਜੁਆਇਨ ਕੀਤਾ। ਉੱਥੇ ਪਹੁੰਚਣ 'ਤੇ ਮੈਂ ਕਮਾਂਡਿੰਗ ਅਫਸਰ ਅਤੇ ਉਸ ਦੇ ਡਿਪਟੀ ਦੀ ਇੰਟਰਵਿਊ ਦਾ ਸਾਹਮਣਾ ਕੀਤਾ ਅਤੇ ਦਸਤਾਵੇਜ਼ੀ ਪ੍ਰਕਿਰਿਆ ਵੀ ਪੂਰੀ ਕੀਤੀ, ਜਿਸ ਵਿੱਚ ਇੱਕ ਪਾਕਿਸਤਾਨੀ ਔਰਤ ਨਾਲ ਮੇਰੇ ਨਿਕਾਹ ਦਾ ਸਪੱਸ਼ਟ ਤੌਰ 'ਤੇ ਜ਼ਿਕਰ ਕੀਤਾ ਗਿਆ ਸੀ।" ਅਹਿਮਦ ਨੇ ਕਿਹਾ ਕਿ ਉਸ ਨੇ ਆਪਣੀ ਬਟਾਲੀਅਨ ਡੇਟਾ ਰਿਕਾਰਡ ਬੁੱਕ ਵਿੱਚ ਵੀ ਐਂਟਰੀ ਕੀਤੀ ਹੈ। ਉਸ ਨੇ ਕਿਹਾ ਕਿ ਉਹ ਆਪਣੀ ਬਰਖਾਸਤਗੀ ਨੂੰ ਚੁਣੌਤੀ ਦੇਣ ਲਈ ਅਗਲੇ ਕੁਝ ਦਿਨਾਂ ਵਿੱਚ ਅਦਾਲਤ ਦਾ ਰੁਖ ਕਰੇਗਾ। ਉਸ ਨੇ ਕਿਹਾ, "ਮੈਨੂੰ ਉਮੀਦ ਹੈ ਕਿ ਅਦਾਲਤ ਤੋਂ ਇਨਸਾਫ ਮਿਲੇਗਾ।"

## ਚੀਮਾ ਨੂੰ ਘੇਰਨ ਆਏ ਕਿਸਾਨ ਹਿਰਾਸਤ 'ਚ ਲਏ

**ਮਾਨਸਾ (ਆਤਮਾ ਸਿੰਘ ਪਮਾਰ)**

ਪੰਜਾਬ ਸਰਕਾਰ ਨੂੰ ਸੱਥਾਂ, ਚੌਰਾਹਿਆਂ 'ਚ ਘੇਰ ਕੇ ਸਵਾਲ ਕਰਨ ਵਾਲੇ ਕਿਸਾਨਾਂ ਨੂੰ ਅੱਜ ਮਾਨਸਾ ਦੀ ਪੁਲਸ ਨੇ ਉਸ ਵੇਲੇ ਹਿਰਾਸਤ 'ਚ ਲੈ ਲਿਆ, ਜਦੋਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਘੇਰਨ ਲਈ ਕਿਸਾਨ ਪਿੰਡ ਜਵਾਹਰਕੇ ਵਿਖੇ ਇਕੱਠੇ ਹੋਏ। ਕਿਸਾਨਾਂ ਵੱਲੋਂ ਵਿੱਤ ਮੰਤਰੀ ਨੂੰ ਘੇਰ ਕੇ ਸਵਾਲ ਕਰਨੇ ਸੀ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸ਼ਨੀਵਾਰ ਨੂੰ ਮਾਨਸਾ ਵਿਖੇ ਇਕ ਯੰਗ ਨਸ਼ਿਆਂ ਵਿਰੁੱਧ ਸਮਾਗਮ 'ਚ ਸ਼ਿਰਕਤ ਕਰ ਲਈ ਆਉਣਾ ਸੀ। ਕਿਸਾਨ ਆਗੂ ਰਾਮ ਸਿੰਘ ਭੈਣੀਬਾਘਾ ਨੇ ਦੱਸਿਆ ਕਿ ਉਨ੍ਹਾਂ ਵਿੱਤ ਮੰਤਰੀ ਨੂੰ ਘੇਰ ਕੇ ਸਵਾਲ ਕਰਨੇ ਸਨ, ਪਰ ਸਰਕਾਰ ਇਨ੍ਹਾਂ ਸਵਾਲਾਂ ਤੋਂ ਭੱਜ ਰਹੀ ਹੈ।ਇਸ ਲਈ ਸਰਕਾਰ ਨੇ ਪੁਲਸ ਭੇਜ ਕੇ 40 ਦੇ ਕਰੀਬ ਕਿਸਾਨਾਂ ਨੂੰ ਪਹਿਲਾਂ ਹੀ ਹਿਰਾਸਤ ਵਿੱਚ ਲੈ ਲਿਆ।ਕੁੱਝ ਕੁ ਨੂੰ ਥਾਣਾ ਕੋਟਧਰਮੂੰ ਤੇ ਕੁੱਝ ਨੂੰ ਹੋਰਨਾਂ ਥਾਂਵਾਂ 'ਤੇ ਡੱਕ ਦਿੱਤਾ।ਉਨ੍ਹਾਂ ਕਿਹਾ ਕਿ ਸਰਕਾਰ ਬੇਸ਼ੱਕ ਕੁੱਝ ਵੀ ਕਰ ਲਵੇ, ਕਿੰਨਾ ਤਸ਼ੱਦਦ ਕਰ ਲਵੇ, ਇਸ ਨੂੰ ਘੇਰ ਕੇ ਸਵਾਲ ਕਰਨ ਦਾ ਸਿਲਸਿਲਾ ਐਵੇਂ ਹੀ ਬਾਦਸਤੂਰ ਜਾਰੀ ਰਹੇਗਾ।

## ਰੇਲਵੇ ਫਿਰੋਜ਼ਪੁਰ ਛਾਉਣੀ-ਪਟਨਾ ਤੇ ਅੰਮ੍ਰਿਤਸਰ-ਦਰਭੰਗਾ ਵਿਚਕਾਰ ਵਿਸ਼ੇਸ਼ ਗੱਡੀਆਂ ਚਲਾਏਗਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਰੇਲਵੇ ਯਾਤਰੀਆਂ ਦੀ ਸੁਵਿਧਾਜਨਕ ਆਵਾਜਾਈ ਤੇ ਵਾਧੂ ਭੀੜ ਨੂੰ ਕੰਟਰੋਲ ਕਰਨ ਲਈ, ਰੇਲਵੇ ਫਿਰੋਜ਼ਪੁਰ ਛਾਉਣੀ-ਪਟਨਾ-ਫਿਰੋਜ਼ਪੁਰ ਛਾਉਣੀ ਤੇ ਅੰਮ੍ਰਿਤਸਰ-ਦਰਭੰਗਾ-ਅੰਮ੍ਰਿਤਸਰ ਵਿਚਕਾਰ ਗਰਮੀਆਂ ਦੀਆਂ ਵਿਸ਼ੇਸ਼ ਰੇਲਗੱਡੀਆਂ ਚਲਾਏਗਾ। ਜਾਣਕਾਰੀ ਅਨੁਸਾਰ ਗਰਮੀਆਂ ਦੀ ਵਿਸ਼ੇਸ਼ ਰੇਲਗੱਡੀ ਨੰਬਰ 04602 ਫਿਰੋਜ਼ਪੁਰ ਛਾਉਣੀ ਤੋਂ ਪਟਨਾ ਲਈ ਹਰ ਬੁੱਧਵਾਰ ਤੇ ਸ਼ਨੀਵਾਰ 07.05.2025 ਤੋਂ 12.07.2025 ਤੱਕ ਚੱਲੇਗੀ (20 ਟ੍ਰਿਪ)। ਇਹ ਗਰਮੀਆਂ ਦੀ ਵਿਸ਼ੇਸ਼ ਰੇਲਗੱਡੀ 04602 ਫਿਰੋਜ਼ਪੁਰ ਛਾਉਣੀ ਤੋਂ 15.10 ਵਜੇ ਰਵਾਨਾ ਹੋਵੇਗੀ ਤੇ ਅਗਲੇ ਦਿਨ 18.00 ਵਜੇ ਪਟਨਾ ਪਹੁੰਚੇਗੀ। ਵਾਪਸੀ ਦਿਸ਼ਾ ਵਿੱਚ, ਸਮਰ ਸਪੈਸ਼ਲ ਟਰੇਨ ਨੰਬਰ 04601 ਪਟਨਾ ਤੋਂ ਫਿਰੋਜ਼ਪੁਰ ਕੈਂਟ ਲਈ ਹਰ ਵੀਰਵਾਰ ਤੇ ਐਤਵਾਰ 08.05.2025 ਤੋਂ 13.07.2025 ਤੱਕ ਚੱਲੇਗੀ (20 ਟ੍ਰਿਪ)। ਇਹ ਵਿਸ਼ੇਸ਼ ਰੇਲਗੱਡੀ 04601 ਪਟਨਾ ਤੋਂ 20.50 ਵਜੇ ਚੱਲੇਗੀ ਤੇ ਅਗਲੇ ਦਿਨ 23.55 ਵਜੇ ਫਿਰੋਜ਼ਪੁਰ ਛਾਉਣੀ ਪਹੁੰਚੇਗੀ। ਰੂਟ ਵਿੱਚ, ਇਹ ਗਰਮੀਆਂ ਦੀਆਂ ਵਿਸ਼ੇਸ਼ ਰੇਲ ਗੱਡੀਆਂ ਮੋਗਾ, ਲੁਧਿਆਣਾ, ਅੰਬਾਲਾ ਕੈਂਟ, ਯਮੁਨਾਨਗਰ ਜਗਾਧਰੀ, ਸਹਾਰਨਪੁਰ, ਮੁਰਾਦਾਬਾਦ, ਬਰੇਲੀ, ਲਖਨਊ, ਰਾਏਬਰੇਲੀ, ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ, ਵਾਰਾਣਸੀ, ਪੰਡਿਤ ਦੀਨ ਦਿਆਲ ਉਪਾਧਿਆਏ, ਬਕਸਰ, ਆਰਾ ਤੇ ਦਾਨਾਪੁਰ ਰੇਲਵੇ ਸਟੇਸ਼ਨ ਦੋਵਾਂ ਦਿਸ਼ਾਵਾਂ ਵਿੱਚ ਰੁਕਣਗੀਆਂ। ਇਸੇ ਦੌਰਾਨ ਗਰਮੀਆਂ ਦੀ ਵਿਸ਼ੇਸ਼ ਰੇਲਗੱਡੀ ਨੰ. 04608 ਅੰਮ੍ਰਿਤਸਰ ਤੋਂ ਦਰਭੰਗਾ ਤੱਕ ਹਰ ਸ਼ੁੱਕਰਵਾਰ 09.05.2025 ਤੋਂ 11.07.2025 ਤੱਕ ਚੱਲੇਗੀ (10 ਟ੍ਰਿਪ)। ਇਹ ਗਰਮੀਆਂ ਦੀ ਵਿਸ਼ੇਸ਼ ਰੇਲਗੱਡੀ 04608 ਅੰਮ੍ਰਿਤਸਰ ਤੋਂ 20.10 ਵਜੇ ਚੱਲੇਗੀ ਤੇ ਇੱਕ ਦਿਨ ਬਾਅਦ 02.30 ਵਜੇ ਦਰਭੰਗਾ ਪਹੁੰਚੇਗੀ। ਵਾਪਸੀ ਦਿਸ਼ਾ ਵਿੱਚ, ਸਮਰ ਸਪੈਸ਼ਲ ਟਰੇਨ ਨੰਬਰ 04607 ਦਰਭੰਗਾ ਤੋਂ ਅੰਮ੍ਰਿਤਸਰ ਲਈ ਹਰ ਐਤਵਾਰ 11.05.2025 ਤੋਂ 13.07.2025 ਤੱਕ ਚੱਲੇਗੀ (10 ਟ੍ਰਿਪ)। ਇਹ ਸਮਰ ਸਪੈਸ਼ਲ ਟਰੇਨ 04607 ਦਰਭੰਗਾ ਤੋਂ ਸਵੇਰੇ 04.00 ਵਜੇ ਚੱਲੇਗੀ ਅਤੇ ਅਗਲੇ ਦਿਨ ਸਵੇਰੇ 10.30 ਵਜੇ ਅੰਮ੍ਰਿਤਸਰ ਪਹੁੰਚੇਗੀ। ਰੂਟ ਵਿੱਚ, ਇਹ ਗਰਮੀਆਂ ਦੀਆਂ ਸਪੈਸ਼ਲ ਟਰੇਨਾਂ ਬਿਆਸ, ਜਲੰਧਰ ਸਿਟੀ, ਫਗਵਾੜਾ, ਢੰਡਾਰੀ ਕਲਾਂ, ਸਰਹਿੰਦ, ਰਾਜਪੁਰਾ, ਅੰਬਾਲਾ ਕੈਂਟ, ਯਮੁਨਾ ਨਗਰ ਜਗਾਧਰੀ, ਸਹਾਰਨਪੁਰ, ਮੁਰਾਦਾਬਾਦ, ਬਰੇਲੀ, ਸੀਤਾਪੁਰ, ਗੋਂਡਾ, ਗੋਰਖਪੁਰ, ਸੀਵਾਨ, ਛਪਰਾ, ਹਾਜੀਪੁਰ, ਮੁਜ਼ੱਫਰਪੁਰ ਅਤੇ ਮੁਜ਼ੱਫਰਪੁਰ ਰੇਲਵੇ ਸਟੇਸ਼ਨ ਦੋਵਾਂ ਦਿਸ਼ਾਵਾਂ ਵਿੱਚ ਰੁਕਣਗੀਆਂ।

## ਬੀਜਾਂ ਦਾ ਅਣ-ਅਧਿਕਾਰਤ ਗੋਦਾਮ ਸੀਲ ਕਰਕੇ ਫਰਮ ਖਿਲਾਫ ਪਰਚਾ ਦਰਜ

### ਝੋਨੇ ਦੀਆਂ ਗੈਰ-ਪ੍ਰਮਾਣਤ ਕਿਸਮਾਂ ਦੀ ਵਿਕਰੀ ਕਰਨ 'ਤੇ ਲੱਗੀ ਰੋਕ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਸ੍ਰ. ਗੁਰਮੀਤ ਸਿੰਘ ਖੁੱਡੀਆ ਦੇ ਦਿਸ਼ਾ ਨਿਰਦੇਸ਼ਾਂ ਤੇ ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਸ੍ਰ. ਜਸਵੰਤ ਸਿੰਘ ਦੇ ਹੁਕਮਾਂ ਤਹਿਤ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਬੀਜਾਂ ਤੇ ਖਾਦਾਂ ਦੀ ਕਾਲਾ ਬਜ਼ਾਰੀ ਕਰਨ ਵਾਲੇ ਡੀਲਰਾਂ ਤੇ ਕੰਪਨੀਆ 'ਤੇ ਵੱਡੇ ਪੱਧਰ 'ਤੇ ਕਾਰਵਾਈ ਚੱਲ ਰਹੀ ਹੈ।ਇਸੇ ਲੜੀ ਤਹਿਤ ਪੰਜਾਬ ਸੀਡਜ਼ ਕੰਪਨੀ ਗਿੱਦੜਬਾਹਾ ਵੱਲੋਂ ਝੋਨੇ ਦੀ ਗੈਰ-ਪ੍ਰਮਾਣਤ ਕਿਸਮਾਂ ਦੀ ਵਿਕਰੀ ਕਰਨ 'ਤੇ ਰੋਕ ਲੱਗੀ ਹੋਈ ਹੈ ਅਤੇ ਇਸ ਫ਼ਰਮ ਦਾ ਕੇਸ ਸੰਯੁਕਤ ਡਾਇਰੈਕਟਰ ਖੇਤੀਬਾੜੀ (ਘਣੀ-ਖੇਤੀ) ਪੰਜਾਬ ਕੋਲ ਕਾਰਵਾਈ ਤਹਿਤ ਹੈ।ਉੱਡਣ ਦਸਤਾ ਸ੍ਰੀ ਮੁਕਤਸਰ ਸਾਹਿਬ ਵੱਲੋਂ ਬੀਤੇ ਦਿਨੀਂ ਬੀਜਾਂ ਦੀ ਚੈਕਿੰਗ ਕਰਦਿਆਂ ਪੱਤਾ ਲੱਗਾ ਕਿ ਮੈਸ-ਪੰਜਾਬ ਬੀਜ ਭੰਡਾਰ ਗਿੱਦੜਬਾਹਾ ਦਾ ਬੀਜਾਂ ਦਾ ਇੱਕ ਵੱਡਾ ਗੋਦਾਮ ਅਣ-ਅਧਿਕਾਰਤ ਹੈ ਤੇ ਇਸ ਗੋਦਾਮ ਵਿੱਚ ਵਿਕਰੀ ਕੀਤੀਆਂ ਜਾ ਰਹੀਆਂ ਝੋਨੇ ਦੀਆਂ ਕਿਸਮਾਂ ਦੀ ਪਹਿਲਾਂ ਹੀ ਸੇਲ ਬੰਦ ਹੈ ਤੇ ਕੇਸ ਉੱਪਰਲੀ ਅਥਾਰਟੀ ਕੋਲ ਪੈਂਡਿੰਗ ਹੈ।ਇਸ ਅਣ-ਅਧਿਕਾਰਤ ਗੋਦਾਮ ਕਾਰਨ ਮੈਸ-ਪੰਜਾਬ ਬੀਜ ਭੰਡਾਰ ਗਿੱਦੜਬਾਹਾ ਖਿਲਾਫ ਜ਼ਿਲ੍ਹੇ ਦੇ ਉੱਡਣ ਦਸਤੇ ਦੀ ਟੀਮ ਵੱਲੋਂ ਕਾਰਵਾਈ ਕੀਤੀ ਗਈ।ਇਸ ਟੀਮ ਵਿੱਚ ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫ਼ਸਰ ਡਾ. ਕਰਨਜੀਤ ਸਿੰਘ ਗਿੱਲ, ਡਾ. ਸੁਖਜਿੰਦਰ ਸਿੰਘ ਏ.ਡੀ.ਓ., ਡਾ. ਜਸ਼ਨਪ੍ਰੀਤ ਸਿੰਘ ਏ.ਡੀ.ਓ., ਡਾ. ਜਗਮੋਹਨ ਸਿੰਘ ਏ.ਡੀ.ਓ., ਡਾ. ਮਨਿੰਦਰ ਸਿੰਘ ਏ.ਡੀ.ਓ. ਤੇ ਸਹਾਇਕ ਸਟਾਫ ਹਾਜ਼ਰ ਸਨ।

ਇਸ ਟੀਮ ਨੇ ਪੁਲਸ ਦੀ ਹਾਜ਼ਰੀ ਵਿੱਚ ਇਸ ਅਣ-ਅਧਿਕਾਰਤ ਗੋਦਾਮ ਦਾ ਸਾਰਾ ਸਟਾਕ ਨੋਟ ਕਰ ਲਿਆ, ਇਸ ਦੇ 6 ਸੈਂਪਲ ਭਰੇ ਗਏ ਤੇ ਇਸ ਗੋਦਾਮ ਨੂੰ ਸੀਲ ਕਰਕੇ ਥਾਣਾ ਇੰਚਾਰਜ ਗਿੱਦੜਬਾਹਾ ਨੂੰ ਫ਼ਰਮ ਮੈਸ-ਪੰਜਾਬ ਬੀਜ ਭੰਡਾਰ ਗਿੱਦੜਬਾਹਾ ਖਿਲਾਫ ਸੀਡ ਐਕਟ 1966 ਤੇ ਸੀਡ ਕੰਟਰੋਲ ਆਰਡਰ ਦੀ ਕੁਤਾਹੀ ਹਿੱਤ ਜ਼ਰੂਰੀ ਵਸਤਾਂ ਐਕਟ 1955 ਤਹਿਤ ਪਰਚਾ ਦਰਜ ਕਰਨ ਲਈ ਲਿਖ ਦਿੱਤਾ ਗਿਆ ਹੈ।ਇਸ ਕਾਰਵਾਈ ਦੀ ਸਮੁੱਚੀ ਰਿਪੋਰਟ ਬਾਰੇ ਉੱਪ ਮੰਡਲ ਮੈਜਿਸਟਰੇਟ ਗਿੱਦੜਬਾਹਾ ਤੇ ਡਾਇਰੈਕਟਰ ਖੇਤੀਬਾੜੀ ਨੂੰ ਸੂਚਿਤ ਕਰ ਦਿੱਤਾ ਗਿਆ ਹੈ।ਇਹ ਪਰਚਾ ਫਰਮ ਤੇ ਫਰਮ ਦੇ ਮਾਲਕ ਰੁਪੇਸ਼ ਗਰਗ ਪੁੱਤਰ ਕੇਵਲ ਕ੍ਰਿਸ਼ਨ ਗਰਗ ਖਿਲਾਫ ਹੋਇਆ ਹੈ।

## 60 ਗ੍ਰਾਮ ਹੈਰੋਇਨ ਸਣੇ 3 ਵਿਅਕਤੀ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਚਲਾਈ ਜਾ ਰਹੇ ਅਭਿਆਨ ਤਹਿਤ ਜ਼ਿਲ੍ਹਾ ਫਾਜ਼ਿਲਕਾ ਦੇ ਐੱਸ.ਐੱਸ.ਪੀ. ਵਰਿੰਦਰ ਸਿੰਘ ਬਰਾੜ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਉੱਪ ਮੰਡਲ ਜਲਾਲਾਬਾਦ ਦੇ ਡੀ.ਐੱਸ.ਪੀ. ਜਤਿੰਦਰ ਸਿੰਘ ਗਿੱਲ ਦੀ ਅਗਵਾਈ ਹੇਠ ਥਾਣਾ ਸਿਟੀ ਜਲਾਲਾਬਾਦ ਤੇ ਥਾਣਾ ਅਮੀਰ ਖਾਸ ਦੀ ਪੁਲਸ ਵੱਲੋਂ ਵੱਖ-ਵੱਖ ਥਾਵਾਂ ਤੋਂ 60 ਗ੍ਰਾਮ ਹੈਰੋਇਨ ਸਣੇ 3 ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਗਈ ਹੈ। ਥਾਣਾ ਸਿਟੀ ਜਲਾਲਾਬਾਦ ਵਿਖੇ ਦਰਜ ਮੁਕੱਦਮੇ ਦੇ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਸੁਖਦੇਵ ਸਿੰਘ ਨੇ ਦੱਸਿਆ ਕਿ ਜਦੋਂ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਐੱਫ-ਐੱਫ ਰੋਡ ਤੋਂ ਮੁਹੱਲਾ ਗੋਬਿੰਦ ਨਗਰੀ ਜਲਾਲਾਬਾਦ ਨੂੰ ਜਾਂਦੀ ਲਿੰਕ ਸੜਕ 'ਤੇ ਜਾ ਰਹੀ ਸੀ ਤਾਂ ਇਕ ਨੌਜਵਾਨ ਨੂੰ ਪੁਲਸ ਪਾਰਟੀ ਵੱਲੋਂ ਸ਼ੱਕ ਦੇ ਅਧਾਰ 'ਤੇ ਰੋਕ ਕੇ ਤਲਾਸ਼ੀ ਲਈ ਗਈ ਤਾਂ ਉਸ ਪਾਸੋਂ 10 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਵੱਲੋਂ ਰੋਸ਼ਨ ਲਾਲ ਪੁੱਤਰ ਲਛਮਣ ਦਾਸ ਵਾਸੀ ਲੱਲਾ ਬਸਤੀ ਜਲਾਲਾਬਾਦ ਨੂੰ ਹੈਰੋਇਨ ਸਮੇਤ ਗ੍ਰਿਫਤਾਰ ਕਰਨ ਉਪਰੰਤ ਥਾਣਾ ਸਿਟੀ ਜਲਾਲਾਬਾਦ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ। ਉਧਰ, ਥਾਣਾ ਅਮੀਰ ਖਾਸ ਦੇ ਐੱਸ.ਐੱਚ.ਓ. ਰਣਜੀਤ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਥਾਰਾ ਸਿੰਘ ਵਾਲਾ ਕੋਲ ਪੁੱਜੇ ਤਾਂ ਸਾਹਮਣੇ ਤੋਂ ਇਕ ਕਾਰ ਆਈ-20 ਨੰਬਰ ਪੀ.ਬੀ. 30 ਐੱਲ 8180 ਆਉਂਦੀ ਦਿਖਾਈ ਦਿੱਤੀ, ਜਿਸ ਵਿੱਚ ਸਵਾਰ 2 ਨੌਜਵਾਨਾਂ ਨੂੰ ਸ਼ੱਕ ਦੇ ਅਧਾਰ 'ਤੇ ਕਾਬੂ ਕਰਕੇ ਤਲਾਸ਼ੀ ਦੌਰਾਨ 50 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਵੱਲੋਂ ਕਾਬੂ ਕੀਤੇ ਗਏ ਗੁਰਪ੍ਰੀਤ ਸਿੰਘ ਤੇ ਗੁਰਮੀਤ ਸਿੰਘ ਵਾਸੀਆਨ ਜਖਰਾਵਾਂ ਉਰਫ ਆਹਲੇਵਾਲਾ ਖਿਲਾਫ ਥਾਣਾ ਅਮੀਰ ਖਾਸ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri
ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

## 'ਹਾਂ ! ਅਸੀਂ ਟੀਬੀ ਨੂੰ ਖਤਮ ਕਰ ਸਕਦੇ ਹਾਂ' ਵਿਸ਼ੇ 'ਤੇ ਜਾਗਰੂਕਤਾ ਪ੍ਰੋਗਰਾਮ ਆਯੋਜਿਤ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਖ਼ਾਲਸਾ ਕਾਲਜ ਆਫ਼ ਨਰਸਿੰਗ ਵੱਲੋਂ ਟੀ. ਬੀ. ਨਾਲ ਸਬੰਧਿਤ ਮੁੱਦਿਆਂ ਸਬੰਧੀ ਜਾਗ੍ਰਿਤ ਕਰਨ ਲਈ ਟੀ. ਬੀ. ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਅਮਨਪ੍ਰੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ 'ਤੇ 'ਹਾਂ! ਅਸੀ ਟੀ ਬੀ ਨੂੰ ਖਤਮ ਕਰ ਸਕਦੇ ਹਾਂ' ਵਿਸ਼ੇ 'ਤੇ ਸਿਹਤ ਕੇਂਦਰਾਂ ਛੇਹਰਟਾ, ਨਰਾਇਣਗੜ੍ਹ ਅਤੇ ਰਣਜੀਤ ਐਵੀਨਿਊ ਵਿਖੇ ਉਕਤ ਪ੍ਰੋਗਰਾਮ ਉਲੀਕਿਆ ਗਿਆ।ਇਸ ਦੌਰਾਨ ਵਿਦਿਆਰਥੀਆਂ ਨੇ ਟੀ. ਬੀ. ਨਾਲ ਸਬੰਧਿਤ ਵੱਖ-ਵੱਖ ਪੋਸਟਰਾਂ ਰਾਹੀਂ ਲੋਕਾਂ ਨੂੰ ਜਾਗਰੂਕ ਕੀਤਾ।ਇਸ ਮੌਕੇ ਪ੍ਰਿੰ: ਡਾ: ਅਮਨਪ੍ਰੀਤ ਕੌਰ ਅਤੇ ਕਮਿਊਨਿਟੀ ਹੈਲਥ ਨਰਸਿੰਗ ਵਿਭਾਗ ਦੀ ਟੀਮ ਦੀ ਯੋਗ ਅਗਵਾਈ ਹੇਠ ਸਿਹਤ ਕੇਂਦਰਾਂ ਦੇ ਮੈਡੀਕਲ ਓ. ਪੀ. ਡੀ. ਖੇਤਰ 'ਚ ਬੀ. ਐੱਸਸੀ (ਐੱਨ.) 5ਵੇਂ ਸਮੈਸਟਰ, ਪੋਸਟ ਬੇਸਿਕ ਦੂਜੇ ਸਾਲ ਅਤੇ ਜੀ. ਐੱਨ. ਐੱਮ. ਪਹਿਲੇ ਸਾਲ ਦੇ ਵਿਦਿਆਰਥੀਆਂ ਵੱਲੋਂ ਪੋਸਟਰ ਪ੍ਰਦਰਸ਼ਨੀ ਲਗਾਈ ਗਈ ਜਿਸ 'ਚ ਉਨ੍ਹਾਂ ਨੇ ਟੀ. ਬੀ., ਇਸਦੇ ਕਾਰਨਾਂ, ਟੀ. ਬੀ. ਦੇ ਲੱਛਣਾਂ ਅਤੇ ਰੋਕਥਾਮ ਦੇ ਉਪਾਵਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ।ਇਸ ਦੌਰਾਨ ਸੀ. ਐੱਚ. ਸੀ. ਨਰਾਇਣਗੜ੍ਹ ਮੈਡੀਕਲ ਅਫ਼ਸਰ ਡਾ: ਵਾਲੀਆ, ਮੈਡੀਕਲ ਅਫ਼ਸਰ ਡਾ: ਮਨਦੀਪ ਸਿੰਘ ਅਤੇ ਡਾ: ਮਾਨਵ (ਡੌਟਸ ਇੰਚਾਰਜ) ਪੀ. ਐੱਚ. ਸੀ., ਛੇਹਰਟਾ, ਡਾ: ਕੁਲਦੀਪ ਕੌਰ ਮੈਡੀਕਲ ਅਫਸਰ, ਸੈਟੇਲਾਈਟ ਹਸਪਤਾਲ, ਨਰਾਇਣਗੜ੍ਹ ਅਤੇ ਹੋਰ ਸਟਾਫ਼ ਹਾਜ਼ਰ ਸੀ।

## ਜਸਪਾਲ ਸਿੰਘ ਦੋਦੇ ਨੂੰ ਸਦਮਾ; ਵੱਡੇ ਭਰਾ ਦਾ ਦਿਹਾਂਤ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਜਸਪਾਲ ਸਿੰਘ ਦੋਦੇ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਵੱਡੇ ਭਰਾ ਦਿਲਬਾਗ ਸਿੰਘ ਚੱਕੀ ਵਾਲੇ ਸੰਖੇਪ ਜਿਹੀ ਬਿਮਾਰੀ ਤੋਂ ਬਾਅਦ ਦਿਹਾਂਤ ਹੋ ਗਿਆ।ਉਨ੍ਹਾਂ ਦਾ ਅੰਤਿਮ ਸੰਸਕਾਰ ਝਬਾਲ ਦੇ ਸ਼ਮਸ਼ਾਨਘਾਟ ਵਿਖੇ ਕਰ ਦਿੱਤਾ ਗਿਆ।ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਵੱਖ-ਵੱਖ ਆਗੂਆਂ ਵੱਲੋਂ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।ਇਸ ਮੌਕੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਵਾਲਿਆਂ ਵਿੱਚ ਚੇਅਰਮੈਨ ਰਮਨ ਕੁਮਾਰ ਝਬਾਲ, ਬਾਬਾ ਵਰਿਆਮ ਸਿੰਘ ਭਾਂਡਿਆਂ ਵਾਲੇ, ਕਾਮਰੇਡ ਦਵਿੰਦਰ ਕੁਮਾਰ ਸੋਹਲ, ਕਾਮਰੇਡ ਅਸ਼ੋਕ ਕੁਮਾਰ ਸੋਹਲ, ਸਰਪੰਚ ਪ੍ਰਗਟ ਸਿੰਘ ਬਾਬਾ ਲੰਗਾਹ, ਸਰਪੰਚ ਕਵਿਤਾ ਸ਼ਰਮਾ, ਸਰਪੰਚ ਸਰੋਜ ਬਾਲਾ, ਡਾ. ਤਸਬੀਰ ਕੌਰ, ਸੱਜਣ ਸਿੰਘ ਮਲਵਈ, ਬਾਬਾ ਬਲਜਿੰਦਰ ਸਿੰਘ, ਇੰਦਰਪਾਲ ਸਿੰਘ, ਡਾ. ਚਰਨਜੀਤ ਸਿੰਘ ਸੋਢੀ, ਕਿਸਾਨ ਆਗੂ ਸੁਖਬੀਰ ਸਿੰਘ ਗੱਗੋਬੂਹਾ, ਮੈਂਬਰ ਜਪਿੰਦਰ ਸਿੰਘ ਜਪਾਨਾ, ਮੈਂਬਰ ਸਾਗਰ ਸ਼ਰਮਾ, ਮੈਂਬਰ ਸਤਨਾਮ ਕੌਰ ਪਤਨੀ ਮਨਜੀਤ ਸਿੰਘ ਭੋਜੀਆਂ, ਮੈਂਬਰ ਕੁਲਦੀਪ ਕੌਰ, ਮੈਂਬਰ ਪਵਨ ਕੁਮਾਰ, ਟੀਕਮ ਚੰਦ, ਰਵਿੰਦਰ ਕੁਮਾਰ ਬਿੱਟੂ, ਮੈਂਬਰ ਆਤਮਜੀਤ ਸਿੰਘ, ਮੈਂਬਰ ਰਾਜ ਕੁਮਾਰ ਫਰੂਟ ਵਾਲੇ, ਬੌਬੀ ਡੇਅਰੀ ਵਾਲੇ, ਏਐੱਸਆਈ ਸਤਨਾਮ ਸਿੰਘ ਠੱਠੀ, ਏਐੱਸਆਈ ਗੁਰਜੰਟ ਸਿੰਘ, ਸਤਨਾਮ ਸਿੰਘ, ਬਲਵਿੰਦਰ ਸਿੰਘ ਪੰਜਵੜ, ਸਤੀਸ਼ ਕੁਮਾਰ ਕਰਿਆਨੇ ਵਾਲੇ, ਪੂਰਨ ਸਿੰਘ, ਮੱਖਣ ਮਨੋਜ, ਅਵਤਾਰ ਸਿੰਘ ਫੱਟਿਆਂ ਵਾਲੇ, ਸੋਨੂੰ, ਪਰਮਜੀਤ ਸਿੰਘ, ਗੁਰਨਾਮ ਸਿੰਘ, ਸਾਬਕਾ ਮੈਂਬਰ ਮੁਖਤਾਰ ਸਿੰਘ ਮੋਖੀ, ਮਨਦੀਪ ਸ਼ਾਹ, ਅਮਰ ਟੈਲੀਕਾਮ, ਸ਼ੇਰਾ ਝਬਾਲ ਪਰਿਵਾਰ ਨੂੰ ਕਦੇ ਨਾ ਪੂਰਾ ਹੋਣ ਵਾਲ਼ਾ ਘਾਟਾ ਦੱਸਿਆ।



## ਸਿਵਲ ਸਰਜਨ ਡਾ. ਜਸਵਿੰਦਰ ਸਿੰਘ ਵੱਲੋਂ ਦੋ ਸਿਹਤ ਸੰਸਥਾਵਾਂ ਦੀ ਚੈਕਿੰਗ

**ਗੁਰਦਾਸਪੁਰ (ਜਨਕ ਮਹਾਜਨ)**- ਸਿਵਲ ਸਰਜਨ ਗੁਰਦਾਸਪੁਰ ਡਾ. ਜਸਵਿੰਦਰ ਸਿੰਘ ਨੇ ਸਬ ਡਵੀਜ਼ਨਲ ਹਸਪਤਾਲ ਬਟਾਲਾ ਅਤੇ ਸੀਐੱਚਸੀ ਨੌਸ਼ਹਿਰਾ ਮੱਝਾ ਸਿੰਘ ਦੀ ਚੈਕਿੰਗ ਕੀਤੀ ।ਇਸ ਮੌਕੇ ਉਨ੍ਹਾਂ ਸਿਹਤ ਸੰਸਥਾਵਾਂ ਵਿੱਚ ਦਾਖਲ ਮਰੀਜ਼ਾਂ ਅਤੇ ਉਨ੍ਹਾਂ ਦੇ ਤਾਮੀਰਦਾਰਾਂ ਨਾਲ ਗੱਲਬਾਤ ਕੀਤੀ। ਮਰੀਜ਼ਾਂ ਨੂੰ ਮਿਲ ਰਹੀਆਂ ਸਹੂਲਤਾਂ ਬਾਰੇ ਵੀ ਜਾਣਕਾਰੀ ਹਾਸਲ ਕੀਤੀ।ਉਨ੍ਹਾਂ ਸਟਾਫ ਮੈਂਬਰਾਂ ਨੂੰ ਹਦਾਇਤ ਕੀਤੀ ਕਿ ਸਰਕਾਰ ਵੱਲੋਂ ਜਾਰੀ ਸਿਹਤ ਸਕੀਮਾਂ ਦਾ ਫਾਇਦਾ ਲੋਕਾਂ ਨੂੰ ਮਿਲੇ।ਫ੍ਰੀ ਦਵਾਈਆਂ, ਫ੍ਰੀ ਟੈਸਟ, ਫ੍ਰੀ ਇਲਾਜ ਦੀ ਸਹੂਲੀਅਤ ਦਾ 100 ਫੀਸਦੀ ਲਾਭ ਲੋਕਾਂ ਨੂੰ ਮਿਲੇ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ। ਦਵਾਈ ਦੇ ਨਾਲ-ਨਾਲ ਮਰੀਜ਼ਾਂ ਨੂੰ ਸਿਹਤ ਜਾਗਰੂਕਤਾ ਬਾਰੇ ਵੀ ਦੱਸਿਆ ਜਾਵੇ। ਮਰੀਜ਼ਾਂ ਦੀ ਦਿੱਕਤ ਵਕਤ ਰਹਿੰਦੇ ਦੂਰ ਕੀਤੀ ਜਾਵੇ। ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਮੁਹਿੰਮ ਤਹਿਤ ਗਤੀਵਿਧੀਆਂ ਕੀਤੀਆਂ ਜਾਣ। ਮੱਛਰ ਅਤੇ ਉਸਦੇ ਲਾਰਵੇ ਦੇ ਖਾਤਮੇ ਲਈ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ ।ਸਹਿਯੋਗੀ ਵਿਭਾਗਾਂ ਦੀ ਵੀ ਮਦਦ ਲਈ ਜਾਵੇ ।ਗਰਮੀ ਦੇ ਸੀਜ਼ਨ ਦੇ ਮੱਦੇਨਜ਼ਰ ਸਿਹਤ ਸੰਸਥਾਵਾਂ ਵਿੱਚ ਜ਼ਰੂਰੀ ਪ੍ਰਬੰਧ ਕੀਤੇ ਜਾਣ।ਇਸ ਮੌਕੇ ਐੱਸਐੱਮਓ ਡਾ. ਮਨਿੰਦਰਜੀਤ ਸਿੰਘ ਅਤੇ ਡਾ. ਕੁਲਜੀਤ ਕੌਰ ਆਦਿ ਹਾਜ਼ਰ ਸਨ।



## ਸੀਐੱਮਐੱਫ ਫੋਨ-2 ਪ੍ਰੋ ਬਣਿਆ ਗਾਹਕਾਂ ਦੀ ਪਹਿਲੀ ਪਸੰਦ

**ਲੁਧਿਆਣਾ** : ਲੰਡਨ ਆਧਾਰਤ ਤਕਨਾਲੋਜੀ ਕੰਪਨੀ ਨਥਿੰਗ ਦੇ ਉਪ-ਬ੍ਰਾਂਡ, ਸੀਐੱਮਐੱਫ ਨੇ ਫਲਿੱਪਕਾਰਟ, ਫਲਿੱਪਕਾਰਟ ਮਿਨਟਸ, ਵਿਜੇ ਸੇਲਜ਼, ਕ੍ਰੋਮਾ ਅਤੇ ਭਾਰਤ ਦੇ ਸਾਰੇ ਪ੍ਰਮੁੱਖ ਰਿਟੇਲ ਸਟੋਰਾਂ 'ਤੇ ਸੀਐੱਮਐੱਫ ਫੋਨ-2 ਪ੍ਰੋ ਲਈ 5 ਮਈ ਦੁਪਹਿਰ 12 ਵਜੇ ਤੋਂ ਸ਼ੁਰੂ ਹੋ ਰਹੀ ਖੁੱਲ੍ਹੀ ਵਿਕਰੀ ਦਾ ਐਲਾਨ ਕਰ ਦਿੱਤਾ ਗਿਆ ਹੈ।ਪਹਿਲੇ ਦਿਨ ਇੱਕ ਵਿਸ਼ੇਸ਼ ਸ਼ੁਰੂਆਤੀ ਪੇਸ਼ਕਸ਼ ਦੇ ਤੌਰ 'ਤੇ, ਫੋਨ 2 ਪ੍ਰੋ 16,999 ਰੁਪਏ ਦੀ ਬਹੁਤ ਹੀ ਘੱਟ ਕੀਮਤ ਵਿੱਚ ਉਪਲਬਧ ਹੋਵੇਗਾ (ਸਾਰੀਆਂ ਪੇਸ਼ਕਸ਼ਾਂ ਸਮੇਤ)।ਨਥਿੰਗ ਅਧੀਨ ਸੀਐੱਮਐੱਫ 28 ਅਪ੍ਰੈਲ, 2025 ਨੂੰ ਵਿਸ਼ਵ ਪੱਧਰ ਤੇ ਫੋਨ 2 ਪ੍ਰੋ ਲਾਂਚ ਕੀਤਾ ਗਿਆ ।ਸੀਐੱਮਐੱਫ ਫੋਨ 1 ਨਾਲੋਂ 5% ਪਤਲਾ, 7.8 ਮਿਲੀਮੀਟਰ, ਸਿਰਫ਼ 185 ਗ੍ਰਾਮ ਵਜ਼ਨ ਵਾਲਾ ਹੈ।

## ਗੁ. ਗੁਰੂ ਨਾਨਕ ਪੜਾਓ ਫਤਿਹਾਬਾਦ ਵਿਖੇ ਕੀਰਤਨ ਮੁਕਾਬਲੇ ਕਰਵਾਏ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਗੁਰਦੁਆਰਾ ਗੁਰੂ ਨਾਨਕ ਪੜਾਓ ਫਤਿਹਾਬਾਦ ਵਿਖੇ ਹਰ ਸਾਲ ਦੀ ਤਰ੍ਹਾਂ ਕੀਰਤਨ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਵੱਖ-ਵੱਖ ਸਕੂਲਾਂ ਤੋਂ ਆਏ ਵਿਦਿਆਰਥੀਆਂ ਨੇ ਭਾਗ ਲਿਆ । ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ੁਭ ਜਨਮ ਦਿਹਾੜੇ ਨੂੰ ਇਹ ਮੁਕਾਬਲੇ ਕਰਾਏ ਜਾਂਦੇ ਹਨ ।ਇਹ ਜਨਮ ਦਿਹਾੜਾ ਬਹੁਤ ਸ਼ਰਧਾ ਨਾਲ ਮਨਾਇਆ ਜਾਂਦਾ ਹੈ।ਇਸ ਪਵਿੱਤਰ ਦਿਹਾੜੇ ਨੂੰ ਮੁੱਖ ਰੱਖਦਿਆਂ ਬੱਚਿਆਂ ਨੂੰ ਗੁਰਬਾਣੀ ਤੇ ਸਿੱਖੀ ਵਿਰਸੇ ਨਾਲ ਜੋੜਨ ਲਈ ਇਹ ਉਪਰਾਲੇ ਕੀਤੇ ਜਾਂਦੇ ਹਨ।ਸ਼ਬਦ ਕੀਰਤਨ ਮੁਕਾਬਲੇ ਵਿੱਚ ਜਿਹੜੇ ਵਿਦਿਆਰਥੀਆਂ ਨੇ ਭਾਗ ਲਿਆ ਉਨ੍ਹਾਂ ਵਿੱਚੋਂ ਸਹਿਜਪ੍ਰੀਤ ਕੌਰ, ਬਲਜਿੰਦਰ ਕੌਰ, ਲਵਨੀਤ ਕੌਰ, ਮਹਿਕਪ੍ਰੀਤ ਕੌਰ, ਰਵਨੀਤ ਕੌਰ, ਨਵਦੀਪ ਕੌਰ ਅਤੇ ਗੁਰ ਫਤਿਹ ਸਿੰਘ ਨੇ ਭਾਗ ਲਿਆ।ਸ਼ਬਦ ਕੀਰਤਨ ਕਰਨ ਵਾਲੇ ਬੱਚਿਆਂ ਨੂੰ ਸਕੂਲ ਦੇ ਐਮ. ਡੀ. ਸੁਰਜੀਤ ਸਿੰਘ ਭਰੋਵਾਲ ਨੇ ਸ਼ੀਲਡਾਂ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ।ਉਨ੍ਹਾਂ ਨੇ ਬੱਚਿਆਂ ਨੂੰ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਵੱਧ ਤੋਂ ਵੱਧ ਬੱਚਿਆਂ ਨੂੰ ਹਿੱਸਾ ਲੈਣਾ ਚਾਹੀਦਾ ਹੈ ਤਾਂ ਕਿ ਉਹ ਸਿੱਖੀ ਦੇ ਨਾਲ ਜੁੜ ਸਕਣ ਅਤੇ ਆਪਣੇ ਇਤਿਹਾਸ ਤੋਂ ਜਾਣੂ ਹੋ ਸਕਣ।



## ਬੀਕੇਯੂ ਕ੍ਰਾਂਤੀਕਾਰੀ ਪੰਜਾਬ ਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੇ ਡੀਸੀ ਨੂੰ ਦਿੱਤਾ ਮੰਗ ਪੱਤਰ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਕਿਸਾਨ ਮਜ਼ਦੂਰ ਮੋਰਚਾ ਭਾਰਤ ਅਤੇ ਸੰਯੁਕਤ ਕਿਸਾਨ ਮੋਰਚਾ ਗੈਰ ਸਿਆਸੀ ਦੇ ਸੱਦੇ 'ਤੇ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ ਅਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਡੀ ਸੀ ਗੁਰਦਾਸਪੁਰ ਨੂੰ ਮੰਗ ਪੱਤਰ ਦਿੱਤਾ ਗਿਆ। ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ ਦੇ ਸੂਬਾਈ ਪ੍ਰੈੱਸ ਸਕੱਤਰ ਡਾ. ਅਸ਼ੋਕ ਭਾਰਤੀ ਅਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੀਨੀਅਰ ਸੂਬਾਈ ਆਗੂ ਹਰਵਿੰਦਰ ਸਿੰਘ ਮਸਾਣੀਆਂ ਦੀ ਅਗਵਾਈ ਹੇਠ ਕਿਸਾਨ ਗੁਰੂ ਨਾਨਕ ਪਾਰਕ ਵਿਚ ਇਕੱਠੇ ਹੋਏ ਅਤੇ ਰੈਲੀ ਕੀਤੀ। ਉਪਰੰਤ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦੇ ਕੇ ਮੰਗ ਕੀਤੀ ਗਈ ਕਿ ਸ਼ੰਭੂ ਖਨੌਰੀ ਬਾਰਡਰਾਂ ਤੇ ਕਿਸਾਨਾਂ ਤੇ ਤਸ਼ੱਦਦ ਕਰਨ ਵਾਲੇ ਪੁਲਸ ਅਧਿਕਾਰੀਆਂ ਨੂੰ ਗ੍ਰਿਫਤਾਰ ਜਾਵੇ ਅਤੇ ਸ਼ੰਭੂ ਬਾਰਡਰ ਦੇ ਐੱਸਐੱਚਓ ਨੂੰ ਸਸਪੈਂਡ ਕੀਤਾ ਜਾਵੇ। ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਦਾਦੂਜੋਧ, ਜ਼ਿਲ੍ਹਾ ਸਕੱਤਰ ਕੁਲਵਿੰਦਰ ਜੀਤ ਸਿੰਘ ਅਠਵਾਲ, ਜ਼ਿਲ੍ਹਾ ਕਮੇਟੀ ਆਗੂ ਮਾਸਟਰ ਜਗੀਰ ਸਿੰਘ ਅਤੇਪੁਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਨੇ ਮਿਲੀਭੁਗਤ ਕਰਕੇ ਸ਼ੰਭੂ ਖਨੌਰੀ ਮੋਰਚਿਆਂ ਨੂੰ ਚੁਕਵਾ ਕੇ ਸਾਮਰਾਜੀਆਂ ਅਤੇ ਕਾਰਪੋਰੇਟ ਘਰਾਣਿਆਂ ਦੀ ਸੇਵਾ ਕੀਤੀ ਹੈ। ਇਸ ਮੌਕੇ ਸਮੂਹ ਆਗੂਆਂ ਨੇ ਮੰਗ ਕੀਤੀ ਕਿ ਕਣਕ ਦੇ ਹੋਏ ਨੁਕਸਾਨ ਦਾ ਪੰਜਾਹ ਹਜ਼ਾਰ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਜਾਵੇ। ਇਸ ਮੌਕੇ ਕੁਲਵਿੰਦਰ ਸਿੰਘ ਬਸਰਾਵਾਂ, ਪ੍ਰੈੱਸ ਸਕੱਤਰ ਨਵਜੋਤ ਸਿੰਘ ਰੰਧਾਵਾ, ਗੁਰਨਾਮ ਸਿੰਘ ਪੱਬਾਂਰਾਲੀ, ਸੁਖਦੇਵ ਸਿੰਘ ਭਗਤਪੁਰਾ ਅਤੇ ਵੱਡੀ ਪੱਧਰ 'ਤੇ ਆਗੂ ਹਾਜ਼ਰ ਸਨ।

## ਲੋਕ ਭਲਾਈ ਮੰਚ ਪੰਜਾਬ ਨੇ ਕੀਤੀ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਲੋਕ ਭਲਾਈ ਮੰਚ ਪੰਜਾਬ ਵੱਲੋਂ ਅਜੀਤ ਸਿੰਘ ਵਾਲੀਆ ਦੀ ਪ੍ਰਧਾਨਗੀ ਹੇਠ ਮੰਚ ਦੇ ਮੁੱਖ ਦਫਤਰ ਕੱਚੀ ਮਿੱਟੀ ਰੋਡ ਏਕਤਾ ਨਗਰ ਢੱਪਈ ਵਿਖੇ ਕੌਮਾਂਤਰੀ ਮਜ਼ਦੂਰ ਦਿਵਸ ਮਨਾਇਆ ਗਿਆ।ਸਭ ਤੋਂ ਪਹਿਲਾਂ ਪਹਿਲਗਾਮ ਜੰਮੂ-ਕਸ਼ਮੀਰ ਵਿਚ ਅੱਤਵਾਦੀਆਂ ਵੱਲੋਂ ਮਾਰੇ ਗਏ ਯਾਤਰੀਆਂ ਨੂੰ ਦੋ ਮਿੰਟ ਖੜ੍ਹੇ ਹੋ ਕੇ ਸ਼ਰਧਾਂਜਲੀ ਦਿੱਤੀ ਗਈ।ਉਪਰੰਤ ਲਾਲ ਝੰਡਾ ਲਹਿਰਾਇਆ ਗਿਆ।ਇਸ ਸਮੇਂ ਹੋਈ ਵਿਸ਼ਾਲ ਇਕੱਤਰਤਾ ਨੂੰ ਬਲਬੀਰ ਸਿੰਘ ਝਾਮਕਾ, ਮਦਨਜੀਤ ਸਿੰਘ ਕਾਦਰਾਬਾਦ, ਇਕਬਾਲ ਸਿੰਘ ਮੋਹਕਮਪੁਰਾ, ਮਾਸਟਰ ਸੁਖਦੇਵ ਸਿੰਘ, ਕੁਲਦੀਪ ਸਿੰਘ ਦਸਮੇਸ਼ ਨਗਰ ਆਦਿ ਨੇ ਸੰਬੋਧਨ ਕਰਦਿਆਂ ਕੌਮਾਂਤਰੀ ਮਜ਼ਦੂਰ ਦਿਵਸ ਦੇ ਇਤਿਹਾਸ ਬਾਰੇ, ਮਜ਼ਦੂਰ ਮੰਗਾਂ, ਮਜ਼ਦੂਰ ਮੁਸ਼ਕਲਾਂ ਅਤੇ ਮਜ਼ਦੂਰ ਸੰਘਰਸ਼ ਆਦਿ ਬਾਰੇ ਵਿਚਾਰ ਪੇਸ਼ ਕੀਤੇ।ਇਸ ਸਮੇਂ ਪ੍ਰਣ ਕੀਤਾ ਗਿਆ ਕਿ ਮਜ਼ਦੂਰ ਸੰਘਰਸ਼ਾਂ ਵਿੱਚ ਪੂਰੀ ਸ਼ਕਤੀ ਨਾਲ ਭਾਗ ਲਿਆ ਜਾਵੇਗਾ।ਇਸ ਸਮੇਂ ਉਪਰੋਕਤ ਤੋਂ ਇਲਾਵਾ ਲਖਵਿੰਦਰ ਸਿੰਘ ਲੱਖਾ, ਗੁਰਮੇਜ ਸਿੰਘ ਮੋਹਕਮਪੁਰਾ, ਕਿਸ਼ਨ ਲਾਲ, ਸੰਦੀਪ ਸਿੰਘ, ਸੰਦੀਪ ਕੁਮਾਰ, ਰਮਨ, ਨੇਕੀ ਕੁਮਾਰ, ਅਜੇ ਕੁਮਾਰ ਢਪੱਈ, ਅਸ਼ਵਨੀ ਕੁਮਾਰ, ਜੀਤ ਲਾਲ, ਵਰਿਆਮ ਚੰਦ, ਰਵਿੰਦਰ ਕੁਮਾਰ, ਪ੍ਰਗਟ ਸਿੰਘ ਰੋਡੇ ਸ਼ਾਹ, ਪਵਨ ਬੇਗਾਨਾ, ਕਸ਼ਮੀਰ ਸਿੰਘ ਢੱਪਈ, ਜਗਦੀਸ਼ ਕੁਮਾਰ ਪ੍ਰੇਮ ਨਗਰ, ਮਨੀਸ਼ ਕੁਮਾਰ, ਕੋਮਲਪ੍ਰੀਤ ਕੌਰ, ਪੂਜਾ, ਤੀਰਥ ਰਾਮ, ਰਮੇਸ਼ ਕੁਮਾਰ, ਸਤਪਾਲ ਸਿੰਘ ਗਿੱਲ, ਰਣਜੀਤ ਸਿੰਘ ਰਾਣਾ ਤੇ ਬਿਹਾਰੀ ਲਾਲ ਭਾਰਤੀ ਆਦਿ ਹਾਜ਼ਰ ਸਨ।

## ਹਰਪ੍ਰੀਤ ਸਿੰਘ ਵੱਲੋਂ ਕੇਂਦਰੀ ਜੇਲ੍ਹ ਗੁਰਦਾਸਪੁਰ ਤੇ ਨਸ਼ਾ ਛੁਡਾਊ ਕੇਂਦਰ ਦਾ ਦੌਰਾ



**ਗੁਰਦਾਸਪੁਰ (ਜਨਕ ਮਹਾਜਨ)**- ਹਰਪ੍ਰੀਤ ਸਿੰਘ ਮਾਨਯੋਗ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਦੁਆਰਾ ਕੇਂਦਰੀ ਜੇਲ੍ਹ ਗੁਰਦਾਸਪੁਰ ਦਾ ਦੌਰਾ ਕੀਤਾ ਗਿਆ ਅਤੇ ਜੇਲ੍ਹ ਬੈਰਕਾਂ ਦਾ ਨਿਰੀਖਣ ਕੀਤਾ ਗਿਆ। ਉਨ੍ਹਾਂ ਕੈਦੀਆਂ ਅਤੇ ਹਵਾਲਾਤੀਆਂ ਦੀਆਂ ਮੁਸ਼ਕਲਾਂ ਨੂੰ ਸੁਣਿਆ ਅਤੇ ਉਨ੍ਹਾਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਬਾਰੇ ਜਾਣੂ ਕਰਵਾਇਆ। ਇਸ ਦੌਰੇ ਦੌਰਾਨ ਹਰਪ੍ਰੀਤ ਸਿੰਘ ਦੁਆਰਾ ਜਨਾਨਾ ਵਾਰਡ ਦਾ ਵੀ ਦੌਰਾ ਕੀਤਾ ਗਿਆ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਸੁਣਿਆ। ਇਸ ਮੌਕੇ ਜੇਲ੍ਹ ਸੁਪਰਡੈਂਟ ਕੇਂਦਰੀ ਜੇਲ੍ਹ ਗੁਰਦਾਸਪੁਰ ਅਤੇ ਬਾਕੀ ਸਟਾਫ਼ ਵੀ ਮੌਜੂਦ ਸੀ। ਇਸ ਤੋਂ ਇਲਾਵਾ ਉਨ੍ਹਾਂ ਦੁਆਰਾ ਰੈੱਡ ਕਰਾਸ, ਨਸ਼ਾ ਛੁਡਾਊ ਕੇਂਦਰ, ਗੁਰਦਾਸਪੁਰ ਦਾ ਦੌਰਾ ਕੀਤਾ ਅਤੇ ਅਤੇ ਹੋ ਰਹੇ ਕੰਮ-ਕਾਜ ਦਾ ਜਾਇਜ਼ਾ ਲਿਆ ਗਿਆ। ਮਾਨਯੋਗ ਸਕੱਤਰ ਇਸ ਨਸ਼ਾ ਛੁਡਾਊ ਕੇਂਦਰ ਵਿਚ ਇਲਾਜ ਕਰਵਾ ਰਹੇ ਨੌਜਵਾਨਾਂ ਨੂੰ ਮਿਲੇ ਅਤੇ ਉਨ੍ਹਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦੀਆਂ ਦੁੱਖ ਤਕਲੀਫ਼ਾਂ ਨੂੰ ਸੁਣਿਆ ਤੇ ਨੌਜਵਾਨਾਂ ਨੂੰ ਨਸ਼ੇ ਤੋਂ ਛੁਟਕਾਰਾ ਪਾਉਣ ਲਈ ਪ੍ਰੇਰਿਤ ਵੀ ਕੀਤਾ। ਇਸ ਮੌਕੇ ਰਮੇਸ਼ ਮਹਾਜਨ ਨੈਸ਼ਨਲ ਐਵਾਰਡੀ ਪ੍ਰੋਜੈਕਟ ਡਾਇਰੈਕਟਰ ਵੀ ਮੌਜੂਦ ਸਨ।

## ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ ਨੇ ਰੋਜ਼ੀ ਸਿੰਘ ਨੂੰ ਐਸੋਸੀਏਟ ਮੈਂਬਰ ਚੁਣਿਆ

**ਫਤਹਿਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਇਸ ਕਸਬੇ ਤੋਂ ਪ੍ਰਸਿੱਧ ਲੇਖਕ ਤੇ ਪੱਤਰਕਾਰ ਰੋਜ਼ੀ ਸਿੰਘ ਨੂੰ ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ (ਸਰਪ੍ਰਸਤ ਅਦਾਰਾ ਪੰਜਾਬ ਕਲਾ ਪ੍ਰੀਸ਼ਦ) ਵੱਲੋਂ ਅਕਾਦਮੀ ਦਾ ਐਸੋਸੀਏਟ ਮੈਂਬਰ ਚੁਣਿਆ ਗਿਆ ਹੈ।ਰੋਜ਼ੀ ਸਿੰਘ ਇਕ ਕਵੀ, ਕਹਾਣੀਕਾਰ, ਵਾਰਤਕ ਲੇਖਕ ਤੇ ਪੱਤਰਕਾਰ ਹਨ ਅਤੇ ਰੋਜ਼ਾਨਾ ਅਖ਼ਬਾਰਾਂ ਲਈ ਲੜੀਵਾਰ ਕਾਲਮ ਵੀ ਲਿਖਦੇ ਆ ਰਹੇ ਹਨ।ਉਹ ਹੁਣ ਤੱਕ 6 ਕਿਤਾਬਾਂ ਸਾਹਿਤ ਜਗਤ ਦੀ ਝੋਲੀ ਪਾ ਚੁੱਕੇ ਹਨ।ਉਨ੍ਹਾਂ ਵੱਲੋਂ ਸਾਥੀਆਂ ਨਾਲ ਮਿਲ ਕੇ ਕਸਬੇ ਵਿਚ ਸਾਹਿਤਕ ਵਿਚਾਰ ਮੰਚ ਫਤਿਹਗੜ੍ਹ ਚੂੜੀਆਂ ਦਾ ਵੀ ਗਠਨ ਕੀਤਾ ਗਿਆ ਹੈ ਜੋ ਲਗਾਤਾਰ 2014 ਤੋਂ ਸਾਹਿਤਕ ਸਮਾਗਮ ਕਰਵਾਉਂਦੇ ਆ ਰਹੇ ਹਨ। ਰੋਜ਼ੀ ਸਿੰਘ ਨੂੰ ਪੰਜਾਬ ਕਲਾ ਪ੍ਰੀਸ਼ਦ ਵੱਲੋਂ ਅਕਾਦਮੀ ਦਾ ਐਸੋਸੀਏਟ ਮੈਂਬਰ ਚੁਣੇ ਜਾਣ 'ਤੇ ਜਸਪਾਲ ਹੰਜਰਾਅ ਯਾਦਗਾਰੀ ਮੰਚ, ਸਾਹਿਤ ਸਭਾ ਫਤਿਹਗੜ੍ਹ ਚੂੜੀਆਂ ਅਤੇ ਸ਼ਬਦ ਸਾਂਝ ਲਾਇਬ੍ਰੇਰੀ ਮਾਨ ਸੈਂਡਵਾਲ ਆਦਿ ਸਾਹਿਤਕ ਸੰਸਥਾਵਾਂ ਨੇ ਖੁਸ਼ੀ ਦਾ ਇਜ਼ਹਾਰ ਕੀਤਾ ਹੈ।ਜਦੋਂ ਇਸ ਸੰਬੰਧੀ ਰੋਜ਼ੀ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਮੈਂ ਅਕਾਦਮੀ ਦੇ ਪ੍ਰਧਾਨ ਡਾ. ਆਤਮ ਸਿੰਘ ਰੰਧਾਵਾ, ਡਾ. ਹੀਰਾ ਸਿੰਘ ਅਤੇ ਅਕਾਦਮੀ ਦੀ ਪੂਰੀ ਟੀਮ ਦਾ ਸ਼ੁਕਰਗੁਜ਼ਾਰ ਹਾਂ ਜਿਸ ਨੇ ਮੈਨੂੰ ਇਸ ਯੋਗ ਸਮਝਿਆ ਹੈ।ਇਸ ਮੌਕੇ ਉਨ੍ਹਾਂ ਨਾਲ ਹੋਰਨਾਂ ਤੋਂ ਇਲਾਵਾ ਸੁੱਚਾ ਸਿੰਘ ਰੰਧਾਵਾ, ਹਰਪਾਲ ਸਿੰਘ ਨਾਗਰਾ, ਰਾਜਪਾਲ ਬਾਠ, ਪ੍ਰੀਤਮ ਸਰਪੰਚ, ਚਰਨਜੀਤ ਸਿੰਘ ਚੰਨਾ, ਗੋਲਡੀ ਫੁੱਲ ਆਦਿ ਹਾਜ਼ਰ ਸਨ।



## ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਵਰਲਡ ਅਸਥਮਾ ਡੇਅ ਮਨਾਇਆ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਇਲਾਕੇ ਦੀ ਸਿਰਮੌਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਵਿਖੇ ਵਰਲਡ ਅਸਥਮਾ ਡੇਅ ਮਨਾਇਆ ਗਿਆ ਜਿਸ ਤਹਿਤ ਮੈਡਮ ਈਸ਼ਾ ਮਿੱਢਾ ਵੱਲੋਂ ਵਿਦਿਆਰਥੀਆਂ ਨੂੰ ਵਰਲਡ ਅਸਥਮਾ ਡੇ ਮਨਾਉਣ ਦੇ ਮਹੱਤਵ ਬਾਰੇ ਚਾਨਣਾ ਪਾਉਂਦਿਆਂ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਕਸਰਤ ਕਰਨ ਦੇ ਲਈ ਉਤਸ਼ਾਹਿਤ ਕੀਤਾ ਗਿਆ।ਮੈਡਮ ਅਮਨਦੀਪ ਕੌਰ ਡੀ. ਪੀ. ਵੱਲੋਂ ਵਿਦਿਆਰਥੀਆਂ ਨੂੰ ਯੋਗਾ ਕਰਵਾਇਆ ਗਿਆ।ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਆਦਰਸ਼ਪਿੰਦਰ ਸਿੰਘ ਮਾਨ, ਅਜੀਤਪਾਲ ਸਿੰਘ ਅਨੇਜਾ ਅਤੇ ਪ੍ਰਿੰਸੀਪਲ ਅਨੁਰੀਤ ਬਾਵਾ ਨੇ ਵਿਦਿਆਰਥੀਆਂ ਨੂੰ ਅਸਥਮਾ ਤੋਂ ਬਚਣ ਲਈ ਵੱਧ ਤੋਂ ਵੱਧ ਯੋਗਾ ਕਰਕੇ ਆਪਣੇ ਸਰੀਰ ਨੂੰ ਰਿਸ਼ਟ- ਪੁਸ਼ਟ ਰੱਖਣ ਦੇ ਲਈ ਪ੍ਰੇਰਿਤ ਕੀਤਾ।

## ਧਾਲੀਵਾਲ ਨੇ ਮੁਗਲਾਨੀਕੋਟ ਪੁੱਜ ਕੇ ਪੀੜਤ ਗੁੱਜਰ ਭਾਈਚਾਰੇ ਨਾਲ ਹਮਦਰਦੀ ਪ੍ਰਗਟਾਈ

**ਰਾਜਾਸਾਂਸੀ/ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**-ਪ੍ਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਬੀਤੀ ਰਾਤ ਕੁਦਰਤੀ ਆਫਤ ਤੇਜ਼ ਝੱਖੜ ਦੌਰਾਨ ਹਲਕਾ ਰਾਜਾਸਾਂਸੀ ਦੇ ਪਿੰਡ ਮੁਗਲਾਨੀ ਕੋਟ ਨੇੜੇ ਪਿੰਡ ਅਦਲੀਵਾਲ ਵਿਖੇ ਕਣਕ ਦੇ ਖੇਤਾਂ 'ਚ ਨਾੜ ਨੂੰ ਅਚਨਚੇਤੀ ਵਾਪਰੇ ਅਗਨੀਕਾਂਡ 'ਚ ਗੁੱਜਰ ਭਾਈਚਾਰੇ ਦੇ ਤਬਾਹ ਹੋਏ 5 ਰਿਹਾਇਸ਼ੀ ਡੇਰਿਆਂ, 40 ਦੇ ਕਰੀਬ ਦੁਧਾਰੂ ਮੱਝਾਂ ਦੀ ਮੌਤ ਹੋਣ ਅਤੇ 35-40 ਦੇ ਕਰੀਬ ਹੋਰ ਮੱਝਾਂ ਝੁਲਸਣ ਸਮੇਤ ਨਕਦੀ ਤੇ ਗਹਿਣੇ ਆਦਿ ਸੜ ਕੇ ਸੁਆਹ ਹੋਣ ਜਾਣ ਦੇ ਮੰਦਭਾਗੇ ਵਰਤਾਰੇ ਦਾ ਜਿਥੇ ਜਾਇਜ਼ਾ ਲਿਆ, ਉਥੇ ਪ੍ਰਭਾਵਿਤ ਗੁੱਜਰ ਮੁਹੰਮਦ ਕਰੀਮ, ਸਦੀਕ, ਬਾਊ, ਰਾਣਾ, ਹੁਸੈਨ, ਨਾਲ ਨਿੱਜੀ ਜਾਤੀ ਤੌਰ ਤੇ ਪੰਜਾਬ ਸਰਕਾਰ ਵੱਲੋਂ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਭਰੋਸਾ ਦਿੱਤਾ ਕਿ ਪੀੜਤ ਪਰਿਵਾਰਾਂ ਨੂੰ ਮੁੱਖ ਮੰਤਰੀ ਰਾਹਤ ਫੰਡ 'ਚੋਂ ਵਿੱਤੀ ਸਹਾਇਤਾ ਦਿਵਾਈ ਜਾਵੇਗੀ। ਗੱਲਬਾਤ ਦੌਰਾਨ ਮੰਤਰੀ ਧਾਲੀਵਾਲ ਨੇ ਕਿਹਾ ਕਿ ਅੱਗ ਲੱਗਣ ਕਾਰਣ ਗੁੱਜਰ ਭਾਈਚਾਰੇ ਦੇ ਇਸ ਹੋਏ ਵਿੱਤੀ ਨੁਕਸਾਨ ਤੋਂ ਉਹ ਜਾਤੀ ਤੌਰ ਤੇ ਵੀ ਦੁੱਖ ਮਹਿਸੂਸ ਕਰ ਰਹੇ ਹਨ ਅਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਕੋਲ ਇਨ੍ਹਾਂ ਪੀੜਤਾਂ ਦੇ ਨੁਕਸਾਨ ਦੀ ਪੂਰਤੀ ਕਰਵਾਉਣ ਲਈ ਉਹ ਨਿੱਜੀ ਦਿਲਚਸਪੀ ਵੀ ਲੈਣਗੇ।ਇਸ ਮੌਕੇ ਹਲਕਾ ਰਾਜਾਸਾਂਸੀ ਇੰਚਾਰਜ ਤੇ ਪਨਗਰੇਨ ਚੇਅਰਮੈਨ ਬਲਦੇਵ ਸਿੰਘ ਮਿਆਦੀਆਂ, ਪਾਰਟੀ ਦੇ ਜ਼ਿਲ੍ਹਾ ਦਿਹਾਤੀ ਪ੍ਰਧਾਨ ਬਲਜਿੰਦਰ ਸਿੰਘ ਥਾਂਦੇ, ਐੱਸ. ਡੀ. ਐੱਮ. ਲੋਪੋਕੇ ਸਮੇਤ ਹੋਰ ਅਧਿਕਾਰੀ ਮੌਜੂਦ ਸਨ।



## ਵਿਦਿਆਰਥੀਆਂ ਨੂੰ ਪੁਸਤਕਾਂ, ਬੈਗ ਤੇ ਖਾਣ-ਪੀਣ ਦੀ ਸਮੱਗਰੀ ਵੰਡੀ



**ਅੰਮ੍ਰਿਤਸਰ (ਅਰੋੜਾ)**: ਗੁਰੂ ਦੀ ਨਗਰੀ ਵਿਖੇ ਸ਼ਲਾਘਾਯੋਗ ਕੰਮ ਕਰ ਰਹੀ ਏਆਈਸੀਈ ਸੋਸਾਇਟੀ ਰਜਿ. ਵੱਲੋਂ ਸੋਸਾਇਟੀ ਦੇ ਪ੍ਰਧਾਨ ਐੱਸ. ਪੀ. ਅਰੋੜਾ, ਪੈਟਰਨ ਸਾਬਕਾ ਉਚ ਬੈਂਕ ਅਧਿਕਾਰੀ ਰੋਟਰੀ ਦੇ ਸਾਬਕਾ ਸਹਾਇਕ ਗਵਰਨਰ ਰਸਜੀਤ ਸਿੰਘ ਖੇੜਾ, ਚੀਫ਼ ਐਡਵਾਈਜ਼ਰ ਸਾਬਕਾ ਜ਼ਿਲ੍ਹਾ ਖਜ਼ਾਨਾ ਅਧਿਕਾਰੀ ਅਤੇ ਸਹਾਇਕ ਗਵਰਨਰ ਵਿਜੇ ਭਸੀਨ, ਮਹਾ ਮੀਤ ਪ੍ਰਧਾਨ ਸਾਬਕਾ ਸਹਾਇਕ ਗਵਰਨਰ ਸੰਜੇ ਮਲਿਕ ਅਤੇ ਸੋਸਾਇਟੀ ਦੇ ਸੀਨੀਅਰ ਮੈਂਬਰ ਅੰਸ਼ੂ ਰਾਮਪਾਲ ਦੀ ਪ੍ਰਧਾਨਗੀ ਵਿੱਚ ਸਿੱਖਿਆ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਨੂੰ ਮੁਫ਼ਤ ਪੁਸਤਕਾਂ, ਬੈਗ ਅਤੇ ਹੋਰ ਖਾਣ ਪੀਣ ਦੀ ਸਮੱਗਰੀ ਵੰਡਣ ਦੇ ਲਈ ਸਮਾਗਮ ਦਾ ਆਯੋਜਨ ਕੀਤਾ ਗਿਆ।ਸਮਾਗਮ ਵਿੱਚ ਅੰਮ੍ਰਿਤਵਾਣੀ ਪ੍ਰਚਾਰ ਸੋਸਾਇਟੀ ਦੇ ਪ੍ਰਮੁੱਖ ਸੇਵਕ ਬ੍ਰਿਜੇਸ਼ ਬੇਦੀ ਵਿਦਿਆਰਥੀਆਂ ਨੂੰ ਆਸ਼ੀਰਵਾਦ ਦੇਣ ਲਈ ਖਾਸ ਤੌਰ ਤੇ ਸ਼ਾਮਿਲ ਹੋਏ। ਉਨ੍ਹਾਂ ਨੇ ਆਪਣੇ ਹੱਥਾਂ ਨਾਲ 150 ਤੋਂ ਜ਼ਿਆਦਾ ਵਿਦਿਆਰਥੀਆਂ ਨੂੰ ਪੁਸਤਕਾਂ ਅਤੇ ਖਾਣ ਪੀਣ ਦੀ ਸਮੱਗਰੀ ਭੇਟ ਕੀਤੀ ਅਤੇ ਉਨ੍ਹਾਂ ਦੀ ਪ੍ਰਗਤੀ ਦੇ ਲਈ ਮਰਿਆਦਾ ਪੁਰਸ਼ੋਤਮ ਭਗਵਾਨ ਰਾਮ ਅਤੇ ਵਾਹਿਗੁਰੂ ਦੇ ਸਾਹਮਣੇ ਅਰਦਾਸ ਕੀਤੀ। ਇਸ ਮੌਕੇ ਰੋਟਰੀ ਦੇ ਸਾਬਕਾ ਪ੍ਰਧਾਨ ਸਮਾਜ ਸੇਵਕ ਯਸ਼ਪਾਲ ਅਰੋੜਾ, ਸਾਬਕਾ ਕੋਆਰਡੀਨੇਟਰ ਜਤਿੰਦਰ ਸਿੰਘ ਪੱਪੂ, ਸਾਬਕਾ ਪ੍ਰਧਾਨ ਸਮਾਜ ਸੇਵਕ ਪਰਮਜੀਤ ਸਿੰਘ ਅਰੋੜਾ, ਇੰਜੀ. ਪਰਮੀਤ ਸਿੰਘ ਖੇੜਾ, ਕੁਮਾਰੀ ਨੇਹਾ, ਮੈਡਮ ਅਮਨਪ੍ਰੀਤ ਕੌਰ, ਮੈਡਮ ਵੀਰਪਾਲ ਕੌਰ, ਆਸ਼ੂ, ਮੈਡਮ ਮਨਪ੍ਰੀਤ ਕੌਰ ਸਮੇਤ ਭਾਰੀ ਗਿਣਤੀ ਵਿੱਚ ਏਆਈਸੀਈ ਸੋਸਾਇਟੀ ਦੇ ਮੈਂਬਰ ਮੌਜੂਦ ਸਨ। ਸੋਸਇਟੀ ਦੇ ਵੱਲੋਂ ਸ਼ਲਾਘਾਯੋਗ ਕੰਮ ਕਰਨ ਵਾਲੇ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

## ਚੇਅਰਮੈਨ ਬਲਵਿੰਦਰ ਸਿੰਘ ਕੋਟ ਸਿਵੀਆਂ ਸਨਮਾਨਿਤ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**- ਮਾਰਕੀਟ ਕਮੇਟੀ ਝਬਾਲ ਦੇ ਚੇਅਰਮੈਨ ਬਲਵਿੰਦਰ ਸਿੰਘ ਕੋਟ ਸਿਵੀਆਂ ਨੂੰ ਬਾਬਾ ਕਸ਼ਮੀਰ ਸਿੰਘ, ਬਾਬਾ ਸੁਖਵਿੰਦਰ ਸਿੰਘ ਕਾਰ ਸੇਵਾ ਭੂਰੀ ਵਾਲਿਆਂ ਵੱਲੋਂ ਬਾਬਾ ਸੋਹਣ ਸਿੰਘ ਸੇਵਾਦਾਰ ਬੀੜ ਬਾਬਾ ਸਾਹਿਬ ਨੇ ਮਾਰਕੀਟ ਕਮੇਟੀ ਝਬਾਲ ਵਿਖੇ ਉਨ੍ਹਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਤੇ ਉਨ੍ਹਾਂ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਵਾਹਿਗੁਰੂ ਉਨ੍ਹਾਂ ਨੂੰ ਚੜ੍ਹਦੀ ਕਲਾ ਵਿਚ ਰੱਖੇ ਤੇ ਉਨ੍ਹਾਂ ਨੂੰ ਹੋਰ ਤਰੱਕੀਆਂ ਬਖਸ਼ੇ।ਇਸ ਮੌਕੇ ਉਨ੍ਹਾਂ ਨਾਲ ਮਨਜੀਤ ਸਿੰਘ ਝਬਾਲ ਖੁਰਦ, ਆੜ੍ਹਤੀ ਸ਼ਮਸ਼ੇਰ ਸਿੰਘ ਕੋਟ ਸਿਵੀਆਂ, ਮੈਂਬਰ ਪੰਚਾਇਤ ਬਾਬਾ ਕੁਲਦੀਪ ਸਿੰਘ, ਨੰਬਰਦਾਰ ਰਾਮ ਸਿੰਘ ਅਤੇ ਮੇਜਰ ਸਿੰਘ ਭੋਲਾ ਆਦਿ ਹਾਜ਼ਰ ਸਨ।


**PUBLIC ANNOUNCEMENT**

THIS IS A PUBLIC ANNOUNCEMENT FOR INFORMATION PURPOSES ONLY AND IS NOT A PROSPECTUS ANNOUNCEMENT AND DOES NOT CONSTITUTE AN INVITATION OR OFFER TO ACQUIRE, PURCHASE OR SUBSCRIBE TO SECURITIES. NOT FOR RELEASE, PUBLICATION OR DISTRIBUTION DIRECTLY OR INDIRECTLY, OUTSIDE INDIA. INITIAL PUBLIC OFFERING OF EQUITY SHARES ON THE EMERGE PLATFORM OF NATIONAL STOCK EXCHANGE OF INDIA LIMITED ("NSE OR NSE EMERGE") IN COMPLIANCE WITH CHAPTER IX OF THE SECURITIES AND EXCHANGE BOARD OF INDIA (ISSUE OF CAPITAL AND DISCLOSURE REQUIREMENTS) REGULATIONS, 2018, AS AMENDED ("SEBI ICDR REGULATIONS").

(Please scan this QR to view the DRHP)

MUNISH

**MUNISH FORGE LIMITED**

*Formally known as Munish Forge Private Limited*

Our Company was originally incorporated on July 25, 1986, as a Private Limited Company in the name of "Gaisu Forge Private Limited" under the provisions of the Companies Act, 1956 bearing Registration Number 6950 issued by the Registrar of Companies, Punjab, Himachal Pradesh & Chandigarh. Further, our Company was converted from a Private Limited Company to Public Limited Company along with name change and consequently, the name of our Company was changed from "Gaisu Forge Private Limited" to "Munish Forge Limited" and a Fresh Certificate of Incorporation consequent to Conversion was issued on May 03, 1995 bearing Registration Number 6950 issued by the Registrar of Companies, Punjab, Himachal Pradesh & Chandigarh. Further, our Company was converted from a Public Limited Company to Private Limited Company and consequently, the bearing Registration Number 06950 issued by the Registrar of Companies, Punjab, Himachal Pradesh & Chandigarh. Subsequently, pursuant to a Special Resolution of our Shareholders passed in the Extra-Ordinary General Meeting held on November 12, 2024, our Company was again converted from a Private Limited Company to Public Limited Company and consequently, the name of our Company was changed from "Munish Forge Private Limited" to "Munish Forge Limited" and a Fresh Certificate of Incorporation consequent to Conversion was issued on December 17, 2024, bearing Corporate Identification Number U28910PB1986PLC006950 by the Central Processing Centre.

**Registered Office:** Village Gobindgarh, Adjoining Phase – VII, Focal point, Ludhiana-141010, Punjab, India.
**Contact Person:** Ms. Sukhdeep Kaur, Company Secretary and Compliance Officer
**Email:** cs@munishforge.com; **Website:** www.munishforge.com; **Contact No.:** +91-161-5218900

**OUR PROMOTERS: MR. DAVINDER BHASIN, MR. DEV ARJUN BHASIN, MS. MINAKSHI BHASIN, MUNISH PROMOTERS AND DEVELOPERS PRIVATE LIMITED AND DEV ARJUNA ENTERPRISES PRIVATE LIMITED**

**INITIAL PUBLIC OFFER OF UPTO 77,00,800* EQUITY SHARES OF FACE VALUE OF ₹10/- EACH (THE "EQUITY SHARES") OF MUNISH FORGE LIMITED ("OUR COMPANY" OR "THE OFFER") AT AN OFFER PRICE OF ₹ [●] PER EQUITY SHARE FOR CASH, AGGREGATING UP TO ₹ [●] LAKHS COMPRISING OF FRESH OFFER OF UPTO 63,56,800 EQUITY SHARES AGGREGATING TO ₹ [●] LAKHS ("FRESH OFFER") AND AN OFFER FOR SALE OF UPTO 13,44,000 EQUITY SHARES BY MR. DAVINDER BHASIN ("SELLING SHAREHOLDER") AGGREGATING TO ₹ [●] LAKHS ("OFFER FOR SALE") ("PUBLIC OFFER"). THE OFFER INCLUDES A RESERVATION OF UPTO [●] EQUITY SHARES OF FACE VALUE OF ₹ 10/- EACH, AT AN OFFER PRICE OF ₹ [●] PER EQUITY SHARE FOR CASH, AGGREGATING ₹ [●] LAKHS WILL BE RESERVED FOR SUBSCRIPTION BY THE MARKET MAKER TO THE OFFER (THE "MARKET MAKER RESERVATION PORTION"). THE PUBLIC OFFER LESS MARKET MAKER RESERVATION PORTION I.E. NET OFFER OF UPTO [●] EQUITY SHARES OF FACE VALUE OF ₹10/- EACH, AT AN OFFER PRICE OF ₹ [●] PER EQUITY SHARE FOR CASH, AGGREGATING UPTO ₹ [●] LAKHS IS HEREIN AFTER REFERRED TO AS THE "NET OFFER". THE PUBLIC OFFER AND NET OFFER WILL CONSTITUTE [●] % AND [●] % RESPECTIVELY OF THE POST- OFFER PAID-UP EQUITY SHARE CAPITAL OF OUR COMPANY.**

**THE FACE VALUE OF EQUITY SHARES IS ₹ 10/- EACH. THE OFFER PRICE IS [●] TIMES THE FACE VALUE OF THE EQUITY SHARES. THE PRICE BAND AND THE MINIMUM BID LOT WILL BE DECIDED BY OUR COMPANY AND THE SELLING SHAREHOLDER IN CONSULTATION WITH THE BOOK RUNNING LEAD MANAGER AND WILL BE ADVERTISED IN [●] EDITION OF [●] (A WIDELY CIRCULATED ENGLISH NATIONAL DAILY NEWSPAPER) AND [●] EDITION OF [●] (A WIDELY CIRCULATED HINDI NATIONAL DAILY NEWSPAPER, AND PUNJABI EDITION OF [●], (PUNJABI BEING THE REGIONAL LANGUAGE OF LUDHIANA WHERE OUR REGISTERED OFFICE IS LOCATED), AT LEAST TWO WORKING DAYS PRIOR TO THE BID/OFFER OPENING DATE AND SHALL BE MADE AVAILABLE TO THE EMERGE PLATFORM OF NATIONAL STOCK EXCHANGE OF INDIA LIMITED ("NSE EMERGE") FOR THE PURPOSES OF UPLOADING ON THEIR WEBSITE IN ACCORDANCE WITH THE SEBI ICDR REGULATIONS AS AMENDED.**

In case of any revision in the Price Band, the Bid / Offer Period shall be extended for at least three additional working days after such revision of the Price Band, subject to the total Bid / Offer Period not exceeding 10 working Days. In cases of force majeure, banking strike or similar circumstances, our Company and the Selling Shareholder are in consultation with the Book Running Lead Manager for reasons to be recorded in writing extend the Bid / Offer Period for a minimum of One working Day, subject to the Bid / Offer Period not exceeding 10 working Days. Any revision in the Price Band, and the revised Bid / Offer Period, if applicable, shall be widely disseminated by notification to the Stock Exchange by issuing a press release and also by indicating the change on the website of the Book Running Lead Manager and at the terminals of the Syndicate Members and by intimation to Self-Certified Syndicate Banks ("SCSBs"), other Designated Intermediaries and the Sponsor Banks, as applicable.

The offer is being made through the Book Building Process, in terms of Rule 19(2)(b)(i) of the Securities Contracts (Regulation) Rules, 1957, as amended ("SCRR") read with Regulation 253 of the SEBI ICDR Regulations, as amended, wherein not more than 50% of the Net offer shall [●] be allocated on a proportionate basis to Qualified Institutional Buyers ("QIBs", the "QIB Portion"), provided that our Company may, in consultation with the Book Running Lead Manager, may allocate up to 60% of the QIB [●] Portion to Anchor Investors on a discretionary basis in accordance with the SEBI ICDR Regulations ("Anchor Investor Portion"), of which one-third shall be reserved for domestic Mutual Funds, subject to valid Bids being received from domestic Mutual Funds at or above the Anchor Investor Allocation Price. In the event of under-subscription, or non-allocation in the Anchor Investor Portion, the balance Equity Shares shall be added to the Net QIB Portion. Further, 5% of the Net QIB Portion shall be available for allocation on a proportionate basis only to Mutual Funds, and the remainder of the Net QIB Portion shall be available for allocation on a proportionate basis to all QIBs, including Mutual Funds, subject to valid Bids being received at or above the Offer Price. However, if the aggregate demand from Mutual Funds is less than 5% of the Net QIB Portion, the balance Equity Shares available for allocation in the Mutual Fund Portion will be added to the remaining Net QIB Portion for proportionate allocation to QIBs Further, not less than 15% of the Net Offer shall be available for allocation on a proportionate basis to Non-Institutional Bidders out of which (a) one third of such portion shall be reserved for applicants with application size of more than ₹ 200,000 and up to ₹ 1,000,000; and (b) two third of such portion shall be reserved for applicants with application size of more than ₹ 1,000,000, provided that the unsubscribed portion in either of such sub-categories may be allocated to applicants in the other sub-category of Non-Institutional Bidders and not less than 35% of the Net offer shall be available for allocation to Individual Bidders, who applies for minimum application size, in accordance with the SEBI ICDR Regulations, subject to valid Bids being received at or above the offer Price. All potential Bidders (except Anchor Investors) are required to mandatorily utilise the Application Supported by Blocked Amount ("ASBA") process providing details of their respective ASBA accounts, and UPI ID in case of RIBs using the UPI Mechanism, if applicable, in which the Corresponding Bid Amounts will be blocked by the SCSBs or by the Sponsor Bank under the UPI mechanism, as the case may be, to the extent of respective Bid Amounts, Anchor Investors are not permitted to participate in the Offer through the ASBA process. For details, see ***"Offer Procedure"*** beginning on page 314 of this Draft Red Herring Prospectus.

This public announcement is made in compliance with pursuant to regulation 247 of the SEBI ICDR Regulation, 2018 along with F. No. SEBI/LAD-NRO/GN/2025/233 Notification dated March 03, 2025 and Securities and Exchange Board of India (Issue of Capital and Disclosure Requirements) (Amendment) Regulations, 2025 and applicability of corporate governance provisions under SEBI LODR Regulations, 2015 on SME Companies for fulfilling all additional criteria, the DRHP filed with the Emerge Platform of National Stock Exchange of India Limited ("NSE or NSE EMERGE") shall be made available to the public for comments, if any, for a period of at least 21 days, from the date of such filing by hosting it on the website of the NSE at www.nseindia.com, and the website of the Company at www.munishforge.com, and at the website of BRLM i.e Gretex Corporate Services Limited at www.gretexcorporate.com. Our Company hereby invites the members of the public to give their comments to NSE EMERGE, to the Company Secretary and Compliance Officer of our Company and /or the BRLM at their respective addresses mentioned below. All comments must be received by NSE EMERGE and/or our Company and/or BRLM in relation to the issue on or before 5 p.m. on the 21st day from the aforesaid date of filing the DRHP with Emerge Platform of National Stock Exchange of India Limited ("NSE or NSE EMERGE").

Investments in Equity and Equity-related securities involve a degree of risk and investors should not invest any funds in this Issue unless they can afford to take the risk of losing their entire investment. Investors are advised to read the risk factors carefully before taking an investment decision in the Issue. For taking an investment decision, investors must rely on their own examination of our Company and the Issue including the risks involved. The Equity Shares issued in the Issue have not been recommended or approved by the Securities and Exchange Board of India ("SEBI"), nor does SEBI guarantee the accuracy or adequacy of the Draft Red Herring Prospectus. Specific attention of the investors is invited to the section "Risk Factors" beginning on page 35 of this Draft Red Herring Prospectus.

Any decision to invest in the Equity Shares described in the DRHP may only be made after the red herring prospectus (**"Red Herring Prospectus"**) has been filed with the RoC and must be made solely on the basis of such Red Herring Prospectus as there may be material changes in the Red Herring Prospectus from the DRHP.

The Equity Shares, when offered, through the Red Herring Prospectus, are proposed to be listed on Emerge Platform of National Stock Exchange of India Limited ("NSE or NSE EMERGE").

For details of the main objects of the Company as contained in its Memorandum of Association, see *"Our History and Certain Other Corporate Matters"* on page 196 of the DRHP. The liability of the members of the Company is limited. For details of the share capital and capital structure of the Company and the names of the signatories to the Memorandum of Association and the number of shares subscribed by them see *"Capital Structure"* on page 72 of the DRHP.

| BOOK RUNNING LEAD MANAGER TO THE OFFER | REGISTRAR TO THE OFFER |
|---|---|
| GRETEX<br>**GRETEX CORPORATE SERVICES LIMITED**<br>A-401, Floor 4th, Plot FP-616, (PT), Naman Midtown, Senapati Bapat Marg, Near Indiabulls, Dadar (w), Delisle Road, Mumbai 400013, Maharashtra, India<br>**Contact No:** +91 93319 26937<br>**Email:** info@gretexgroup.com<br>**Website:** www.gretexcorporate.com<br>**Contact Person:** Mr. Pradip Agarwal<br>**SEBI Registration No:** INM000012177<br>**CIN:** L74999MH2008PLC288128 | Skyline Financial Services Pvt. Ltd. Towards Excellence<br>**SKYLINE FINANCIAL SERVICES PRIVATE LIMITED**<br>D-153A, First Floor, Okhla Industrial Area, Phase - I, New Delhi – 110020<br>**Contact No:** 011- 40450193 - 97<br>**E-mail:** ipo@skylinerta.com<br>**Website:** www.skylinerta.com<br>**Investor Grievance Email ID:** grievances@skylinerta.com<br>**Contact Person:** Mr. Anuj Kumar<br>**SEBI Registration No:** INR000003241<br>**CIN:** U74899DL1995PTC071324 |
| **COMPANY SECRETARY AND COMPLIANCE OFFICER** | |
| **Mr. Sukhdeep Kaur**<br>**Address:** Village-Gobindgarh, Adj. Phase-VII, Focal Point, Ludhiana, Ludhiana, Punjab, India, 141010<br>**Tel:** +91 94177 30280<br>**Email:** cs@munishforge.com<br>**Website:** www.munishforge.com | Investors can contact our Company Secretary and Compliance Officer, Book Running Lead Managers or Registrar to the Issue, in case of any pre issue or post issue related problems, such as non- receipt of letter of allotment, non-credit of allotted Equity shares in the respective beneficiary account, non-receipt of refund orders and non-receipt of funds by electronic mode etc. |

*All capitalized terms used herein and not specifically defined shall have the same meaning as ascribed to them in the DRHP.*

**For Munish Forge Limited**
**On behalf of Board of Directors**
**Sd/-**
**Sukhdeep Kaur**
**Company Secretary and Compliance Officer**

**Place: Ludhiana**
**Date: May 03, 2025**

**MUNISH FORGE LIMITED** is proposing, subject to applicable statutory and regulatory requirements, receipt of requisite approvals, market conditions and other considerations, to undertake an initial public offer of its Equity Shares and has filed the DRHP dated May 01, 2025 with Emerge Platform of National Stock Exchange Of India Limited ("NSE Or NSE EMERGE"). The DRHP is available on the website of the NSE at www.nseindia.com, and the website of the Company at www.munishforge.com, and at the website of BRLM i.e Gretex Corporate Services Limited at www.gretexcorporate.com. Potential investors should note that investment in equity shares involves a high degree of risk and for details relating to such risk, see the section titled *"Risk Factors"* beginning on page 35 of the DRHP. Potential investors should not rely on the DRHP filed with Emerge Platform of National Stock Exchange Of India Limited ("NSE Or NSE EMERGE") for making any investment decision. The Equity Shares offered in the Issue have not been and will not be registered under the U.S. Securities Act of 1933 (the **"U.S. Securities Act"**) or any state securities laws in the United States, and unless so registered, and may not be offered or sold within the United States, except pursuant to an exemption from, or in a transaction not subject to, the registration requirements of the U.S. Securities Act and applicable U.S. state securities laws. Accordingly, the Equity Shares are being offered and sold only outside the United States in offshore transactions in reliance on Regulation S and the applicable laws of the jurisdictions where those offers and sales are made. There will be no public offering of the Equity Shares in the United States.

ਨਵਾਂ ਜ਼ਮਾਨਾ
ਸੋਮਵਾਰ, 5 ਮਈ 2025

# ਆਸਟ੍ਰੇਲੀਆਈ ਫਤਵਾ

ਆਸਟ੍ਰੇਲੀਆ ਵਿੱਚ ਤਿੰਨ ਮਈ ਨੂੰ ਹੋਈਆਂ ਆਮ ਚੋਣਾਂ 'ਚ ਪ੍ਰਧਾਨ ਮੰਤਰੀ ਐਨਥਨੀ ਅਲਬਨੀਜ਼ ਦੀ ਅਗਵਾਈ ਵਾਲੀ ਹੁਕਮਰਾਨ ਸੈਂਟਰ-ਲੈੱਫਟ ਲੇਬਰ ਪਾਰਟੀ ਨੇ 151 ਵਿੱਚੋਂ 87 ਸੀਟਾਂ ਜਿੱਤ ਲਈਆਂ ਸਨ ਤੇ ਕੁਝ ਸੀਟਾਂ 'ਤੇ ਗਿਣਤੀ ਚੱਲ ਰਹੀ ਸੀ। 21 ਸਾਲਾਂ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਕੋਈ ਪਾਰਟੀ ਤਿੰਨ ਸਾਲਾਂ ਲਈ ਲਗਾਤਾਰ ਦੂਜੀ ਵਾਰ ਸੱਤਾ 'ਚ ਆਈ ਹੈ। ਸੱਜ-ਪਿਛਾਖੜੀ ਆਪੋਜ਼ੀਸ਼ਨ ਲਿਬਰਲ ਪਾਰਟੀ ਸਿਰਫ 41 ਸੀਟਾਂ ਜਿੱਤ ਸਕੀ ਸੀ, ਜੋ ਕਿ 1946 ਤੋਂ ਬਾਅਦ ਉਸ ਦਾ ਸਭ ਤੋਂ ਖਰਾਬ ਪ੍ਰਦਰਸ਼ਨ ਮੰਨਿਆ ਜਾ ਰਿਹਾ ਹੈ। ਇਸ ਨਤੀਜੇ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਨੀਤੀਆਂ ਖਿਲਾਫ ਵਿਸ਼ਵ ਭਾਵਨਾ ਦੇ ਰੂਪ ਵਿੱਚ ਵੀ ਦੇਖਿਆ ਜਾ ਰਿਹਾ ਹੈ। ਇਸ ਜਿੱਤ ਨੂੰ ਵਿਸ਼ਵ ਪੱਧਰ 'ਤੇ ਟਰੰਪ ਦੀਆਂ ਨੀਤੀਆਂ ਤੇ ਉਸ ਦੇ ਹਾਮੀਆਂ ਨੂੰ ਇੱਕ ਚਿਤਾਵਨੀ ਸਮਝਿਆ ਜਾ ਰਿਹਾ ਹੈ। ਆਪੋਜ਼ੀਸ਼ਨ ਦੇ ਆਗੂ ਪੀਟਰ ਡਟਨ ਨੇ ਆਪਣੀ ਚੋਣ ਨੀਤੀ 'ਚ ਟਰੰਪ-ਸ਼ੈਲੀ ਦੀਆਂ ਨੀਤੀਆਂ ਤੇ ਬਿਆਨਬਾਜ਼ੀ ਨੂੰ ਅਪਨਾਉਣ ਦੀ ਕੋਸ਼ਿਸ਼ ਕੀਤੀ ਸੀ। ਟਰੰਪ ਦੇ 'ਮੇਕ ਅਮਰੀਕਾ ਗ੍ਰੇਟ ਅਗੇਨ' ਨਾਅਰੇ ਦੀ ਤਰਜ਼ ਉੱਤੇ 'ਮੇਕ ਆਸਟ੍ਰੇਲੀਆ ਗ੍ਰੇਟ ਅਗੇਨ' ਦਾ ਸਹਾਰਾ ਲਿਆ ਸੀ ਅਤੇ ਟਰੰਪ ਵਾਂਗ 'ਡਿਪਾਰਟਮੈਂਟ ਆਫ ਗੌਰਮਿੰਟ ਐਫੀਸ਼ੀਐਂਸੀ' ਵਰਗਾ ਮਹਿਕਮਾ ਕਾਇਮ ਕਰਨ ਦੀ ਗੱਲ ਕਹੀ ਸੀ। ਇਹ ਰਣਨੀਤੀ ਪੁੱਠੀ ਪਈ ਅਤੇ ਵੋਟਰਾਂ ਨੇ ਟਰੰਪ ਦੀਆਂ ਅਸਥਿਰ ਵਪਾਰ ਨੀਤੀਆਂ ਤੇ ਵਿਸ਼ਵ ਅਸ਼ਾਂਤੀ ਪ੍ਰਤੀ ਨਾਤਸੱਲੀ ਦਾ ਪ੍ਰਗਟਾਵਾ ਕੀਤਾ। ਖਾਸਕਰ ਨੌਜਵਾਨ ਵਰਗ ਲਿਬਰਲ ਪਾਰਟੀ ਦੇ ਆਗੂ ਤੋਂ ਨਾਰਾਜ਼ ਨਜ਼ਰ ਆਇਆ। ਟਰੰਪ ਵੱਲੋਂ ਆਸਟ੍ਰੇਲੀਆ ਦੇ ਐਲੂਮੀਨੀਅਮ ਤੇ ਸਟੀਲ 'ਤੇ 25 ਫੀਸਦੀ ਤੇ ਹੋਰ ਚੀਜ਼ਾਂ 'ਤੇ 10 ਫੀਸਦੀ ਟੈਰਿਫ ਵਧਾਉਣ ਤੋਂ ਵੋਟਰਾਂ ਵਿੱਚ ਅਸੁਰੱਖਿਆ ਦੀ ਭਾਵਨਾ ਵਧੀ। ਇੱਕ ਸਰਵੇਖਣ ਵਿੱਚ ਸਾਹਮਣੇ ਆਇਆ ਸੀ ਕਿ ਆਸਟ੍ਰੇਲੀਆ ਦੇ 66 ਫੀਸਦੀ ਲੋਕ ਅਮਰੀਕਾ ਨੂੰ ਭਰੋਸੇਮੰਦ ਸੁਰੱਖਿਆ ਸਹਿਯੋਗੀ ਮੰਨਣਾ ਹਟ ਗਏ ਹਨ। ਇਹ ਪਿਛਲੇ ਸਾਲ ਜੂਨ ਦੇ 39 ਫੀਸਦੀ ਨਾਲੋਂ ਕਿਤੇ ਵੱਧ ਸੀ। ਨੌਜਵਾਨ ਵੋਟਰਾਂ ਨੇ ਲੇਬਰ ਪਾਰਟੀ ਦੀਆਂ ਊਰਜਾ ਤੇ ਜਲਵਾਯੂ ਪਰਿਵਰਤਨ ਬਾਰੇ ਨੀਤੀਆਂ ਦੀ ਹਮਾਇਤ ਕੀਤੀ ਅਤੇ ਡਟਨ ਦੀ ਪ੍ਰਮਾਣੂ ਊਰਜਾ ਦੀ ਵਕਾਲਤ ਨੂੰ ਗੈਰਅਮਲੀ ਸਮਝਿਆ। ਪੀਟਰ ਡਟਨ ਨੂੰ ਇਨ੍ਹਾਂ ਚੋਣਾਂ ਵਿੱਚ ਦੂਹਰੀ ਮਾਰ ਪਈ ਹੈ। ਨਾ ਸਿਰਫ ਉਸ ਦੀ ਪਾਰਟੀ ਨੂੰ ਭਾਰੀ ਨੁਕਸਾਨ ਹੋਇਆ, ਬਲਕਿ ਉਹ ਦੋ ਦਹਾਕਿਆਂ ਤੋਂ ਸੰਭਾਲੀ ਆਪਣੀ ਸੀਟ ਵੀ ਹਾਰ ਗਿਆ।

ਲੇਬਰ ਪਾਰਟੀ ਦੀ ਇਹ ਜਿੱਤ ਕੈਨੇਡਾ ਵਿੱਚ ਹਾਲ ਹੀ 'ਚ ਸੈਂਟਰ-ਲੈੱਫਟ ਲਿਬਰਲ ਪਾਰਟੀ ਦੀ ਜਿੱਤ ਨਾਲ ਮੇਲ ਖਾਂਦੀ ਹੈ। ਕੈਨੇਡਾ 'ਚ ਵੀ ਟਰੰਪ ਵਿਰੋਧੀ ਭਾਵਨਾ ਨੇ ਵੋਟਰਾਂ ਨੂੰ ਪ੍ਰਭਾਵਤ ਕੀਤਾ। ਕੈਨੇਡਾ ਦੇ ਲੋਕਾਂ ਨੇ ਟਰੰਪ ਦੀਆਂ ਆਰਥਕ ਨੀਤੀਆਂ ਤੇ ਅੱਤ ਦੱਖਣਪੰਥੀ ਸੋਚ ਦੀ ਥਾਂ ਸਥਿਰਤਾ ਤੇ ਉਦਾਰ ਨੀਤੀਆਂ ਨੂੰ ਤਰਜੀਹ ਦਿੱਤੀ। ਦੋਹਾਂ ਦੇਸ਼ਾਂ ਦੇ ਚੋਣ ਫਤਵੇ ਵਿਸ਼ਵ ਪੱਧਰ 'ਤੇ ਇਸ ਅਹਿਮ ਰੁਝਾਨ ਨੂੰ ਦਰਸਾਉਂਦੇ ਹਨ ਕਿ ਟਰੰਪ ਦੀਆਂ ਨੀਤੀਆਂ ਤੇ ਉਸ ਦੀ ਨਕਲ ਕਰਨ ਵਾਲੇ ਆਗੂ ਵੋਟਰਾਂ ਵਿੱਚ ਛੰਡੇ ਜਾ ਰਹੇ ਹਨ। ਟਰੰਪ ਵਿਰੋਧੀ ਭਾਵਨਾ ਨੇ ਨਾ ਸਿਰਫ ਆਸਟ੍ਰੇਲੀਆ ਤੇ ਕੈਨੇਡਾ ਸਗੋਂ ਵਿਸ਼ਵ ਰਾਜਨੀਤੀ 'ਚ ਵੀ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ, ਜਿੱਥੇ ਉਦਾਰ ਤੇ ਮੱਧ ਵਰਗੀ ਤਾਕਤਾਂ ਅੱਤ ਦੱਖਣਪੰਥ ਦੇ ਖਿਲਾਫ ਮਜ਼ਬੂਤੀ ਨਾਲ ਖੜ੍ਹੀਆਂ ਹੋ ਰਹੀਆਂ ਹਨ। ਇਹ ਫਤਵੇ ਭਾਰਤ ਲਈ ਵੀ ਕਈ ਸਬਕ ਦਿੰਦੇ ਹਨ। ਆਸਟ੍ਰੇਲੀਆ ਦੀ ਤਰ੍ਹਾਂ ਭਾਰਤ ਵਿੱਚ ਵੀ ਨੌਜਵਾਨ ਵੋਟਰ ਭਵਿੱਖ ਦੀਆਂ ਚੋਣਾਂ ਵਿੱਚ ਫੈਸਲਾਕੁੰਨ ਹੋ ਸਕਦੇ ਹਨ।

# ਸੂਚਨਾਵਾਂ ਤੇ ਖਬਰਾਂ ਦੇ ਹੜ੍ਹ 'ਚ ਸੱਚ ਨੂੰ ਭਾਲਦਿਆਂ



ਜਗਜੀਤ ਸਿੰਘ ਗਣੇਸ਼ਪੁਰ

ਅੱਜਕੱਲ੍ਹ ਇੰਟਰਨੈੱਟ/ਸੋਸ਼ਲ ਮੀਡੀਆ ਦੇ ਯੁੱਗ ਵਿੱਚ ਜਾਣਕਾਰੀਆਂ, ਸੂਚਨਾਵਾਂ ਅਤੇ ਖਬਰਾਂ ਦਾ ਹੜ੍ਹ ਵਗ ਰਿਹਾ ਹੈ, ਦਰ-ਹਕੀਕਤ ਸੋਸ਼ਲ ਮੀਡੀਆ ਜਾਅਲੀ ਅਤੇ ਝੂਠੀਆਂ ਖਬਰਾਂ ਲਈ ਇੱਕ ਉਪਜਾਊ ਜ਼ਮੀਨ ਬਣਦਾ ਜਾ ਰਿਹਾ ਹੈ। ਇਸ ਲਈ ਇਸ ਬਾਰੇ ਵਿਚਾਰਨਾ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਜੋ ਅਸੀਂ ਸੋਸ਼ਲ ਮੀਡੀਆ ਉੱਪਰ ਸਾਂਝਾ ਜਾਂ ਅਗਾਂਹ ਤੋਰ ਰਹੇ ਹਾਂ ਕਿ ਉਹ ਤੱਥਾਂ ਅਨੁਸਾਰ ਸਹੀ ਵੀ ਹੈ ਕਿ ਨਹੀਂ ਜਾਂ ਫਿਰ ਸਿਰਫ ਅਫਵਾਹਾਂ ਦਾ ਮੱਕੜ ਜਾਲ। ਸੋਸ਼ਲ ਮੀਡੀਆ ਹੁਣ ਸਾਡੇ ਰੋਜ਼ਾਨਾ ਜੀਵਨ ਦਾ ਇੱਕ ਮਹੱਤਵਪੂਰਨ ਹਿੱਸਾ ਬਣ ਗਿਆ ਹੈ ਅਤੇ ਸਾਡੇ ਵਿਚਾਰਾਂ 'ਤੇ ਇਸ ਦੀ ਮਜ਼ਬੂਤ ਪਕੜ ਹੁੰਦੀ ਜਾ ਰਹੀਂ ਹੈ। ਆਪਣੇ ਦੇਸ਼ ਭਾਰਤ ਤੋਂ ਅਮਰੀਕਾ ਤੱਕ ਕੋਈ ਵੀ ਦੇਸ਼ ਇਸ ਤੋਂ ਅਛੂਤਾ ਨਹੀਂ ਰਿਹਾ। ਸੋਸ਼ਲ ਮੀਡੀਆ ਅਤੇ ਸਰਚ ਇੰਜਣ ਦੇ ਐਲਗੋਰਿਦਮ ਦੀ ਹੇਰਾਫੇਰੀ ਕਰਕੇ ਵੱਡੇ ਦਰਸ਼ਕਾਂ ਤੱਕ ਪਹੁੰਚਣਾ ਅਤੇ ਖਬਰਾਂ ਦੇ ਖਪਤਕਾਰਾਂ ਨੂੰ ਗੁੰਮਰਾਹ ਕਰਨਾ ਹੁਣ ਇੱਕ ਵਿਸ਼ਵਵਿਆਪੀ ਰੁਝਾਨ ਹੈ।

ਇੱਕ ਰਿਪੋਰਟ ਅਨੁਸਾਰ ਭਾਰਤ ਵਿੱਚ ਬੀਤੇ ਸਾਲ ਦੇ ਮੁੱਖ ਰੁਝਾਨਾਂ ਵਿੱਚ ਏ.ਆਈ ਦੁਆਰਾ ਤਿਆਰ ਕੀਤੇ ਗਏ ਡੀਪ ਫੇਕ, ਈ ਵੀ ਐੱਮ ਨਾਲ ਛੇੜਛਾੜ ਬਾਰੇ ਜਾਅਲੀ ਦਾਅਵੇ ਅਤੇ ਗੁੰਮਰਾਹਕੁੰਨ ਰਾਜਨੀਤਕ ਬਿਰਤਾਂਤ ਸ਼ਾਮਲ ਸਨ। ਆਨਲਾਈਨ ਅਫਵਾਹਾਂ ਦੇ ਕਈ ਅਜਿਹੇ ਮਾਮਲੇ ਵੀ ਸਾਹਮਣੇ ਆਏ ਹਨ, ਜਿਸ ਕਾਰਨ ਮਾਸੂਮ ਲੋਕਾਂ ਨੂੰ ਆਪਣੀ ਜਾਨ ਤੱਕ ਵੀ ਗਵਾਉਣੀ ਪਈ। ਜਾਅਲੀ ਖਬਰਾਂ ਲਈ ਡਿਜੀਟਲ ਸੰਸਾਰ ਵਿੱਚ ਵਧਣ-ਫੁੱਲਣ ਲਈ ਆਦਰਸ਼ ਸਾਧਨ ਮੌਜੂਦ ਹਨ। ਵਰਤਮਾਨ ਸਮੇਂ ਇੱਕ ਜਾਅਲੀ ਵੈੱਬਸਾਈਟ/ਐਪ ਬਣਾਉਣਾ ਕੋਈ ਬਹੁਤਾ ਔਖਾ ਕਾਰਜ ਨਹੀਂ ਹੈ, ਜੋ ਇੱਕ ਜਾਇਜ਼ ਖਬਰ ਸਰੋਤ ਦੀ ਤਰ੍ਹਾਂ ਦਿਖਾਈ ਦਿੰਦੀ ਹੈ ਅਤੇ ਇਸ ਤੋਂ ਫੇਸਬੁਕ ਜਾਂ ਹੋਰ ਸੋਸ਼ਲ ਮੀਡੀਆ ਮੰਚਾਂ 'ਤੇ ਪੋਸਟ ਕਰਨਾ ਹੋਰ ਵੀ ਆਸਾਨ ਹੈ। ਜਾਅਲੀ ਖਬਰਾਂ ਦਾ ਫੈਲਣਾ ਲੋਕਤੰਤਰ ਅਤੇ ਪੱਤਰਕਾਰੀ ਲਈ ਵੀ ਗੰਭੀਰ ਖਤਰਾ ਬਣਿਆ ਹੋਇਆ ਹੈ। ਹੁਣ ਸਵਾਲ ਉੱਠਦਾ ਹੈ ਕਿ ਜਾਅਲੀ ਖਬਰਾਂ ਦੇ ਖਤਰੇ ਲਈ ਕਿਸ ਨੂੰ ਜ਼ਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ? ਜਿਸ ਦਾ ਜਵਾਬ ਅਜੇ ਵੀ ਅਸਪੱਸ਼ਟ ਹੈ। ਕੀ ਇਹ ਸਰਕਾਰ ਹੈ? ਕੀ ਇਹ ਉਹ ਲੋਕ ਹਨ, ਜੋ ਝੂਠੇ ਸੁਨੇਹੇ ਬਣਾਉਂਦੇ ਅਤੇ ਅੱਗੇ ਭੇਜਦੇ ਹਨ? ਕੀ ਇਹ ਫੇਸਬੁਕ ਵਰਗੇ ਤਕਨਾਲੋਜੀ ਪਲੇਟਫਾਰਮ ਹਨ, ਜੋ ਮੁਨਾਫੇ ਲਈ ਲੋਕਪ੍ਰਿਯ ਪੋਸਟਾਂ ਨੂੰ ਵਾਇਰਲ ਹੋਣ ਦਿੰਦੇ ਹਨ ਜਾਂ ਕੀ ਇਹ ਨਿਊਜ਼ ਮੀਡੀਆ ਹੈ, ਜੋ ਲੋਕਤੰਤਰ ਦੇ ਚੌਥੇ ਥੰਮ੍ਹ ਬਣੇ ਰਹਿਣ ਲਈ ਬੁਨਿਆਦੀ ਤੱਥ-ਜਾਂਚ ਕਰਨ ਵਿੱਚ ਅਸਫਲ ਰਹਿੰਦਾ ਹੈ? ਸੁਹਿਰਦ ਹੋ ਕੇ ਜੇਕਰ ਸੋਚਿਆ ਜਾਵੇ ਤਾਂ ਇਹ ਜ਼ਿੰਮੇਵਾਰੀ ਸ਼ਾਇਦ ਹਰ ਕਿਸੇ ਦੀ ਬਣਦੀ ਹੈ। ਸੋ, ਕਿਸੇ ਵੀ ਅਜਿਹੀ ਅਣਅਧਿਕਾਰਤ ਪੋਸਟ 'ਤੇ ਹਮੇਸ਼ਾ ਕੁੱਝ ਵੀ ਟਿਪਣੀ ਕਰਨ ਜਾਂ ਸਾਂਝਾ ਕਰਨ ਸਮੇਂ ਆਪਣੇ-ਆਪ ਨੂੰ ਇਹ ਸਵਾਲ ਕਰੋ: ਕੌਣ, ਕੀ, ਕਦੋਂ, ਕਿੱਥੇ, ਕਿਉਂ ਅਤੇ ਕਿਵੇਂ? ਜੇਕਰ ਇਨ੍ਹਾਂ ਦਾ ਉੱਤਰ ਤੁਹਾਨੂੰ ਸੰਤੁਸਟ ਨਹੀਂ ਕਰ ਰਿਹਾ ਤਾਂ ਇਹ ਹੋ ਸਕਦਾ ਹੈ ਕਿ ਇਹ ਵੀ ਕੋਈ ਜਾਅਲੀ ਜਾਣਕਾਰੀ ਹੀ ਹੋਵੇ। ਤੁਸੀਂ ਹੋਰ ਭਰੋਸੇਯੋਗ ਮੀਡੀਆ ਪਲੇਟਫਾਰਮ ਉਪਰ ਵੀ ਜਾਣਕਾਰੀ ਬਾਰੇ ਪੜਤਾਲ ਕਰ ਸਕਦੇ ਹੋ। ਪ੍ਰਿੰਟ ਮੀਡੀਆ ਇਸ ਪੱਖ ਤੋਂ ਕਾਫੀ ਭਰੋਸੇਯੋਗ ਹੈ। ਮੌਜੂਦਾ ਸਮੇਂ ਜਦੋਂ ਇੰਟਰਨੈੱਟ ਉਪਰ 5 ਅਰਬ ਤੋਂ ਵੀ ਉੱਪਰ ਵਰਤੋਂਕਾਰ ਹਨ ਅਤੇ ਪਿਛਲੇ ਸਮੇਂ ਸੋਸ਼ਲ ਮੀਡੀਆ 'ਤੇ ਜਿਸ ਤਰ੍ਹਾਂ ਦੀਆਂ ਅਫਵਾਹਾਂ ਵੇਖਣ-ਸੁਣਨ ਨੂੰ ਮਿਲੀਆਂ, ਉਨ੍ਹਾਂ ਵੀ ਸਾਡਾ ਧਿਆਨ ਇਸ ਗੱਲ ਵੱਲ ਖਿੱਚਿਆ ਹੈ ਕਿ ਕੋਈ ਨਾ ਕੋਈ ਐਸੀ ਕਾਰਜ ਪ੍ਰਣਾਲੀ ਜਾਂ ਸਾਫਟਵੇਅਰ ਹੋਣੇ ਹੀ ਚਾਹੀਦੇ ਹਨ, ਜਿਹਨਾਂ ਨਾਲ ਆਨਲਾਈਨ ਸੂਚਨਾ ਦੀ ਪ੍ਰਮਾਣਿਕਤਾ ਪਰਖੀ ਜਾ ਸਕੇ।

ਜਾਅਲੀ ਖਬਰਾਂ ਨੂੰ ਕਿਵੇਂ ਪਛਾਣਿਆ ਜਾਵੇ, ਇਸ ਬਾਰੇ ਮਾਹਿਰਾਂ ਦੇ ਕੁਝ ਪ੍ਰਮੁੱਖ ਸੁਝਾਅ ਹਨ:

1. **ਸਿਰਲੇਖ ਤੋਂ ਪਰੇ ਦੇਖੋ**: ਪੂਰੇ ਲੇਖ ਦੀ ਜਾਂਚ ਕਰੋ, ਬਹੁਤ ਸਾਰੀਆਂ ਜਾਅਲੀ ਖਬਰਾਂ ਧਿਆਨ ਖਿੱਚਣ ਲਈ ਸਨਸਨੀਖੇਜ ਜਾਂ ਹੈਰਾਨ ਕਰਨ ਵਾਲੀਆਂ ਸੁਰਖੀਆਂ ਦੀ ਵਰਤੋਂ ਕਰਦੀਆਂ ਹਨ।

2. **ਕੀ ਤੁਸੀਂ ਵੈਬਸਾਈਟ ਨੂੰ ਪਛਾਣਦੇ ਹੋ?** ਕੀ ਇਹ ਇੱਕ ਭਰੋਸੇਯੋਗ ਸਰੋਤ ਹੈ? ਜੇਕਰ ਤੁਸੀਂ ਸਾਈਟ ਤੋਂ ਅਣਜਾਣ ਹੋ ਤਾਂ ਇਸ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰੋ।

3. **ਸੋਸ਼ਲ ਮੀਡੀਆ 'ਤੇ ਭਰੋਸਾ ਨਾ ਕਰੋ**: ਕਿਸੇ ਵੀ ਪੋਸਟ 'ਤੇ ਸਿਰਫ ਇਸ ਲਈ ਭਰੋਸਾ ਨਾ ਕਰੋ, ਕਿਉਂਕਿ ਇਸ ਵਿੱਚ ਬਹੁਤ ਸਾਰੇ ਲਾਈਕਸ ਅਤੇ ਸ਼ੇਅਰ ਹਨ, ਬਲਕਿ ਸੁਤੰਤਰ ਤੌਰ 'ਤੇ ਸੱਚਾਈ ਦੀ ਭਾਲ ਕਰੋ। ਸਬੰਧਤ ਖਾਤੇ ਤੋਂ ਪਿਛਲੀਆਂ ਪੋਸਟਾਂ ਦੀ ਜਾਂਚ ਕਰੋ, ਜੇਕਰ ਉਹ ਲਗਾਤਾਰ ਸਨਸਨੀਖੇਜ ਜਾਣਕਾਰੀ ਸਾਂਝੀ ਕਰਦੀਆਂ ਹਨ।

4. **ਪ੍ਰੈੱਸ ਇਨਫਰਮੇਸਨ ਬਿਊਰੋ**: ਪੀ ਆਈ ਬੀ ਫੈਕਟ ਚੈੱਕ ਯੂਨਿਟ ਤੱਥ-ਜਾਂਚ ਕੀਤੀ ਜਾਣਕਾਰੀ ਟਵਿੱਟਰ, ਫੇਸਬੁਕ, ਇੰਸਟਾਗ੍ਰਾਮ ਅਤੇ ਟੈਲੀਗ੍ਰਾਮ 'ਤੇ ਉਪਲੱਬਧ ਕਰਵਾਉਂਦਾ ਹੈ।

5. **ਤੱਥ-ਜਾਂਚ ਕਰਨ ਵਾਲੀਆਂ ਸਾਈਟਾਂ ਦੀ ਵਰਤੋਂ ਕਰੋ**: ਟਾਈਮਜ਼ ਫੈਕਟ ਚੈੱਕ, ਵਿਸ਼ਵਾਸ ਨਿਊਜ਼, ਇੰਡੀਆ ਟੂਡੇ ਅਤੇ ਪੀ ਟੀ ਆਈ ਆਦਿ ਵਰਗੀਆਂ ਤੱਥਾਂ ਦੀ ਜਾਂਚ ਕਰਨ ਵਾਲੀਆਂ ਵੈੱਬਸਾਈਟਾਂ 'ਤੇ ਸਰਫਿਗ ਕਰੋ।

6. **ਰਿਵਰਸ ਇਮੇਜ ਸਰਚ ਦੀ ਵਰਤੋਂ ਕਰੋ**: ਜਾਅਲੀ ਖਬਰਾਂ ਵਾਲੀ ਸਮੱਗਰੀ ਅਕਸਰ ਗੁੰਮਰਾਹਕੁੰਨ ਅਤੇ ਬਦਲੀਆਂ ਹੋਈਆਂ ਤਸਵੀਰਾਂ ਦੀ ਵਰਤੋਂ ਕਰਦੀ ਹੈ। ਅਜਿਹੀਆਂ ਤਸਵੀਰਾਂ ਦੀ ਪੁਸਟੀ ਕਰਨ ਲਈ ਗੂਗਲ ਇਮੇਜ ਜਾਂ ਹੋਰ ਪਲੇਟਫਾਰਮਾਂ 'ਤੇ ਰਿਵਰਸ ਇਮੇਜ ਸਰਚ ਟੂਲਸ ਦੀ ਵਰਤੋਂ ਕਰੋ।

7. **ਹੋਰ ਸਰੋਤਾਂ ਦੀ ਜਾਂਚ ਕਰੋ**: ਕੀ ਹੋਰ ਨਾਮਵਰ ਖਬਰਾਂ/ਮੀਡੀਆ ਆਊਟਲੈਟ ਕਹਾਣੀ 'ਤੇ ਰਿਪੋਰਟ ਕਰ ਰਹੇ ਹਨ? ਜੇਕਰ ਕੋਈ ਭਰੋਸੇਯੋਗ ਨਿਊਜ਼ ਆਊਟਲੈੱਟ ਕਹਾਣੀ ਦੀ ਰਿਪੋਰਟ ਨਹੀਂ ਕਰ ਰਿਹਾ ਹੈ ਤਾਂ ਇਹ ਬਹੁਤ ਸੰਭਾਵਤ ਤੌਰ 'ਤੇ ਜਾਅਲੀ ਹੈ।

8. **ਗੂਗਲ ਮੈਪਸ ਜਾਂ ਅਰਥ ਦੀ ਵਰਤੋਂ ਕਰਨਾ**: ਗੂਗਲ ਨਕਸ਼ੇ ਤੋਂ ਪਤਾ ਕੀਤਾ ਜਾ ਸਕਦਾ ਹੈ ਕਿ ਕੀ ਸੜਕਾਂ ਅਤੇ ਸਥਾਨ ਪ੍ਰਮਾਣਿਕ ਹਨ ਕਿ ਨਹੀਂ? ਗੂਗਲ ਅਰਥ ਇਹ ਨਿਰਧਾਰਤ ਕਰਨ ਵਿੱਚ ਮਦਦ ਕਰਦਾ ਹੈ ਕਿ ਕੋਈ ਸਥਾਨ ਅਸਲ ਵਿੱਚ ਕਿਵੇਂ ਦਿਖਾਈ ਦਿੰਦਾ ਹੈ।

ਹਾਲ ਹੀ ਵਿੱਚ ਜਦੋਂ ਮੈਟਾ (ਫੇਸਬੁਕ, ਇੰਸਟਾਗ੍ਰਾਮ ਅਤੇ ਵਟਸਐਪ ਦੀ ਪੇਰੈਂਟ ਕੰਪਨੀ) ਨੇ ਅਮਰੀਕਾ ਵਿੱਚ ਥਰਡ ਪਾਰਟੀ ਫੈਕਟ ਚੈਕਿੰਗ ਨਾਲ ਆਪਣੀ ਭਾਈਵਾਲੀ ਬੰਦ ਕਰਨ ਦਾ ਐਲਾਨ ਕੀਤਾ ਤਾਂ ਇਸ ਦੀ ਪੂਰੀ ਦੁਨੀਆ ਵਿੱਚ ਚਰਚਾ ਹੋਈ, ਇਸ ਹੀ ਸੰਦਰਭ ਵਿੱਚ ਬਲੂਮਬਰਗ ਨਾਲ ਇੱਕ ਇੰਟਰਵਿਊ ਵਿੱਚ ਮੈਟਾ ਦੇ ਗਲੋਬਲ ਬਿਜ਼ਨਸ ਦੇ ਮੁਖੀ ਨਿਕੋਲਾ ਮੈਂਡੇਲਸੋਹਨ ਨੇ ਕਿਹਾ ਕਿ ਫਿਲਹਾਲ ਅਮਰੀਕਾ ਤੋਂ ਬਾਹਰ ਤੱਥ-ਜਾਂਚ ਭਾਈਵਾਲੀ ਬਰਕਰਾਰ ਰਹੇਗੀ। ਭਾਵੇਂ ਫਰਮ ਅਮਰੀਕਾ ਵਿੱਚ ਇਸ ਨੂੰ 'ਕਮਿਊਨਿਟੀ ਨੋਟਿਸ'ਵੱਲ ਤਬਦੀਲ ਕਰਨ ਜਾ ਰਹੀ ਹੈ। ਭਾਰਤ ਵਿੱਚ ਸਰਕਾਰ ਮੈਟਾ ਨੂੰ ਆਪਣਾ ਤਸਦੀਕ ਪ੍ਰੋਗਰਾਮ ਬੰਦ ਕਰਨ ਲਈ ਕਹਿ ਸਕਦੀ ਹੈ, ਕਿਉਂਕਿ ਇਹ ਖੁਦ ਤੱਥ-ਜਾਂਚ ਦਾ ਕੰਟਰੋਲ ਆਪਣੇ ਹੱਥ ਵਿੱਚ ਲੈਣ ਲਈ ਝੁਕਾਅ ਰੱਖਦਾ ਹੈ। ਅਜਿਹਾ ਵੀ ਕਿਹਾ ਜਾਂਦਾ ਹੈ ਕਿ ਭਾਰਤ ਵਿੱਚ ਤੱਥਾਂ ਦੀ ਜਾਂਚ ਸਿਰਫ ਇੱਕ ਜ਼ਰੂਰੀ ਪੱਤਰਕਾਰੀ ਅਭਿਆਸ ਨਹੀਂ , ਇਹ ਸਰਕਾਰ ਅਤੇ ਭਾਜਪਾ ਨਾਲ ਸਿੱਧੇ ਟਕਰਾਅ ਵਿੱਚ ਹੈ, ਜਿਨ੍ਹਾਂ ਨਾ ਸਿਰਫ ਸੋਸ਼ਲ ਮੀਡੀਆ ਬਿਰਤਾਂਤਾਂ 'ਤੇ ਸਗੋਂ ਇਲੈਕਟ੍ਰਾਨਿਕ ਮੀਡੀਆ ਵਿੱਚ ਪ੍ਰਾਈਮਟਾਈਮ ਏਜੰਡੇ 'ਤੇ ਵੀ ਹਾਵੀ ਹੋਣ ਵਿੱਚ ਕਾਮਯਾਬੀ ਹਾਸਿਲ ਕੀਤੀ ਹੋਈ ਹੈ। ਹੋਰ ਦੇਸ਼ਾਂ ਵਾਂਗ ਭਾਰਤ ਕੋਲ ਵੀ ਜਾਅਲੀ ਖਬਰਾਂ ਨਾਲ ਨਜਿੱਠਣ ਲਈ ਕੋਈ ਖਾਸ ਕਾਨੂੰਨ ਜਾਂ ਨਿਯਮ ਨਹੀਂ ਹਨ। ਹਾਲਾਂਕਿ ਜਾਅਲੀ ਖਬਰਾਂ ਅਤੇ ਗਲਤ ਜਾਣਕਾਰੀ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਲਈ (ਹੁਣ ਭਾਰਤੀ ਨਿਆਂ ਕੋਡ) ਅਤੇ ਐਕਟ ਦੀਆਂ ਵੱਖ-ਵੱਖ ਧਾਰਾਵਾਂ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਡਿਜੀਟਲ ਨਿੱਜੀ ਡਾਟਾ ਸੁਰੱਖਿਆ ਬਿੱਲ 2023 (ਜੋ ਅਜੇ ਤੱਕ ਲਾਗੂ ਨਹੀਂ ਕੀਤਾ ਗਿਆ ਹੈ) ਦੀਆਂ ਧਾਰਾਵਾਂ ਨੇ ਆਨਲਾਈਨ ਪਲੇਟਫਾਰਮਾਂ 'ਤੇ ਡਾਟਾ ਦੀ ਦੁਰਵਰਤੋਂ ਨੂੰ ਹੱਲ ਕਰਨ ਲਈ ਕਈ ਪ੍ਰਬੰਧਾਂ ਨੂੰ ਯਕੀਨੀ ਬਣਾਇਆ ਹੈ। ਸਾਡੀਆਂ ਸਿੱਖਿਆ ਸੰਸਥਾਵਾਂ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਹ ਵਿਦਿਆਰਥੀਆਂ ਨੂੰ ਪਾਠਕ੍ਰਮ ਦੇ ਹਿੱਸੇ ਵਜੋਂ ਜਾਅਲੀ ਖਬਰਾਂ ਦੀ ਨਿਸ਼ਾਨਦੇਹੀ ਕਰਨ ਬਾਰੇ ਠੋਸ ਸਿੱਖਿਆ ਪ੍ਰਦਾਨ ਕਰਨ।

**# ਸੰਪਰਕ : 94655-76022**

# ਇਤਿਹਾਸ ਸਾਨੂੰ ਮਾਫ਼ ਨਹੀਂ ਕਰੇਗਾ



ਵਿਜੈ ਬੰਬੇਲੀ

"ਅਸੀਂ ਜਾ ਰਹੇ ਹਾਂ, ਹੁਣ ਸਾਡੀਆਂ ਖ਼ਬਰਾਂ ਤੁਹਾਨੂੰ ਪਰੇਸ਼ਾਨ ਨਹੀਂ ਕਰਨਗੀਆਂ", ਇਹ ਲਾਈਨ ਉਸ ਨੋਟ ਵਿੱਚੋਂ ਹੈ, ਜਿਹੜੀ ਗਾਜ਼ਾ (ਫਲਸਤੀਨ) ਦੀ ਇਕ ਬਾਲੜੀ ਨੇ ਦੁਨੀਆ ਨੂੰ ਮੂਕ-ਲਾਹਨਤ ਪਾਉਂਦਿਆਂ ਲਿਖੀ, ਕਿਉਂਕਿ ਉਸ ਨੂੰ ਪਤਾ ਕਿ ਐਨੇ ਵੱਡੇ ਤੇ ਲਗਾਤਾਰ ਹੋ ਰਹੇ ਨਰ-ਸੰਹਾਰ 'ਤੇ ਵੀ ਅਸੀਂ-ਤੁਸੀਂ, ਸਾਰੇ ਚੁੱਪ ਸਾਂ/ਹਾਂ।

ਹਾਂ, ਉਸ ਵਿਚਾਰੀ ਨੂੰ ਖੁਦ ਵੀ ਨਹੀਂ ਸੀ ਪਤਾ ਕਿ ਕਦ ਉਸ ਦੀ ਵਾਰੀ ਆ ਜਾਵੇ ਤੇ ਉਹ ਚੁੱਪ-ਗੜੁੱਪ ਦੁਨੀਆ ਨੂੰ ਸਦੀਵੀ ਅਲਵਿਦਾ ਆਖ ਜਾਵੇ। ਸੰਭਾਵੀ, ਪਰ ਅਣਆਈ, ਮੌਤ ਤੋਂ ਪਹਿਲਾਂ ਲਿਖਿਆ ਉਸ ਦਾ ਨੋਟ ਸਾਡੇ ਸਾਰਿਆਂ ਦੇ ਮੂੰਹਾਂ 'ਤੇ ਥੁੱਕ ਰਿਹਾ ਹੈ।

ਲੰਘਿਆ ਰਮਜ਼ਾਨ ਖ਼ਤਮ ਹੋਣ ਤੋਂ ਪਹਿਲਾਂ ਹੀ ਇਜ਼ਰਾਇਲ ਇੱਕ ਵਾਰ ਫਿਰ ਬੇ-ਕਿਰਕ ਤਬਾਹੀ ਲਿਆਇਆ ਹੈ। ਅਠਾਰਾਂ ਹਜ਼ਾਰ ਤੋਂ ਵੀ ਵੱਧ ਨਿਰਦੋਸ਼ ਬੱਚੇ ਮਾਰੇ ਗਏ, ਉਹ ਵੀ ਜਿਹੜੇ ਅਜੇ ਆਪਣੀਆਂ ਮਾਵਾਂ ਦੇ ਕੁੱਛੜਾਂ ਵਿਚ ਸਨ। ਕਰੀਬ ਪੰਜਾਹ ਹਜ਼ਾਰ ਤੋਂ ਕਿਤੇ ਵੱਧ ਆਮ ਬਾਸ਼ਿੰਦੇ, ਦਾਨਿਸ਼ਵਰ ਅਤੇ ਮੀਡੀਆ ਕਾਮਿਆਂ ਦੀਆਂ ਮੌਤਾਂ ਵੀ ਦਿਲ ਦਹਿਲਾਅ ਦੇਣ ਵਾਲੀਆਂ ਸਨ/ਹਨ, ਪਰ ਅਸੀਂ ਕੂਏਂ ਤੱਕ ਨ੍ਹੀਂ।

"ਉਫ! ਇੱਕ ਸੱਭਿਅਕ ਸਮਾਜ ਦੀ ਸਿਰਜਣਾ ਤਾਂ ਦੂਰ ਦੀ ਗੱਲ, ਅਸੀਂ ਖਰਾ ਮਨੁੱਖ ਵੀ ਨਹੀਂ ਬਣ ਸਕੇ", ਇਹ ਹੈ ਉਹ ਗੱਲ ਜਿਹੜੀ ਇੱਕ ਨੇਕ ਦਿਲ ਇਨਸਾਨ ਅਤੇ ਜੰਗੀ ਪੱਤਰਕਾਰ ਨੀਲੋਤਪਾਲ ਉਜੈਨ ਨੇ ਕਹੀ, ਜਦ ਉਸ ਸਹਿਕ ਰਹੀ ਕੁੜੀ ਦਾ ਉਕਤ ਚੁੱਪ-ਨੋਟ ਉਸ ਦੇ ਧੁਆਂਖੇ ਬੋਝੇ ਵਿੱਚੋਂ ਕੱਢ ਕੇ ਪੜ੍ਹਿਆ। ਸ਼ਾਇਦ; ਉਹ ਕੁੜੀ ਜਾਂਦੇ ਵਕਤ ਇਹ ਨਿਹੋਰਾ ਹਾਰਨਾ ਚਾਹੁੰਦੀ ਹੋਵੇ ਕਿ ਐਨੀ ਵੱਡੀ ਨਿਹੱਕੀ ਤ੍ਰਾਸਦੀ ਉੱਤੇ ਵੀ ਦੁਨੀਆ ਚੁੱਪ ਹੈ। "ਥੂਹ"।

ਉਂ ਤਾਂ ਆਪਣੇ ਮੁਲਕ ਦੀਆਂ ਵੀ ਕਈ ਕਰੂਰ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ, ਪਰ ਮੈਂ ਦੋ ਸਾਂਝੀਆਂ ਕਰਾਂਗਾ; ਪਹਿਲੀ "ਅਸ਼ੋਕਾ ਤੇ ਦਿੱਲੀ ਯੂਨੀਵਰਸਿਟੀ" ਦੀ ਅਤੇ ਦੂਜੀ "ਕਾਂਚਾ ਗਚੀਬੋਵਲੀ ਜੰਗਲ" ਤੇਲਗਾਨਾ, ਹੈਦਰਾਬਾਦ ਦੀ।

ਅਸ਼ੋਕਾ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਰਹੇ ਭਾਨੂੰ ਮਹਿਤਾ ਨੂੰ ਸਾਡੇ ਕੇਂਦਰੀ ਹਾਕਮਾਂ ਨੇ ਅਸਤੀਫਾ ਦੇਣ ਲਈ ਇਸ ਕਰਕੇ ਮਜਬੂਰ ਕਰ ਦਿੱਤਾ, ਕਿਉਂਕਿ ਉਹਨਾਂ ਵੱਲੋਂ ਅਖ਼ਬਾਰਾਂ 'ਚ ਲਿਖੇ ਕੁੱਝ ਅਲੋਚਨਾਤਮਿਕ ਲੇਖ, ਜਿਹੜੇ ਲੋਕਾਂ ਅਤੇ ਮੁਲਕ ਦੇ ਪੱਖ ਵਿਚ ਲਿਖੇ ਗਏ ਸਨ, ਹਾਕਮਾਂ ਨੂੰ ਰਾਸ ਨਹੀਂ ਸੀ ਆਏ। ਇਹੀ ਨਹੀਂ, ਇਸੇ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ. ਸਬਿਆਸਾਚੀ ਦਾਸ ਦੇ ਖੋਜ ਪੱਤਰ "ਦੁਨੀਆ ਦੀ ਸਭ ਤੋਂ ਵੱਡੀ 'ਜਮਹੂਰੀਅਤ' ਵਿਚ ਜਮਹੂਰੀ ਪਤਨ", ਜਿਸ ਰਾਹੀਂ ਇਹ ਵੀ ਸਿੱਧ ਹੁੰਦਾ ਸੀ ਕਿ ਹੁਕਮਰਾਨ ਪਾਰਟੀ ਨੇ ਚੋਣਾਂ ਵਿਚ ਕਿੱਥੇ-ਕਿੱਥੇ ਧੋਖਾਦੇਹੀ ਕੀਤੀ ਸੀ। ਹਾਕਮਾਂ ਨੂੰ ਇਹ ਵੀ ਨਾਗਵਾਰ ਜਾਪਿਆ ਤੇ ਉਸ ਲੋਕ-ਪੱਖੀ ਪ੍ਰੋਫੈਸਰ ਨੂੰ ਵੀ ਅਸਤੀਫਾ ਦੇਣ ਲਈ ਮਜਬੂਰ ਕਰ ਦਿੱਤਾ ਗਿਆ। ਯੂਨੀਵਰਸਿਟੀਆਂ, ਜਿਹਨਾਂ ਨੂੰ ਵਿਚਾਰ ਪ੍ਰਗਟਾਉਣ ਅਤੇ ਸਿਆਸਤ ਬਾਰੇ ਖੁੱਲ੍ਹ ਕੇ ਲਿਖਣ-ਬੋਲਣ ਦੀ ਸੰਵਿਧਾਨਕ ਆਗਿਆ ਹੈ, ਦੇ ਪ੍ਰਬੰਧਕ ਹਾਕਮਾਂ ਮੂਹਰੇ ਲਿਫੇ ਹੀ ਨਹੀਂ, ਡੰਡੋਤ ਬੰਦਨਾਂ ਵੀ ਕਰਨ ਲੱਗ ਪਏ ਹੋਏ ਹਨ। ਹੁਣ ਬਹੁਤੇ ਵਾਇਸ-ਚਾਂਸਲਰ ਹਾਕਮਾਂ ਦੇ ਆਪਣੇ ਹਨ। ਹਾਲ ਹੀ ਵਿਚ ਦਿੱਲੀ ਯੂਨੀਵਰਸਿਟੀ ਦੇ ਹਿੰਦੀ ਵਿਭਾਗ ਦਾ ਮੁਖੀ ਸੀਨੀਆਰਤਾ ਦੇ ਹਿਸਾਬ ਪ੍ਰੋਫੈਸਰ ਅਪੂਰਵਾਨੰਦ ਨੇ ਬਣਨਾ ਸੀ, ਪਰ ਨਹੀਂ ਬਣਾਇਆ ਗਿਆ। ਕਾਰਨ, ਕਿਉਂਕਿ, ਬੁੱਧੀਜੀਵੀ ਅਪੂਰਵਾਨੰਦ ਆਮ ਲੋਕਾਂ ਤੇ ਘੱਟ ਗਿਣਤੀਆਂ ਦੇ ਸੰਵਿਧਾਨਕ ਹੱਕਾਂ ਦੇ ਸੰਘਰਸ਼ਾਂ ਵਿਚ ਵੀ ਮੂਹਰੇ ਹਨ ਅਤੇ ਵਿਦਿਅਕ ਅਦਾਰਿਆਂ ਦੀ ਖੁਦਮੁਖਤਾਰੀ ਦੇ ਵੀ ਝੰਡਾ-ਬਰਦਾਰ ਹਨ, ਪਰ ਕੀ ਉਕਤ ਧੱਕਿਆਂ ਖਿਲਾਫ ਅਸੀਂ ਜਾਂ ਸਾਡੇ ਬੁੱਧੀਜੀਵੀ ਬੋਲੇ? ਅਫਸੋਸ! ਥੋੜ੍ਹੇ ਜਿਹਿਆਂ ਨੂੰ ਛੱਡ ਕੇ ਕੋਈ ਵੀ ਨਹੀਂ।

ਕੇਂਦਰ ਸਰਕਾਰ, ਜਿਹੜੀ "ਸਭ ਦਾ ਸਾਥ, ਸਭ ਦਾ ਵਿਕਾਸ (ਦਰ-ਹਕੀਕਤ; ਹਿੰਦੂਵਾਦ) ਦੀ ਡੰਡੋਰੀ ਪਿੱਟਣੋਂ ਨਹੀਂ ਅੱਕਦੀ-ਥੱਕਦੀ, ਦੇ ਏਜੰਡੇ ਵਿਚ 'ਜੰਗਲ ਅਤੇ ਜੰਗਲੀ ਜਨੌਰ' ਭਾਵ ਕੁਦਰਤਵਾਦ ਤਾਂ ਬਿੱਲਕੁਲ ਹੀ ਨ੍ਹੀਂ। ਇਹ 'ਜੰਗਲਾਂ' ਦੇ ਮੂਲ ਨਿਵਾਸੀਆਂ ਅਤੇ ਕੁਦਰਤੀ ਮਾਲਕ ਆਦਿਵਾਸੀਆਂ ਤੋਂ "ਜਲ, ਜੰਗਲ ਅਤੇ ਜ਼ਮੀਨ-ਪਹਾੜ" ਹੀ ਨਹੀਂ ਖੋਹਦੀਂ, ਸਗੋਂ ਧੜਵੈਲ ਧੰਨ ਕੁਬੇਰਾਂ ਦੇ ਹਿੱਤਾ ਲਈ ਵਿਰੋਧ ਕਰਨ ਵਾਲਿਆਂ ਨੂੰ ਭੈੜੇ ਨਕਸਲੀ ਗਰਦਾਨ ਦਿੰਦੀ ਹੈ। ਉਦਾਹਰਣ ਬਸਤਰ ਦੀ ਦਿੱਤੀ ਜਾ ਸਕਦੀ ਹੈ। ਹਾਲ ਹੀ ਦੇ ਉੱਤਰਾਖੰਡ ਅਤੇ ਗੋਆ ਦੇ "ਜੰਗਲ ਹਾਊਸ'ਜ਼" ਅਤੇ ਅੰਬਾਨੀ ਦਾ ਜਾਮਨਗਰ/ਗੁਜਰਾਤ ਦਾ "ਜੰਗਲੀ ਚਿੜੀਆ ਘਰ" ਜੰਗਲਾਂ ਅਤੇ ਕੁਦਰਤੀ ਨਿਆਂ ਦੀਆਂ ਘੋਰ ਉਲੰਘਣਾ ਦੀਆਂ ਠੋਸ ਮਿਸਾਲਾਂ ਹਨ, ਪਰ ਕੀ ਸਿਰਫ ਕੇਂਦਰ ਸਰਕਾਰ ਹੀ ਸਾਡੀ ਸਾਹ-ਰਗ ਅਤੇ ਜਲ-ਰਗ ਜੰਗਲ ਉਜਾੜਦੀ ਹੈ? ਨਹੀਂ, ਰਾਜ ਸਰਕਾਰਾਂ ਵੀ ਅਪਵਾਦ ਨਹੀਂ। ਤੇਲੰਗਾਨਾ ਸਟੇਟ ਦੇ "ਕਾਂਚਾ ਗਚੀਬੋਵਲੀ" ਦੇ ਵਿਸ਼ਾਲ ਜੰਗਲ, ਜਿਹੜਾ ਹੈਦਰਾਬਾਦ ਦੀ ਸਾਹ ਰਗ ਹੈ, ਦਾ ਬੇਕਿਰਕ ਉਜਾੜਾ ਇਸ ਦੀ ਮੂੰਹੋਂ ਬੋਲਦੀ ਉਦਾਹਰਣ ਹੈ। ਇਸ ਜੰਗਲ ਦੇ ਤਾਅ-ਜਨੌਰ ਰੋਏ-ਕੁਰਲਾਏ, ਖੂਨ ਦੇ ਅੱਥਰੂ ਰੋਏ, ਪਰ ਸਾਡੇ ਕੋਏ ਸਿੱਲੇ ਨਾ ਹੋਏ।

**ਆਓ! ਮੁੜ ਪਰਤੀਏ, ਫਲਸਤੀਨ ਵੱਲ:**

ਤੁਹਾਡਾ ਤਾਂ ਨਹੀਂ ਪਤਾ, ਪਰ ਮੈਂ ਬਹੁਤ ਸ਼ਰਮਿੰਦਾ ਹਾਂ। ਅਫਸੋਸ! ਜੇ ਅਸੀਂ-ਤੁਸੀਂ ਧਾੜਵੀਆਂ ਖਿਲਾਫ ਮੈਦਾਨੇ-ਜੰਗ ਲੜ ਨਹੀਂ ਸਕਦੇ ਤਾਂ ਘੱਟੋ-ਘੱਟ, ਜਿੱਥੇ ਵੀ ਹਾਂ/ਕਿਸੇ ਵੀ ਸਥਿਤੀ 'ਚ ਹਾਂ, ਇਸ ਜਬਰ-ਜ਼ੁਲਮ ਵਿਰੁੱਧ ਬਾਂਹ ਤਾਂ ਉਛਾਲ ਸਕਦੇ ਹਾਂ,'ਵਾਜ਼ ਤਾਂ ਉਠਾ ਸਕਦੇ ਹਾਂ।

ਆਪਣੇ ਆਕਿਆਂ, ਆਪਣੇ ਧੰਨ-ਕੁਬੇਰਾਂ ਦੀ ਸ਼ਹਿ 'ਤੇ ਇਜ਼ਰਾਇਲ ਗਾਜ਼ਾ ਦਾ ਖੁਰਾ-ਖੋਜ ਮਿਟਾਉਣ ਅਤੇ ਫਲਸਤੀਨੀਆਂ ਦੀ ਨਸਲ ਖ਼ਤਮ ਕਰਨ 'ਤੇ ਤੁਲਿਆ ਹੋਇਆ ਹੈ ਅਤੇ ਅਸੀਂ-ਤੁਸੀਂ ਤੇ ਦੁਨੀਆ ਭਰ ਦੇ ਨਿਜ਼ਾਮ ਚੁੱਪ ਧਾਰੀ ਬੈਠੇ ਹਨ। ਇਤਿਹਾਸ ਸਾਨੂੰ ਮਾਫ਼ ਨਹੀਂ ਕਰੇਗਾ।

ਚੇਤੇ ਰੱਖੋ; ਇਤਿਹਾਸ, ਸਿਰਫ ਤਰੀਕਾਂ ਅਤੇ ਘਟਨਾਵਾਂ ਦੀ ਲੜੀ ਨਹੀਂ ਹੁੰਦਾ। ਇਤਿਹਾਸ ਇਨਸਾਨੀ ਜ਼ਮੀਰ ਦਾ ਸ਼ੀਸ਼ਾ ਵੀ ਹੁੰਦਾ ਹੈ। ਉਹ ਸਵਾਲ ਪੁੱਛਦਾ ਹੈ, ਟਟੋਲਦਾ ਹੈ ਤੇ ਲਲਕਾਰਦਾ ਹੈ। ਆਉਣ ਵਾਲੇ ਸਮੇਂ ਵਿਚ ਜਦੋਂ ਗਾਜ਼ਾ ਦੀ ਰਾਖ ਵਿਚੋਂ ਫਲਸਤੀਨੀ ਬੱਚੇ ਕੁਕਨਸ ਬਣ ਮੁੜ ਉਡਾਰੀ ਭਰਨਗੇ, ਜਦ ਕਿਸੇ ਮਾਂ ਦੇ ਦੀਦੇ ਆਪਣੇ ਮੋਏ ਬੱਚੇ ਦੀ ਤਸਵੀਰ ਤੱਕ ਹੁਬਕੀ ਰੋਣਗੇ, ਤਦ ਇਤਿਹਾਸ ਚੀਖ ਕੇ ਪੁੱਛੇਗਾ, "ਜਦੋਂ ਫਲਸਤੀਨ ਦੀ ਧਰਤੀ ਉੱਤੇ ਮੌਤ ਨੱਚ ਰਹੀ ਸੀ, ਤਦ ਤੁਸੀਂ ਕਿਥੇ ਸਾਂ ਅਤੇ ਚੁੱਪ ਕਿਉਂ ਸਾਂ?"

ਜਦੋਂ ਕਦੇ ਵੀ ਇਤਿਹਾਸ ਦੀ ਅਦਾਲਤ ਲੱਗੇਗੀ ਤੇ ਗਵਾਹੀ ਵਿਚ ਫਲਸਤੀਨ ਦੇ ਥੇਹ ਕਰ ਦਿੱਤੇ ਗਏ ਘਰ ਅਤੇ ਸਿਸਕਦੀਆਂ ਲਾਸ਼ਾਂ ਪੇਸ਼ ਹੋਣਗੀਆਂ। ਜਦ, ਕਦੇ ਵੀ ਇਤਿਹਾਸ ਦੀ ਅਦਾਲਤ ਵਿਚ ਕਾਂਚਾ ਗਚਬੋਲਵੀ ਦੇ ਜੰਗਲ ਦੇ ਜਨੌਰਾਂ ਦੀ ਮਿੰਝ ਅਤੇ ਛਤੀਸ਼ਗੜ੍ਹ/ਬਸਤਰ ਦੇ ਆਦਿਵਾਸੀਆਂ ਦਾ ਧਾਰਾਲ ਵਗਦਾ ਲਹੂ ਪੇਸ਼ ਹੋਵੇਗਾ, ਤਦ ਇਕ ਵਿਸ਼ਾਲ ਸਵਾਲ ਫਿਜ਼ਾ 'ਚ ਗੂੰਜੇਗਾ, "ਉਏ! ਤੁਸੀਂ ਵੀ ਉਹਨਾਂ ਵਿਚੋਂ ਹੀ ਹੋ, ਜਿਹੜੇ ਇਸ ਘੋਰ ਜ਼ੁਲਮ ਵੇਲੇ ਖਾਮੋਸ਼ ਰਹੇ।"

**# ਸੰਪਰਕ : 94634 39075**

# ਪਰਵਾਸ ਅਤੇ ਪੰਜਾਬ



ਦਲਜੀਤ ਰਾਏ ਕਾਲੀਆ

ਰੋਜ਼ੀ ਰੋਟੀ ਦੇ ਜੁਗਾੜ ਅਤੇ ਬਿਹਤਰ ਜੀਵਨ ਦੀ ਆਸ ਵਿੱਚ ਪਰਵਾਸ ਸਦੀਆਂ ਤੋਂ ਹੋ ਰਿਹਾ ਹੈ। ਮਨੁੱਖੀ ਦੌਰ ਦੇ ਕਾਲੇ ਇਤਿਹਾਸ ਵਿੱਚ ਧਾੜਵੀਆਂ ਦੁਆਰਾ ਮਨੁੱਖਾਂ ਨੂੰ ਜਬਰੀ ਗੁਲਾਮ ਬਣਾ ਕੇ ਲਿਜਾਇਆ ਜਾਂਦਾ ਰਿਹਾ ਹੈ। ਇਸ ਨੂੰ ਗੁਲਾਮਾਂ ਉੱਪਰ ਥੋਪਿਆ ਜਬਰੀ ਪ੍ਰਵਾਸ ਆਖਿਆ ਜਾ ਸਕਦਾ ਹੈ। ਪੁਰਾਣੇ ਸਮਿਆਂ ਵਿੱਚ ਜਦ ਕਾਲ ਆਮ ਪੈਂਦੇ ਸਨ ਤਾਂ ਲੋਕ ਮਜਬੂਰੀਵੱਸ ਇੱਕ ਸਥਾਨ ਤੋਂ ਦੂਸਰੇ ਸਥਾਨ ਵੱਲ ਰੁਖ ਕਰ ਜਾਂਦੇ ਸਨ ਅਤੇ ਸਮਾਂ ਪਾ ਕੇ ਪੱਕੇ ਤੌਰ 'ਤੇ ਉੱਥੇ ਹੀ ਆਬਾਦ ਹੋ ਜਾਂਦੇ ਸਨ। ਇਸ ਤਰ੍ਹਾਂ ਪ੍ਰਵਾਸ ਸਹਿਜ ਸੁਭਾਅ ਆਪਣੀ ਚਾਲੇ ਚੱਲਦਾ ਰਿਹਾ ਹੈ।

19ਵੀਂ ਸਦੀ ਦੇ ਅੰਤ ਅਤੇ 20ਵੀਂ ਸਦੀ ਦੇ ਸ਼ੁਰੂ ਵਿੱਚ ਬਹੁਤ ਸਾਰੇ ਹਿੰਦੀ ਲੋਕ ਵਿਸ਼ੇਸ਼ ਕਰਕੇ ਪੰਜਾਬੀ ਪ੍ਰਵਾਸ ਕਰਕੇ ਬਾਹਰਲੇ ਮੁਲਕਾਂ ਮਲਾਇਆ, ਚੀਨ, ਕੈਨੇਡਾ ਅਤੇ ਅਮਰੀਕਾ ਆਦਿ ਵਿੱਚ ਗਏ। ਉਸ ਸਮੇਂ ਦੇ ਹੋਏ ਪ੍ਰਵਾਸ ਨੂੰ ਜਾਨਣ ਲਈ ਗਦਰ ਲਹਿਰ ਨਾਲ ਸੰਬੰਧਤ ਪੁਸਤਕਾਂ ਤੋਂ ਚੋਖੀ ਜਾਣਕਾਰੀ ਮਿਲਦੀ ਹੈ । ਸਾਡੇ ਗਦਰੀ ਬਾਬੇ ਵੀ ਚੰਗੇ ਰੁਜ਼ਗਾਰ ਦੀ ਤਲਾਸ਼ ਵਿੱਚ ਹੀ ਕੈਨੇਡਾ, ਅਮਰੀਕਾ ਜਹੇ ਦੇਸ਼ਾਂ ਵੱਲ ਗਏ ਸਨ। ਉਥੋਂ ਦੇ ਮੂਲ ਨਾਗਰਿਕਾਂ ਦੁਆਰਾ ਉਹਨਾਂ ਨਾਲ ਕੀਤੇ ਅਸਹਿਣਯੋਗ ਵਰਤਾਰੇ ਨੇ ਉਹਨਾਂ ਨੂੰ ਪੱਕੇ ਦੇਸ ਭਗਤ ਬਣਾ ਦਿੱਤਾ ਅਤੇ ਉਹ ਦੇਸ਼ ਭਗਤ ਬਾਬੇ ਭਾਰਤ ਵਿੱਚ ਲੁੱਟ-ਖਸੁੱਟ ਰਹਿਤ ਸਮਾਜ ਸਿਰਜਣ ਲਈ ਦੇਸ ਵਾਸੀਆਂ ਨੂੰ ਲਾਮਬੰਦ ਕਰਨ ਲੱਗ ਪਏ। ਭਾਵੇਂ 1947 ਵਿੱਚ ਦੇਸ ਆਜਾਦ ਹੋ ਗਿਆ, ਪਰ ਉਹਨਾਂ ਗਦਰੀ ਬਾਬਿਆਂ ਦੇ ਸੁਪਨਿਆਂ ਦਾ ਭਾਰਤ ਨਾ ਸਿਰਜਿਆ ਜਾ ਸਕਿਆ।

ਸ਼ੁਰੂ ਵਿੱਚ ਪੰਜਾਬ ਦੇ ਦੁਆਬਾ ਖੇਤਰ ਦੇ ਲੋਕ ਵਧੇਰੇ ਬਾਹਰਲੇ ਦੇਸ਼ਾਂ ਨੂੰ ਜਾਂਦੇ ਸਨ, ਪਰ ਹੁਣ ਤਾਂ ਮਾਝਾ, ਮਾਲਵਾ, ਪੁਆਧ, ਗੱਲ ਕੀ ਸਾਰੇ ਪੰਜਾਬ ਦੇ ਲੋਕ ਵੱਡੀ ਗਿਣਤੀ ਵਿੱਚ ਪਰਵਾਸ ਕਰ ਰਹੇ ਹਨ । ਪਹਿਲਾਂ ਵੀ ਲੋਕ ਉਚੇਰੀ ਪੜ੍ਹਾਈ ਕਰਨ ਲਈ ਵਿਦੇਸ਼ਾਂ ਵਿੱਚ ਜਾਂਦੇ ਰਹੇ ਹਨ, ਪਰ ਉਹ ਉੱਥੋਂ ਡਿਗਰੀਆਂ ਲੈ ਕੇ ਆਪਣੇ ਦੇਸ਼ ਵਿੱਚ ਸੈੱਟ ਹੋਣ ਨੂੰ ਤਰਜੀਹ ਦਿੰਦੇ ਸਨ। ਪੁਰਾਣੇ ਸਮਿਆਂ ਵਿੱਚ ਪੰਜਾਬ ਵਿੱਚ ਖੇਤੀ ਨੂੰ ਬਹੁਤ ਉੱਤਮ ਕਿੱਤਾ ਸਮਝਿਆ ਜਾਂਦਾ ਸੀ ਅਤੇ ਇਹ ਕਹਾਵਤ ਆਮ ਪ੍ਰਚੱਲਤ ਸੀ, ਉੱਤਮ ਖੇਤੀ ਮੱਧਮ ਵਪਾਰ, ਨਖਿਧ ਨੌਕਰੀ (ਚਾਕਰੀ) ਭੀਖ ਦੁਆਰ। ਪਰ ਹੁਣ ਖੇਤੀ ਕਿੱਤਾ ਵੀ ਲਾਹੇਵੰਦ ਨਹੀਂ ਰਿਹਾ। ਹੁਣ ਪੰਜਾਬ ਦੇ ਪੇਂਡੂ ਇਲਾਕਿਆਂ ਦੇ ਲੋਕ ਵੱਡੀ ਗਿਣਤੀ ਵਿੱਚ ਜ਼ਮੀਨਾਂ-ਜਾਇਦਾਦਾਂ ਵੇਚ ਕੇ ਵਿਦੇਸ਼ਾਂ ਵਿੱਚ ਪੱਕੇ ਤੌਰ 'ਤੇ ਸੈੱਟ ਹੋਣ ਲਈ ਯਤਨਸ਼ੀਲ ਹਨ । ਇਸ ਦੇ ਬਹੁਤ ਸਾਰੇ ਕਾਰਨ ਹਨ। ਸਾਡੇ ਦੇਸ਼ ਵਿੱਚ ਪੜ੍ਹੇ-ਲਿਖੇ ਯੁਵਕਾਂ ਨੂੰ ਉਹਨਾਂ ਦੀ ਯੋਗਤਾ ਮੁਤਾਬਿਕ ਰੁਜ਼ਗਾਰ ਨਹੀਂ ਮਿਲਦਾ, ਸਾਡੀਆਂ ਸਰਕਾਰਾਂ ਇਸ ਮਾਮਲੇ ਵਿੱਚ ਅਸਫਲ ਰਹੀਆਂ ਹਨ ।

ਅਜੋਕੇ ਦੌਰ ਵਿੱਚ ਪਰਵਾਸ ਦੇਸ਼ਾਂ ਦੇ ਅੰਦਰ ਇੱਕ ਸੂਬੇ ਤੋਂ ਦੂਜੇ ਸੂਬੇ ਵੱਲ, ਇੱਕ ਦੇਸ਼ ਤੋਂ ਦੂਸਰੇ ਦੇਸ਼ ਵੱਲ ਅਤੇ ਇੱਕ ਮਹਾਂਦੀਪ ਤੋਂ ਦੂਜੇ ਮਹਾਂਦੀਪ ਵੱਲ ਹੋ ਰਿਹਾ ਹੈ। ਵਧੇਰੇ ਪਰਵਾਸ ਮਜਬੂਰੀਵੱਸ ਹੋ ਰਿਹਾ ਹੈ, ਭਾਵੇਂ ਸਰਕਾਰਾਂ ਵੱਲੋਂ ਗਲੋਬਲ ਪਿੰਡ ਬਣਨ ਦੇ ਚਰਚੇ ਕੀਤੇ ਜਾਂਦੇ ਹਨ। ਸਮਾਜਿਕ ਢਾਂਚੇ ਨੂੰ ਬਦਲਣ ਦੀ ਲੋੜ ਹੈ। ਇੱਥੋਂ ਦੇ ਲੋਕਾਂ ਨੂੰ ਜੇ ਇੱਥੇ ਢੁਕਵਾਂ ਰੁਜ਼ਗਾਰ ਅਤੇ ਢੁਕਵੀਆਂ ਉਜਰਤਾਂ ਮਿਲਣ ਤਾਂ ਪ੍ਰਵਾਸ ਨੂੰ ਠੱਲ੍ਹ ਪਾਈ ਜਾ ਸਕਦੀ ਹੈ।

ਜਦੋਂ ਤੋਂ ਪੰਜਾਬ ਵਿੱਚ ਕਣਕ-ਝੋਨੇ ਦੇ ਫਸਲੀ ਚੱਕਰ ਦਾ ਪ੍ਰਚਲਨ ਹੋਇਆ ਹੈ, ਉਦੋਂ ਤੋਂ ਯੂ.ਪੀ.-ਬਿਹਾਰ ਦੀ ਲੇਬਰ ਵੱਡੀ ਗਿਣਤੀ ਵਿੱਚ ਪੰਜਾਬ ਆਉਣੀ ਸ਼ੁਰੂ ਹੋਈ। ਕੁਝ ਮਜ਼ਦੂਰ ਤਾਂ ਸੀਜ਼ਨ ਖਤਮ ਹੋਣ ਪਿੱਛੋਂ ਆਪਣੇ ਪਿਤਰੀ ਸੂਬਿਆਂ ਨੂੰ ਪਰਤ ਜਾਂਦੇ ਰਹੇ, ਪਰ ਕੁਝ ਨੇ ਪੱਕੇ ਤੌਰ 'ਤੇ ਆਪਣਾ ਵਸੇਬਾ ਪੰਜਾਬ ਵਿੱਚ ਹੀ ਬਣਾਉਣਾ ਸ਼ੁਰੂ ਕਰ ਦਿੱਤਾ। ਹੌਲੀ- ਹੌਲੀ ਉਹਨਾਂ ਨੇ ਆਪਣੇ ਪਰਵਾਰਕ ਜੀ ਅਤੇ ਹੋਰ ਰਿਸ਼ਤੇਦਾਰ ਵੀ ਬੁਲਾਉਣੇ ਸ਼ੁਰੂ ਕਰ ਲਏ। ਇਸ ਤਰ੍ਹਾਂ ਪ੍ਰਵਾਸੀ ਲੋਕਾਂ ਦੀ ਇੱਕ ਵੱਡੀ ਆਬਾਦੀ ਪੰਜਾਬ ਵਿੱਚ ਰਹਿਣ ਲੱਗ ਪਈ। ਫਿਰ ਜਦ ਮਸ਼ੀਨੀ ਦੌਰ ਸ਼ੁਰੂ ਹੋ ਗਿਆ ਅਤੇ ਕਿਸਾਨੀ ਨੂੰ ਘੱਟ ਮਜ਼ਦੂਰਾਂ ਦੀ ਜ਼ਰੂਰਤ ਰਹਿ ਗਈ ਤਾਂ ਬਾਹਰਲੇ ਸੂਬਿਆਂ ਉੱਤਰ ਪ੍ਰਦੇਸ਼, ਬਿਹਾਰ, ਰਾਜਸਥਾਨ ਅਤੇ ਕੁਝ ਹੋਰ ਸੂਬਿਆਂ ਦੇ ਲੋਕ ਪੰਜਾਬ ਵਿੱਚ ਰੇਹੜੀਆਂ-ਫੜ੍ਹੀਆਂ ਅਤੇ ਹੋਰ ਛੋਟੇ-ਮੋਟੇ ਮਿਹਨਤ-ਮਜ਼ਦੂਰੀ ਵਾਲੇ ਕੰਮ ਕਰਨ ਲੱਗ ਪਏ। ਪੰਜਾਬ ਵਿੱਚ ਆੜ੍ਹਤਾਂ ਦੀਆਂ ਦੁਕਾਨਾਂ 'ਤੇ ਵੀ ਵਧੇਰੇ ਪ੍ਰਵਾਸੀ ਮਜ਼ਦੂਰ ਕੰਮ ਕਰਦੇ ਹਨ। ਲੁਧਿਆਣਾ ਦੀ ਹੌਜ਼ਰੀ ਸਨਅਤ ਵਿੱਚ ਬਾਹਰੀ ਸੂਬਿਆਂ ਦੇ ਲੋਕ ਵੱਡੀ ਗਿਣਤੀ ਵਿੱਚ ਨੌਕਰੀਆਂ ਕਰਦੇ ਹਨ। ਕਸ਼ਮੀਰੀ ਲੋਕ ਸਿਆਲ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਸੁੱਕੇ ਮੇਵੇ , ਕੋਟੀਆਂ, ਗਰਮ ਸ਼ਾਲ ਅਤੇ ਹੋਰ ਕਸ਼ਮੀਰੀ ਸਾਮਾਨ ਵੇਚਦੇ ਪੰਜਾਬ ਦੇ ਪਿੰਡਾਂ, ਸ਼ਹਿਰਾਂ ਵਿੱਚ ਅਕਸਰ ਨਜਰ ਪੈਂਦੇ ਹਨ, ਜਿਨ੍ਹਾਂ ਨੂੰ ਲੋਕ ਰਾਸੇ ਸੱਦਦੇ ਹਨ। ਪੰਜਾਬ ਵਿੱਚ ਸਨਅਤੀ ਇਕਾਈਆਂ ਨਾ ਹੋਣ ਦੇ ਬਰਾਬਰ ਹਨ ਅਤੇ ਕੁਝ ਕਾਰੋਬਾਰੀ ਅੱਤਵਾਦ ਦੇ ਕਾਲੇ ਦੌਰ ਦੌਰਾਨ ਇੱਥੋਂ ਆਪਣਾ ਕਾਰੋਬਾਰ ਸਮੇਟ ਕੇ ਹੋਰ ਸੂਬਿਆਂ ਵਿੱਚ ਚਲੇ ਗਏ। ਪੰਜਾਬ ਜੋ ਕਦੇ ਵਿਕਾਸ ਦੇ ਪੱਖ ਤੋਂ ਪਹਿਲੇ ਨੰਬਰ 'ਤੇ ਸੀ, ਹੁਣ ਪੱਛੜ ਕੇ 17ਵੇਂ ਨੰਬਰ 'ਤੇ ਚਲਾ ਗਿਆ ਹੈ। ਪੰਜਾਬ ਦੇ ਨੌਜਵਾਨ ਨੋਇਡਾ, ਸੋਨੀਪਤ, ਪਾਣੀਪਤ, ਹੈਦਰਾਬਾਦ, ਚੇਨਈ, ਗੁੜਗਾਵਾਂ (ਗੁਰੂਗ੍ਰਾਮ), ਦਿੱਲੀ ਵਰਗੇ ਸ਼ਹਿਰਾਂ ਵੱਲ ਰੁਜ਼ਗਾਰ ਖਾਤਰ ਆਪਣਾ ਰੁਖ ਕਰ ਗਏ ਅਤੇ ਕੁਝ ਉਥੇ ਹੀ ਪੱਕੇ ਤੌਰ 'ਤੇ ਸੈੱਟ ਹੋ ਗਏ। ਇਹ ਦੇਸ ਅੰਦਰ ਇੱਕ ਤਰ੍ਹਾਂ ਦਾ ਪ੍ਰਵਾਸ ਹੀ ਹੈ, ਪਰ ਕਈ ਵਾਰ ਇੱਕ ਸੂਬੇ ਦੇ ਲੋਕਾਂ ਨੂੰ ਦੂਸਰੇ ਸੂਬੇ ਵਿੱਚ ਰਹਿਣ ਸਮੇਂ, ਉਥੋਂ ਦੇ ਮੂਲ ਨਿਵਾਸੀਆਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਵਾਰ ਖੂਨੀ ਝੜਪਾਂ ਵੀ ਦੇਖਣ ਵਿੱਚ ਆਉਂਦੀਆਂ ਹਨ। ਵਿਦੇਸ਼ ਪਰਵਾਸ ਕਰਕੇ ਗਏ ਲੋਕਾਂ ਨੂੰ ਵੀ ਉਥੋਂ ਦੇ ਮੂਲ ਨਿਵਾਸੀਆਂ ਤੋਂ ਕਈ ਵਾਰ ਇਸ ਤਰ੍ਹਾਂ ਦੀਆਂ ਕਠਿਨਾਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਪਿਛਲੇ ਲੱਗਭੱਗ ਵੀਹ-ਪੰਝੀ ਸਾਲਾਂ ਤੋਂ ਪੰਜਾਬੀ ਵਿਦਿਆਰਥੀਆਂ ਵਿੱਚ ਪੱਛਮ ਦੇ ਦੇਸ਼ਾਂ ਵਿੱਚ ਜਾ ਕੇ ਵਿੱਦਿਆ ਪ੍ਰਾਪਤ ਕਰਨ ਦੇ ਰੁਝਾਨ ਵਿੱਚ ਚੋਖਾ ਵਾਧਾ ਹੋਇਆ ਹੈ। ਪਿਛਲੇ ਕੁਝ ਸਾਲਾਂ ਤੋਂ ਤਾਂ ਪੰਜਾਬ ਦੇ ਵਿਦਿਆਰਥੀ ਪਲੱਸ ਟੂ ਕਰਨ ਤੋਂ ਬਾਅਦ ਹੀ ਪੱਛਮੀ ਦੇਸ਼ਾਂ ਵਿੱਚ ਵਿੱਦਿਆ ਪ੍ਰਾਪਤੀ ਲਈ ਜਾਣ ਲੱਗ ਪਏ ਹਨ। ਅਸਲ ਵਿੱਚ ਬਹੁਤੇ ਵਿਦਿਆਰਥੀ ਪੜ੍ਹਾਈ ਦੀ ਓਟ ਲੈ ਕੇ ਬਾਹਰਲੇ ਮੁਲਕ ਚਲੇ ਜਾਂਦੇ ਹਨ, ਪਰ ਉਹਨਾਂ ਦਾ ਅਸਲ ਮਕਸਦ ਕਿਸੇ ਨਾ ਕਿਸੇ ਤਰੀਕੇ ਉੱਥੇ ਪੱਕੇ ਤੌਰ 'ਤੇ ਵਸੇਬਾ ਕਰਨਾ ਹੀ ਹੈ। ਭਾਵੇਂ ਹੁਣ ਅਮਰੀਕੀ ਰਾਸ਼ਟਰਪਤੀ ਟਰੰਪ ਦੀ ਕਾਰਵਾਈ, ਆਸਟਰੇਲੀਆ ਸਰਕਾਰ ਅਤੇ ਕੈਨੇਡਾ ਸਰਕਾਰ ਦੀਆਂ ਆਵਾਸੀਆਂ ਨੂੰ ਰੋਕਣ ਦੀਆਂ ਨੀਤੀਆਂ ਕਾਰਨ ਭਾਰਤੀਆਂ ਖਾਸ ਕਰਕੇ ਪੰਜਾਬੀਆਂ ਦੀ ਵਿਦੇਸ਼ ਜਾਣ ਦੀ ਨਫਰੀ ਵਿੱਚ ਕੁਝ ਕਮੀ ਦੇਖਣ ਨੂੰ ਮਿਲ ਰਹੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਰਿਪੋਰਟ ਅਨੁਸਾਰ 2016 ਤੋਂ 2021 ਦੇ ਪੰਜ ਸਾਲਾਂ ਦੌਰਾਨ ਪੰਜਾਬ ਵਿੱਚੋਂ 10 ਲੱਖ ਦੇ ਲੱਗਭੱਗ ਲੋਕ ਬਾਹਰਲੇ ਮੁਲਕਾਂ ਨੂੰ ਗਏ ਹਨ। ਅੰਕੜਿਆਂ ਅਨੁਸਾਰ ਸਾਲ 2014 ਤੋਂ ਲੈ ਕੇ ਜੁਲਾਈ 2024 ਤੱਕ 88 ਲੱਖ 17 ਹਜ਼ਾਰ 286 ਪੰਜਾਬੀਆਂ ਵੱਲੋਂ ਆਪਣੇ ਪਾਸਪੋਰਟ ਬਣਾਏ ਗਏ। ਇਕੱਲੇ ਸਾਲ 2018 ਵਿੱਚ ਪੰਜਾਬ ਵਿਚ 10.70 ਲੱਖ ਪਾਸਪੋਰਟ ਬਣੇ। 2023 ਵਿੱਚ ਰਿਕਾਰਡ ਤੋੜ 11. 94 ਲੱਖ ਪਾਸਪੋਰਟ ਬਣੇ। ਹੈਰਾਨੀਜਨਕ ਅੰਕੜੇ ਹਨ ਕਿ ਪੰਜਾਬ ਵਿੱਚ ਹਰ ਘੰਟੇ 400 ਤੋਂ ਵੱਧ ਪਾਸਪੋਰਟ ਬਣ ਰਹੇ ਹਨ। ਪੰਜਾਬ ਦੇ ਔਸਤਨ ਹਰ ਤੀਜੇ ਵਿਅਕਤੀ ਕੋਲ ਪਾਸਪੋਰਟ ਹੈ। ਉਹ ਵਿਦੇਸ਼ ਦੀ ਉਡਾਰੀ ਮਾਰਨ ਦੀ ਤਾਕ ਵਿੱਚ ਹੈ। ਵਧੇਰੇ ਪੰਜਾਬੀ ਨੌਜਵਾਨ ਅਮਰੀਕਾ, ਕੈਨੇਡਾ, ਯੂ ਕੇ, ਆਸਟਰੇਲੀਆ ਅਤੇ ਨਿਊਜ਼ੀਲੈਂਡ ਵਰਗੇ ਦੇਸ਼ਾਂ ਵਿੱਚ ਆਪਣਾ ਵਸੇਬਾ ਕਰਨਾ ਪਸੰਦ ਕਰਦੇ ਹਨ। ਉੱਥੇ ਪੱਕੇ ਤੌਰ 'ਤੇ ਵਸਣ ਪਿੱਛੋਂ ਉਹ ਭਾਰਤੀ ਨਾਗਰਿਕਤਾ ਤਿਆਗ ਦਿੰਦੇ ਹਨ। ਜਦੋਂ ਭਾਰਤੀ ਕਿਸੇ ਹੋਰ ਦੇਸ਼ ਦੀ ਪੱਕੀ ਨਾਗਰਿਕਤਾ ਹਾਸਿਲ ਕਰ ਲੈਂਦੇ ਹਨ ਤਾਂ ਉਹਨਾਂ ਨੂੰ ਆਪਣਾ ਭਾਰਤੀ ਪਾਸਪੋਰਟ ਵਾਪਸ ਕਰਨਾ ਪੈਂਦਾ ਹੈ। 10 ਅਗਸਤ 2023 ਨੂੰ ਭਾਰਤ ਸਰਕਾਰ ਨੇ ਰਾਜ ਸਭਾ ਵਿੱਚ 2014 ਤੋਂ 2022 ਤੱਕ ਪਾਸਪੋਰਟ ਸਰੰਡਰ ਕਰਨ ਵਾਲੇ ਲੋਕਾਂ ਬਾਰੇ ਸੂਬਿਆਂ ਅਨੁਸਾਰ ਜਾਣਕਾਰੀ ਦਿੱਤੀ ਸੀ। ਪਹਿਲੇ ਨੰਬਰ 'ਤੇ ਦਿੱਲੀ, ਦੂਸਰੇ ਨੰਬਰ 'ਤੇ ਪੰਜਾਬ ਅਤੇ ਤੀਸਰੇ ਨੰਬਰ 'ਤੇ ਗੁਜਰਾਤ ਦਾ ਸਥਾਨ ਸੀ। ਅੰਕੜਿਆਂ ਮੁਤਾਬਕ ਦਿੱਲੀ ਦੇ 60414 ਵਸਨੀਕਾਂ ਨੇ ਆਪਣੇ ਪਾਸਪੋਰਟ ਵਾਪਸ ਕੀਤੇ ਸਨ ਅਤੇ ਉਹ ਪਾਸਪੋਰਟ ਸਰੈਂਡਰ ਕਰਨ ਵਾਲਿਆਂ ਵਿੱਚੋਂ ਪਹਿਲੇ ਸਥਾਨ 'ਤੇ ਸੀ। ਪੰਜਾਬ ਦੇ 28117 ਲੋਕਾਂ ਨੇ ਆਪਣੇ ਪਾਸਪੋਰਟ ਵਾਪਸ ਕੀਤੇ ਸਨ ਅਤੇ ਉਹ ਪਾਸਪੋਰਟ ਵਾਪਸ ਕਰਨ ਵਾਲਿਆਂ ਵਿੱਚੋਂ ਦੂਜੇ ਨੰਬਰ 'ਤੇ ਸਨ।

ਨੌਜਵਾਨ ਵਰਗ ਦੇ ਵਿਦੇਸ਼ ਜਾਣ ਦੇ ਰੁਝਾਨ ਕਾਰਨ ਦੇਸ਼ ਦਾ ਅਰਬਾਂ-ਖਰਬਾਂ ਰੁਪਈਆ ਵਿਦੇਸ਼ਾਂ ਵਿੱਚ ਚਲਿਆ ਜਾਂਦਾ ਹੈ। ਆਪਣੇ ਪੁੱਤਰ-ਧੀਆਂ ਦੇ ਪਿੱਛੇ ਬਿਰਧ ਮਾਪਿਆਂ ਨੂੰ ਵੀ ਨਾ ਚਾਹੁੰਦਿਆਂ ਹੋਇਆਂ ਵੀ ਵਿਦੇਸ਼ਾਂ ਵੱਲ ਰੁਖ ਕਰਨਾ ਪੈਂਦਾ ਹੈ। ਵਿਦੇਸ਼ ਦੀ ਧਰਤੀ 'ਤੇ ਉਹਨਾਂ ਦਾ ਮਨ ਨਹੀਂ ਲੱਗਦਾ, ਉਹ ਉਪਰਾਮ ਰਹਿੰਦੇ ਹਨ। ਉਹ ਆਪਣੇ-ਆਪ ਨੂੰ ਠੱਗਿਆ-ਠੱਗਿਆ ਮਹਿਸੂਸ ਕਰਦੇ ਹਨ। ਸਰਕਾਰਾਂ ਨੂੰ ਪਰਵਾਸ ਦੇ ਵਰਤਾਰੇ ਨੂੰ ਠੱਲ ਪਾਉਣ ਲਈ ਸੁਹਿਰਦ ਯਤਨ ਕਰਨੇ ਚਾਹੀਦੇ ਹਨ।

**# ਸੰਪਰਕ : 97812-00168**

## 'ਯੁੱਧ ਨਸ਼ਿਆਂ ਵਿਰੁੱਧ' ਪੰਜਾਬ ਸਰਕਾਰ ਦੀ ਸ਼ਲਾਘਾਯੋਗ ਪਹਿਲ

ਹਾਲ ਹੀ ਵਿੱਚ ਪੰਜਾਬ ਸਰਕਾਰ ਵੱਲੋਂ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ । ਪੰਜਾਬ ਸਰਕਾਰ ਵੱਲੋਂ ਇੱਕ ਵਾਰ ਫਿਰ ਨਸ਼ਿਆਂ ਵਿਰੁੱਧ ਜੰਗ ਛੇੜ ਦਿੱਤੀ ਗਈ ਹੈ। ਹਾਲਾਂਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ 2022 ਦੀਆਂ ਵਿਧਾਨ ਸਭਾ ਚੋਣਾਂ ਵੇਲੇ 'ਆਪ' ਵੱਲੋਂ ਐਲਾਨ ਕੀਤਾ ਗਿਆ ਸੀ ਕਿ ਕੁਝ ਮਹੀਨਿਆਂ ਵਿੱਚ ਹੀ ਨਸ਼ਾ ਖਤਮ ਕਰ ਦਿੱਤਾ ਜਾਵੇਗਾ । ਹਾਲਾਂਕਿ ਬਹੁਤ ਕੁਝ ਕੀਤਾ ਵੀ ਗਿਆ, ਪਰ ਨਸ਼ੇ ਦੀ ਸਮੱਸਿਆ ਦਾ ਨਿਪਟਾਰਾ ਨਹੀਂ ਹੋ ਸਕਿਆ। 1 ਮਾਰਚ 2025 ਤੋਂ ਸ਼ੁਰੂ ਕੀਤੀ ਗਈ ਨਸ਼ਾ ਵਿਰੋਧੀ ਮੁਹਿੰਮ ਤਹਿਤ ਪੂਰੇ ਪੰਜਾਬ ਵਿੱਚ 2000 ਤੋਂ ਵੱਧ ਐੱਫ ਆਈ ਆਰ ਦਰਜ ਕੀਤੀਆਂ ਗਈਆਂ ਤੇ 4000 ਤੋਂ ਵੱਧ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਵੀ ਕੀਤਾ ਗਿਆ । ਨਸ਼ਾ ਤਸਕਰਾਂ ਕੋਲੋਂ 85 ਕਿਲੋਗ੍ਰਾਮ ਅਫ਼ੀਮ, 146 ਕਿਲੋਗ੍ਰਾਮ ਹੈਰੋਇਨ, 5 ਲੱਖ ਤੋਂ ਵੱਧ ਨਸ਼ੀਲੀਆਂ ਗੋਲੀਆਂ, ਕੈਪਸੂਲ, ਪੰਜ ਕਰੋੜ ਤੋਂ ਵੱਧ ਡਰੱਗ ਮਨੀ ਵੀ ਬਰਾਮਦ ਕੀਤੀ ਗਈ । ਡੀ ਜੀ ਪੀ ਰਾਹੀਂ ਖੁਲਾਸਾ ਵੀ ਕੀਤਾ ਗਿਆ ਕਿ ਆਉਣ ਵਾਲੇ ਦਿਨਾਂ ਵਿੱਚ ਵੱਡੀਆਂ ਮੱਛੀਆਂ ਦਾ ਪਿੱਛਾ ਕਰਕੇ ਸਖ਼ਤ ਕਾਰਵਾਈ ਕੀਤੀ ਜਾਵੇਗੀ । ਐੱਸ ਐੱਸ ਪੀਜ਼ ਨੂੰ ਸਖ਼ਤ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਨਸ਼ਾ ਤਸਕਰਾਂ ਦੀ ਪੜਤਾਲ ਕਰਕੇ ਲਿਸਟ ਜਾਰੀ ਕਰੋ, ਸਰਕਾਰ ਵੱਲੋਂ ਨਸ਼ੇ ਦੀ ਸਪਲਾਈ ਕਰਕੇ ਪੈਸੇ ਨਾਲ ਬਣਾਈਆਂ ਗਈਆਂ ਕੋਠੀਆਂ 'ਤੇ ਵੀ ਪੀਲਾ ਪੰਜਾ ਚਲਾਇਆ ਗਿਆ ।ਸ਼ਹਿਰੀ ਖੇਤਰਾਂ 'ਚ ਮੁਹੱਲਾ ਕਮੇਟੀਆਂ ਨਸ਼ਾ ਤਸਕਰਾਂ 'ਤੇ ਨਜ਼ਰ ਰੱਖਣਗੀਆਂ।

ਚਿੱਟਾ ਪਤਾ ਨਹੀਂ ਪੰਜਾਬ ਵਿੱਚ ਕਿਥੋਂ ਆ ਗਿਆ ਹੈ, ਪੰਜਾਬ ਦੀ ਨੌਜਵਾਨੀ ਖ਼ਤਮ ਕਰ ਰਿਹਾ ਹੈ। ਪੰਜਾਬ ਦਾ ਅਰਥ ਹੈ ਪੰਜ ਦਰਿਆਵਾਂ ਦੀ ਧਰਤੀ । ਗੁਰੂਆਂ, ਪੀਰਾਂ, ਪੈਗੰਬਰਾਂ ਦੀ ਧਰਤੀ ਨੂੰ ਪਤਾ ਨਹੀਂ ਕਿਸ ਚੰਦਰੇ ਨੇ ਕਲੰਕਿਤ ਕਰ ਦਿੱਤਾ ਹੈ। ਕੋਈ ਸਮਾਂ ਹੁੰਦਾ ਸੀ, ਜਦੋਂ ਪੰਜਾਬ ਦੀ ਨੌਜਵਾਨੀ ਖੇਤਾਂ ਵਿੱਚ ਆਪ ਹੀ ਕੰਮ ਕਰਦੀ ਸੀ ।ਘਰ ਦੇ ਬਣੇ ਦੁੱਧ, ਦਹੀਂ, ਪਨੀਰ ,ਖੋਆ, ਲੱਸੀ ਹੀ ਸਿਹਤ ਲਈ ਗੁਣਕਾਰੀ ਹੁੰਦਾ ਸੀ। ਨੌਜਵਾਨਾਂ ਦੇ ਚਿਹਰੇ ਤੋਂ ਨੂਰ ਟਪਕਦਾ ਸੀ।ਛੇ ਫੁੱਟ ਦੇ ਚਿੱਟੇ ਚਾਦਰੇ ਬੰਨ੍ਹਣ ਵਾਲੇ ਨੌਜਵਾਨ ਖਿੱਚ ਦਾ ਕੇਂਦਰ ਬਣਦੇ ਸਨ। ਸਮਾਂ ਬਦਲਿਆ, ਗੁਆਂਢੀ ਸਰਹੱਦ ਪਾਕਿਸਤਾਨ ਤੋਂ ਆਇਆ ਇਹ ਚਿੱਟਾ ਪੰਜਾਬ ਵਿੱਚ ਹੁਣ ਪੈਰ ਪਸਾਰ ਗਿਆ ਹੈ। ਘਰਾਂ ਵਿੱਚ ਸੱਥਰ ਵਿੱਛ ਚੁੱਕੇ ਹਨ। ਚਾਰ ਮਹੀਨੇ ਪਹਿਲਾਂ ਪੰਜਾਬ ਵਿੱਚ ਆਪ ਸਰਕਾਰ ਵੱਲੋਂ ਨਸ਼ਿਆਂ 'ਤੇ ਨਕੇਲ ਕੱਸਣ ਲਈ ਸੂਬੇ ਵਿੱਚ ਤਲਾਸ਼ੀ ਮੁਹਿੰਮ ਚਲਾਈ ਗਈ। ਕੁੱਝ ਕੁ ਨਸ਼ਾ ਤਸਕਰਾਂ ਨੂੰ ਫੜਿਆ ਵੀ ਗਿਆ ਤੇ ਸੁਣਨ ਵਿੱਚ ਵੀ ਆਇਆ ਕਿ ਕੁਝ ਨਸ਼ੇ ਦੇ ਸੌਦਾਗਰ ਘਰ ਨੂੰ ਤਾਲਾ ਲਗਾ ਕੇ ਫਰਾਰ ਹੋ ਗਏ। ਸੋਚਣ ਵਾਲੀ ਗੱਲ ਹੈ ਕਿ ਜੇ ਪੁਲਸ ਪ੍ਰਸ਼ਾਸਨ ਨਸ਼ਿਆਂ ਦੇ ਖਿਲਾਫ ਸਖ਼ਤ ਕਦਮ ਚੁੱਕੇਗਾ, ਤਾਂ ਆਪਣੇ ਆਪ ਹੀ ਨਸ਼ਿਆਂ ਦੀਆਂ ਜੜ੍ਹਾਂ ਪੁੱਟੀਆਂ ਜਾਣਗੀਆਂ। ਸਰਹੱਦੀ ਮੁਲਕਾਂ ਦੇ ਆਲ੍ਹਾ ਅਧਿਕਾਰੀਆਂ ਨੂੰ ਆਪਸੀ ਤਾਲਮੇਲ ਬਣਾ ਕੇ ਨਸ਼ਿਆਂ ਦੀ ਸਮਗਲਿੰਗ ਨੂੰ ਰੋਕਿਆ ਜਾ ਸਕਦਾ ਹੈ। ਦੇਸ਼ ਦਾ ਭਵਿੱਖ ਬਚਾਉਣ ਲਈ ਸਰਕਾਰਾਂ, ਆਮ ਜਨਤਾ, ਸਿਆਸਤਦਾਨਾਂ ਨੂੰ ਆਪਣੀ ਜ਼ਿੰਮੇਵਾਰੀ ਇਮਾਨਦਾਰੀ ਨਾਲ ਨਿਭਾਉਣੀ ਚਾਹੀਦੀ ਹੈ । ਪੁਲਸ ਦੇ ਉੱਚ ਅਧਿਕਾਰੀਆਂ ਵੱਲੋਂ ਸੂਬੇ ਦੇ ਨਾਗਰਿਕਾਂ ਦਾ ਧੰਨਵਾਦ ਵੀ ਕੀਤਾ ਗਿਆ ਤੇ ਹਰ ਇੱਕ ਨਾਗਰਿਕ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਪੰਜਾਬ ਪੁਲਸ ਨੂੰ ਪੂਰਾ ਸਹਿਯੋਗ ਕਰੇ।

**-ਸੰਜੀਵ ਸਿੰਘ ਸੈਣੀ, ਮੋਹਾਲੀ 78889-66168**

5-MAY-PAGE-5.qxd 5/4/2025 8:39 PM Page 1



# ਗੁਰੂਆਂ, ਪੀਰਾਂ ਦੀ ਧਰਤੀ ਨੂੰ ਨਸ਼ਾ ਮੁਕਤ ਕਰਨਾ ਸਰਕਾਰ ਦੀ ਮੁੱਖ ਤਰਜੀਹ : ਅਮਨ ਅਰੋੜਾ

## ਕਿਸਾਨੀ, ਜਵਾਨੀ ਤੇ ਪਾਣੀਆਂ ਨੂੰ ਬਚਾਉਣਾ ਸਰਕਾਰ ਦਾ ਮੁੱਢਲਾ ਫਰਜ਼ : ਖੁੱਡੀਆਂ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਮੁੱਖ ਮੰਤਰੀ ਪੰਜਾਬ ਸ੍. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਸਾਡੀ ਗੁਰੂਆਂ, ਪੀਰਾਂ, ਪੈਗੰਬਰਾਂ ਦੀ ਧਰਤੀ ਨੂੰ ਨਸ਼ਾ ਮੁਕਤ ਕਰਨ ਲਈ ਮੁੱਖ ਤਰਜੀਹ ਦੇ ਰਹੀ ਹੈ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾਂ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਇਥੇ ਕੁਈਨਜ਼ ਲੈਂਡ ਪੈਲੇਸ ਵਿਖੇ 'ਯੁੱਧ ਨਸ਼ਿਆਂ ਵਿਰੁੱਧ' ਦੇ ਮੱਦੇਨਜ਼ਰ 'ਪਿੰਡਾਂ ਦੇ ਪਹਿਰੇਦਾਰ' ਪ੍ਰੋਗਰਾਮ ਤਹਿਤ ਕਰਵਾਏ ਗਏ ਜ਼ਿਲ੍ਹਾ ਪੱਧਰੀ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਮੌਕੇ ਕੀਤਾ।ਇਸ ਮੌਕੇ ਉਨ੍ਹਾਂ ਨਾਲ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਕਮਿਸ਼ਨਰ ਸ਼ੌਕਤ ਅਹਿਮਦ ਪਰੇ, ਐੱਸ ਐੱਸ ਪੀ ਮੈਡਮ ਅਮਨੀਤ ਕੌਂਡਲ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਤੋਂ ਪਹੁੰਚੇ ਸਰਪੰਚਾਂ, 3556 ਨੁਮਾਇੰਦਿਆਂ ਸਮੇਤ 2232 ਵਿਲੇਜ ਡਿਫੈਂਸ ਕਮੇਟੀ ਦੇ ਮੈਂਬਰਾਂ ਨੂੰ ਨਸ਼ਿਆਂ ਖਿਲਾਫ ਮੁਹਿੰਮ ਜਾਰੀ ਰੱਖਣ ਲਈ ਸਹੁੰ ਵੀ ਚੁਕਾਈ।ਇਸ ਦੌਰਾਨ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਸੂਬੇ ਦਾ ਹਰ ਵਾਸੀ ਚਾਹੁੰਦਾ ਹੈ ਕਿ ਪੰਜਾਬ ਨਸ਼ਾ ਮੁਕਤ ਹੋਵੇ, ਜਿਸ ਨੂੰ ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ ਨੇ ਪ੍ਰਣ ਲੈਂਦਿਆਂ ਨਸ਼ੇ ਖਿਲਾਫ਼ ਵੱਡੀ ਜੰਗ ਸ਼ੁਰੂ ਕਰਕੇ ਅਮਲੀ ਰੂਪ ਦਿੱਤਾ ਹੈ।ਉਨ੍ਹਾਂ ਇਹ ਵੀ ਕਿਹਾ ਕਿ ਸੂਬਾ ਸਰਕਾਰ ਪਿਛਲੇ ਤਿੰਨ ਸਾਲਾਂ ਤੋਂ ਪੰਜਾਬ ਦੀ ਭਲਾਈ ਲਈ ਕ੍ਰਾਂਤੀਕਾਰੀ ਤੇ ਫੈਸਲਾਕੁਨ ਉਪਰਾਲੇ ਕਰ ਰਹੀ ਹੈ।ਇਸ ਦੌਰਾਨ ਉਨ੍ਹਾਂ ਮੁੜ ਦਹਰਾਉਂਦਿਆਂ ਕਿਹਾ ਕਿ ਪੰਜਾਬ ਸਰਕਾਰ ਨਸ਼ੇ ਤੋਂ ਪੀੜਤ ਨੌਜਵਾਨਾਂ ਤੇ ਉਨ੍ਹਾਂ ਦੇ ਮਾਪਿਆਂ ਦੀ ਤਰਾਸਦੀ ਬਾਰੇ ਸੋਚਦਿਆਂ ਨਸ਼ੇ ਖਿਲਾਫ ਵੱਡੀ ਜੰਗ ਤੇ ਨਸ਼ੇ ਦੀ ਚੇਨ ਨੂੰ ਤੋੜਨ ਲਈ ਹਰ ਸੰਭਵ ਯਤਨ ਕਰ ਰਹੀ ਹੈ।ਇਸ ਦੌਰਾਨ ਖੇਤੀਬਾੜੀ ਮੰਤਰੀ ਸ੍. ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਸੂਬਾ ਸਰਕਾਰ ਪੰਜਾਬ ਦੀ ਜਵਾਨੀ, ਕਿਸਾਨੀ ਤੇ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਡੱਟ ਕੇ ਖੜ੍ਹੀ ਹੈ।ਉਨ੍ਹਾਂ ਮੀਡੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਨਹਿਰੀ ਪਾਣੀ ਹਰ ਖੇਤ ਤੱਕ ਪਹੁੰਚਾਉਣ ਲਈ 3500 ਕਰੋੜ ਰੁਪਏ ਰੱਖਿਆ ਗਿਆ ਹੈ।ਉਨ੍ਹਾਂ ਕਿਹਾ ਕਿ ਪੰਜਾਬ 'ਚੋਂ ਨਸ਼ਾ ਮੁਕਤ ਕਰਨ ਲਈ ਹਰ ਪਿੰਡ ਵਿੱਚ ਵਿਲੇਜ ਡਿਫੈਂਸ ਕਮੇਟੀ ਬਣਾਈ ਗਈ ਹੈ।ਇਸ ਤੋਂ ਇਲਾਵਾ ਭਵਿੱਖ ਵਿੱਚ ਪਿੰਡਾਂ 'ਚ ਨਸ਼ਾ ਮੁਕਤੀ ਯਾਤਰਾ ਵੀ ਕੀਤੀ ਜਾਣੀ ਹੈ ਤੇ ਸਭਾਵਾਂ ਕੀਤੀਆਂ ਜਾਣਗੀਆਂ।ਉਨ੍ਹਾਂ ਕਿਹਾ ਕਿ ਇਹ ਮੁਹਿੰਮ ਇਕੱਲੇ ਵਿਅਕਤੀ ਦੀ ਨਹੀਂ ਸਗੋਂ ਪਿੰਡਾਂ, ਸ਼ਹਿਰਾਂ ਦੇ ਹਰ ਬੱਚੇ, ਨੌਜਵਾਨ, ਬਜ਼ੁਰਗ ਦੇ ਸਹਿਯੋਗ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਇਸ ਦੇ ਸਾਰਥਿਕ ਨਤੀਜੇ ਵੀ ਆ ਰਹੇ ਹਨ।ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਨਸ਼ਿਆਂ ਖਿਲਾਫ਼ ਚਲਾਈ ਇਸ ਮੁਹਿੰਮ ਵਿੱਚ ਤੁਹਾਡਾ ਸਾਥ ਵੀ ਬਹੁਤ ਜ਼ਰੂਰੀ ਹੈ ਤਾਂ ਜੋ ਨਸ਼ਿਆਂ ਵਿੱਚ ਗ੍ਰਸਤ ਨੌਜਵਾਨਾਂ ਨੂੰ ਇਸ ਭੈੜੀ ਸੰਗਤ ਵਿੱਚ ਕੱਢ ਕੇ ਸਿੱਧੇ ਰਸਤੇ ਪਾਇਆ ਜਾ ਸਕੇ।ਇਸ ਮੌਕੇ ਨਗਰ ਨਿਗਮ ਦੇ ਮੇਅਰ ਪਦਮਜੀਤ ਮਹਿਤਾ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਮੈਡਮ ਕੰਚਨ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੈਡਮ ਪੂਨਮ ਸਿੰਘ, ਸਿਖਲਾਈ ਅਧੀਨ ਆਈਏਐੱਸ ਅਧਿਕਾਰੀ ਮੈਡਮ ਹਰਸ਼ਿਤਾ ਸ਼ਰਮਾ, ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਅਮਰਜੀਤ ਮਹਿਤਾ, ਐੱਸ ਡੀ ਐੱਮ ਬਠਿੰਡਾ ਬਲਕਰਨ ਸਿੰਘ ਮਾਹਲ, ਐੱਸਡੀਐੱਮ ਰਾਮਪੁਰਾ ਗਗਨਦੀਪ ਸਿੰਘ, ਐੱਸਡੀਐੱਮ ਮੌੜ ਸੁਖਰਾਜ ਸਿੰਘ, ਐੱਸਡੀਐੱਮ ਤਲਵੰਡੀ ਤੋਂ ਇਲਾਵਾ ਹੋਰ ਪ੍ਰਮੁੱਖ ਸ਼ਖਸੀਅਤਾਂ ਆਦਿ ਹਾਜ਼ਰ ਸਨ।

# ਪਾਵਰਕਾਮ ਪੈਨਸ਼ਨਰਜ਼ ਮੰਗਾਂ ਨੂੰ ਲੈ ਕੇ ਕਰਨਗੇ ਰੋਸ ਪ੍ਰਦਰਸ਼ਨ

**ਸਮਰਾਲਾ (ਸੁਰਜੀਤ ਸਿੰਘ)**-ਪਾਵਰਕਾਮ ਦੀ ਪੈਨਸ਼ਨਰਜ਼ ਐਸੋਸੀਏਸ਼ਨ ਸਰਕਲ ਖੰਨਾ ਨੇ ਇੱਕ ਅਹਿਮ ਮੀਟਿੰਗ ਕਰਕੇ ਸੂਬਾ ਕਮੇਟੀ ਦੇ ਫੈਸਲੇ ਅਨੁਸਾਰ ਆਪਣੀਆਂ ਮੰਗਾਂ ਨੂੰ ਲੈ ਕੇ ਸਰਕਾਰ ਖੰਨਾ ਵਿੱਚ ਪੈਂਦੇ ਮੰਡਲ ਦਫ਼ਤਰਾਂ ਅੱਗੇ 5 ਤੋਂ 15 ਮਈ ਤੱਕ ਰੋਸ ਪ੍ਰਦਰਸ਼ਨ ਕਰਨਗੇ।ਇਹ ਜਾਣਕਾਰੀ ਦਿੰਦਿਆਂ ਸਰਕਲ ਖੰਨਾ ਦੇ ਜਨਰਲ ਸਕੱਤਰ ਇੰਦਰਜੀਤ ਸਿੰਘ ਅਕਾਲ ਨੇ ਦੱਸਿਆ ਕਿ ਪੈਨਸ਼ਨਰਜ਼ ਨੂੰ ਉਨ੍ਹਾਂ ਦੇ ਬਕਾਏ ਦੀ ਪਹਿਲੀ ਕਿਸ਼ਤ ਅਪ੍ਰੈਲ ਮਹੀਨੇ ਦੀ ਪੈਨਸ਼ਨ ਦੇ ਨਾਲ ਅਦਾ ਕਰਨੀ ਬਣਦੀ ਸੀ, ਪਰ ਮੰਡਲ ਦਫ਼ਤਰਾਂ ਨੇ ਮਾਣਯੋਗ ਅਦਾਲਤ ਦੇ ਹੁਕਮਾਂ ਦੀ ਅਵੱਗਿਆ ਕਰਦੇ ਹੋਏ ਅਜਿਹਾ ਨਹੀਂ ਕੀਤਾ। ਇਸ ਦੇ ਨਾਲ ਹੀ ਪੈਨਸ਼ਨਰਜ਼ ਦੀ ਪੈਨਸ਼ਨ ਵਿੱਚੋਂ 200 ਰੁਪਏ ਬਤੌਰ ਡਿਵੈਲਪਮੈਂਟ ਟੈਕਸ ਨਾਜਾਇਜ਼ ਤੌਰ 'ਤੇ ਹਰ ਮਹੀਨੇ ਕੱਟੇ ਜਾ ਰਹੇ ਹਨ, ਜਿਸ ਦਾ ਕਿ ਪੈਨਸ਼ਨਰਜ਼ ਵਿੱਚ ਭਾਰੀ ਰੋਸ ਹੈ।ਉਨ੍ਹਾਂ ਕਿਹਾ ਕਿ ਜੇਕਰ ਬਕਾਏ ਦੀ ਪਹਿਲੀ ਕਿਸ਼ਤ ਤੁਰੰਤ ਅਦਾ ਨਾ ਕੀਤੀ ਗਈ ਤੇ ਡਿਵੈਲਪਮੈਂਟ ਟੈਕਸ ਕੱਟਣਾ ਬੰਦ ਨਾ ਕੀਤਾ ਤਾਂ ਸੰਘਰਸ਼ ਹੋਰ ਵੀ ਤਿੱਖਾ ਕੀਤਾ ਜਾਵੇਗਾ।ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਪ੍ਰੈੱਸ ਸਕੱਤਰ ਪ੍ਰਦੀਪ ਕੁਮਾਰ ਐੱਸ ਡੀ ਓ, ਖੰਨਾ ਦੇ ਪ੍ਰਧਾਨ ਗੁਰਸੇਵਕ ਸਿੰਘ ਮੋਹੀ ਤੇ ਸਰਕਲ ਸਕੱਤਰ ਇੰਦਰਜੀਤ ਸਿੰਘ ਅਕਾਲ, ਸੁਖਵਿੰਦਰ ਸਿੰਘ ਸੁੱਖਾ, ਗੁਰਸੇਵਕ ਸਿੰਘ ਮੋਹੀ, ਸੁਰੇਸ਼ ਕੁਮਾਰ, ਮੇਹਰ ਪਾਲ, ਗੁਰਮੀਤ ਸਿੰਘ, ਬਲਜੀਤ ਸਿੰਘ ਖਟੜਾ, ਪਲਵਿੰਦਰ ਸਿੰਘ, ਨੇਤਰ ਸਿੰਘ ਫੈਜਗੜ੍ਹ, ਹਰਜਿੰਦਰ ਸਿੰਘ, ਸੁਰਜੀਤ ਸਿੰਘ, ਪ੍ਰਦੀਪ ਕੁਮਾਰ, ਰਣਧੀਰ ਸਿੰਘ, ਰਛਪਾਲ ਸਿੰਘ, ਸੰਤੋਖ ਸਿੰਘ, ਨਰਿੰਦਰ ਕੁਮਾਰ, ਰਾਜ ਸਿੰਘ, ਮਹਿੰਦਰਪਾਲ ਸਿੰਘ ਤੇ ਧਰਮ ਸਿੰਘ ਸੈਣੀ ਆਦਿ ਸ਼ਾਮਲ ਹੋਏ।



# ਮੰਡੀ 'ਚੋਂ ਲਿਫਟਿੰਗ ਨਾ ਹੋਣ ਦੇ ਵਿਰੋਧ 'ਚ ਕਾਂਗਰਸ ਵੱਲੋਂ ਧਰਨਾ

## ਕਣਕ ਦੀ ਲਿਫਟਿੰਗ ਨੂੰ ਲੈ ਕੇ ਸਰਕਾਰ ਨੇ ਨਹੀਂ ਕੀਤੇ ਅਗਾਊਂ ਪ੍ਰਬੰਧ : ਤਖਤੂਪੁਰਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਦੀ ਨਵੀਂ ਦਾਣਾ ਮੰਡੀ ਸਥਿਤ ਕਾਂਗਰਸ ਪਾਰਟੀ ਵੱਲੋਂ ਪਰਮਪਾਲ ਸਿੰਘ ਤਖਤੂਪੁਰਾ ਸਾਬਕਾ ਚੇਅਰਮੈਨ ਤੇ ਮੈਂਬਰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ ਅਗਵਾਈ ਵਿੱਚ ਕਣਕ ਦੀ ਲਿਫਟਿੰਗ ਨਾ ਹੋਣ ਕਰਕੇ ਮਜ਼ਦੂਰਾਂ ਤੇ ਆੜ੍ਹਤੀਆਂ ਦੇ ਹੱਕ ਵਿੱਚ ਧਰਨਾ ਲਗਾਇਆ, ਜਿਸ ਦੌਰਾਨ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂਆਂ ਤੇ ਵਰਕਰਾਂ ਵੱਲੋਂ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਲੋਕ ਸਭਾ ਹਲਕਾ ਫਰੀਦਕੋਟ ਦੇ ਇੰਚਾਰਜ ਤੇ ਯੂਥ ਆਗੂ ਪਰਮਿੰਦਰ ਸਿੰਘ ਡਿੰਪਲ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਧਰਨੇ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਪਰਮਪਾਲ ਸਿੰਘ ਤਖਤੂਪੁਰਾ ਨੇ ਕਿਹਾ ਕਿ ਹਾੜ੍ਹੀ ਦੀ ਫਸਲ ਨੂੰ ਲੈ ਕੇ ਸਰਕਾਰ ਅਗਾਊਂ ਪ੍ਰਬੰਧ ਕਰਨ ਵਿੱਚ ਅਸਫਲ ਰਹੀ ਹੈ ਤੇ ਹਾਲਾਤ ਇਹ ਹਨ ਕਿ ਲਿਫਟਿੰਗ ਨਾ ਹੋਣ ਕਰਕੇ ਆੜ੍ਹਤੀਆ ਵਰਗ ਤੇ ਮਜ਼ਦੂਰਾਂ ਨੂੰ ਵੱਡੀਆਂ ਸਮੱਸਿਆਵਾਂ ਆ ਰਹੀਆਂ ਹਨ। ਮੰਡੀ ਵਿੱਚ ਨਵੀਂ ਆ ਰਹੀ ਕਣਕ ਨੂੰ ਲਾਹੁਣ ਲਈ ਜਗ੍ਹਾ ਨਹੀਂ ਹੈ ਤੇ ਜੋ ਕਣਕ ਲਿਫਟਿੰਗ ਨਾ ਹੋਣ ਕਰਕੇ ਮੰਡੀ ਵਿੱਚ ਪਈ ਹੈ, ਉਸ ਦਾ ਦਾਣਾ ਸੁੱਕ ਕੇ ਵਜ਼ਨ ਘਟ ਰਿਹਾ ਹੈ, ਜਿਸ ਨਾਲ ਮਜ਼ਦੂਰ ਵਰਗ ਨੂੰ ਲੇਬਰ ਕਾਟ ਪਵੇਗੀ। ਉਨ੍ਹਾਂ ਕਿਹਾ ਕਿ ਇਸ ਸਬੰਧੀ ਜ਼ਿਲ੍ਹਾ ਮੰਡੀ ਅਫ਼ਸਰ ਤੇ ਡਿਪਟੀ ਕਮਿਸ਼ਨਰ ਮੋਗਾ ਤੋਂ ਮੰਗ ਕੀਤੀ ਕਿ ਜੇਕਰ ਦੋ ਦਿਨਾਂ ਦੇ ਅੰਦਰ ਅੰਦਰ ਲਿਫਟਿੰਗ ਨਾ ਕਰਵਾਈ ਤਾਂ ਕਾਂਗਰਸ ਪਾਰਟੀ ਵੱਡੇ ਪੱਧਰ 'ਤੇ ਸੰਘਰਸ਼ ਵਿੱਢੇਗੀ। ਪਾਣੀ ਦੇ ਮੁੱਦੇ 'ਤੇ ਬੋਲਦਿਆਂ ਪਰਮਪਾਲ ਤਖਤੂਪੁਰਾ ਨੇ ਕਿਹਾ ਕਿ ਹਰਿਆਣਾ ਨੂੰ ਜੋ ਵਾਧੂ ਪਾਣੀ ਦੇਣ ਦੀ ਗੱਲ ਹੈ, ਇਸ ਦੀ ਵਕਾਲਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਆਪਣੇ ਆਕਾ ਅਰਵਿੰਦ ਕੇਜਰੀਵਾਲ ਦੇ ਕਹਿਣ 'ਤੇ ਹੀ ਹੋਇਆ ਅਤੇ ਹੁਣ ਲੋਕ ਰੋਹ ਤੋਂ ਬਚਣ ਲਈ ਮਗਰਮੱਛ ਦੇ ਹੰਝੂ ਵਹਾ ਰਹੇ ਹਨ। ਉਨ੍ਹਾਂ ਕਿਹਾ ਕਿ ਪਾਣੀ 'ਤੇ ਹੱਕ ਪੰਜਾਬ ਦਾ ਹੈ ਤੇ ਪਾਣੀ ਦੀ ਇੱਕ ਵੀ ਬੂੰਦ ਬਾਹਰ ਨਹੀਂ ਜਾਣ ਦਿੱਤੀ ਜਾਵੇਗੀ, ਚਾਹੇ ਕਾਂਗਰਸ ਪਾਰਟੀ ਨੂੰ ਕਿੰਨਾ ਵੀ ਵੱਡਾ ਸੰਘਰਸ਼ ਕਿਉਂ ਨਾ ਕਰਨਾ ਪਵੇ। ਇਸ ਮੌਕੇ ਕਾਂਗਰਸ ਪਾਰਟੀ ਦੇ ਆਗੂਆਂ ਵਿੱਚ ਪ੍ਰਭਜੀਤ ਸਿੰਘ ਕਾਲਾ ਸਾਬਕਾ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ, ਆੜ੍ਹਤੀਆ ਟਿੰਕੂ ਚੌਧਰੀ, ਸੋਸ਼ਲ ਮੀਡੀਆ ਦੇ ਹਨੀ ਸੋਢੀ, ਓਬੀਸੀ ਦੇ ਜ਼ਿਲ੍ਹਾ ਪ੍ਰਧਾਨ ਵਿਕਰਮ ਪੱਤੋਂ, ਯੂਥ ਕਾਂਗਰਸ ਦੇ ਰੋਹਿਨ ਵਰਮਾ, ਜ਼ਿਲ੍ਹਾ ਮੀਤ ਪ੍ਰਧਾਨ ਕਿੰਦਰ ਡਗਰੂ, ਕੌਂਸਲਰ ਸਾਹਿਲ ਅਰੋੜਾ, ਕੌਂਸਲਰ ਮਤਵਾਲ ਸਿੰਘ, ਸਾਬਕਾ ਕੌਂਸਲਰ ਪਵਿੱਤਰ ਢਿੱਲੋਂ, ਸਾਬਕਾ ਸਰਪੰਚ ਸੁਖਜਿੰਦਰ ਡਗਰੂ, ਸਾਬਕਾ ਸਰਪੰਚ ਗੁਰਵਿੰਦਰ ਮੰਗੇਵਾਲਾ, ਰਾਜਾ ਪ੍ਰਧਾਨ ਟਰਾਲੀ ਯੂਨੀਅਨ, ਰਾਜਾ ਬਰਾੜ ਰੋਡੇ, ਨਛੱਤਰ ਢਿੱਲੋਂ, ਪ੍ਰਧਾਨ ਹਰਮਨ ਨਿਧਾਂ ਵਾਲਾ, ਨਵੀਨ ਧਾਲੀਵਾਲ, ਟੀਟੂ ਗਿੱਲ ਮੀਤ ਪ੍ਰਧਾਨ ਕਾਂਗਰਸ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਾਂਗਰਸੀ ਵਰਕਰ ਹਾਜ਼ਰ ਸਨ।

## ਕਾਤਰਾਂ

### 250 ਗ੍ਰਾਮ ਅਫੀਮ ਸਮੇਤ ਕਾਬੂ

**ਭੀਖੀ (ਧਰਮਵੀਰ ਸ਼ਰਮਾ)**-'ਯੁੱਧ ਨਸ਼ਿਆ ਵਿਰੁੱਧ' ਮੁਹਿੰਮ ਤਹਿਤ ਨਸ਼ੇ ਦਾ ਖਾਤਮਾ ਕਰਨ ਲਈ ਭੀਖੀ ਪੁਲਸ ਨੇ ਇੱਕ ਵਿਅਕਤੀ ਨੂੰ 250 ਗ੍ਰਾਮ ਅਫੀਮ ਸਮੇਤ ਗ੍ਰਿਫਤਾਰ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਏ.ਐੱਸ.ਆਈ. ਰਾਜਵਿੰਦਰ ਸਿੰਘ ਨੇ ਦੱਸਿਆ ਕਿ ਗਸ਼ਤ ਦੌਰਾਨ ਪਿੰਡ ਮੱਤੀ ਕੋਲੋਂ ਬਨੇ ਸਿੰਘ ਪੁੱਤਰ ਬਿਕਰਮ ਸਿੰਘ ਵਾਸੀ ਰਤਨਪੁਰਾ (ਰਾਜਸਥਾਨ) ਨੂੰ ਗ੍ਰਿਫਤਾਰ ਕੀਤਾ ਹੈ, ਜਿਸ ਕੋਲੋਂ 250 ਗ੍ਰਾਮ ਅਫੀਮ ਬਰਾਮਦ ਹੋਈ।ਉਨ੍ਹਾਂ ਦੱਸਿਆ ਕਿ ਉਕਤ ਖਿਲਾਫ ਮੁਕੱਦਮਾ ਦਰਜ ਕਰ ਲਿਆ ਹੈ।ਇਸ ਤੋਂ ਇਲਾਵਾ ਦੌਰਾਨ ਗਸ਼ਤ ਭੀਖੀ ਦੇ ਵਾਰਡ ਨੰ. 2 ਤੋਂ 40 ਬੋਤਲਾਂ ਹਰਿਆਣਾ ਮਾਰਕਾ ਠੇਕਾ ਸ਼ਰਾਬ ਦੇਸੀ ਬਰਾਮਦ ਕੀਤੀ ਹੈ ਜਿਸ 'ਤੇ ਕਾਰਵਾਈ ਕਰਦਿਆਂ ਪੁਲਸ ਨੇ ਰਜਨੀ ਕੌਰ ਪੁੱਤਰੀ ਭੋਲਾ ਸਿੰਘ ਵਾਸੀ ਭੀਖੀ ਖਿਲਾਫ ਐਕਸਾਇਜ਼ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਹੈ, ਪ੍ਰੰਤੂ ਉਕਤ ਮਹਿਲਾ ਮੌਕੇ ਤੋਂ ਭੱਜਣ ਵਿੱਚ ਸਫਲ ਹੋ ਗਈ।

### ਮੋਟਰਸਾਈਕਲ ਸਵਾਰ ਨਹਿਰ 'ਚ ਡਿੱਗਾ, ਲਾਪਤਾ



**ਭੀਖੀ (ਧਰਮਵੀਰ ਸ਼ਰਮਾ)**-ਭੀਖੀ ਦੀ ਨਹਿਰ 'ਚ ਸੁਨਾਮ ਰੋਡ 'ਤੇ ਬਣੇ ਪੁਲ ਕੋਲ ਮੋਟਰਸਾਈਕਲ ਸਵਾਰ ਇੱਕ ਨੌਜਵਾਨ ਬੇਕਾਬੂ ਹੋ ਕੇ ਨਹਿਰ 'ਚ ਡਿੱਗ ਪਿਆ, ਜਿਸ ਦਾ ਲੋਕਾਂ ਨੂੰ ਪਤਾ ਲੱਗਣ 'ਤੇ ਤੁਰੰਤ ਪੁਲਸ ਨੂੰ ਇਸ ਦੀ ਸੂਚਨਾ ਦਿੱਤੀ।ਇਕੱਤਰ ਜਾਣਕਾਰੀ ਅਨੁਸਾਰ ਨੇੜਲੇ ਪਿੰਡ ਹਮੀਰਗੜ੍ਹ ਢੈਪਈ ਦਾ ਨੌਜਵਾਨ ਸੁਖਜਿੰਦਰ ਸਿੰਘ (30) ਪੁੱਤਰ ਬਲਵੀਰ ਸਿੰਘ ਮੋਟਰਸਾਈਕਲ 'ਤੇ ਸਵਾਰ ਹੋ ਕੇ ਭੀਖੀ ਤੋਂ ਆਪਣੇ ਪਿੰਡ ਹਮੀਰਗੜ੍ਹ ਢੈਪਈ ਵੱਲ ਜਾ ਰਿਹਾ ਸੀ ਤਾਂ ਉਸ ਦਾ ਮੋਟਰਸਾਈਕਲ ਬੇਕਾਬੂ ਹੋ ਗਿਆ ਅਤੇ ਉਹ ਮੋਟਰਸਾਈਕਲ ਸਮੇਤ ਨਹਿਰ ਵਿੱਚ ਜਾ ਡਿੱਗਾ।ਮੋਟਰਸਾਈਕਲ ਨਹਿਰ ਵਿੱਚੋਂ ਬਰਾਮਦ ਕਰ ਲਿਆ ਹੈ ਤੇ ਨੌਜਵਾਨ ਅਜੇ ਤੱਕ ਲਾਪਤਾ ਹੈ ਅਤੇ ਭੀਖੀ ਪੁਲਸ ਵੱਲੋਂ ਪਿੰਡ ਵਾਸੀਆਂ ਤੇ ਹੋਰ ਲੋਕਾਂ ਦੀ ਮਦਦ ਨਾਲ ਉਸ ਦੀ ਭਾਲ ਕੀਤੀ ਜਾ ਰਹੀ ਹੈ।

### ਪੰਜਾਬ ਪੁਲਸ 'ਚ ਵੱਡਾ ਫੇਰਬਦਲ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਪੁਲਸ ਵਿਭਾਗ ਵਿੱਚ ਵੱਡਾ ਫੇਰਬਦਲ ਕੀਤਾ ਗਿਆ ਹੈ।ਵਰੁਣ ਸ਼ਰਮਾ ਨੂੰ ਐੱਸ.ਐੱਸ.ਪੀ. ਪਟਿਆਲਾ ਲਾਇਆ ਗਿਆ ਹੈ।ਨਾਨਕ ਸਿੰਘ ਨੂੰ ਡੀ ਆਈ ਜੀ ਪਟਿਆਲਾ ਦਾ ਚਾਰਜ ਸੌਂਪਿਆ ਗਿਆ ਹੈ।ਪੰਜਾਬ ਪੁਲਸ 'ਚ ਕੀਤੇ ਵੱਡਾ ਫੇਰਬਦਲ ਸਮੇਂ ਡੀ ਆਈ ਜੀ ਤੇ ਪੁਲਸ ਕਮਿਸ਼ਨਰਾਂ ਦੇ ਤਬਾਦਲੇ ਕਰ ਦਿੱਤੇ ਗਏ ਹਨ। ਆਈ ਪੀ ਐੱਸ ਤੇ ਇੱਕ ਪੀ ਪੀ ਐੱਸ ਅਧਿਕਾਰੀ ਦਾ ਤਬਾਦਲਾ ਕੀਤਾ ਗਿਆ ਹੈ।ਵਰੁਣ ਸ਼ਰਮਾ ਨੂੰ ਐੱਸ.ਐੱਸ.ਪੀ. ਪਟਿਆਲਾ ਲਾਇਆ ਗਿਆ ਹੈ।ਨਾਨਕ ਸਿੰਘ ਨੂੰ ਡੀ ਆਈ ਜੀ ਪਟਿਆਲਾ ਦਾ ਚਾਰਜ ਸੌਂਪਿਆ ਗਿਆ ਹੈ।

### ਸਵਾ 32 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਵੈਰੋਕੇ ਦੀ ਪੁਲਸ ਵੱਲੋਂ ਪਿੰਡ ਚੱਕ ਬਲੋਚਾ (ਮਹਾਲਮ) ਵਿਖੇ ਛਾਪੇਮਾਰੀ ਕਰਕੇ ਸਵਾ 32 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ ਕੀਤੀ ਗਈ ਹੈ। ਸਹਾਇਕ ਥਾਣੇਦਾਰ ਗੁਰਦੇਵ ਸਿੰਘ ਨੇ ਦੱਸਿਆ ਕਿ ਗਸ਼ਤ ਦੌਰਾਨ ਚੱਕ ਬਲੋਚਾ ਉਰਫ ਮਹਾਲਮ ਵਿਖੇ ਤਾਂ ਮੁਖਬਰ ਖਾਸ ਪਾਸੋਂ ਮਿਲੀ ਇਤਲਾਹ ਦੇ ਅਧਾਰ 'ਤੇ ਰੇਡ ਕਰਕੇ ਸਵਾ 32 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ ਕੀਤੀ ਗਈ ਹੈ, ਜਿਸ 'ਤੇ ਥਾਣਾ ਵੈਰੋਕੇ ਦੀ ਪੁਲਸ ਵੱਲੋਂ ਅਣਪਛਾਤੇ ਵਿਅਕਤੀ ਦੇ ਵਿਰੁੱਧ ਮੁਕੱਦਮਾ ਨੰਬਰ 47 ਮਿਤੀ 03-05-2025 ਨੂੰ ਧਾਰਾ 61/1/14 ਆਬਕਾਰੀ ਐਕਟ ਤਹਿਤ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

# 221 ਕਰੋੜ ਦੇ ਨਿਵੇਸ਼ ਨਾਲ ਲੁਧਿਆਣਾ ਦੇ ਪਾਵਰ ਨੈੱਟਵਰਕ ਦਾ ਕੀਤਾ ਜਾਵੇਗਾ ਕਾਇਆ-ਕਲਪ : ਹਰਭਜਨ ਸਿੰਘ ਈ ਟੀ ਓ

**ਲੁਧਿਆਣਾ (ਰਾਜ ਸਿੰਗਲਾ)**

ਪੰਜਾਬ ਦੇ ਬਿਜਲੀ ਬੁਨਿਆਦੀ ਢਾਂਚੇ ਨੂੰ ਭਰਵਾਂ ਹੁਲਾਰਾ ਦਿੰਦਿਆਂ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਨੇ ਵਿੱਤੀ ਸਾਲ 2024-25 ਦੌਰਾਨ ਲੁਧਿਆਣਾ ਸ਼ਹਿਰ ਵਿੱਚ ਵੱਡੇ ਪੱਧਰ 'ਤੇ ਬਿਜਲੀ ਵੰਡ ਨੈੱਟਵਰਕ ਸਬੰਧੀ ਸੁਧਾਰ ਕਾਰਜਾਂ ਨੂੰ ਸਫ਼ਲਤਾਪੂਰਵਕ ਲਾਗੂ ਕਰਨ ਦਾ ਐਲਾਨ ਕੀਤਾ ਹੈ।ਇਸ ਵਿਆਪਕ ਪਹਿਲਕਦਮੀ ਨੂੰ 221 ਕਰੋੜ ਰੁਪਏ ਦੇ ਕੁੱਲ ਨਿਵੇਸ਼ ਨਾਲ ਨੇਪਰੇ ਚਾੜ੍ਹਿਆ ਜਾਵੇਗਾ, ਜਿਸ ਦਾ ਉਦੇਸ਼ ਬਿਜਲੀ ਕੱਟਾਂ ਨੂੰ ਘਟਾਉਣਾ, ਨੁਕਸਾਨਾਂ ਨੂੰ ਘਟਾਉਣਾ ਤੇ ਭਵਿੱਖੀ ਮੰਗ ਲਈ ਗਰਿੱਡ ਨੂੰ ਤਿਆਰ ਕਰਨਾ ਹੈ।

ਇੱਥੇ ਜਾਰੀ ਇੱਕ ਬਿਆਨ ਵਿੱਚ ਕੈਬਨਿਟ ਮੰਤਰੀ ਨੇ ਕਿਹਾ ਕਿ ਇਹ ਪਹਿਲ ਸੂਬੇ ਦੇ ਬਿਜਲੀ ਖੇਤਰ ਦੇ ਆਧੁਨਿਕੀਕਰਨ ਵਿੱਚ ਇੱਕ ਨਵੇਂ ਯੁੱਗ ਦਾ ਆਗਾਜ਼ ਹੈ।ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਲੁਧਿਆਣਾ ਦੇ ਬਿਜਲੀ ਬੁਨਿਆਦੀ ਢਾਂਚੇ ਦਾ ਅਪਗ੍ਰੇਡੇਸ਼ਨ ਸਾਡੇ ਨਾਗਰਿਕਾਂ ਨੂੰ ਨਿਰਵਿਘਨ, ਉੱਚ-ਗੁਣਵੱਤਾ ਵਾਲੀ ਬਿਜਲੀ ਮੁਹੱਈਆ ਕਰਨ ਦੇ ਸਾਡੇ ਮਿਸ਼ਨ ਵਿੱਚ ਇੱਕ ਅਹਿਮ ਕਦਮ ਹੈ।ਉਨ੍ਹਾਂ ਅੱਗੇ ਕਿਹਾ ਕਿ ਸੂਬਾ ਸਰਕਾਰ ਆਰਥਿਕ ਵਿਕਾਸ ਤੇ ਖਪਤਕਾਰਾਂ ਦੀ ਤਸੱਲੀ ਲਈ ਬਿਜਲੀ ਸਪਲਾਈ ਲੜੀ ਨੂੰ ਹੋਰ ਮਜ਼ਬੂਤ ਕਰਨ ਲਈ ਵਚਨਬੱਧ ਹੈ।

ਬਿਜਲੀ ਮੰਤਰੀ ਨੇ ਕਿਹਾ ਕਿ 19 ਪਾਵਰ ਟ੍ਰਾਂਸਫਾਰਮਰਾਂ ਨੂੰ 20 ਐੱਮਵੀਏ ਤੋਂ 31.5 ਐੱਮਵੀਏ ਵਿੱਚ ਸਫਲਤਾਪੂਰਵਕ ਅੱਪਗ੍ਰੇਡ ਕੀਤਾ ਗਿਆ ਹੈ ਤੇ ਤਿੰਨ 220 ਕੇਵੀ ਉੱਚ-ਸਮਰੱਥਾ ਵਾਲੇ ਟ੍ਰਾਂਸਫਾਰਮਰਾਂ ਦੀ ਸਮਰੱਥਾ 100 ਐੱਮਵੀਏ ਤੋਂ 160 ਐੱਮਵੀਏ ਤੱਕ ਵਧਾਈ ਗਈ ਹੈ।ਇਸ ਤੋਂ ਇਲਾਵਾ 2 ਨਵੇਂ 20 ਐੱਮਵੀਏ ਟ੍ਰਾਂਸਫਾਰਮਰ ਵੀ ਕਾਰਜਸ਼ੀਲ ਕੀਤੇ ਗਏ ਹਨ।ਪੀਐੱਸਪੀਸੀਐੱਲ ਨੇ ਹੋਰ ਟ੍ਰਾਂਸਫਾਰਮਰ ਲਗਾਉਣ ਲਈ 125 ਕਰੋੜ ਰੁਪਏ ਦਾ ਨਿਵੇਸ਼ ਕੀਤਾ ਹੈ।ਬਿਜਲੀ ਮੰਤਰੀ ਨੇ ਵਿੱਤੀ ਸਾਲਾਂ 2025-26 ਅਤੇ 2026-27 ਲਈ ਉਲੀਕਿਆ ਸੂਬੇ ਦਾ ਅਹਿਮ ਖਾਕਾ ਸਾਂਝਾ ਕੀਤਾ, ਜਿਸ ਦੌਰਾਨ ਬਿਜਲੀ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਲਈ ਕਰੀਬ 728 ਕਰੋੜ ਰੁਪਏ ਦਾ ਨਿਵੇਸ਼ ਕੀਤਾ ਜਾਵੇਗਾ।ਇਸ ਯੋਜਨਾ ਤਹਿਤ ਮੁੱਖ ਪਹਿਲਕਦਮੀਆਂ ਵਿੱਚ 14 ਨਵੇਂ ਸਬ ਸਟੇਸ਼ਨਾਂ ਦਾ ਨਿਰਮਾਣ, ਜਿਸ ਦੀ ਅਨੁਮਾਨਤ ਲਾਗਤ 280 ਕਰੋੜ ਰੁਪਏ ਹੈ ਤੇ 65 ਕਰੋੜ ਰੁਪਏ ਦੇ ਨਿਵੇਸ਼ ਨਾਲ ਗਿਆਸਪੁਰਾ ਵਿਖੇ ਅਤਿ-ਆਧੁਨਿਕ 220 ਕੇ.ਵੀ.ਜੀ.ਆਈ.ਐੱਸ. ਸਬ ਸਟੇਸ਼ਨ ਨੂੰ ਅਗਲੇ 15 ਦਿਨਾਂ ਦੇ ਅੰਦਰ ਮੁਕੰਮਲ ਕਰਨਾ, ਸ਼ਾਮਲ ਹੈ।ਇਸ ਤੋਂ ਇਲਾਵਾ, 87.5 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਨਾਲ, ਬਿਹਤਰ ਲੋਡ ਪ੍ਰਬੰਧਨ ਤੇ ਬਿਜਲੀ ਕੱਟਾਂ ਨੂੰ ਘਟਾਉਣ ਲਈ 175 ਫੀਡਰਾਂ ਨੂੰ ਸੁਚੱਜੇ ਢੰਗ ਨਾਲ ਵੰਡਣ ਤੇ ਨਵੀਨੀਕਰਨ ਕਰਨ ਦੀ ਯੋਜਨਾ ਹੈ।ਇਸ ਯੋਜਨਾ ਵਿੱਚ 60.5 ਕਰੋੜ ਰੁਪਏ ਦੀ ਲਾਗਤ ਨਾਲ 2,010 ਨਵੇਂ ਡਿਸਟਰੀਬਿਊਸ਼ਨ ਟਰਾਂਸਫਾਰਮਰਾਂ ਦੀ ਸਥਾਪਨਾ ਵੀ ਸ਼ਾਮਲ ਹੈ, ਇਸ ਦੇ ਨਾਲ ਹੀ 20 ਨਵੇਂ ਪਾਵਰ ਟਰਾਂਸਫਾਰਮਰਾਂ ਦੇ ਵਿਸਤਾਰ ਲਈ 70 ਕਰੋੜ ਰੁਪਏ ਰੱਖੇ ਗਏ ਹਨ।ਇਨ੍ਹਾਂ ਵਿਆਪਕ ਤੇ ਨਵੀਨਤਮ ਸੁਧਾਰਾਂ ਲਈ ਆਉਣ ਵਾਲੇ ਵਿੱਤੀ ਸਮੇਂ ਲਈ ਬਜਟ ਪਹਿਲਾਂ ਹੀ ਮਨਜ਼ੂਰ ਕੀਤਾ ਜਾ ਚੁੱਕਾ ਹੈ, ਜੋ ਕਿ ਇੱਕ ਆਧੁਨਿਕ, ਕੁਸ਼ਲ ਤੇ ਭਵਿੱਖ ਲਈ ਤਿਆਰ ਬਿਜਲੀ ਵੰਡ ਪ੍ਰਣਾਲੀ ਉਪਲਬਧ ਕਰਾਉਣ ਲਈ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

# ਜੇਲ੍ਹ ਦੀ ਸੁਰੱਖਿਆ 'ਚ ਤੈਨਾਤ ਏ ਐੱਸ ਆਈ ਤੋਂ 41 ਗ੍ਰਾਮ ਚਿੱਟਾ ਬਰਾਮਦ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਆਏ ਦਿਨ ਸੁਰਖੀਆਂ ਵਿੱਚ ਰਹਿਣ ਵਾਲੀ ਬਠਿੰਡਾ ਦੀ ਕੇਂਦਰੀ ਜੇਲ੍ਹ ਵਿੱਚ ਚਿੱਟਾ ਸਪਲਾਈ ਕਰਦੇ ਏਐੱਸਆਈ ਨੂੰ ਜੇਲ੍ਹ ਅਧਿਕਾਰੀਆਂ ਵੱਲੋਂ ਕਾਬੂ ਕਰਕੇ ਪੁਲਸ ਹਵਾਲੇ ਕੀਤਾ ਗਿਆ ਹੈ।ਪੁਲਸ ਦੁਆਰਾ ਆਈ ਆਰ ਬੀ ਦੇ ਏ ਐੱਸ ਆਈ ਗੁਰਪ੍ਰੀਤ ਸਿੰਘ ਖਿਲਾਫ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ। ਪੁਲਸ ਅਧਿਕਾਰੀਆਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬੀਤੇ ਦਿਨੀਂ ਜੇਲ੍ਹ ਦੀ ਸੁਰੱਖਿਆ ਵਿੱਚ ਤੈਨਾਤ ਆਈ ਆਰ ਬੀ ਦੇ ਟੁੱਕੜੀ ਵੱਲੋਂ ਜਦੋਂ ਸ਼ਿਫਟ ਚੇਂਜ ਕੀਤੀ ਜਾ ਰਹੀ ਸੀ ਤਾਂ ਇਸ ਦੌਰਾਨ ਡਿਊਟੀ 'ਤੇ ਆਏ ਏ ਐੱਸ ਆਈ ਗੁਰਪ੍ਰੀਤ ਸਿੰਘ ਦੀ ਜੇਲ੍ਹ ਅਧਿਕਾਰੀਆਂ ਵੱਲੋਂ ਜਦੋਂ ਸ਼ੱਕ ਦੇ ਅਧਾਰ 'ਤੇ ਤਲਾਸ਼ੀ ਲਈ ਗਈ ਤਾਂ ਉਸ ਕੋਲੋਂ 41 ਗ੍ਰਾਮ ਚਿੱਟਾ ਬਰਾਮਦ ਹੋਇਆ। ਜੇਲ੍ਹ ਅਧਿਕਾਰੀਆਂ ਵੱਲੋਂ ਇਸ ਦੀ ਸੂਚਨਾ ਜੇਲ੍ਹ ਚੌਕੀ ਨੂੰ ਦਿੱਤੀ ਗਈ, ਜਿਨਾਂ ਵੱਲੋਂ ਏਐੱਸਆਈ ਗੁਰਪ੍ਰੀਤ ਸਿੰਘ ਖਿਲਾਫ ਮਾਮਲਾ ਦਰਜ ਕਰਕੇ ਗ੍ਰਿਫਤਾਰ ਕਰ ਲਿਆ ਹੈ।ਗੁਰਪ੍ਰੀਤ ਸਿੰਘ ਨੂੰ ਅਦਾਲਤ ਵਿੱਚ ਪੇਸ਼ ਕਰਕੇ ਉਸ ਦਾ ਪੁਲਸ ਰਿਮਾਂਡ ਲਿਆ ਜਾਵੇਗਾ ਤੇ ਇਹ ਜਾਣਕਾਰੀ ਹਾਸਲ ਕੀਤੀ ਜਾਵੇਗੀ ਕਿ ਉਸ ਵੱਲੋਂ ਇਹ ਚਿੱਟਾ ਕਿੱਥੋਂ ਲਿਆਂਦਾ ਗਿਆ ਸੀ ਤੇ ਕਿੱਥੇ ਇਹ ਚਿੱਟਾ ਸਪਲਾਈ ਕਰਨਾ ਸੀ। ਉਧਰ, ਦੂਸਰੇ ਪਾਸੇ ਹਸਪਤਾਲ ਵਿੱਚ ਮੈਡੀਕਲ ਲਈ ਲਿਆਂਦੇ ਗਏ ਏਐੱਸਆਈ ਗੁਰਪ੍ਰੀਤ ਸਿੰਘ ਦਾ ਕਹਿਣਾ ਹੈ ਕਿ ਉਹ ਬੀਤੀ ਰਾਤ ਜਦੋਂ ਡਿਊਟੀ 'ਤੇ ਆਇਆ ਸੀ ਤਾਂ ਕਿਸੇ ਵਿਅਕਤੀ ਵੱਲੋਂ ਦਵਾਈ ਕਹਿ ਕੇ ਇੱਕ ਪੁੜੀ ਫੜਾਈ ਗਈ ਸੀ, ਉਸ ਨੂੰ ਨਹੀਂ ਪਤਾ ਸੀ ਕਿ ਇਸ ਵਿੱਚ ਚਿੱਟਾ ਹੈ ਜਾਂ ਕੁਝ ਹੋਰ।

# ਪੰਜਾਬ ਦੇ ਖੇਤਾਂ ਨੂੰ ਸੁਕਾ ਕੇ ਕਿਸੇ ਹੋਰ ਨੂੰ ਪਾਣੀ ਨਹੀਂ ਦਿੱਤਾ ਜਾ ਸਕਦਾ : ਗੋਇਲ

## ਫੀਡਰ ਪ੍ਰਾਜੈਕਟ ਪਾਸ ਹੋਣ 'ਤੇ ਕਿਸਾਨਾਂ ਨੇ ਮੰਤਰੀ ਦਾ ਕਰਵਾਇਆ ਮੂੰਹ ਮਿੱਠਾ



**ਫਾਜ਼ਿਲਕਾ (ਰਣਬੀਰ ਕੌਰ ਢਾਬਾਂ)**-ਪੰਜਾਬ ਦੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਦੇ ਖੇਤਾਂ ਨੂੰ ਸੁਕਾ ਕੇ ਕਿਸੇ ਹੋਰ ਨੂੰ ਪਾਣੀ ਨਹੀਂ ਦਿੱਤਾ ਜਾ ਸਕਦਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਹਰ ਜ਼ਰੂਰੀ ਕਦਮ ਚੁੱਕੇਗੀ ਤੇ ਕਿਸੇ ਵੀ ਕੀਮਤ 'ਤੇ ਪੰਜਾਬ ਦੇ ਪਾਣੀ ਦੀ ਲੁੱਟ ਨਹੀਂ ਹੋਣ ਦਿੱਤੀ ਜਾਵੇਗੀ।ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਪਾਣੀਆਂ ਦੇ ਮਸਲੇ 'ਤੇ ਪੰਜਾਬ ਦਾ ਸਟੈਂਡ ਬਿਲਕੁਲ ਸਪੱਸ਼ਟ ਤੇ ਸਾਫ਼ ਹੈ ਕਿ ਪੰਜਾਬ ਆਪਣਾ ਹੱਕ ਨਹੀਂ ਛੱਡੇਗਾ।ਹਰਿਆਣਾ ਆਪਣੇ ਹਿੱਸੇ ਤੋਂ ਪਹਿਲਾਂ ਹੀ ਵੱਧ ਪਾਣੀ ਲੈ ਚੁੱਕਾ ਹੈ।ਪੰਜਾਬ ਕੇਂਦਰ ਜਾਂ ਹਰਿਆਣਾ ਦੇ ਦਬਾਅ ਅੱਗੇ ਨਹੀਂ ਝੁਕੇਗਾ।ਇਕ ਹੋਰ ਸਵਾਲ ਦੇ ਜਵਾਬ ਵਿੱਚ ਕੈਬਨਿਟ ਮੰਤਰੀ ਨੇ ਕਿਹਾ ਕਿ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵੱਲੋਂ ਤੈਅ ਨਿਯਮਾਂ ਅਨੁਸਾਰ ਬੁਲਾਈ ਗਈ ਮੀਟਿੰਗ ਵਿੱਚ ਤਾਂ ਪੰਜਾਬ ਭਾਗ ਲਵੇਗਾ, ਪਰ ਕੇਂਦਰ ਦੀ ਸ਼ਹਿ 'ਤੇ ਕਾਇਦੇ-ਕਾਨੂੰਨ ਨੂੰ ਛਿੱਕੇ ਟੰਗ ਕੇ ਬੁਲਾਈ ਮੀਟਿੰਗ ਵਿੱਚ ਸ਼ਿਰਕਤ ਨਹੀਂ ਕਰੇਗਾ।ਇਸ ਦੌਰਾਨ ਫਿਰੋਜ਼ਪੁਰ ਫੀਡਰ ਨਹਿਰ ਦਾ 647.43 ਕਰੋੜ ਰੁਪਏ ਦਾ ਪ੍ਰਾਜੈਕਟ ਪ੍ਰਵਾਨ ਹੋਣ 'ਤੇ ਫਾਜ਼ਿਲਕਾ ਜ਼ਿਲ੍ਹੇ ਦੇ ਕਿਸਾਨਾਂ ਨੇ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਦਾ ਮੂੰਹ ਮਿੱਠਾ ਕਰਵਾਇਆ। ਕਿਸਾਨਾਂ ਨੇ ਇਸ ਲਈ ਪੰਜਾਬ ਸਰਕਾਰ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ, ਜਿਸ ਦੇ ਯਤਨਾਂ ਨਾਲ ਇਹ ਨਹਿਰ ਦਾ ਪ੍ਰਾਜੈਕਟ ਪ੍ਰਵਾਨ ਹੋਇਆ ਹੈ।ਕੈਬਨਿਟ ਮੰਤਰੀ ਨਾਲ ਫ਼ਾਜ਼ਿਲਕਾ ਦੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ, ਬੱਲੂਆਣਾ ਦੇ ਵਿਧਾਇਕ ਅਮਨਦੀਪ ਸਿੰਘ ਗੋਲਡੀ ਮੁਸਾਫਿਰ ਤੇ ਜਲਾਲਾਬਾਦ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਹਾਜ਼ਰ ਸਨ।

# ਦਾਜ ਦੇ ਲੋਭੀਆਂ ਵਿਆਹੁਤਾ ਦੀ ਕੁੱਟਮਾਰ ਕਰਕੇ ਘਰੋਂ ਕੱਢਿਆ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਵਿਖੇ ਇਕ ਵਿਆਹੁਤਾ ਲੜਕੀ ਕੋਲੋਂ ਹੋਰ ਦਾਜ ਮੰਗਣ ਤੇ ਤੰਗ ਪ੍ਰੇਸ਼ਾਨ ਕਰ ਕੁੱਟਮਾਰ ਕਰਕੇ ਉਸ ਨੂੰ ਘਰੋਂ ਕੱਢਣ ਦੇ ਦੋਸ਼ ਵਿੱਚ ਥਾਣਾ ਵੂਮੈਨ ਫਿਰੋਜ਼ਪੁਰ ਪੁਲਸ ਨੇ ਵਿਆਹੁਤਾ ਦੇ ਸਹੁਰੇ ਪਰਵਾਰ ਦੇ 3 ਮੈਂਬਰਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਪ੍ਰੇਮ ਕੁਮਾਰ ਨੇ ਦੱਸਿਆ ਕਿ ਇਕ ਦਰਖਾਸਤ ਯੂਆਈਡੀ ਨੰਬਰ 577380 ਮਿਤੀ 19 ਅਪ੍ਰੈਲ 2025 ਨੂੰ ਵਿਆਹੁਤਾ ਸੰਦੀਪ ਕੌਰ ਨੇ ਦੱਸਿਆ ਕਿ ਉਸ ਦਾ ਵਿਆਹ ਕਰੀਬ 3 ਸਾਲ ਪਹਿਲਾਂ ਹਰਪ੍ਰੀਤ ਸਿੰਘ ਪੁੱਤਰ ਓਮ ਪ੍ਰਕਾਸ਼ ਵਾਸੀਆਨ ਪਿੰਡ ਮੋਹਨ ਕੇ ਗੁਰੂ ਹਰਸਹਾਏ ਨਾਲ ਹੋਇਆ ਸੀ। ਵਿਆਹੁਤਾ ਸੰਦੀਪ ਕੌਰ ਨੇ ਦੱਸਿਆ ਕਿ ਉਸ ਦੇ ਵਿਆਹ ਸਮੇਂ ਉਸ ਦੇ ਮਾਤਾ-ਪਿਤਾ ਨੇ ਆਪਣੀ ਹੈਸੀਅਤ ਤੋਂ ਵੱਧ ਦਾਜ ਦਹੇਜ ਦਿੱਤਾ ਸੀ, ਪਰ ਉਸ ਦਾ ਪਤੀ ਹਰਪ੍ਰੀਤ ਸਿੰਘ, ਸਹੁਰਾ ਓਮ ਪ੍ਰਕਾਸ਼ ਤੇ ਸੱਸ ਗੁਰਮੀਤ ਕੌਰ ਇਸ ਤੋਂ ਖੁਸ਼ ਨਹੀਂ ਸੀ ਤੇ ਉਸ ਕੋਲੋਂ ਹੋਰ ਦਾਜ ਦੀ ਮੰਗ ਕਰਨ ਲੱਗੇ। ਵਿਆਹੁਤਾ ਲੜਕੀ ਨੇ ਦੱਸਿਆ ਕਿ ਉਸ ਵੱਲੋਂ ਇਨਕਾਰ ਕਰਨ 'ਤੇ ਪਤੀ ਹਰਪ੍ਰੀਤ ਸਿੰਘ, ਸਹੁਰਾ ਓਮ ਪ੍ਰਕਾਸ਼ ਤੇ ਸੱਸ ਗੁਰਮੀਤ ਕੌਰ ਨੇ ਉਸ ਨੂੰ ਕੁੱਟਮਾਰ ਕਰਕੇ ਆਪਣੇ ਘਰੋਂ ਕੱਢ ਦਿੱਤਾ। ਇਸ ਮਾਮਲੇ ਦੀ ਜਾਂਚ ਕਰ ਰਹੇ ਪ੍ਰੇਮ ਕੁਮਾਰ ਨੇ ਦੱਸਿਆ ਕਿ ਪੁਲਸ ਨੇ ਵਿਆਹੁਤਾ ਦੇ ਬਿਆਨਾਂ 'ਤੇ ਉਸ ਦੇ ਪਤੀ ਹਰਪ੍ਰੀਤ ਸਿੰਘ, ਸਹੁਰਾ ਓਮ ਪ੍ਰਕਾਸ਼ ਤੇ ਸੱਸ ਗੁਰਮੀਤ ਕੌਰ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਇਕਾਈ ਜ਼ੀਰਾ ਦੀ ਮੀਟਿੰਗ



**ਜ਼ੀਰਾ (ਨਰਿੰਦਰ ਅਨੇਜਾ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. 295 ਦੇ ਸੂਬਾ ਪ੍ਰਧਾਨ ਵੈਦ ਧੰਨਾ ਮੱਲ ਗੋਇਲ ਤੇ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਡਾਕਟਰ ਹਰਭਜਨ ਕੰਬੋਜ ਦੀ ਯੋਗ ਅਗਵਾਈ ਹੇਠ ਚੱਲ ਰਹੀ ਜਥੇਬੰਦੀ ਦੀ ਇਕਾਈ ਜ਼ੀਰਾ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਆਤਮਾ ਸਿੰਘ ਦੀ ਪ੍ਰਧਾਨਗੀ ਹੇਠ ਸੁਖਮਨੀ ਹਸਪਤਾਲ ਜ਼ੀਰਾ ਵਿੱਚ ਹੋਈ, ਜਿਸ ਵਿੱਚ ਜ਼ਿਲ੍ਹਾ ਫਿਰੋਜ਼ਪੁਰ ਦੇ ਜਨਰਲ ਸਕੱਤਰ ਸੰਤੋਖ ਸਿੰਘ ਤੇ ਸਹਾਇਕ ਸਟੇਜ ਸਕੱਤਰ ਧਰਮਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ।ਮੀਟਿੰਗ ਵਿੱਚ ਪ੍ਰੈਕਟੀਸ਼ਨਰਾਂ ਨੂੰ ਪ੍ਰੈਕਟਿਸ ਕਰਦੇ ਹੋਏ ਆ ਰਹੀਆਂ ਸਮੱਸਿਆਵਾਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ।ਮੀਟਿੰਗ ਵਿੱਚ ਪ੍ਰਧਾਨ ਆਤਮਾ ਸਿੰਘ ਤੇ ਜ਼ਿਲ੍ਹਾ ਜਨਰਲ ਸਕੱਤਰ ਸੰਤੋਖ ਸਿੰਘ ਨੇ ਮਈ ਦਿਵਸ ਦੇ ਸ਼ਹੀਦਾਂ ਨੂੰ ਪ੍ਰਣਾਮ ਕਰਦਿਆਂ ਕਿਹਾ ਕਿ ਸ਼ਹੀਦਾਂ ਨੇ ਸਾਮਰਾਜੀ ਤਾਕਤਾਂ ਖਿਲਾਫ ਲੜਦਿਆਂ ਆਪਣੇ ਹੱਕਾਂ ਲਈ ਕੁਰਬਾਨੀ ਦੇ ਕੇ ਆਉਣ ਵਾਲੀਆਂ ਪੀੜ੍ਹੀਆਂ ਲਈ ਕੰਮ ਕਰਨ ਦਾ ਸਮਾਂ ਮੁਕੱਰਰ ਕਰਵਾ ਕੇ ਹੱਕ ਲੈ ਕੇ ਦਿੱਤੇ।ਉਪਰੋਕਤ ਆਗੂਆਂ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਜਸਵਿੰਦਰ ਸਿੰਘ ਸੁੱਖੇਵਾਲਾ ਤੇ ਜਨਰਲ ਸਕੱਤਰ ਸੁਰਜੀਤ ਸਿੰਘ ਨੇ ਪਹਿਲਗਾਮ ਵਿੱਚ ਅੱਤਵਾਦੀਆਂ ਵੱਲੋਂ ਨਿਹੱਥੇ ਤੇ ਬੇਦੋਸ਼ੇ ਲੋਕਾਂ ਨੂੰ ਮੌਤ ਦੇ ਘਾਟ ਉਤਾਰੇ ਜਾਣ 'ਤੇ ਅਫ਼ਸੋਸ ਪ੍ਰਗਟ ਕਰਦਿਆਂ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਸਰਕਾਰ ਕੋਲੋਂ ਸਖਤ ਕਾਰਵਾਈ ਦੀ ਮੰਗ ਕੀਤੀ।ਜ਼ਿਲ੍ਹਾ ਸਹਾਇਕ ਸਟੇਜ ਸਕੱਤਰ ਧਰਮਿੰਦਰ ਸਿੰਘ ਤੇ ਚੇਅਰਮੈਨ ਜਰਨੈਲ ਸਿੰਘ ਨੇ ਸਰਕਾਰ ਵੱਲੋਂ ਚਲਾਈ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਬਾਰੇ ਕਿਹਾ ਕਿ ਸਾਡੀ ਜਥੇਬੰਦੀ ਇਸ ਮੁਹਿੰਮ ਦਾ ਸਮਰਥਨ ਕਰਦੀ ਹੈ।ਸੀਨੀਅਰ ਮੀਤ ਪ੍ਰਧਾਨ ਅਜਮੇਰ ਸਿੰਘ ਢੇਰੂ ਨੇ ਕਿਹਾ ਕਿ ਜੋ ਪਿਛਲੇ ਦਿਨੀਂ ਪੰਜਾਬ ਵਿੱਚ ਵੱਖ ਵੱਖ ਥਾਵਾਂ 'ਤੇ ਅੱਗ ਲੱਗਣ ਦੀਆਂ ਘਟਨਾਵਾਂ ਵਾਪਰੀਆਂ ਹਨ, ਸਰਕਾਰ ਮੁਆਇਨਾ ਕਰਕੇ ਉਨ੍ਹਾਂ ਕਿਸਾਨਾਂ ਦੀ ਬਣਦੀ ਭਰਪਾਈ ਕਰਕੇ ਉਨ੍ਹਾਂ ਦੀ ਮੱਦਦ ਕਰੇ।ਇਸ ਮੀਟਿੰਗ ਵਿੱਚ ਸੁਖਮਨੀ ਹਸਪਤਾਲ ਜ਼ੀਰਾ ਦੇ ਓਨਰ ਸੰਜੀਵ ਨਾਰੰਗ, ਸੀਨੀਅਰ ਡਾਕਟਰ ਜਤਿੰਦਰ ਕੁਮਾਰ, ਮੈਡੀਸਨ ਡਿਪਾਰਟਮੈਂਟ ਦੇ ਡਾਕਟਰ ਸਾਜਿਦ ਹੁਸੈਨ ਤੇ ਉਨ੍ਹਾਂ ਦੀ ਟੀਮ ਨੇ ਵੀ ਸ਼ਮੂਲੀਅਤ ਕੀਤੀ।ਉਨ੍ਹਾਂ ਨੇ ਆਪਣੇ ਹਸਪਤਾਲ ਦੀਆਂ ਵਿਸ਼ੇਸ਼ਤਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਅਖੀਰ 'ਤੇ ਪ੍ਰਧਾਨ ਆਤਮਾ ਸਿੰਘ ਵੱਲੋਂ ਸਾਰੇ ਮੈਂਬਰਾਂ ਤੇ ਸੁਖਮਨੀ ਹਸਪਤਾਲ ਦੀ ਟੀਮ ਦਾ ਧੰਨਵਾਦ ਕੀਤਾ ਗਿਆ।ਪ੍ਰਧਾਨ ਆਤਮਾ ਸਿੰਘ ਤੇ ਉਪਰੋਕਤ ਸੀਨੀਅਰ ਆਗੂਆਂ ਤੋਂ ਇਲਾਵਾ ਇਸ ਵਿਸ਼ੇਸ਼ ਇਕੱਤਰਤਾ ਵਿੱਚ ਵੱਡੀ ਗਿਣਤੀ ਵਿੱਚ ਪ੍ਰੈਕਟੀਸ਼ਨਰ ਸਰਪ੍ਰਸਤ ਗੁਰਦਿੱਤ ਸਿੰਘ, ਕੈਸ਼ੀਅਰ ਗੁਰਪ੍ਰੀਤ ਸਿੰਘ, ਵਾਈਸ ਕੈਸ਼ੀਅਰ ਬੋਹੜ ਸਿੰਘ, ਵਾਈਸ ਚੇਅਰਮੈਨ ਸਲਵਿੰਦਰ ਸਿੰਘ, ਪ੍ਰੈੱਸ ਸਕੱਤਰ ਵਰਿੰਦਰ ਸਿੰਘ, ਸੋਸ਼ਲ ਮੀਡੀਆ ਇੰਚਾਰਜ ਲਵਲੀ ਸਿੰਘ, ਵਾਈਸ ਸੋਸ਼ਲ ਮੀਡੀਆ ਇੰਚਾਰਜ ਮਨਪ੍ਰੀਤ ਸਿੰਘ, ਵਾਈਸ ਜਨਰਲ ਸਕੱਤਰ ਜਗਮੀਤ ਸਿੰਘ, ਸਲਾਹਕਾਰ ਬਲਜੀਤ ਸਿੰਘ, ਜਸਵਿੰਦਰ ਸਿੰਘ ਸੋਢੀਵਾਲਾ, ਕੁਲਵੀਰ ਸਿੰਘ, ਹਰਬੰਸ ਸਿੰਘ, ਸੁਖਦੀਪ ਸਿੰਘ, ਜਗਜੀਤ ਸਿੰਘ, ਵਾਈਸ ਸਟੇਜ ਸਕੱਤਰ ਗੁਰਜੀਤ ਸਿੰਘ ਪੰਡੋਰੀ, ਸ਼ਿੰਦਰਪਾਲ ਸਿੰਘ, ਗੁਰਵੀਰ ਕੌਰ ਆਦਿ ਸ਼ਾਮਲ ਹੋਏ।

# ਛਾਪੇਮਾਰੀ ਕਰਨ ਗਏ ਠੇਕੇ ਦੇ ਕਰਿੰਦੇ 'ਤੇ ਹਮਲਾ, 15 ਨਾਮਜ਼ਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਅਧੀਨ ਆਉਂਦੇ ਪਿੰਡ ਲੰਗੇਆਣਾ ਵਿਖੇ ਛਾਪੇਮਾਰੀ ਕਰਨ ਗਏ ਸ਼ਰਾਬ ਦੇ ਠੇਕੇਦਾਰ ਦੇ ਕਰਿੰਦੇ 'ਤੇ ਹਮਲਾ ਕਰਕੇ ਉਸ ਦੇ ਪਰਸ 'ਚੋਂ 5 ਹਜ਼ਾਰ ਰੁਪਏ, ਬੈਂਕ ਦਾ ਏਟੀਐੱਮ ਕਾਰਡ ਤੇ ਹੋਰ ਜ਼ਰੂਰੀ ਕਾਗਜ਼ਾਤ ਖੋਹਣ ਦੇ ਦੋਸ਼ ਵਿੱਚ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ 8 ਲੋਕ ਬਾਏ ਨੇਮ ਤੇ 5-7 ਅਣਪਛਾਤੇ ਵਿਅਕਤੀਆਂ ਖਿਲਾਫ 304, 126 (2), 115 (2), 191 (3), 190 ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਜਰਨੈਲ ਸਿੰਘ ਪੁੱਤਰ ਸਜਵਾਰਾ ਵਾਸੀ ਪਿੰਡ ਮਾਛੀਵਾੜਾ ਨੇ ਦੱਸਿਆ ਕਿ ਉਹ ਜੋ ਸ਼ਰਾਬ ਦੇ ਠੇਕੇਦਾਰਾਂ ਨਾਲ ਕੰਨਟਰੈਕਟ ਬੇਸ 'ਤੇ ਨੌਕਰੀ ਕਰਦਾ ਹੈ। ਜਰਨੈਲ ਸਿੰਘ ਨੇ ਦੱਸਿਆ ਕਿ 29 ਅਪ੍ਰੈਲ 2025 ਨੂੰ ਉਹ ਸਮੇਤ ਐਕਸਾਈਜ਼ ਵਿਭਾਗ ਦੇ ਕਰਮਚਾਰੀਆਂ ਨਾਲ ਪਿੰਡ ਲੰਗੇਆਣਾ ਵਿਖੇ ਨਾਜਾਇਜ਼ ਸ਼ਰਾਬ ਕਸੀਦ ਕੱਢ ਕੇ ਅੱਗੇ ਭਾਰੀ ਮਾਤਰਾ ਵਿੱਚ ਵੇਚਣ ਵਾਲਿਆਂ ਦੇ ਘਰ ਛਾਪੇਮਾਰੀ ਕਰਨ ਗਏ, ਤਾਂ ਜਦੋਂ ਉਨ੍ਹਾਂ ਨੇ ਰਵੀ ਪੁੱਤਰ ਬਗੀਚਾ ਦੇ ਘਰ ਬੈਕਸਾਈਡ ਚੈੱਕ ਕੀਤਾ ਤਾਂ ਉਥੇ 2 ਵੱਡੇ ਡਰੰਮ ਲਾਹਨ ਦੇ ਭਰੇ ਬਰਾਮਦ ਹੋਏ ਤੇ ਜਦ ਉਹ ਲਾਹਨ ਦੇ ਡਰੰਮ ਨਸ਼ਟ ਕਰਨ ਲੱਗੇ ਤਾਂ ਰਵੀ ਤੇ ਉਸ ਦੇ ਸਾਥੀਆਂ ਮਨਪ੍ਰੀਤ ਸਿੰਘ ਪੁੱਤਰ ਪੂਰਨ ਸਿੰਘ, ਦੀਸ਼ਾ ਪੁੱਤਰ ਜੋਗਿੰਦਰ ਸਿੰਘ, ਕਰਨੈਲ ਸਿੰਘ ਪੁੱਤਰ ਬਲਵੀਰ ਸਿੰਘ, ਰਾਜਵਿੰਦਰ ਕੌਰ ਪਤਨੀ ਜੋਗਿੰਦਰ ਸਿੰਘ, ਮਨਜੀਤ ਕੌਰ ਪਤਨੀ ਪੂਰਨ ਸਿੰਘ, ਬਲਵਿੰਦਰ ਸਿੰਘ ਉਰਫ ਬਿੱਟੂ ਪੁੱਤਰ ਗੁਲਜ਼ਾਰ, ਘੁੱਗੀ ਉਰਫ ਯੋਗੀ ਪੁੱਤਰ ਕਰਨੈਲ ਸਿੰਘ ਵਾਸੀਅਨ ਪਿੰਡ ਲੰਗੇਆਣਾ ਤੇ 5-7 ਅਣਪਛਾਤੇ ਵਿਅਕਤੀਆਂ ਨੇ ਉਸ ਦੇ ਸੱਟਾਂ ਮਾਰੀਆਂ ਤੇ ਉਸ ਦੀ ਪੈਂਟ ਦੀ ਪਿਛਲੀ ਜੇਬ ਵਿੱਚੋਂ ਉਸ ਦਾ ਪਰਸ ਕੱਢ ਲਿਆ, ਜਿਸ ਵਿੱਚ 5 ਹਜ਼ਾਰ ਰੁਪਏ ਕੈਸ਼, ਯੂਨੀਅਨ ਬੈਂਕ ਦਾ ਏਟੀਐੱਮ ਕਾਰਡ ਤੇ ਜ਼ਰੂਰੀ ਕਾਗਜ਼ਾਤ ਸਨ। ਇਸ ਮਾਮਲੇ ਦੀ ਜਾਂਚ ਕਰ ਰਹੇ ਹੈੱਡਕਾਂਸਟੇਬਲ ਰਮੇਸ਼ ਕੁਮਾਰ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

# ਦਰਿਆਈ ਪਾਣੀਆਂ ਦੇ ਮਸਲੇ ਸੰਬੰਧੀ ਵਿਧਾਇਕ ਨੂੰ ਦਿੱਤਾ ਮੰਗ ਪੱਤਰ

## ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦੌਰਾਨ ਡੈਮ ਸੇਫਟੀ ਐਕਟ ਰੱਦ ਕਰਨ ਦੀ ਮੰਗ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵੱਲੋਂ ਹਰਿਆਣਾ ਨੂੰ ਵਾਧੂ ਪਾਣੀ ਦਿੱਤੇ ਜਾਣ ਦੇ ਫੈਸਲੇ ਵਿਰੁੱਧ ਪੰਜਾਬ ਵਿਧਾਨ ਸਭਾ ਦੇ ਸੱਦੇ ਵਿਸ਼ੇਸ਼ ਅਜਲਾਸ ਵਿੱਚ ਡੈਮ ਸੇਫਟੀ ਐਕਟ ਨੂੰ ਰੱਦ ਕਰਨ ਦਾ ਮਤਾ ਪਾਸ ਕਰਨ ਦੀ ਮੰਗ ਲੈ ਕੇ ਕਿਰਤੀ ਕਿਸਾਨ ਯੂਨੀਅਨ ਵੱਲੋਂ ਵਿਧਾਇਕਾਂ ਤੇ ਮੰਤਰੀਆਂ ਨੂੰ ਮੰਗ ਪੱਤਰ ਦੇਣ ਦੇ ਫੈਸਲੇ ਤਹਿਤ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੂੰ ਮੰਗ ਪੱਤਰ ਸੌਂਪਿਆ ਗਿਆ।ਇਸ ਦੌਰਾਨ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਵਰਕਰ ਵੀ ਹਾਜ਼ਰ ਸਨ।ਜਥੇਬੰਦੀ ਦੇ ਜ਼ਿਲ੍ਹਾ ਸਕੱਤਰ ਦਲਜਿੰਦਰ ਸਿੰਘ ਹਰਿਆਊ, ਪ੍ਰੈੱਸ ਸਕੱਤਰ ਗੁਰਵਿੰਦਰ ਸਿੰਘ ਦੇਧਨਾ ਤੇ ਜ਼ਿਲ੍ਹਾ ਆਗੂ ਰਘਵੀਰ ਸਿੰਘ ਨਿਆਲ ਨੇ ਮੰਗ ਪੱਤਰ ਸੌਂਪਣ ਉਪਰੰਤ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਦੇ ਇਸ਼ਾਰੇ 'ਤੇ ਬੀਬੀਐੱਮਬੀ ਵੱਲੋਂ ਹਰਿਆਣਾ ਨੂੰ 8500 ਕਿਊਸਕ ਪਾਣੀ ਦੇਣ ਦੇ ਫੈਸਲੇ ਨੂੰ ਪੰਜਾਬ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਕਰਾਰ ਦਿੰਦਿਆਂ ਇਸ ਲਈ ਰਿਪੇਰੀਅਨ ਸਿਧਾਂਤ ਦੀ ਅਣਦੇਖੀ ਤੇ ਸੂਬਿਆਂ ਦੇ ਅਧਿਕਾਰ ਵਿਰੁੱਧ ਭੁਗਤਦੇ ਡੈਮ ਸੇਫਟੀ ਐਕਟ ਨੂੰ ਬੁਨਿਆਦੀ ਤੌਰ 'ਤੇ ਜ਼ਿੰਮੇਵਾਰ ਠਹਿਰਾਇਆ ਗਿਆ।ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਹਰਿਆਣਾ, ਰਾਜਸਥਾਨ, ਦਿੱਲੀ ਤੇ ਪੱਛਮੀ ਉੱਤਰ ਪ੍ਰਦੇਸ਼ ਦੀਆਂ ਪਾਣੀ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸ਼ਾਰਦਾ-ਯਮੁਨਾ ਲਿੰਕ ਨਹਿਰ ਦੀ ਉਸਾਰੀ ਕੀਤੀ ਜਾਵੇ ਤੇ ਰਾਵੀ ਦੇ ਪਾਕਿਸਤਾਨ ਨੂੰ ਅਜਾਈਂ ਜਾ ਰਹੇ ਪਾਣੀ ਦੀ ਸੰਭਾਲ ਤੇ ਵਰਤੋਂ ਕਰਕੇ ਪੀਣ ਤੇ ਸੱਚਾਈ ਲਈ ਨਹਿਰੀ ਪਾਣੀ ਮੁਹੱਈਆ ਕਰਵਾਉਣ ਲਈ ਪੰਜਾਬ ਨੂੰ ਵਿਸ਼ੇਸ਼ ਵਿੱਤੀ ਪੈਕਜ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਪੰਜਾਬ ਦੇ ਦਰਿਆਈ ਪਾਣੀਆਂ ਦੇ ਮਸਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਦਿੱਲੀ ਜਾਂ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਆਵਾਜ਼ ਉਠਾਉਣ।ਜਥੇਬੰਦੀ ਦੇ ਆਗੂਆਂ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਜੇਕਰ ਕੇਂਦਰ ਦੇ ਇਸ਼ਾਰੇ 'ਤੇ ਪੰਜਾਬ ਦੇ ਹਿੱਸੇ ਦਾ ਪਾਣੀ ਕਿਸੇ ਸੂਬੇ ਨੂੰ ਦਿੱਤਾ ਗਿਆ ਤਾਂ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਾਕ ਪ੍ਰਧਾਨ ਕਰਮਜੀਤ ਸਿੰਘ ਪਾਤੜਾਂ, ਜ਼ਿਲ੍ਹਾ ਆਗੂ ਮਹਿੰਦਰ ਸਿੰਘ ਖਾਂਗ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਬਲਾਕ ਪ੍ਰਧਾਨ ਸੁਖਦੇਵ ਸਿੰਘ ਹਰਿਆਊ, ਬਲਜੀਤ ਸਿੰਘ ਦੇਧਨਾ, ਕੁਲਦੀਪ ਸਿੰਘ ਚੁਨਾਗਰਾ, ਸਾਧਾ ਸਿੰਘ ਪਾਤੜਾਂ, ਪਿਆਰਾ ਸਿੰਘ ਦੇਧਨਾ, ਮਨਪ੍ਰੀਤ ਸਿੰਘ ਹਰਿਆਊ, ਨਾਹਰ ਸਿੰਘ ਪਾਤੜਾਂ, ਅੰਮ੍ਰਿਤ ਹਰਿਆਊ ਤੇ ਮਗਰ ਸਿੰਘ ਚੁਨਾਗਰਾ ਆਦਿ ਸਨ।

# ਦਰਿਆਈ ਪਾਣੀ ਨੂੰ ਬਚਾਉਣ ਸੰਬੰਧੀ ਮੰਗ ਪੱਤਰ ਸੌਂਪਿਆ : ਮੱਲੇਆਣਾ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਕਿਰਤੀ ਕਿਸਾਨ ਯੂਨੀਅਨ ਦੇ ਬਲਾਕ ਨਿਹਾਲ ਸਿੰਘ ਵਾਲਾ ਤੇ ਮੋਗਾ ਬਲਾਕ ਵੰਨ ਦੇ ਆਗੂਆਂ ਵੱਲੋਂ ਪੰਜਾਬ ਦੇ ਪਾਣੀਆਂ ਦੀ ਲੁੱਟ ਨੂੰ ਰੋਕਣ ਲਈ ਰੱਖਿਆ ਮੰਗ ਦੇ ਸਬੰਧ ਵਿੱਚ ਮੰਗ ਪੱਤਰ ਐੱਮ.ਐੱਲ.ਏ ਮਨਜੀਤ ਬਿਲਾਸਪੁਰ ਨੂੰ ਸੌਂਪਿਆ ਗਿਆ।ਇਸ ਦੌਰਾਨ ਜ਼ਿਲ੍ਹਾ ਮੀਤ ਪ੍ਰਧਾਨ ਨਾਜ਼ਰ ਸਿੰਘ ਖਾਈ, ਸੀਨੀਅਰ ਮੀਤ ਪ੍ਰਧਾਨ ਜਸਪਾਲ ਸਿੰਘ ਪੁਰਾਣੇਵਾਲਾ, ਬਲਾਕ ਮੋਗਾ ਵੰਨ ਦੇ ਬਲਾਕ ਪ੍ਰਧਾਨ ਬੂਟਾ ਸਿੰਘ ਤਖਾਣਵੱਧ, ਬਲਾਕ ਨਿਹਾਲ ਸਿੰਘ ਵਾਲਾ ਦੇ ਬਲਾਕ ਪ੍ਰਧਾਨ ਬੇਅੰਤ ਸਿੰਘ ਮੱਲੇਆਣਾ, ਬਲਾਕ ਆਗੂ ਮੋਹਨ ਸਿੰਘ ਡਾਲਾ ਤੇ ਜਗਸੀਰ ਸਿੰਘ ਗਿੱਲ ਢੁੱਡੀਕੇ ਨੇ ਦੱਸਿਆ ਕਿ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵੱਲੋਂ ਹਰਿਆਣੇ ਨੂੰ ਫੌਰੀ ਤੌਰ 'ਤੇ ਵਾਧੂ ਪਾਣੀ ਦੇਣ ਦੇ ਫੈਸਲੇ ਵਿਰੁੱਧ ਪੰਜਾਬ ਵਿਧਾਨ ਸਭਾ ਦੇ ਸੱਦੇ ਵਿਸ਼ੇਸ਼ ਇਜਲਾਸ ਮੌਕੇ ਅਸੀਂ ਕਿਰਤੀ ਕਿਸਾਨ ਯੂਨੀਅਨ ਵੱਲੋਂ ਪੰਜਾਬ ਦੇ ਪਾਣੀਆਂ ਦੇ ਮਸਲੇ ਨੂੰ ਹੱਲ ਕਰਾਉਣ ਲਈ ਮੰਗ ਪੱਤਰ ਦਿੱਤਾ ਗਿਆ।

ਆਗੂਆਂ ਨੇ ਦੱਸਿਆ ਕਿ ਜੋ ਸਾਡੀਆਂ ਮੰਗਾਂ ਜਿਵੇਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਲੋਂ ਇਕਤਰਫਾ ਧੱਕੇਸ਼ਾਹੀ ਕਰਕੇ ਹਰਿਆਣਾ ਨੂੰ ਵਾਧੂ ਪਾਣੀ ਦੇਣ ਦੇ ਫ਼ੈਸਲੇ ਦਾ ਅਧਾਰ ਸੂਬਿਆਂ ਦੇ ਅਧਿਕਾਰਾਂ ਨੂੰ ਨਿਸ਼ਾਨਾ ਬਣਾਉਂਦਾ ਡੈਮ ਸੇਫਟੀ ਐਕਟ ਹੈ। ਵਿਸ਼ੇਸ਼ ਇਜਲਾਸ ਵਿੱਚ ਇਸ ਐਕਟ ਨੂੰ ਰੱਦ ਕਰਨ ਦਾ ਮਤਾ ਪਾਸ ਕੀਤਾ ਜਾਵੇ। ਦਰਿਆਈ ਪਾਣੀਆਂ ਦੇ ਮਸਲੇ ਨੂੰ ਸੰਸਾਰ ਭਰ ਵਿੱਚ ਪ੍ਰਮਾਣਿਕ ਰਿਪੇਰੀਅਨ ਸਿਧਾਂਤ ਅਨੁਸਾਰ ਹੱਲ ਕੀਤਾ ਜਾਵੇ।ਹਰਿਆਣਾ, ਦਿੱਲੀ ਤੇ ਰਾਜਸਥਾਨ ਅਤੇ ਪੱਛਮੀ ਉੱਤਰ ਪ੍ਰਦੇਸ਼ ਦੀਆਂ ਪਾਣੀ ਲੋੜਾਂ ਨੂੰ ਪੂਰਾ ਕਰਨ ਲਈ ਸ਼ਾਰਦਾ ਨਦੀ ਦੇ ਅਜਾਈਂ ਜਾ ਰਹੇ ਪਾਣੀ ਨੂੰ ਵਰਤਿਆ ਜਾਵੇ।

ਇਸ ਸਬੰਧੀ ਸ਼ਾਰਦਾ-ਯਮੁਨਾ ਲਿੰਕ ਨਹਿਰ ਦੇ ਪ੍ਰੋਜੈਕਟ ਦੀ ਉਸਾਰੀ ਦੀ ਮੰਗ ਦਾ ਠੋਸ ਸੁਝਾਅ ਪੇਸ਼ ਕੀਤਾ ਜਾਵੇ।ਕੇਂਦਰ ਸਰਕਾਰ ਨੂੰ ਇਸ ਸਬੰਧੀ ਸਬੰਧਤ ਸੂਬਿਆਂ ਨਾਲ ਗੱਲਬਾਤ ਕਰਕੇ ਲੋੜੀਂਦਾ ਵਿੱਤੀ ਬੱਜਟ ਅਲਾਟ ਕਰਨਾ ਚਾਹੀਦਾ ਹੈ।ਰਾਵੀ ਦਰਿਆ ਦੇ ਪਾਕਿਸਤਾਨ ਨੂੰ ਅਜਾਈ ਜਾ ਰਹੇ ਪਾਣੀ ਨੂੰ ਸੰਭਾਲਣ ਤੇ ਵਰਤਣ ਲਈ ਕੇਂਦਰ ਸਰਕਾਰ ਪੰਜਾਬ ਨੂੰ ਦੋ ਲੱਖ ਕਰੋੜ ਦਾ ਵਿਸ਼ੇਸ਼ ਵਿੱਤੀ ਪੈਕੇਜ ਮਹੁੱਈਆ ਕਰਾਏ।ਹਰ ਖੇਤ ਤੱਕ ਨਹਿਰੀ ਪਾਣੀ ਤੇ ਹਰ ਘਰ ਤੱਕ ਪੀਣ ਵਾਲਾ ਸਾਫ਼ ਪਾਣੀ ਮੁਹੱਈਆ ਕਰਾਉਣ ਲਈ ਪੰਜਾਬ ਸਰਕਾਰ ਲੋੜੀਂਦੇ ਬੱਜਟ ਦਾ ਪ੍ਰਬੰਧ ਕਰੇ।ਇਨ੍ਹਾਂ ਸਾਰੀਆਂ ਵਿਸ਼ੇਸ਼ ਮੰਗਾਂ ਨੂੰ ਲੈ ਕੇ ਕਿਰਤੀ ਕਿਸਾਨ ਯੂਨੀਅਨ ਦੇ ਆਗੂਆਂ ਵੱਲੋਂ ਪੂਰੇ ਪੰਜਾਬ ਵਿੱਚ ਕੈਬਨਿਟ ਮੰਤਰੀਆਂ ਤੇ ਹਲਕਾ ਵਿਧਾਇਕਾਂ ਨੂੰ ਮੰਗ ਪੱਤਰ ਦਿੱਤੇ ਗਏ।ਇਸ ਦੌਰਾਨ ਸ਼ਾਮਲ ਸਾਥੀ ਬਲਾਕ ਖ਼ਜ਼ਾਨਚੀ ਬਲਕਰਨ ਸਿੰਘ ਮੱਲੇਆਣਾ, ਬਲਾਕ ਆਗੂ ਬਲਜਿੰਦਰ ਸਿੰਘ ਮਾਛੀਕੇ, ਬਲਾਕ ਆਗੂ ਨਿਰਮਲ ਸਿੰਘ ਮਾਛੀਕੇ, ਮੀਤ ਪ੍ਰਧਾਨ ਬਲਦੇਵ ਸਿੰਘ ਭੰਗੂ ਬੱਧਨੀ ਕਲਾਂ, ਬਲਾਕ ਆਗੂ ਹਰਦੀਪ ਸਿੰਘ ਬੱਧਨੀ ਕਲਾਂ, ਸ਼ਾਮ ਸਿੰਘ ਬੱਧਨੀ ਕਲਾਂ, ਸਤਿਨਾਮ ਸਿੰਘ ਮੱਲੇਆਣਾ, ਰਾਮਪਾਲ ਸਿੰਘ ਮੱਲੇਆਣਾ, ਜਸਵੀਰ ਸਿੰਘ ਮਾਛੀਕੇ, ਹਰਦੇਵ ਸਿੰਘ ਹੈਪੀ ਮਾਛੀਕੇ, ਅਵਤਾਰ ਸਿੰਘ ਖਾਈ, ਬਲਾਕ ਮੋਗਾ ਵੰਨ ਤੋਂ ਚਮਕੌਰ ਸਿੰਘ ਢੁੱਡੀਕੇ, ਬਲਾਕ ਆਗੂ ਅਵਤਾਰ ਸਿੰਘ ਡਾਲਾ, ਕੁਲਦੀਪ ਸਿੰਘ, ਮੋਹਨ ਸਿੰਘ, ਜਸਮੇਰ ਸਿੰਘ ਤਖਾਣਵੱਧ, ਮਲਕੀਤ ਸਿੰਘ ਸੁਖਵੀਰ ਸਿੰਘ ਡਾਲਾ, ਮਨਜੀਤ ਸਿੰਘ ਕਪੂਰੇ, ਜਗਰਾਜ ਸਿੰਘ ਕਪੂਰੇ, ਮਲਕੀਤ ਸਿੰਘ ਕੋਕਰੀ ਤੇ ਅਮਰਜੀਤ ਸਿੰਘ ਕੋਕਰੀ ਹਾਜ਼ਰ ਹੋਏ।

# ਭਾਰਤ-ਪਾਕਿ ਦਰਮਿਆਨ ਜੰਗ ਵਾਲੇ ਮਾਹੌਲ ਨੂੰ ਰੋਕਣਾ ਜ਼ਰੂਰੀ : ਮਾਨ



**ਫਿਰੋਜ਼ਪੁਰ (ਅਸ਼ੋਕ ਸ਼ਰਮਾ, ਗੁਰਬਚਨ ਸਿੰਘ)**-ਭਾਰਤ ਤੇ ਪਾਕਿਸਤਾਨ ਨਾਲ ਬਣਾਏ ਜਾ ਰਹੇ ਜੰਗ ਦੇ ਮਾਹੌਲ ਨੂੰ ਰੋਕਣਾ ਬਹੁਤ ਜ਼ਰੂਰੀ ਹੈ, ਕਿਉਂਕਿ ਜੰਗ ਕਿਸੇ ਵੀ ਮਸਲੇ ਦਾ ਹੱਲ ਨਹੀਂ, ਜੇਕਰ ਇਹ ਜੰਗ ਲੱਗਦੀ ਹੈ ਤਾਂ ਪੰਜਾਬ ਤੋਂ ਇਲਾਵਾ ਨਾਲ ਲੱਗਦੇ ਸਿੱਖ ਵਸੋਂ ਵਾਲੇ ਇਲਾਕੇ ਜੰਗ ਦਾ ਅਖਾੜਾ ਬਣ ਜਾਣਗੇ, ਹੁਣ ਵਾਲੀਆਂ ਜੰਗਾਂ ਸਿਰਫ਼ ਤੋਪਾਂ, ਗੋਲੀਆਂ, ਟੈਂਕਾਂ ਤੱਕ ਸੀਮਤ ਨਹੀਂ, ਹੁਣ ਤਾਂ ਪ੍ਰਮਾਣੂ ਹਥਿਆਰਾਂ ਨਾਲ ਮਿੰਟਾਂ, ਸਕਿੰਟਾਂ ਵਿੱਚ ਤਬਾਹ ਕੀਤਾ ਜਾ ਸਕਦਾ ਹੈ, ਇਸ ਲਈ ਸਿੱਖ ਕੌਮ ਇਸ ਜੰਗ ਵਿੱਚ ਹਿੱਸਾ ਨਾ ਲਵੇ। ਇਹ ਵਿਚਾਰ ਸਥਾਨਕ ਅਨੰਦ ਬੈਕੰਟ ਹਾਲ ਵਿੱਚ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਸਿਮਰਨਜੀਤ ਸਿੰਘ ਮਾਨ ਕੌਮੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਹਿੰਦੂ ਤੇ ਮੁਸਲਮਾਨਾਂ ਦੀ ਹਜ਼ਾਰਾਂ ਸਾਲਾਂ ਦੀ ਦੁਸ਼ਮਣੀ ਹੈ, ਜਿਸ ਕਾਰਨ ਇੰਡੀਆ ਨਾਲ ਲੱਗਦੇ ਪਾਕਿਸਤਾਨ ਦੀਆਂ ਸਰਹੱਦਾਂ 'ਤੇ ਤਣਾਅ ਦਾ ਮਾਹੌਲ ਬਣਿਆ ਰਹਿੰਦਾ ਹੈ, ਜਿਸ ਨਾਲ ਸਿੱਖ ਕੌਮ ਦਾ ਹਮੇਸ਼ਾ ਨੁਕਸਾਨ ਹੀ ਹੋਇਆ ਹੈ, ਇਸ ਲਈ ਹੁਣ ਇਸ ਮਾਹੌਲ ਖਿਲਾਫ਼ ਸਿੱਖ ਕੌਮ ਨੂੰ ਉੱਠਣਾ ਪਵੇਗਾ। ਮਾਨ ਨੇ ਕਿਹਾ ਕਿ ਪਹਿਲਗਾਮ ਵਿੱਚ ਵਾਪਰੇ ਸ਼ਰਮਨਾਕ ਘਟਨਾਕ੍ਰਮ ਨੂੰ ਜੰਗ ਨਾਲ ਜੋੜਨਾ ਡਰਪੋਕ ਮਾਨਸਿਕਤਾ ਦਾ ਪ੍ਰਗਟਾਵਾ ਹੈ, ਪਹਿਲਗਾਮ ਦੇ ਦੁਖਾਂਤ ਦੀ ਆੜ ਹੇਠ ਵਾਹਗਾ ਬਾਰਡਰ ਬੰਦ ਕਰ ਦੇਣਾ ਪੰਜਾਬ ਨੂੰ ਮਾਲੀ ਤੌਰ 'ਤੇ ਕਮਜ਼ੋਰ ਕਰਨ ਦੀ ਸਾਜ਼ਿਸ਼ ਹੈ। ਇਸ ਸਮੇਂ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਈਮਾਨ ਸਿੰਘ ਮਾਨ, ਪ੍ਰੋਫੈਸਰ ਮਹਿੰਦਰਪਾਲ ਸਿੰਘ, ਹਰਪਾਲ ਸਿੰਘ ਬਲੇਰ, ਕੁਲਦੀਪ ਸਿੰਘ ਭਾਗੋਵਾਲ ਤੇ ਗੁਰਜੰਟ ਸਿੰਘ ਕੱਟੂ (ਸਾਰੇ ਜਰਨਲ ਸਕੱਤਰ), ਡਾ. ਹਰਜਿੰਦਰ ਸਿੰਘ ਜੱਖੂ, ਹਰਭਜਨ ਸਿੰਘ ਕਸ਼ਮੀਰੀ, ਗੁਰਚਰਨ ਸਿੰਘ ਭੁੱਲਰ, ਬਹਾਦਰ ਸਿੰਘ ਭਸੌੜ, ਗੁਰਨੈਬ ਸਿੰਘ, ਜਤਿੰਦਰ ਸਿੰਘ ਥਿੰਦ, ਪਰਮਿੰਦਰ ਸਿੰਘ ਬਾਲਿਆਂਵਾਲੀ, ਬਲਦੇਵ ਸਿੰਘ ਗਗੜਾ, ਬਲਰਾਜ ਸਿੰਘ (ਸਾਰੇ ਸੀਨੀਅਰ ਆਗੂ), ਤੇਜਿੰਦਰ ਸਿੰਘ ਦਿਓਲ ਪ੍ਰਧਾਨ ਯੂਥ ਵਿੰਗ, ਜਗਜੀਤ ਸਿੰਘ ਸ਼ੁਸ਼ਕ, ਗੁਰਵਿੰਦਰ ਸਿੰਘ ਮਹਾਲਮ, ਬੀਬੀ ਰਾਜਿੰਦਰ ਕੌਰ ਜੈਤੋ ਪ੍ਰਧਾਨ ਇਸਤਰੀ ਵਿੰਗ, ਬੀਬੀ ਰਸਪਿੰਦਰ ਕੌਰ ਗਿੱਲ ਸਮੇਤ ਭਾਰੀ ਸੰਗਤ ਹਾਜ਼ਰ ਸੀ।

# ਡਾ. ਗੌਰਵ ਸਾਗਰ ਨੂੰ ਰਾਸ਼ਟਰੀ ਕਾਨਫਰੰਸ ਦੌਰਾਨ ਕੀਤਾ ਸਨਮਾਨਤ



**ਫਿਰੋਜ਼ਪੁਰ (ਅਸ਼ੋਕ ਸ਼ਰਮਾ, ਗੁਰਬਚਨ ਸਿੰਘ)**-ਅਕਾਦਮਿਕ ਸ੍ਰੇਸ਼ਠਤਾ ਤੇ ਹੋਲਿਸਟਿਕ ਵਿਕਾਸ ਲਈ ਮਸ਼ਹੂਰ ਵਿਵੇਕਾਨੰਦ ਵਰਲਡ ਸਕੂਲ ਨੂੰ ਗਲੋਬਲ ਏਪੈਕਸ ਐਵਾਰਡਸ ਵੱਲੋਂ 'ਬੈਸਟ ਸਕੂਲ ਪ੍ਰਮੋਟਿੰਗ ਐਕਸਟਰਾ ਕਰਿਕੁਲਰ ਐਕਟਿਵਿਟੀ' ਦਾ ਇਨਾਮ ਦਿੱਤਾ ਗਿਆ। ਇਹ ਸਨਮਾਨ 3 ਮਈ 2025 ਨੂੰ ਹੋਟਲ ਹਾਇਅਤ ਸੈਂਟ੍ਰਿਕ, ਜਨਕਪੁਰੀ, ਨਵੀਂ ਦਿੱਲੀ ਵਿੱਚ ਹੋਈ ਗ੍ਰੈਂਡ ਕਾਨਫਰੰਸ ਤੇ ਐਵਾਰਡ ਸੈਰੇਮਨੀ ਦੌਰਾਨ ਦਿੱਤਾ ਗਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਗੈਂਬੀਆ ਦੇ ਰਾਜਦੂਤ ਮੁਸਤਾਫਾ ਜਾਵਾਰਾ ਸਨ, ਜਿਨ੍ਹਾਂ ਨੇ ਆਪਣੇ ਸ਼ਬਦਾਂ ਰਾਹੀਂ ਸਮੂਹ ਸਿੱਖਿਆ ਸਮਾਜ ਨੂੰ ਪ੍ਰੇਰਿਤ ਕੀਤਾ। ਡਾ. ਐੱਸ ਐੱਨ ਰੁਦਰਾ ਡਾਇਰੈਕਟਰ ਵਿਵੇਕਾਨੰਦ ਵਰਲਡ ਸਕੂਲ ਨੇ ਦੱਸਿਆ ਕਿ ਇਹ ਸਫਲਤਾ ਅਧਿਆਪਕਾਂ, ਵਿਦਿਆਰਥੀਆਂ ਤੇ ਮਾਪਿਆਂ ਦੀ ਲਗਾਤਾਰ ਮਿਹਨਤ ਤੇ ਸਹਿਯੋਗ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਇਹ ਇਨਾਮ ਸਕੂਲ ਦੀ ਉਸ ਵਚਨਬੱਧਤਾ ਦੀ ਪਛਾਣ ਹੈ ਜੋ ਕਿ ਸਿੱਖਿਆ ਤੋਂ ਇਲਾਵਾ ਖੇਡਾਂ, ਕਲਾਵਾਂ, ਲੀਡਰਸ਼ਿਪ ਤੇ ਸਮਾਜਕ ਸੇਵਾਵਾਂ ਰਾਹੀਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਮੰਚ ਪ੍ਰਦਾਨ ਕਰਦੀ ਹੈ। ਚੇਅਰਮੈਨ ਡਾ. ਗੌਰਵ ਸਾਗਰ ਭਾਸਕਰ ਨੇ ਇਸ ਉਪਲੱਬਧੀ 'ਤੇ ਧੰਨਵਾਦ ਪ੍ਰਗਟਾਉਂਦੇ ਹੋਏ ਕਿਹਾ ਕਿ ਇਹ ਇਨਾਮ ਸਕੂਲ ਦੇ ਹੋਲਿਸਟਿਕ ਤੇ ਕਿਰਦਾਰ ਨਿਰਮਾਣ 'ਤੇ ਆਧਾਰਤ ਮਿਸ਼ਨ ਦੀ ਤਸਦੀਕ ਕਰਦਾ ਹੈ। ਉਨ੍ਹਾਂ ਦੀ ਅਗਵਾਈ ਹੇਠ ਤੇ ਮੋਹਨ ਲਾਲ ਭਾਸਕਰ ਫਾਊਂਡੇਸ਼ਨ ਦੇ ਮਾਰਗ ਦਰਸ਼ਨ ਹੇਠ ਸਕੂਲ ਨੇ ਸਦਾ ਉੱਚ ਤੇ ਮੂਲ ਭਾਵਨਾਵਾਂ ਅਧਾਰਤ ਸਿੱਖਿਆ ਨੂੰ ਪ੍ਰਧਾਨਤਾ ਦਿੱਤੀ ਹੈ। ਡਾ. ਰੁਦਰਾ ਨੇ ਦੱਸਿਆ ਕਿ ਹਾਲਾਂਕਿ ਸਕੂਲ ਸੀਮਾਵਰਤੀ ਸ਼ਹਿਰ ਫਿਰੋਜ਼ਪੁਰ ਵਿੱਚ ਸਥਿਤ ਹੈ, ਪਰ ਇਸ ਨੇ ਆਪਣੀ ਆਧੁਨਿਕ ਇਨਫਰਾਸਟਰਕਚਰ, ਪੂਰੀ ਤਰ੍ਹਾਂ ਏਸੀ ਕਲਾਸ ਰੂਮਜ਼ ਤੇ ਨਵੀਨ ਤਰੀਕਿਆਂ ਨਾਲ ਪੜ੍ਹਾਈ ਰਾਹੀਂ ਰਾਸ਼ਟਰੀ ਪੱਧਰ 'ਤੇ ਆਪਣੀ ਪਛਾਣ ਬਣਾਈ ਹੈ। ਇਹ ਰਾਸ਼ਟਰੀ ਪੱਧਰ ਦਾ ਸਨਮਾਨ ਸਕੂਲ ਦੀ ਵਧ ਰਹੀ ਪ੍ਰਸਿੱਧੀ ਵਿੱਚ ਹੋਰ ਨਵਾਂ ਚਮਕਦਾਰ ਅਧਿਆਇ ਜੋੜਦਾ ਹੈ ਤੇ ਦੱਸਦਾ ਹੈ ਕਿ ਇਹ ਸਕੂਲ 21ਵੀਂ ਸਦੀ ਦੀ ਸਿੱਖਿਆ ਵਿੱਚ ਹਰ ਪੱਖੋਂ ਉਤਕ੍ਰਿਸ਼ਟਤਾ ਹਾਸਲ ਕਰ ਰਿਹਾ ਹੈ। ਇਸ ਮੌਕੇ ਕਈ ਮਸ਼ਹੂਰ ਵਿਅਕਤੀਆਂ ਜਿਵੇਂ ਕਿ ਪ੍ਰਭਾ ਭਾਸਕਰ, ਸੀ ਏ ਵਰਿੰਦਰ ਮੋਹਨ ਸਿੰਘਲ, ਸੀ ਏ ਗਗਨਦੀਪ ਸਿੰਘਲ, ਸਮੀਰ ਮਿੱਤਲ, ਝਲਕੇਸ਼ਵਰ ਭਾਸਕਰ, ਡਾ. ਨਰੇਸ਼ ਖੰਨਾ, ਰਿੱਕੀ ਸ਼ਰਮਾ, ਸੰਤੋਖ ਸਿੰਘ, ਡਾ. ਹਰਸ਼ ਭੋਲਾ, ਪ੍ਰੋ. ਗੁਰਤੇਜ ਕੁਹਾੜਵਾਲਾ, ਸੁਰਿੰਦਰ ਗੋਇਲ, ਐਡ. ਸ਼ਲਿੰਦਰ ਭੱਲਾ, ਐਡ. ਮਹਰ ਮੰਲ, ਤਜਿੰਦਰ ਪਾਲ ਕੌਰ, ਪਰਮਵੀਰ ਸ਼ਰਮਾ, ਵਿਪਨ ਸ਼ਰਮਾ, ਮਹਿਮਾ ਕਪੂਰ, ਸ਼ਿਪਰਾ ਨਰੂਲਾ, ਅਮਰਜੀਤ ਸਿੰਘ ਭੋਗਲ, ਅਮਨ ਦੇਉਦਾ, ਅਜੈ ਤੁਲੀ, ਅਨਿਲ ਬੰਸਲ, ਹਰਸ਼ ਅਰੋੜਾ, ਹਰਮੀਤ ਵਿਦਿਆਰਥੀ, ਕਮਲ ਡਰਾਵਿਡ ਤੇ ਅਮਿਤ ਧਵਨ ਵੱਲੋਂ ਡਾ. ਭਾਸਕਰ ਨੂੰ ਇਸ ਉਪਲਬੱਧੀ 'ਤੇ ਵਧਾਈਆਂ ਦਿੱਤੀਆਂ ਗਈਆਂ।

## ਪੰਜਾਬ ਸਰਕਾਰ ਦੀ ਪੈਨਸ਼ਨਰ ਵਿਰੋਧੀ ਨੀਤੀ ਦੀ ਸਖ਼ਤ ਨਿਖੇਧੀ



**ਦੋਰਾਹਾ (ਹਰਮਿੰਦਰ ਸੇਠ)** ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਪਵਨ ਕੁਮਾਰ ਕੌਸ਼ਲ ਦੀ ਪ੍ਰਧਾਨਗੀ ਹੋਈ ਮੀਟਿੰਗ ਦੇ ਸ਼ੁਰੂ ਵਿੱਚ 22 ਅਪ੍ਰੈਲ ਨੂੰ ਪਹਿਲਗਾਮ ਵਿਖੇ ਦਹਿਸ਼ਦਗਰਦਾਂ ਹੱਥੋਂ ਮਾਰੇ ਗਏ 26 ਸੈਲਾਨੀਆਂ ਪ੍ਰਤੀ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ ਤੇ ਖੁਫੀਆ ਏਜੰਸੀਆਂ ਵੱਲੋਂ ਵਿਖਾਈ ਅਣਗਹਿਲੀ ਤੇ ਉਥੇ ਕੋਈ ਸੁਰੱਖਿਆ ਬਲਾਂ ਦੇ ਨਾ ਹੋਣ ਦੀ ਨਿਖੇਧੀ ਕੀਤੀ ਗਈ।ਜਨਤਾ ਦੀਆਂ ਅਸਲ ਮੰਗਾਂ ਤੋਂ ਧਿਆਨ ਹਟਾਉਣ ਲਈ ਕੇਂਦਰ ਸਰਕਾਰ ਵੱਲੋਂ ਜਾਣ-ਬੁੱਝ ਕੇ ਪੰਜਾਬ ਦੇ ਪਾਣੀਆਂ ਦਾ ਮੁੱਦਾ ਚੁੱਕ ਕੇ ਪੰਜਾਬ ਤੇ ਹਰਿਆਣਾ ਦੇ ਲੋਕਾਂ ਵਿੱਚ ਕੁੜੱਤਣ ਪੈਦਾ ਕਰਨ ਦੀ ਕੋਸ਼ਿਸ਼ਾਂ ਦੀ ਸਖਤ ਨਿਖੇਧੀ ਕੀਤੀ ਗਈ। ਪੰਜਾਬ ਅੰਦਰ ਸੀਨੀਅਰ ਨਾਗਰਿਕਾਂ ਅਤੇ ਆਮ ਜਨਤਾ ਦੀ ਸੁਰੱਖਿਆ ਪ੍ਰਤੀ ਪ੍ਰਸ਼ਾਸਨ ਦੀ ਅਣਦੇਖੀ ਕਰਨ ਅਤੇ ਸਿੱਖਿਆ ਕ੍ਰਾਂਤੀ ਦੇ ਨਾਂਅ ਹੇਠ ਪਖਾਨਿਆਂ, ਚਾਰਦੀਵਾਰੀਆਂ ਅਤੇ ਕਮਰੇ ਆਦਿ ਦੇ ਉਦਘਾਟਨਾਂ ਉੱਪਰ ਕਰੋੜਾਂ ਰੁਪਏ ਬਰਬਾਦ ਕਰਕੇ ਐਮ ਐਲ ਏ ਤੇ ਮੰਤਰੀਆਂ ਵਲੋਂ ਫੋਕੀ ਸ਼ੋਹਰਤ ਲੈਣ ਦੀ ਸਖਤ ਨਿਖੇਧੀ ਕੀਤੀ।

ਸਰਕਾਰ ਵਲੋਂ ਮੁਲਾਜ਼ਮਾਂ ਤੇ ਪੈਨਸ਼ਨਰਜ਼ ਨੂੰ ਉਨ੍ਹਾਂ ਦੀਆਂ ਜਾਇਜ਼ ਮੰਗਾਂ, ਜਿਨ੍ਹਾਂ ਵਿੱਚ 1.1.2016 ਤੋਂ 30.6.2021 ਤੱਕ ਦੇ ਬਕਾਏ ਦੀ ਇਕਮੁਸ਼ਤ ਅਦਾਇਗੀ ਕਰਨ, ਪੈਨਸ਼ਨ ਦੁਹਰਾਈ 2.59 ਗੁਣਾਂਕ ਨਾਲ ਕਰਨਾ, ਡਾਕਟਰੀ ਇਲਾਜ ਦੀ ਕੈਸ਼ਲੈਸ ਸਕੀਮ ਮੁੜ ਲਾਗੂ ਕਰਨ, ਮਹਿੰਗਾਈ ਭੱਤੇ ਦੀਆਂ ਰਹਿੰਦੀਆਂ ਕਿਸ਼ਤਾਂ ਦੀ ਅਦਾਇਗੀ ਕਰਨ ਤੇ ਹੋਰ ਮੰਗਾਂ ਉੱਪਰ ਵਿਚਾਰ ਕਰਨ ਲਈ ਸਬ ਕਮੇਟੀ ਨਾਲ ਮੀਟਿੰਗਾਂ ਦਾ ਸਿਲਸਿਲਾ ਇੱਕ ਵਾਰ ਫਿਰ ਠੰਡੇ ਬਸਤੇ ਵਿੱਚ ਪਾ ਦੇਣਾ ਪੈਨਸ਼ਨਰਾਂ ਤੇ ਮੁਲਜ਼ਮਾਂ ਨਾਲ ਇੱਕ ਕੋਝੇ ਮਜ਼ਾਕ ਤੋਂ ਬਿਨਾਂ ਹੋਰ ਕੁੱਝ ਨਹੀਂ।

## ਲੋੜਵੰਦ ਤੇ ਹੁਸ਼ਿਆਰ ਵਿਦਿਆਰਥੀਆਂ ਲਈ ਇੱਕ ਹੋਰ ਵਜ਼ੀਫਾ ਸਕੀਮ ਸ਼ੁਰੂ



**ਸ੍ਰੀ ਫ਼ਤਿਹਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)** ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ ਲੋੜਵੰਦ ਤੇ ਹੁਸ਼ਿਆਰ ਵਿਦਿਆਰਥੀਆਂ ਲਈ ਸੰਗਤ ਦੇ ਸਹਿਯੋਗ ਨਾਲ ਵਿਸ਼ੇਸ਼ ਵਜ਼ੀਫ਼ਾ ਯੋਜਨਾ ਸ਼ੁਰੂ ਕੀਤੀ ਗਈ ਹੈ।ਵਾਈਸ ਚਾਂਸਲਰ ਪ੍ਰੋਫੈਸਰ ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਇਸ ਯੋਜਨਾ ਲਈ ਯੂਨੀਵਰਸਿਟੀ ਵੱਲੋਂ ਇੱਕ ਵੱਖਰਾ ਬੈਂਕ ਖਾਤਾ ਖੋਲਿਆ ਗਿਆ ਹੈ, ਜਿਸ ਵਿੱਚ ਕੋਈ ਵੀ ਦਾਨੀ ਸੱਜਣ ਪੈਸੇ ਭੇਜ ਸਕਦਾ ਹੈ, ਜਿਸ ਨੂੰ ਸਿਰਫ ਵਿਦਿਆਰਥੀਆਂ ਦੇ ਵਜ਼ੀਫ਼ੇ ਲਈ ਖਰਚਿਆ ਜਾਵੇਗਾ।ਉਨ੍ਹਾਂ ਦੱਸਿਆ ਕਿ ਇਸ ਵਜ਼ੀਫ਼ਾ ਯੋਜਨਾ ਨੂੰ ਪਾਰਦਰਸ਼ੀ ਬਣਾਉਣ ਲਈ ਯੂਨੀਵਰਸਿਟੀ ਵੈਬਸਾਈਟ ਉੱਪਰ ਇੱਕ ਵਿਸ਼ੇਸ਼ ਲਿੰਕ ਦਿੱਤਾ ਜਾਵੇਗਾ, ਜਿਸ ਵਿੱਚ ਪ੍ਰਾਪਤ ਹੋਈ ਤੇ ਖਰਚੀ ਗਈ ਰਕਮ ਦਾ ਪੂਰਾ ਵੇਰਵਾ ਦਰਜ ਹੋਵੇਗਾ। ਯੋਜਨਾ ਦੇ ਪਹਿਲੇ ਦਾਨੀ ਅਜੈਬ ਸਿੰਘ ਮੋਹਾਲੀ, ਸੇਵਾਮੁਕਤ ਸੀਨੀਅਰ ਮੈਨੇਜਰ ਸਟੇਟ ਬੈਂਕ ਆਫ ਪਟਿਆਲਾ ਤੇ ਬੀਬੀ ਸੁਰਿੰਦਰ ਕੌਰ ਸੇਵਾਮੁਕਤ ਡਿਪਟੀ ਕਮਿਸ਼ਨਰ ਇਨਕਮ ਟੈਕਸ ਨੇ ਇਕ ਲੱਖ ਦੋ ਹਜਾਰ ਰੁਪਏ ਦਾ ਚੈੱਕ ਅਧਿਕਾਰੀਆਂ ਨੂੰ ਭੇਟ ਕਰਦਿਆਂ ਆਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵੱਲੋਂ ਵਿਦਿਆਰਥੀਆਂ ਲਈ ਚਲਾਈਆਂ ਜਾ ਰਹੀਆਂ ਉਪਕਾਰੀ ਯੋਜਨਾਵਾਂ ਦੀ ਸ਼ਲਾਘਾ ਕਰਨੀ ਬਣਦੀ ਹੈ।ਅਜੈਬ ਸਿੰਘ ਨੇ ਪੰਜਾਹ ਸਾਲ ਪਹਿਲਾਂ ਦੇ ਵਾਕਿਆ ਨੂੰ ਯਾਦ ਕੀਤਾ, ਜਦੋਂ ਕਿਸੇ ਦਾਨੀ ਸੱਜਣ ਨੇ ਉਹਨਾਂ ਦੀ ਫੀਸ ਭਰੀ ਸੀ।ਉਨ੍ਹਾਂ ਆਖਿਆ ਕਿ ਜੇਕਰ ਲੋੜ ਵੇਲੇ ਉਹਨਾਂ ਸਹਾਇਤਾ ਨਾ ਹੁੰਦੀ ਤਾਂ ਅੱਜ ਉਹ ਆਪਣੇ ਜੀਵਨ ਦੇ ਇਸ ਮੁਕਾਮ 'ਤੇ ਨਹੀਂ ਸੀ ਪਹੁੰਚ ਸਕਣਾ।ਇਸ ਲਈ ਸਾਡਾ ਸਭ ਦਾ ਫ਼ਰਜ਼ ਬਣਦਾ ਹੈ ਕਿ ਅਸੀਂ ਆਪਣੇ ਵਸੀਲਿਆਂ ਵਿੱਚੋਂ ਸਮਰੱਥਾ ਅਨੁਸਾਰ ਲੋੜਵੰਦ ਤੇ ਹੁਸ਼ਿਆਰ ਵਿਦਿਆਰਥੀਆਂ ਦੀ ਵੱਧ ਤੋਂ ਵੱਧ ਸਹਾਇਤਾ ਕਰੀਏ।ਡੀਨ ਅਕਾਦਮਿਕ ਮਾਮਲੇ ਪ੍ਰੋਫੈਸਰ ਸੁਖਵਿੰਦਰ ਸਿੰਘ ਬਿਲਿੰਗ ਨੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਦੱਸਿਆ ਕਿ ਵਰਲਡ ਯੂਨੀਵਰਸਿਟੀ ਵੱਲੋਂ ਵਿਦਿਆਰਥੀਆਂ ਲਈ ਕਈ ਮਹੱਤਵਪੂਰਨ ਵਜ਼ੀਫ਼ਾ ਸਕੀਮਾਂ ਚਲਾਈਆਂ ਜਾ ਰਹੀਆਂ ਹਨ, ਜਿਨ੍ਹਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਜ਼ੀਫ਼ਾ ਯੋਜਨਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੰਮ੍ਰਿਤਧਾਰੀ ਲੜਕੀਆਂ ਲਈ ਮੁਫ਼ਤ ਸਿੱਖਿਆ ਯੋਜਨਾ, ਗੁਰਸਿੱਖ ਵਿਦਿਆਰਥੀਆਂ ਲਈ ਧਰਮ ਅਧਿਐਨ ਦੀ ਐਮਏ ਦੀ ਮੁਫ਼ਤ ਸਿੱਖਿਆ ਅਤੇ ਸਰਬੱਤ ਦਾ ਭਲਾ ਟਰਸਟ ਦੇ ਸਹਿਯੋਗ ਨਾਲ ਗੱਤਕੇ ਦੀ ਮੁਫਤ ਸਿੱਖਿਆ ਆਦਿ ਪ੍ਰਮੁੱਖ ਹਨ।ਬੀਬੀ ਸੁਰਿੰਦਰ ਕੌਰ ਨੇ ਲੜਕੀਆਂ ਵਾਸਤੇ ਅਕਾਦਮਿਕ ਤੇ ਪੇਸ਼ੇਵਰ ਜ਼ਿੰਦਗੀ ਦੀਆਂ ਚੁਣੌਤੀਆਂ ਦਾ ਹਵਾਲਾ ਦਿੰਦਿਆਂ ਆਖਿਆ ਕਿ ਬੱਚੀਆਂ ਦੀ ਸਿੱਖਿਆ ਤੇ ਰੁਜ਼ਗਾਰ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।ਰਜਿਸਟਰਾਰ ਪ੍ਰੋਫੈਸਰ ਤੇਜਬੀਰ ਸਿੰਘ ਨੇ ਮਹਿਮਾਨਾਂ ਤੇ ਪਤਵੰਤਿਆਂ ਦਾ ਧੰਨਵਾਦ ਕਰਦਿਆਂ ਇਸ ਨਵੀਂ ਵਜ਼ੀਫ਼ਾ ਯੋਜਨਾ ਦੀ ਸ਼ਲਾਘਾ ਕੀਤੀ ਤੇ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਨਾਮ ਸਿੰਘ, ਸੇਵਾਮੁਕਤ ਤਹਿਸੀਲਦਾਰ, ਬੀਬੀ ਪਰਮਿੰਦਰ ਕੌਰ ਪਟਿਆਲਾ, ਡੀਨ ਰਿਸਰਚ ਪ੍ਰੋਫੈਸਰ ਨਵਦੀਪ ਕੌਰ, ਡੀਨ ਵਿਦਿਆਰਥੀ ਭਲਾਈ ਡਾ ਸਿਕੰਦਰ ਸਿੰਘ, ਆਈਕਿਊ ਏਸੀ ਕੋਆਰਡੀਨੇਟਰ ਡਾ. ਅੰਕਦੀਪ ਕੌਰ ਅਟਵਾਲ, ਡਿਪਟੀ ਰਜਿਸਟਰਾਰ ਜਗਜੀਤ ਸਿੰਘ ਤੋਂ ਇਲਾਵਾ ਵੱਖ ਵੱਖ ਭਾਗਾਂ ਦੇ ਮੁਖੀ ਤੇ ਇੰਚਾਰਜ ਹਾਜ਼ਰ ਸਨ।ਯੂਨੀਵਰਸਿਟੀ ਅਧਿਕਾਰੀਆਂ ਵੱਲੋਂ ਸਿੱਖ ਸੰਗਤਾਂ ਨੂੰ ਇਸ ਯੋਜਨਾ ਵਿੱਚ ਵਧ-ਚੜ੍ਹ ਕੇ ਯੋਗਦਾਨ ਪਾਉਣ ਲਈ ਗੁਜ਼ਾਰਿਸ਼ ਕੀਤੀ ਗਈ ਹੈ।

## ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਵੱਲੋਂ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ



**ਮਹਿਲ ਕਲਾਂ, (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)** ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਮਹਿਲ ਕਲਾਂ (ਪੰਡੋਰੀ ਗਰੁੱਪ) ਵੱਲੋਂ ਸ਼ਿਕਾਗੋ ਦੇ ਮਹਾਨ ਸ਼ਹੀਦਾਂ ਦੀ ਯਾਦ 'ਚ ਵਿਸ਼ਾਲ ਸਮਾਗਮ ਰਵਿਦਾਸ ਧਰਮਸ਼ਾਲਾ ਮਹਿਲ ਕਲਾਂ ਵਿਖੇ ਜੋਸ਼ ਖਰੋਸ਼ ਨਾਲ ਕਰਾਇਆ ਗਿਆ।ਇਸ ਮੌਕੇ ਚੇਅਰਮੈਨ ਅਮਰਜੀਤ ਸਿੰਘ ਕਾਲਸਾਂ, ਪ੍ਰਧਾਨ ਦਲਬਾਰ ਸਿੰਘ ਮਹਿਲ ਕਲਾਂ, ਸੂਬਾ ਕਮੇਟੀ ਮੈਂਬਰ ਕੇਸਰ ਖਾਨ, ਇੰਦਰਜੀਤ ਸਿੰਘ ਸੋਹੀਆ, ਅਮਰਜੀਤ ਸਿੰਘ ਐਮ ਕੇ, ਭੋਲਾ ਖਾਨ ਤੇ ਜਰਨਲ ਸਕੱਤਰ ਨਿਰਭੈ ਸਿੰਘ ਨਿਹਾਲੂਵਾਲ ਨੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆ ਆਖਿਆ ਕਿ ਬੇਸ਼ੱਕ ਅੱਜ ਦੁਨੀਆ ਭਰ ਵਿੱਚ ਮਜ਼ਦੂਰ ਦਿਵਸ ਭਾਰੀ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ ਤੇ 1886 'ਚ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿਖੇ ਹਜ਼ਾਰਾਂ ਮਜ਼ਦੂਰ ਕੇਵਲ ਅੱਠ ਘੰਟੇ ਕੰਮ ਕਰਨ ਦੀ ਮੰਗ ਕਰ ਰਹੇ ਸਨ, ਪ੍ਰੰਤੂ ਸਮੇਂ ਦੇ ਹਾਕਮਾਂ ਤੇ ਪੂੰਜੀਪਤੀਆਂ ਨੇ ਇਸ ਨੂੰ ਪ੍ਰਵਾਨ ਨਾ ਕਰਦਿਆਂ ਉਨ੍ਹਾਂ 'ਤੇ ਗੋਲੀਆਂ ਚਲਾ ਦਿੱਤੀਆਂ। ਇਸ ਮੌਕੇ ਡੁੱਲ੍ਹੇ ਮਜ਼ਦੂਰਾਂ ਦੇ ਖੂਨ ਨਾਲ ਭਿੱਜ ਕੇ ਚਿੱਟੇ ਰੰਗ ਦਾ ਝੰਡਾ ਲਾਲ ਰੰਗ 'ਚ ਰੰਗਿਆ ਗਿਆ।ਜ਼ਾਲਮ ਸਰਮਾਏਦਾਰਾਂ ਨੇ ਸੱਤ ਮਜ਼ਦੂਰਾਂ ਨੂੰ ਸ਼ਹੀਦ ਕਰ ਦਿੱਤਾ ਸੀ, ਜਿਸ ਤੋਂ ਸੰਸਾਰ ਭਰ ਵਿਚ ਜਿਥੇ ਉਨ੍ਹਾਂ ਸ਼ਹੀਦਾਂ ਦੀ ਯਾਦ ਮਨਾਈ ਜਾਂਦੀ ਹੈ, ਉਥੇ ਕਿਰਤੀ ਕਾਮੇ ਆਉਣ ਵਾਲੇ ਸਮੇਂ ਵਿੱਚ ਆਪਣੇ ਹੱਕਾਂ ਦੀ ਪੂਰਤੀ ਲਈ ਸੰਘਰਸ਼ ਕਰਨ ਦਾ ਪ੍ਰਣ ਕਰਦੇ ਹਨ।

ਗੁਰਜੰਟ ਸਿੰਘ ਚੁਹਾਨਕੇ ਦੇ ਪਿਤਾ ਦੀ ਹੋਈ ਬੇਵਕਤੀ ਮੌਤ 'ਤੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਅਰਪਿਤ ਕੀਤੀ ਗਈ।ਇਸ ਮੌਕੇ ਪਹਿਲਗਾਮ ਵਿਖੇ ਹੋਏ ਹਮਲੇ 'ਚ ਬੇਕਸੂਰ ਲੋਕਾਂ ਦੀ ਹੋਈ ਮੌਤ ਦੀ ਮੈਡੀਕਲ ਪ੍ਰੈਕਟੀਕਲ ਐਸੋਸੀਏਸ਼ਨ ਵੱਲੋਂ ਨਿਖੇਧੀ ਕੀਤੀ ਗਈ।

## ਪੰਜਾਬ ਦੀ ਜਵਾਨੀ ਤੇ ਪਾਣੀ ਨੂੰ ਬਚਾਉਣ ਲਈ ਮਿਲ ਕੇ ਹੰਭਲਾ ਮਾਰਨ ਦੀ ਲੋੜ : ਹਰਜੋਤ ਸਿੰਘ ਬੈਂਸ



**ਨਵਾਂਸ਼ਹਿਰ, ( ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਛੇੜੇ ਯੁੱਧ ਨੂੰ ਅੱਜ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੀਆਂ ਗ੍ਰਾਮ ਸੁਰੱਖਿਆ ਕਮੇਟੀਆਂ, ਵਾਰਡ ਸੁਰੱਖਿਆ ਕਮੇਟੀਆਂ ਦੇ ਹਜ਼ਾਰਾਂ ਮੈਂਬਰਾਂ, ਸਰਪੰਚਾਂ, ਪੰਚਾਂ, ਨੰਬਰਦਾਰਾਂ, ਕੌਂਸਲਰਾਂ ਨੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ, ਐਮ.ਪੀ ਮਲਵਿੰਦਰ ਸਿੰਘ ਕੰਗ, ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਤੇ ਸੰਤੋਸ਼ ਕਟਾਰੀਆ, ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਅਤੇ ਹੋਰਨਾਂ ਆਗੂਆਂ ਦੀ ਹਾਜ਼ਰੀ ਵਿਚ ਲੋਕ ਲਹਿਰ ਬਣਾਉਣ ਦਾ ਅਹਿਦ ਲਿਆ। ਨਵਾਂਸ਼ਹਿਰ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਅਤੇ ਐਸ.ਐਸ.ਪੀ ਡਾ. ਮਹਿਤਾਬ ਸਿੰਘ ਦੀ ਅਗਵਾਈ ਹੇਠ ਕਰਵਾਏ ਵਿਸ਼ਾਲ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਪਿੰਡਾਂ ਤੇ ਸ਼ਹਿਰਾਂ ਦੇ ਪਹਿਰੇਦਾਰ ਮੁਹਿੰਮ ਦੇ ਆਗਾਜ਼ ਮੌਕੇ ਹਜ਼ਾਰਾਂ ਦੀ ਗਿਣਤੀ ਵਿਚ ਪੁੱਜੇ ਸ਼ਹੀਦ ਭਗਤ ਸਿੰਘ ਨਗਰ ਵਾਸੀਆਂ ਨੇ ਐਲਾਨ ਕੀਤਾ ਕਿ ਉਹ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਛੇੜੀ ਲੜਾਈ ਨੂੰ ਜ਼ਿਲ੍ਹੇ ਦੇ ਹਰ ਪਿੰਡ, ਕਸਬੇ ਤੇ ਗਲੀ-ਮੁਹੱਲੇ ਤੱਕ ਲਿਜਾ ਕੇ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਅੰਜਾਮ ਤੱਕ ਪਹੁੰਚਾਉਣਗੇ।ਸਮਾਗਮ ਦੇ ਮੁੱਖ ਮਹਿਮਾਨ ਪੰਜਾਬ ਦੇ ਸਿੱਖਿਆ ਅਤੇ ਲੋਕ ਸੰਪਰਕ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੇ ਸਹਿਯੋਗ ਨਾਲ ਨਸ਼ੇ ਦਾ ਮੁਕੰਮਲ ਖ਼ਾਤਮਾ ਕਰਕੇ ਦਮ ਲਵੇਗੀ।

ਉਨ੍ਹਾਂ ਕਿਹਾ ਕਿ ਪੰਜਾਬ ਦੀ ਜਵਾਨੀ ਤੇ ਪਾਣੀ ਨੂੰ ਬਚਾਉਣ ਲਈ ਮਿਲ ਕੇ ਹੰਭਲਾ ਮਾਰਨ ਦੀ ਲੋੜ ਹੈ ਅਤੇ ਇਸ ਲਈ ਸਾਰੇ ਪੰਜਾਬੀਆਂ ਨੂੰ ਅੱਗੇ ਆਉਣਾ ਚਾਹੀਦਾ ਹੈ।ਉਨ੍ਹਾਂ ਦੱਸਿਆ ਕਿ ਆਉਂਦੀ 7 ਮਈ ਤੋਂ ਸੂਬੇ ਭਰ ਵਿਚ ਨਸ਼ਾ ਮੁਕਤੀ ਯਾਤਰਾ ਸ਼ੁਰੂ ਹੋਵੇਗੀ, ਜੋ ਕਿ ਰੋਜ਼ਾਨਾ ਹਰੇਕ ਬਲਾਕ ਦੇ 3 ਪਿੰਡਾਂ ਵਿਚ ਜਾ ਕੇ ਲੋਕਾਂ ਨੂੰ ਨਸ਼ਿਆਂ ਖ਼ਿਲਾਫ਼ ਲਾਮਬੰਦ ਕਰੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਨੂੰ ਖ਼ਤਮ ਕਰਨ ਲਈ ਤਿੰਨ ਚੀਜ਼ਾਂ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ, ਜਿਨ੍ਹਾਂ ਵਿਚ ਨਸ਼ਾ ਤਸਕਰਾਂ ਖਿਲਾਫ ਮਿਸਾਲੀ ਕਾਰਵਾਈ, ਨਸ਼ਿਆਂ ਦੀ ਦਲਦਲ ਵਿਚ ਫਸ ਚੁੱਕੇ ਨੌਜਵਾਨਾਂ ਦਾ ਇਲਾਜ ਅਤੇ ਉਹਨਾਂ ਦਾ ਮੁੜ-ਵਸੇਬਾ ਕਰਵਾਉਣਾ ਸ਼ਾਮਲ ਹੈ।ਇਸ ਮੌਕੇ ਉਨ੍ਹਾਂ ਹਜ਼ਾਰਾਂ ਲੋਕਾਂ ਨੂੰ ਨਸ਼ਾ ਵਿਰੋਧੀ ਮੁਹਿੰਮ ਦਾ ਹਿੱਸਾ ਬਣਨ ਤੇ ਨਸ਼ਾ ਤਸਕਰਾਂ ਦੀ ਕਿਸੇ ਵੀ ਕਿਸਮ ਦੀ ਸਹਾਇਤਾ ਨਾ ਕਰਨ ਦੀ ਸਹੁੰ ਚੁਕਾਈ। ਸਮਾਗਮ ਦੇ ਵਿਸ਼ੇਸ਼ ਮਹਿਮਾਨ ਲੋਕ ਸਭਾ ਮੈਂਬਰ ਹਲਕਾ ਅਨੰਦਪੁਰ ਸਾਹਿਬ ਮਲਵਿੰਦਰ ਸਿੰਘ ਕੰਗ ਨੇ ਇਸ ਮੌਕੇ ਸੱਦਾ ਦਿੱਤਾ ਕਿ ਲੋਕ ਨਸ਼ਾ ਵਿਰੋਧੀ ਮੁਹਿੰਮ ਵਿਚ ਮੋਹਰੀ ਭੂਮਿਕਾ ਨਿਭਾਉਣ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਰਜੋਤ ਸਿੰਘ ਬੈਂਸ ਅਤੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਪੰਜਾਬ ਕੋਲ ਵਾਧੂ ਪਾਣੀ ਨਹੀ ਹੈ ਅਤੇ ਪੰਜਾਬ ਦੇ ਪਾਣੀ ਦੀ ਇਕ ਬੂੰਦ ਵੀ ਕਿਸੇ ਨੂੰ ਨਹੀਂ ਦਿੱਤੀ ਜਾਵੇਗੀ।ਇਸ ਮੌਕੇ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਅਤੇ ਐਸ.ਐਸ.ਪੀ ਡਾ. ਮਹਿਤਾਬ ਸਿੰਘ ਨੇ ਜ਼ਿਲ੍ਹੇ ਦੇ ਸਿਵਲ ਅਤੇ ਪੁਲਸ ਪ੍ਰਸ਼ਾਸਨ ਵੱਲੋਂ ਨਸ਼ਿਆਂ ਦੀ ਰੋਕਥਾਮ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਜਾਣਕਾਰੀ ਦਿੱਤੀ। ਇਸ ਦੌਰਾਨ ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਕੀਤੀਆਂ ਲਾਮਿਸਾਲ ਕਾਰਵਾਈਆਂ ਸਬੰਧੀ ਤਿਆਰ ਕੀਤੀਆਂ ਗਈਆਂ ਦਸਤਾਵੇਜ਼ੀ ਫ਼ਿਲਮਾਂ ਵੀ ਦਿਖਾਈਆਂ ਗਈਆਂ ਅਤੇ ਪਿੰਡਾਂ ਅਤੇ ਸ਼ਹਿਰਾਂ ਦੇ ਪਹਿਰੇਦਾਰਾਂ ਨੂੰ ਉਨ੍ਹਾਂ ਦੇ ਫ਼ਰਜ਼ਾਂ ਤੋਂ ਜਾਣੂ ਕਰਵਾਇਆ ਗਿਆ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਏ ਹੋਏ ਮਹਿਮਾਨਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਰਾਸ਼ਟਰੀ ਗਾਣ ਨਾਲ ਸਮਾਗਮ ਦੀ ਸਮਾਪਤੀ ਹੋਈ।

## ਕਿਰਤੀ ਕਿਸਾਨ ਯੂਨੀਅਨ ਵੱਲੋਂ ਪੰਜਾਬ ਦੇ ਪਾਣੀਆਂ ਦੀ ਲੋੜ ਲਈ ਮੀਟਿੰਗ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਤਰਫੋਂ ਵਿਸ਼ੇਸ਼ ਤੌਰ 'ਤੇ ਆਪ ਪਾਰਟੀ ਦੇ ਬੰਗਾ ਹਲਕੇ ਦੇ ਐਮ ਐਲ ਏ ਸੁਖਵਿੰਦਰ ਸੁੱਖੀ ਅਤੇ ਨਵਾਂਸ਼ਹਿਰ ਹਲਕੇ ਦੇ ਐਮ ਐਲ ਏ ਨਛੱਤਰ ਪਾਲ ਨਾਲ ਪੰਜਾਬ ਦੇ ਪਾਣੀਆਂ ਦੀ ਲੋੜ ਲਈ ਮੀਟਿੰਗ ਹੋਈ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਵਿਸ਼ੇਸ਼ ਤੌਰ ਤੇ 5 ਮਈ ਨੂੰ ਸੱਦੇ ਗਏ ਵਿਧਾਨ ਸਭਾ ਦੇ ਸੈਸ਼ਨ ਵਿੱਚ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਹਿੱਤ ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਲੋਂ ਐਮ ਐਲ ਏ ਸੁਖਵਿੰਦਰ ਸੁੱਖੀ ਅਤੇ ਨਛੱਤਰ ਪਾਲ ਨੂੰ ਮੰਗ ਪੱਤਰ ਸੌਂਪਿਆ ਗਿਆ ।ਮੰਗ ਪੱਤਰ ਵਿੱਚ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵੱਲੋਂ ਇਕਤਰਫਾ ਧੱਕੇਸ਼ਾਹੀ ਕਰਕੇ ਹਰਿਆਣੇ ਨੂੰ ਵਾਧੂ ਪਾਣੀ ਦੇਣ ਦੇ ਫੈਸਲੇ ਦਾ ਆਧਾਰ ਸੂਬਿਆਂ ਦੇ ਅਧਿਕਾਰਾਂ ਨੂੰ ਨਿਸ਼ਾਨਾ ਬਣਾਉਂਦਾ ਡੈਮ ਸੇਫਟੀ ਐਕਟ ਨੂੰ ਵਿਸ਼ੇਸ਼ ਇਜਲਾਸ ਦੌਰਾਨ ਰੱਦ ਕਰਨ ਦਾ ਮਤਾ ਪਾਸ ਕੀਤਾ ਜਾਵੇ, ਦਰਿਆਈ ਪਾਣੀਆਂ ਦੇ ਮਸਲੇ ਨੂੰ ਸੰਸਾਰ ਭਰ 'ਚ ਪ੍ਰਮਾਣਿਕ ਰਿਪੇਰੀਅਨ ਸਿਧਾਂਤ ਅਨੁਸਾਰ ਹੱਲ ਕੀਤਾ ਜਾਵੇ, ਹਰਿਆਣਾ, ਦਿੱਲੀ, ਰਾਜਸਥਾਨ ਅਤੇ ਪੱਛਮੀ ਉੱਤਰ ਪ੍ਰਦੇਸ਼ ਦੀਆਂ ਪਾਣੀ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸ਼ਾਰਦਾ ਨਦੀ ਦੇ ਅਜਾਈਂ ਜਾ ਰਹੇ ਪਾਣੀ ਨੂੰ ਵਰਤਿਆ ਜਾਵੇ । ਕੇਂਦਰ ਸਰਕਾਰ ਨੂੰ ਇਸ ਸਬੰਧੀ ਸੰਬੰਧਤ ਸੂਬਿਆਂ ਨਾਲ ਗੱਲਬਾਤ ਕਰਕੇ ਲੋੜੀਂਦਾ ਵਿੱਤੀ ਬਜਟ ਜਾਰੀ ਕਰੇ । ਇਸ ਮੌਕੇ ਪਰਮਜੀਤ ਸਿੰਘ ਸ਼ਹਾਬਪੁਰ ਨਵਾਂਸ਼ਹਿਰ ਇਲਾਕੇ ਦੇ ਪ੍ਰਧਾਨ , ਸੁਰਿੰਦਰ ਸਿੰਘ ਮਹਿਰਮਪੁਰ ਔੜ ਬਲਾਕ ਪ੍ਰਧਾਨ , ਸੋਹਣ ਸਿੰਘ ਅਟਵਾਲ ਮੀਤ ਪ੍ਰਧਾਨ, ਰਾਮ ਜੀ ਦਾਸ ਸਨਾਵਾ, ਅਵਤਾਰ ਸਿੰਘ ਸਕੋਹਪੁਰ, ਬਿੱਕਰ ਸਿੰਘ ਸੇਖੂਪੁਰ, ਕਰਨੈਲ ਸਿੰਘ ਉੜਾਪੜ, ਕਸ਼ਮੀਰ ਸਿੰਘ , ਜੀਵਨ ਬੇਗੋਵਾਲ , ਆਗਿਆਕਾਰ ਸਿੰਘ ਬੈਂਸ, ਨਿਰਮਲ ਸਿੰਘ ਮੱਲਪੁਰ ਅੜਕਾਂ, ਚਰਨਜੀਤ ਸਿੰਘ, ਮੱਖਣ ਸਿੰਘ ਭਾਨਮਜਾਰਾ, ਜ਼ਿਲ੍ਹਾ ਸਕੱਤਰ ਤਰਸੇਮ ਸਿੰਘ ਬੈਂਸ, ਸੁਰਜੀਤ ਕੌਰ ਉਟਾਲ ਅਤੇ ਮਨਜੀਤ ਕੌਰ ਹਾਜ਼ਰ ਸਨ।

## ਪੰਜਾਬ ਸਰਕਾਰ ਲੋਕ ਲਹਿਰ ਨਾਲ ਨਸ਼ੇ ਦਾ ਸਫ਼ਾਇਆ ਕਰਕੇ ਦਮ ਲਵੇਗੀ : ਧਾਲੀਵਾਲ





**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਾਪੁਰੀ)**-ਪੰਜਾਬ ਸਰਕਾਰ ਵਲੋਂ ਨਸ਼ਿਆਂ ਵਿਰੁੱਧ ਛੇੜੇ ਯੁੱਧ ਨੂੰ ਅੱਜ ਕਪੂਰਥਲਾ ਜ਼ਿਲ੍ਹੇ ਦੀਆਂ ਵਿਲਜ ਡਿਫੈਂਸ ਕਮੇਟੀਆਂ, ਵਾਰਡ ਡਿਫੈਂਸ ਕਮੇਟੀਆਂ ਦੇ ਹਜ਼ਾਰਾਂ ਮੈਂਬਰਾਂ, ਸਰਪੰਚਾਂ, ਪੰਚਾਂ, ਨੰਬਰਦਾਰਾਂ, ਕੌਂਸਲਰਾਂ ਨੇ ਕੈਬਨਿਟ ਮੰਤਰੀਆਂ ਕੁਲਦੀਪ ਸਿੰਘ ਧਾਲੀਵਾਲ, ਲਾਲ ਚੰਦ ਕਟਾਰੂਚੱਕ ਤੇ ਮੋਹਿੰਦਰ ਭਗਤ ਦੀ ਹਾਜ਼ਰੀ ਵਿਚ ਲੋਕ ਲਹਿਰ ਬਣਾਉਣ ਦਾ ਅਹਿਦ ਲਿਆ। ਰੇਲ ਕੋਚ ਫੈਕਟਰੀ ਸੁਲਤਾਨਪੁਰ ਰੋਡ ਉੱਪਰ ਹੋਏ ਵਿਸ਼ਾਲ ਸਮਾਗਮ ਦੌਰਾਨ ਹਜ਼ਾਰਾਂ ਦੀ ਗਿਣਤੀ ਵਿਚ ਪੁੱਜੇ ਲੋਕਾਂ ਨੇ ਐਲਾਨ ਕੀਤਾ ਕਿ ਉਹ ਪੰਜਾਬ ਸਰਕਾਰ ਵਲੋਂ ਨਸ਼ਿਆਂ ਵਿਰੁੱਧ ਛੇੜੀ ਲੜਾਈ ਨੂੰ ਹਰ ਪਿੰਡ, ਕਸਬੇ ਤੇ ਗਲੀ- ਮੁਹੱਲੇ ਤੱਕ ਲੈ ਕੇ ਜਾਣਗੇ। ਸਮਾਗਮ ਦੇ ਮੁੱਖ ਮਹਿਮਾਨ ਪੰਜਾਬ ਦੇ ਪ੍ਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੇ ਸਹਿਯੋਗ ਨਾਲ ਨਸ਼ੇ ਦਾ ਸਫਾਇਆ ਕਰਕੇ ਦਮ ਲਵੇਗੀ। ਉਨ੍ਹਾਂ ਦੱਸਿਆ ਕਿ 7 ਮਈ ਤੋਂ ਪੰਜਾਬ ਭਰ ਵਿਚ ਨਸ਼ਾ ਮੁਕਤੀ ਯਾਤਰਾ ਸ਼ੁਰੂ ਹੋਵੇਗੀ, ਜੋ ਕਿ ਹਰ ਰੋਜ਼ ਹਰੇਕ ਬਲਾਕ ਦੇ 3 ਪਿੰਡਾਂ ਵਿੱਚ ਜਾ ਕੇ ਲੋਕਾਂ ਨੂੰ ਨਸ਼ੇ ਦੀ ਰੋਕਥਾਮ ਲਈ ਲਾਮਬੰਦ ਕਰੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪੂਰੀ ਦ੍ਰਿੜਤਾ ਨਾਲ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਕਰਦਿਆਂ ਨਸ਼ੇ ਦੀ ਸਪਲਾਈ ਲਾਈਨ ਤੋੜਨ ਵਿੱਚ ਕਾਮਯਾਬ ਰਹੀ ਹੈ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਵਲੋਂ ਕਾਲੀ ਕਮਾਈ ਨਾਲ ਬਣਾਏ ਮਹਿਲਾਂ ਨੂੰ ਢਾਹ ਢੇਰੀ ਕਰ ਦਿੱਤਾ ਜਾਵੇਗਾ। ਉਨ੍ਹਾਂ ਹਜ਼ਾਰਾਂ ਲੋਕਾਂ ਨੂੰ ਨਸ਼ਾ ਵਿਰੋਧੀ ਮੁਹਿੰਮ ਦਾ ਹਿੱਸਾ ਬਣਨ ਤੇ ਨਸ਼ਾ ਤਸਕਰਾਂ ਦੀ ਕਿਸੇ ਵੀ ਕਿਸਮ ਦੀ ਸਹਾਇਤਾ ਨਾ ਕਰਨ ਦੀ ਸਹੁੰ ਚੁਕਾਈ। ਖ਼ੁਰਾਕ ਤੇ ਸਿਵਲ ਸਪਲਾਈ ਬਾਰੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਨਸ਼ਾ ਤਸਕਰਾਂ ਵਿਰੁੱਧ ਮਿਸਾਲੀ ਕਾਰਵਾਈ ਕਰਨ ਦੇ ਨਾਲ-ਨਾਲ 55000 ਨੌਜਵਾਨਾਂ ਨੂੰ ਮੈਰਿਟ ਦੇ ਅਧਾਰ 'ਤੇ ਸਰਕਾਰੀ ਨੌਕਰੀਆਂ ਦਿੱਤੀਆਂ ਹਨ । ਉਨ੍ਹਾਂ ਕਿਹਾ ਕਿ ਲੋਕ ਨਸ਼ਾ ਵਿਰੋਧੀ ਮੁਹਿੰਮ ਵਿਚ ਮੋਹਰੀ ਭੂਮਿਕਾ ਨਿਭਾਉਣ ਤਾਂ ਹੀ ਇਸ ਸਮਾਜਿਕ ਕੋਹੜ ਨੂੰ ਖਤਮ ਕੀਤਾ ਜਾ ਸਕਦਾ ਹੈ। ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਯੁੱਧ ਨਸ਼ੇ ਵਿਰੁੱਧ ਮੁਹਿੰਮ ਨੂੰ ਜ਼ਮੀਨੀ ਪੱਧਰ 'ਤੇ ਲੋਕਾਂ ਦੇ ਸਹਿਯੋਗ ਨਾਲ ਹੋਰ ਅਸਰਦਾਰ ਢੰਗ ਨਾਲ ਚਲਾ ਕੇ ਸੂਬੇ ਤੋਂ ਜਲਦ ਹੀ ਨਸ਼ੇ ਦਾ ਕਲੰਕ ਲਾਹ ਦਿੱਤਾ ਜਾਵੇਗਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਬਨਿਟ ਮੰਤਰੀਆਂ ਨੂੰ ਕਿਹਾ ਕਿ ਪੰਜਾਬ ਕੋਲ ਨਾ ਤਾਂ ਵਾਧੂ ਪਾਣੀ ਹੈ ਤੇ ਨਾ ਹੀ ਪੰਜਾਬ ਦੇ ਪਾਣੀ ਦਾ ਇਕ ਤੁਪਕਾ ਵੀ ਕਿਸੇ ਵੀ ਦਿੱਤਾ ਜਾਵੇਗਾ।ਇਸ ਮੌਕੇ ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ, ਐਸ.ਐਸ.ਪੀ. ਗੌਰਵ ਤੂਰਾ ਨੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਨਸ਼ਿਆਂ ਦੀ ਰੋਕਥਾਮ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਪਟਿਆਲਾ ਤੋਂ ਆਈ ਤਮਾਸ਼ਾ ਆਰਟਸ ਦੀ ਟੀਮ ਵਲੋਂ ਨਸ਼ਿਆਂ ਦੇ ਮਾੜੇ ਅਸਰ ਬਾਰੇ ਜਾਗਰੂਕ ਕਰਦਾ ਨਾਟਕ ਵੀ ਖੇਡਿਆ ਗਿਆ। ਇਸ ਮੌਕੇ ਜਿਲ੍ਹਾ ਯੋਜਨਾ ਬੋਰਡ ਦੇ ਚੇਅਰਪਰਸਨ ਲਲਿਤ ਸਕਲਾਨੀ, ਨਗਰ ਸੁਧਾਰ ਟਰੱਸਟ ਕਪੂਰਥਲਾ ਦੇ ਚੇਅਰਮੈਨ ਤੇ ਸੁਲਤਾਨਪੁਰ ਲੋਧੀ ਤੋਂ ਹਲਕਾ ਇੰਚਾਰਜ ਸੱਜਣ ਸਿੰਘ ਚੀਮਾ, ਡਾਇਰੈਕਟਰ ਜਲ ਸਰੋਤ ਵਿਭਾਗ ਤੇ ਭੁਲੱਥ ਤੋਂ ਹਲਕਾ ਇੰਚਾਰਜ ਹਰਸਿਮਰਨ ਸਿੰਘ ਘੁੰਮਣ, ਫਗਵਾੜਾ ਤੋਂ ਆਮ ਆਦਮੀ ਪਾਰਟੀ ਦੇ ਬੁਲਾਰੇ ਹਰਨੂਰ ਸਿੰਘ ਹਰਜੀ ਮਾਨ, ਨਸ਼ਾ ਮੁਕਤੀ ਮੋਰਚਾ ਦੇ ਜ਼ਿਲ੍ਹਾ ਕੋਆਰਡੀਨੇਟਰ ਪ੍ਰਦੀਪ ਥਿੰਦ, ਵਧੀਕ ਡਿਪਟੀ ਕਮਿਸ਼ਨਰ ਨਵਨੀਤ ਕੌਰ ਬੱਲ, ਵਧੀਕ ਡਿਪਟੀ ਕਮਿਸ਼ਨਰ ਵਿਕਾਸ ਵਰਿੰਦਰਪਾਲ ਸਿੰਘ ਬਾਜਵਾ, ਐਸ.ਪੀ. ਗੁਰਪ੍ਰੀਤ ਸਿੰਘ ਤੇ ਹੋਰ ਹਾਜ਼ਰ ਸਨ।

## ਪੰਜਾਬੀ ਮਾਂ ਬੋਲੀ ਤੇ ਸ਼ਿਵ ਕੁਮਾਰ ਬਟਾਲਵੀ ਨੂੰ ਸਮਰਪਤ ਪ੍ਰੋਗਰਾਮ 18 ਨੂੰ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਪੰਜਾਬ ਮਨੁੱਖੀ ਅਧਿਕਾਰ ਸੰਗਠਨ ਸ੍ਰੀ ਅਨੰਦਪੁਰ ਸਾਹਿਬ ਯੂਨਿਟ ਵੱਲੋਂ ਪੰਜਾਬੀ ਮਾਂ ਬੋਲੀ ਅਤੇ ਸ਼ਿਵ ਕੁਮਾਰ ਬਟਾਲਵੀ ਨੂੰ ਸਮਰਪਿਤ ਪ੍ਰੋਗਰਾਮ 18 ਮਈ ਨੂੰ ਕਰਵਾਇਆ ਜਾ ਰਿਹਾ ਹੈ। ਪੰਜਾਬ ਮਨੁੱਖੀ ਅਧਿਕਾਰ ਸੰਗਠਨ ਸ੍ਰੀ ਅਨੰਦਪੁਰ ਸਾਹਿਬ ਯੂਨਿਟ ਦੀ ਹੋਈ ਮੀਟਿੰਗ ਤੋਂ ਬਾਅਦ ਜਾਣਕਾਰੀ ਦਿੰਦਿਆਂ ਯੂਨਿਟ ਦੇ ਸਰਪ੍ਰਸਤ ਸੀਨੀਅਰ ਐਡਵੋਕੇਟ ਪਾਖਰ ਸਿੰਘ ਭੱਠਲ ਅਤੇ ਪ੍ਰਧਾਨ ਸਰਬਜੀਤ ਸਿੰਘ ਰੈਨੂੰ ਨੇ ਦੱਸਿਆ ਕਿ 18 ਮਈ ਨੂੰ ਦੁਪਹਿਰ ਤਿੰਨ ਵਜੇ ਵਿਰਾਸਤ ਏ ਖਾਲਸਾ ਦੇ ਆਡੀਟੋਰੀਅਮ ਵਿੱਚ ਪੰਜਾਬੀ ਮਾਂ ਬੋਲੀ ਅਤੇ ਬਿਰਹਾ ਦੇ ਸੁਲਤਾਨ ਸ਼ਿਵ ਕੁਮਾਰ ਬਟਾਲਵੀ ਨੂੰ ਸਮਰਪਿਤ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕਰਨਗੇ। ਉਹਨਾਂ ਦੱਸਿਆ ਕਿ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਮਨੁੱਖੀ ਹੱਕਾਂ ਦੀ ਰਾਖੀ ਲਈ ਪਿਛਲੇ ਲੰਬੇ ਸਮੇਂ ਤੋਂ ਇਲਾਕੇ ਵਿੱਚ ਕੰਮ ਕਰ ਰਿਹਾ ਹੈ। ਇਸ ਸਮੇਂ ਦੌਰਾਨ ਯੂਨਿਟ ਵੱਲੋਂ 500 ਤੋਂ ਵੱਧ ਕੇਸਾਂ ਦਾ ਨਿਪਟਾਰਾ ਕੀਤਾ ਜਾ ਚੁੱਕਾ ਹੈ।ਉਹਨਾਂ ਦੱਸਿਆ ਕਿ 18 ਮਈ ਨੂੰ ਕਰਵਾਏ ਜਾ ਰਹੇ ਇਸ ਪ੍ਰੋਗਰਾਮ ਦਾ ਮੰਤਵ ਜਿੱਥੇ ਲੋਕਾਂ ਨੂੰ ਪੰਜਾਬੀ ਮਾਂ ਬੋਲੀ ਨਾਲ ਪਿਆਰ ਕਰਨ ਦਾ ਸੁਨੇਹਾ ਦੇਣਾ ਹੈ ਉੱਥੇ ਨਾਲ ਹੀ ਇਲਾਕਾ ਵਾਸੀਆਂ ਨੂੰ ਉਹਨਾਂ ਦੇ ਮਨੁੱਖੀ ਹੱਕਾਂ ਬਾਰੇ ਜਾਗਰੂਕ ਕਰਨਾ ਵੀ ਹੈ। ਇਸ ਮੌਕੇ ਸੀਨੀਅਰ ਐਡਵੋਕੇਟ ਪਾਖਰ ਸਿੰਘ ਭੱਠਲ, ਸਮਾਜ ਸੇਵੀ ਕੁਲਦੀਪ ਸਿੰਘ ਨੰਬਰਦਾਰ, ਸਮਾਜ ਸੇਵੀ ਰਸ਼ਵਿੰਦਰ ਸਿੰਘ, ਹਰਮੇਸ਼ ਚੌਧਰੀ, ਸਾਬਕਾ ਬੈਂਕ ਅਫਸਰ ਉੱਘੇ ਸਮਾਜ ਸੇਵੀ ਆਤਮਾ ਸਿੰਘ ਘੱਟੀਵਾਲ, ਡਾਕਟਰ ਵਿਸ਼ਾਲ ਭਾਟੀਆ, ਜਸਪ੍ਰੀਤ ਸਿੰਘ ਅਰੋੜਾ, ਸੇਵਾ ਸਿੰਘ ਆਦਿ ਹਾਜ਼ਰ ਸਨ।

## ਕੇਜਰੀਵਾਲ ਵੱਲੋਂ ਪੰਜਾਬ ਦੇ ਹਰ ਪਿੰਡ ਲਈ ਸਪੋਰਟਸ ਕਲੱਬ ਦਾ ਐਲਾਨ





**ਗੜ੍ਹਸ਼ੰਕਰ, (ਬਲਵੀਰ ਸਿੰਘ ਸੈਣੀ)**-ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਪੰਜਾਬ ਭਰ ਦੇ ਹਰ ਪਿੰਡ ਵਿੱਚ ਸਪੋਰਟਸ ਕਲੱਬ ਸਥਾਪਤ ਕਰਨ ਦੀ ਇੱਕ ਮਹੱਤਵਪੂਰਨ ਪਹਿਲ ਦਾ ਐਲਾਨ ਕੀਤਾ ਤਾਂ ਜੋ ਨੌਜਵਾਨਾਂ ਨੂੰ ਉਸਾਰੂ ਗਤੀਵਿਧੀਆਂ ਵਿੱਚ ਸ਼ਾਮਲ ਕੀਤਾ ਜਾ ਸਕੇ ਅਤੇ ਉਨ੍ਹਾਂ ਨੂੰ ਨਸ਼ਿਆਂ ਦੇ ਖ਼ਤਰੇ ਤੋਂ ਦੂਰ ਰੱਖਿਆ ਜਾ ਸਕੇ। ਅੱਜ ਇੱਥੇ ਵੀਡੀਓ ਕਾਨਫਰੰਸ ਰਾਹੀਂ ਯੂਥ ਆਗੂਆਂ ਨੂੰ ਸੰਬੋਧਨ ਕਰਦੇ ਹੋਏ ਅਰਵਿੰਦ ਕੇਜਰੀਵਾਲ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਕਲੱਬ ਅਤਿ-ਆਧੁਨਿਕ ਖੇਡ ਸਹੂਲਤਾਂ ਨਾਲ ਲੈਸ ਹੋਣਗੇ, ਜੋ ਨੌਜਵਾਨਾਂ ਨੂੰ ਐਥਲੈਟਿਕਸ ਅਤੇ ਹੋਰ ਖੇਡਾਂ ਵਿੱਚ ਉੱਤਮਤਾ ਪ੍ਰਾਪਤ ਕਰਨ ਦੇ ਮੌਕੇ ਪ੍ਰਦਾਨ ਕਰਨਗੇ। ਉਨ੍ਹਾਂ ਨੇ ਸ਼ਹੀਦ ਭਗਤ ਸਿੰਘ ਅਤੇ ਹੋਰ ਸ਼ਹੀਦਾਂ ਦੇ ਜੀਵਨ ਨੂੰ ਉਜਾਗਰ ਕਰਕੇ ਨੌਜਵਾਨਾਂ ਵਿੱਚ ਦੇਸ਼ ਭਗਤੀ ਅਤੇ ਕੋਈ ਟੀਚਾ ਮਿੱਥਣ ਦੀ ਭਾਵਨਾ ਵੱਲ ਪ੍ਰੇਰਿਤ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸ਼ਲਾਘਾ ਕੀਤੀ। ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਉਮੀਦ ਪ੍ਰਗਟਾਈ ਕਿ ਤਿੰਨ ਦਿਨਾ ਲੀਡਰਸ਼ਿਪ ਸਿਖਲਾਈ ਪ੍ਰੋਗਰਾਮ ਨੌਜਵਾਨਾਂ ਵਿੱਚ ਇੱਕ ਨਵੀਂ ਲਹਿਰ ਤੇ ਚੇਤਨਾ ਪੈਦਾ ਕਰੇਗਾ, ਜੋ ਨਸ਼ਿਆਂ ਵਿਰੁੱਧ ਸੂਬੇ ਦੀ ਜੰਗ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ। ਭਾਗ ਲੈਣ ਵਾਲਿਆਂ ਨੂੰ ਵਧਾਈ ਦਿੰਦੇ ਹੋਏ ਅਰਵਿੰਦ ਕੇਜਰੀਵਾਲ ਨੇ ਉਨ੍ਹਾਂ ਨੂੰ ਨਸ਼ਾ ਪੀੜਤਾਂ ਦਾ ਨਸ਼ਾ ਛੁਡਾਉਣ ਅਤੇ ਮੁੜ ਵਸੇਬਾ ਕੇਂਦਰਾਂ ਵੱਲ ਪ੍ਰੇਰਿਤ ਕਰਨ ਦੀ ਅਪੀਲ ਕੀਤੀ । ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਵਪਾਰਕ ਲੀਡਰਸ਼ਿਪ ਪੰਜਾਬੀਆਂ ਦੇ ਖੂਨ ਵਿੱਚ ਹੈ ਅਤੇ ਨੌਜਵਾਨਾਂ ਨੂੰ ਖੇਡਾਂ ਅਤੇ ਉੱਦਮ ਵਿੱਚ ਆਪਣੀ ਅਣਵਰਤੀ ਸਮਰੱਥਾ ਨੂੰ ਇੱਕ ਉੱਜਵਲ ਭਵਿੱਖ ਲਈ ਵਰਤਣਾ ਚਾਹੀਦਾ ਹੈ।ਅਰਵਿੰਦ ਕੇਜਰੀਵਾਲ ਨੇ ਇਸ ਉੱਤਮ ਪਹਿਲਕਦਮੀ ਲਈ ਸੂਬੇ ਦੇ ਨੌਜਵਾਨਾਂ ਨੂੰ ਪੂਰਾ ਸਮਰਥਨ ਅਤੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਅਤੇ ਕਿਹਾ ਕਿ ਇਸ ਉਦੇਸ਼ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਖੁਸ਼ੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਨੌਜਵਾਨਾਂ ਦੀ ਊਰਜਾ ਨੂੰ ਸਵੈ-ਵਿਕਾਸ ਦੇ ਰਾਹਾਂ ਅਤੇ ਟੀਮ ਸਪਿਰਟ ਦੀ ਕਦਰ ਸਮਝਾਉਣ ਵਾਲੀਆਂ ਗਤੀਵਿਧੀਆਂ ਵਿੱਚ ਬਦਲਣ ਲਈ ਯੋਜਨਾਬੱਧ ਢੰਗ ਨਾਲ ਕੰਮ ਕਰ ਰਹੀ ਹੈ।ਉਨ੍ਹਾ ਸਾਰੇ ਨੌਜਵਾਨਾਂ ਨੂੰ ਇਸ ਲਹਿਰ ਵਿੱਚ ਪੂਰੇ ਜੋਸ਼ ਨਾਲ ਹਿੱਸਾ ਲੈਣ ਦੀ ਅਪੀਲ ਕੀਤੀ ਤਾਂ ਜੋ ਸਭ ਦੇ ਸਰਗਰਮ ਸਹਿਯੋਗ ਅਤੇ ਸੁਹਿਰਦ ਸਮਰਥਨ ਨਾਲ ਪੰਜਾਬ ਨੂੰ ਇੱਕ ਪ੍ਰਗਤੀਸ਼ੀਲ ਅਤੇ ਖੁਸ਼ਹਾਲ ਸੂਬਾ ਬਣਾਇਆ ਜਾ ਸਕੇ।

## ਇਨਰਵੀਲ੍ਹ ਕਲੱਬ ਵੱਲੋਂ ਆਪਣਾ ਘਰ 'ਚ ਬਜ਼ੁਰਗਾਂ ਨੂੰ ਸਮਰਪਤ ਓਪਨ ਮਿੰਨੀ ਲਾਇਬ੍ਰੇਰੀ ਦੀ ਸਥਾਪਨਾ



**ਰੂਪਨਗਰ**,-ਸਰਸਵਤੀ ਦੇਵੀ ਮੁੰਡਰਾ ਚੈਰੀਟੇਬਲ ਟਰੱਸਟ ਵਲੋਂ ਬਜ਼ੁਰਗਾਂ ਦੀ ਭਲਾਈ ਲਈ ਚਲਾਏ ਜਾ ਰਹੇ ਆਪਣਾ ਘਰ ਹਵੇਲੀ ਕਲਾਂ ਵਿਖੇ ਅੱਜ ਮਿਲ ਰਹੀਆਂ ਸਹੂਲਤਾਵਾ ਵਿੱਚ ਹੋਰ ਵਾਧਾ ਹੋਇਆ ਹੈ। ਇੰਨਰਵੀਲ੍ਹ ਕਲੱਬ ਰੂਪਨਗਰ ਵਲੋਂ ਬਜ਼ੁਰਗਾਂ ਨੂੰ ਸਮਰਪਤ ਇੱਕ ਓਪਨ ਮਿੰਨੀ ਲਾਇਬ੍ਰੇਰੀ ਦੀ ਸਥਾਪਨਾ ਕੀਤੀ ਗਈ ਹੈ। ਜਿੱਥੇ ਆਪਣਾ ਘਰ 'ਚ ਰਹਿ ਰਹੇ ਬਜ਼ੁਰਗਾਂ ਅਤੇ ਦਿਨ ਸਮੇਂ ਇਸ ਘਰ ਵਿੱਚ ਆ ਕੇ ਆਪਣਾ ਖਾਲੀ ਸਮਾਂ ਬਿਤਾਉਣ ਵਾਲੇ ਬਜ਼ੁਰਗਾਂ ਨੂੰ ਵੱਖ ਵੱਖ ਤਰ੍ਹਾ ਦਾ ਸਹਿਤ ਪੜ੍ਹਨ ਨੂੰ ਮਿਲੇਗਾ ਅਤੇ ਉਹ ਸਾਹਿਤ ਨਾਲ ਸਬੰਧਤ ਪੁਸਤਕਾਂ ਆਪਣੇ ਨਿੱਜੀ ਘਰਾਂ ਲੈਜਾ ਕੇ ਪੜ੍ਹ ਸਕਦੇ ਹਨ ਤੇ ਵਾਪਸ ਦੇ ਸਕਦੇ ਹਨ। ਇਸ ਮੌਕੇ ਟਰੱਸਟ ਦੇ ਪ੍ਰਧਾਰ ਰਾਜਿੰਦਰ ਸੈਣੀ ਨੇ ਇੰਨਰਵੀਲ੍ਹ ਕਲੱਬ ਰੂਪਨਗਰ ਵਲੋਂ ਬਜ਼ੁਰਗਾਂ ਨੂੰ ਸਮਰਪਤ ਇਸ ਨੇਕ ਕਾਰਜ ਲਈ ਕਲੱਬ ਮੈਂਬਰਾਂ ਵਲੋਂ ਆਪਣੀ ਸੋਚ ਦਾ ਟਰੱਸਟ ਵਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਟਰੱਸਟ ਦੇ ਸਕੱਤਰ ਬਲਬੀਰ ਸਿੰਘ ਸੈਣੀ ਨੇ ਕਲੱਬ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਸਲਾਹ ਦਿੱਤੀ ਸਾਨੂੰ ਸਚਾਈ ਦਾ ਪਤਾ ਕਰਨ ਲਈ ਕਿਤਾਬਾਂ ਨਾਲ ਜੁੜਨਾ ਚਾਹੀਦਾ ਹੈ ਜੋ ਕੇਵਲ ਕਿਤਾਬਾਂ ਵਿੱਚ ਹੀ ਮਿਲਦੀ ਹੈ। ਇਸ ਸਮੇਂ ਕਲੱਬ ਵਲੋਂ ਬੋਲਦਿਆਂ ਸਾਹਿਤਕਾਰ ਪਰਮਿੰਦਰ ਕੌਰ ਪੰਦੋਹਲ ਨੇ ਕਿਹਾ ਕਿ ਸਾਡੇ ਬੱਚਿਆਂ ਤੇ ਮੋਬਾਇਲ ਬਹੁਤ ਮਾੜਾ ਪ੍ਰਭਾਵ ਪਾ ਰਿਹਾ ਹੈ ਅਤੇ ਸਾਨੂੰ ਆਪਣੇ ਬੱਚਿਆਂ ਨੂੰ ਪੁਸਤਕਾਂ ਨਾਲ ਜੋੜਨ ਲਈ ਪ੍ਰੇਰਤ ਕਰਨਾ ਚਾਹੀਦਾ ਹੈ। ਉਨ੍ਹਾ ਟਰੱਸਟ ਵਲੋਂ ਬਜ਼ੁਰਗਾਂ ਦੀ ਭਲਾਈ ਕੀਤੇ ਜਾ ਉਪਰਾਲਿਆ ਲਈ ਵਧਾਈ ਵੀ ਦਿੱਤੀ।ਇਸ ਮੌਕੇ ਕਲੱਬ ਦੀ ਪ੍ਰਧਾਨ ਬਲਵਿੰਦਰ ਕੌਰ, ਸਾਬਕਾ ਪ੍ਰਧਾਨ ਆਸਿਮਾ ਅਗਰਵਾਲ ਤੋਂ ਇਲਾਵਾ ਟਰੱਸਟੀ ਅਮਰਜੀਤ ਸਿੰਘ, ਬਲਵਿੰਦਰ ਕੌਰ, ਐਡਵੋਕੇਟ ਰਾਵਿੰਦਰ ਸਿੰਘ ਮੁੰਡਰਾ, ਦਲਜੀਤ ਸਿੰਘ, ਮੈਨੇਜਰ ਕੇ. ਐਸ. ਭੋਗਲ, ਬਜ਼ੁਰਗ ਸਤੀਸ਼ਵਰ ਖੰਨਾ, ਭੁਪਿੰਦਰ ਸਿੰਘ, ਜਿੰਦਰ ਸਿੰਘ, ਜਸਵੰਤ ਸਿੰਘ, ਸ਼ਾਮ ਲਾਲ ਗੋਇਲ, ਕੇ. ਐਲ. ਕਪੂਰ, ਤਾਰਾ ਸਿੰਘ, ਭਗਤ ਰਾਮ, ਸੁਰਮੁੱਖ ਸਿੰਘ, ਹਰਮੇਸ਼ ਕੁਮਾਰ, ਕੁਮਾਰ, ਕੁਮਾਰ ਸੰਤੋਸ਼, ਖੁਸ਼ਦੀਪ ਕੌਰ, ਮੈਡਮ ਸਾਹ ਆਦਿ ਵੀ ਹਾਜ਼ਰ ਸਨ।

## ਸਾਥੀ ਦਿਲਬਾਗ ਸਿੰਘ ਨੂੰ ਸ਼ਰਧਾਂਜਲੀਆਂ ਭੇਟ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** -ਸਾਥੀ ਦਿਲਬਾਗ ਸਿੰਘ ਉਰਫ ਕਾਲਾ, ਜੋ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਸਾਥੀ ਜੁਗਿੰਦਰਪਾਲ ਸੁੰਨੜ ਕਲਾਂ ਦੇ ਭਾਈ ਸਨ, ਬੀਤੇ ਦਿਨੀਂ ਨਕੋਦਰ ਮਾਲੜੀ ਗੇਟ ਦੇ ਮੂਹਰੇ ਸੜਕ ਹਾਦਸੇ ਵਿੱਚ ਮੌਤ ਦੇ ਮੂੰਹ ਵਿੱਚ ਜਾ ਪਏ ਸਨ। ਅੱਜ ਸੁੰਨੜ ਕਲਾਂ ਦੇ ਗੁਰਦੁਆਰਾ ਸਾਹਿਬ ਵਿਖੇ ਸਾਥੀ ਦਿਲਬਾਗ ਦੀ ਅੰਤਮ ਅਰਦਾਸ ਕੀਤੀ ਗਈ। ਸਾਥੀ ਦਿਲਬਾਗ ਨੇ ਸੁੰਨੜ ਕਲਾਂ ਵਿੱਚ ਪੇਂਡੂ ਮਜ਼ਦੂਰ ਯੂਨੀਅਨ ਦਾ ਮੁੱਢ ਬੰਨ੍ਹਿਆ ਸੀ। ਲਾਗਲੇ ਪਿੰਡਾਂ ਵਿੱਚ ਵੀ ਮਜ਼ਦੂਰਾਂ ਨੂੰ ਲਾਮਬੰਦ ਕਰਦਾ ਰਿਹਾ। ਧੱਕੇ ਦੇ ਖਿਲਾਫ ਵੀ ਲੜਦਾ ਰਿਹਾ। ਸਾਥੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਪੇਂਡੂ ਮਜ਼ਦੂਰ ਯੂਨੀਅਨ ਦੇ ਸੁਬਾਈ ਆਗੂ ਸਾਥੀ ਹੰਸ ਰਾਜ ਪੱਬਵਾਂ, ਸ਼੍ਰੋਮਣੀ ਰੰਗਰੇਟਾ ਦਲ ਪੰਜਾਬ ਦੇ ਪ੍ਰਧਾਨ ਸਾਥੀ ਬਲਵੀਰ ਸਿੰਘ ਚੀਮਾ ਪਹੁੰਚੇ। ਬੁਲਾਰਿਆਂ ਨੇ ਸਾਥੀ ਦਾ ਲੋਕ ਲਹਿਰ ਵਿੱਚ ਪਾਏ ਯੋਗਦਾਨ ਦਾ ਵੀ ਵਰਨਣ ਕੀਤਾ। ਅੰਤਿਮ ਅਰਦਾਸ ਮੌਕੇ ਵਿਜੈ ਟਾਈਮਜ਼ ਦੇ ਪੱਤਰਕਾਰ ਵਿਜੈ ਸਿੱਧਮ, ਨਵਾਂ ਜ਼ਮਾਨਾ ਦੇ ਪੱਤਰਕਾਰ ਬਾਲ ਕ੍ਰਿਸ਼ਨ ਬਾਲੀ, ਨਿਰਮਲ ਸਿੱਧਮ ਆਗੂ ਪੀ ਐਮ ਯੂ, ਪਿੰਡ ਸੁੰਨੜ ਕਲਾਂ ਦੇ ਮੌਜੂਦਾ ਸਰਪੰਚ ਬਲਜੀਤ ਸਿੰਘ ਬਿੱਲੂ ਅਤੇ ਸਾਬਕਾ ਸਰਪੰਚ ਸ਼ਿੰਦਰਪਾਲ, ਦਲਵੀਰ ਸਿੱਧਮ, ਆਦਿ ਸਾਥੀ ਵੀ ਹਾਜ਼ਰ ਸਨ। ਸਾਥੀ ਜੁਗਿੰਦਰਪਾਲ ਨੇ ਸਾਰੇ ਸੱਜਣਾ, ਮਿੱਤਰਾਂ ਦਾ ਅਤੇ ਰਿਸ਼ਤੇਦਾਰਾਂ ਦਾ ਧੰਨਵਾਦ ਕੀਤਾ ਜਿਹੜੇ ਦੁੱਖ ਦੀ ਘੜੀ ਵਿੱਚ ਪਰਵਾਰ ਦੇ ਗਮ ਵਿੱਚ ਸ਼ਰੀਕ ਹੋਏ।

**COURT NOTICE**

(U/o 5 Rule 20 CPC)
IN THE COURT OF
Sh. Yukti Goyal
Additional Principal Judge
Family Court, Ludhiana
CNR No. PBLD01-003529-2025
Next Date:-21-05-2025
Manjit Kaur
Vs.
General Public
Publication Issued To:
General PubliC
Ludhiana

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 21-05-2025 at 10:00 a.m.

For details logon to https://highcourtchd.gov.in/?mod=district_notice&district=mogacourt

Additional Principal Judge
Family Court, Ludhiana
Dated, this day of 25-04-2025

## ਦੇਸ਼ ਭਗਤ ਗਲੋਬਲ ਸਕੂਲ 'ਚ ਇਕ ਰੋਜ਼ਾ ਯੋਗ ਵਰਕਸ਼ਾਪ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)** ਦੇਸ਼ ਭਗਤ ਗਲੋਬਲ ਸਕੂਲ ਵੱਲੋਂ ਦੇਸ਼ ਭਗਤ ਗਰੁੱਪ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ ਅਤੇ ਪ੍ਰੋ. ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਸਰਪਰਸਤੀ ਹੇਠ ਦੇਸ਼ ਭਗਤ ਗਲੋਬਲ ਸਕੂਲ ਦੇ ਪ੍ਰਿੰਸੀਪਲ ਡਾ. ਸੰਜੀਵ ਜਿੰਦਲ ਦੀ ਯੋਗ ਅਗਵਾਈ ਹੇਠ ਸਕੂਲ ਵੱਲੋਂ ਇਕਰੋਜ਼ਾ ਯੋਗਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪੀਟੀਆਈ ਅਮਨਦੀਪ ਸਿੰਘ ਤੇ ਮਿਸ ਸ਼ਾਲੂ ਨੇ ਵਿਦਿਆਰਥੀਆਂ ਨੂੰ ਯੋਗ ਨਾਲ ਅਸੀਂ ਆਪਣੀ ਜਿੰਦਗੀ ਵਿੱਚ ਕਿਵੇਂ ਤੰਦਰੁਸਤ ਰਹਿਣ ਬਾਰੇ ਦੱਸਿਆ।ਇਸ ਦੇ ਨਾਲ ਨਾਲ ਬੱਚਿਆਂ ਨੂੰ ਸਰੀਰਕ ਤੌਰ 'ਤੇ ਫਿੱਟ ਰਹਿਣ ਦਾ ਸੁਨੇਹਾ ਵੀ ਦਿੱਤਾ।ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਨੇ ਕਿਹਾ ਕਿ ਅਸੀਂ ਆਧੁਨਿਕ ਦੌਰ ਵਿੱਚ ਆਪਣੇ ਆਪ ਨੂੰ ਸਰੀਰਕ ਤੌਰ ਤੇ ਤੰਦਰੁਸਤ ਰੱਖਣਾ ਸਾਡੀ ਮੁੱਢਲੀ ਲੋੜ ਹੈ।ਉਨ੍ਹਾਂ ਕਿਹਾ ਕਿ ਯੋਗ ਕਰਨ ਨਾਲ ਅਸੀਂ ਮਾਨਸਿਕ ਤੇ ਸਰੀਰਿਕ ਤੌਰ 'ਤੇ ਤੰਦਰੁਸਤ ਰਹਿੰਦੇ ਹਾਂ।ਵਿਅਸਤ ਜੀਵਨ ਸ਼ੈਲੀ ਦੇ ਕਾਰਨ ਲੋਕਾਂ ਕੋਲ ਯੋਗਾ ਕਰਨ ਤੇ ਕਸਰਤ ਕਰਨ ਲਈ ਸਮਾਂ ਨਹੀਂ ਹੁੰਦਾ, ਪਰ ਕੋਰੋਨਾ ਪੀਰੀਅਡ ਵਿੱਚ, ਲੋਕ ਯੋਗਾ ਦੀ ਮਹੱਤਤਾ ਨੂੰ ਚੰਗੀ ਤਰ੍ਹਾਂ ਸਮਝ ਗਏ ਹਨ ।ਇਸ ਵਰਕਸ਼ਾਪ ਵਿੱਚ ਸਕੂਲ ਦੇ ਨਾਲ ਨਾਲ ਬਹੁਤ ਸਾਰੇ ਵਿਦਿਆਰਥੀਆਂ ਨੇ ਭਾਗ ਲਿਆ ਤੇ ਯੋਗ ਦੀਆਂ ਕਲਾਵਾਂ ਨੂੰ ਗਹਿਰਾਈ ਨਾਲ ਸਮਝਣ ਦਾ ਮੌਕਾ ਪ੍ਰਾਪਤ ਕੀਤਾ।ਉਨ੍ਹਾਂ ਕਿਹਾ ਕਿ ਆਸਣ ਨਾਲ ਵਿਦਿਆਰਥੀਆਂ ਦੀਆਂ ਕਲਾ ਤੇ ਆਤਮ ਵਿਸ਼ਵਾਸ ਵਿੱਚ ਵਾਧਾ ਹੁੰਦਾ ਹੈ।ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਨੇ ਕਿਹਾ ਕਿ ਆਸਣ ਤਣਾਅ ਨੂੰ ਛੱਡਣ ਅਤੇ ਮਾਸਪੇਸ਼ੀਆਂ ਵਿੱਚ ਖੂਨ ਦੇ ਪ੍ਰਵਾਹ ਨੂੰ ਵਧਾਉਣ ਵਿੱਚ ਮਦਦ ਕਰਦੇ ਹਨ।ਇਹ ਤਣਾਅ ਦੇ ਸਰੀਰਕ ਲੱਛਣਾਂ ਨੂੰ ਘਟਾਉਣ ਵਿੱਚ ਮਦਦ ਕਰ ਸਕਦਾ ਹੈ।ਸਕੂਲ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਨੇ ਬੱਚਿਆਂ ਅਤੇ ਮਾਪਿਆਂ ਨੂੰ ਭਰੋਸਾ ਦਿਵਾਇਆ ਕਿ ਅਸੀਂ ਅੱਗੇ ਤੋਂ ਵੀ ਅਜਿਹੀਆਂ ਗਤੀਵਿਧੀਆਂ ਕਰਾਉਂਦੇ ਰਹਾਂਗੇ ਤਾਂ ਜੁ ਬੱਚਿਆਂ ਦਾ ਸਰਵਪੱਖੀ ਵਿਕਾਸ ਕੀਤਾ ਜਾ ਸਕੇ।

**SBI** RETAIL ASSETS CENTRAL PROCESSING CENTRE (05296), CIVIL LINES, FOUNTAIN CHOWK, LUDHIANA

**ਰੂਲ (8-1) ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ ਨਿਮਨਹਸਤਾਖਰੀ ਨੇ ਸਟੇਟ ਬੈਂਕ ਆਫ ਇੰਡੀਆ, ਆਰ ਏ ਸੀ ਪੀ ਸੀ, ਸਿਵਲ ਲਾਈਨਜ਼, ਲੁਧਿਆਣਾ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਮਿਤੀ 'ਤੇ ਕਰਜ਼ਦਾਰਾਂ/ਗਰੰਟਰਾਂ ਨੂੰ ਉਕਤ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਨੋਟਿਸਾਂ 'ਚ ਦਰਸਾਈ ਰਕਮ ਵਾਪਸ ਮੋੜਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ।

ਕਰਜ਼ਦਾਰ ਅਤੇ ਗਰੰਟਰ ਰਕਮ ਅਦਾ ਕਰਨ 'ਚ ਅਸਫਲ ਰਹੇ ਹਨ, ਜਾਇਦਾਦ ਦੇ ਕਰਜ਼ਦਾਰਾਂ, ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਹੇਠਾਂ ਦਰਸਾਏ ਖਾਤਿਆਂ ਵਿਰੁੱਧ ਇਨ੍ਹਾਂ ਮਿਤੀਆਂ ਨੂੰ ਕਬਜ਼ਾ ਹਾਸਲ ਕਰ ਲਿਆ ਹੈ।

ਖਾਸ ਕਰਕੇ ਕਰਜ਼ਦਾਰਾਂ ਅਤੇ ਗਰੰਟਰਾਂ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕੀਤੇ ਜਾਣ ਲਈ ਖਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਕਰਨ 'ਤੇ ਸਟੇਟ ਬੈਂਕ ਆਫ ਇੰਡੀਆ, ਆਰ ਏ ਸੀ ਪੀ ਸੀ, ਸਿਵਲ ਲਾਈਨਜ਼, ਲੁਧਿਆਣਾ ਵੱਲੋਂ ਹੇਠਾਂ ਦਰਸਾਈ ਕੁੱਲ ਰਕਮ ਜਮ੍ਹਾਂ ਇਸ ਉਪਰ ਭਵਿੱਖੀ ਵਿਆਜ ਅਤੇ ਲਾਗਤਾਂ ਆਦਿ ਵਸੂਲ ਕੀਤੀ ਜਾਵੇਗੀ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ ਅਤੇ ਗਰੰਟਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ/ਗਰੰਟਰ ਅਤੇ ਜਾਇਦਾਦ ਦੇ ਮਾਲਕ ਦਾ ਨਾਂਅ | ਗਿਰਵੀ ਜਾਇਦਾਦਾਂ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਕਬਜ਼ੇ ਦੀ ਕਿਸਮ / ਬਕਾਇਆ ਰਕਮ |
|---|---|---|---|---|---|
| 1. | (ਕਰਜ਼ਦਾਰ) :- ਸ੍ਰੀ ਬ੍ਰਿਜ ਭਾਨ ਗੌਂਡ ਪੁੱਤਰ ਸ੍ਰੀ ਜੈਜੀਤ ਗੌਂਡ, ਵਾਸੀ ਮਕਾਨ ਨੰ. 45, ਮਾਸਟਰ ਕਲੋਨੀ ਵਾਰਡ ਨੰ. 2 ਸਾਹਨੇਵਾਲ ਕੋਹਾੜਾ ਰੋਡ, ਤਹਿਸੀਲ ਸਾਹਨੇਵਾਲ, ਜ਼ਿਲ੍ਹਾ ਲੁਧਿਆਣਾ | ਮਕਾਨ ਪਲਾਟ ਨੰ. 100 ਵਰਗ ਗਜ਼, ਮਾਸਟਰ ਕਲੋਨੀ, ਮਕਾਨ ਨੰ. 45, ਖੱਤਾ ਨੰ. 242/257, ਖਸਰਾ ਨੰ. 53/16/1, 25, 67//2/1, 54//21,22 ਜਮ੍ਹਾਂਬੰਦੀ ਸਾਲ 2010-11, ਪਿੰਡ ਸਾਹਨੇਵਾਲ-1, ਹੱਦਬਸਤ ਨੰ. 227, ਤਹਿਸੀਲ ਸਾਹਨੇਵਾਲ ਅਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਜਾਇਦਾਦ ਦੇ ਸਾਰੇ ਹਿੱਸੇ। ਹੱਦਾਂ : ਪੂਰਬ : ਗੁਰਜੀਤ ਕੌਰ 30'-0", ਪੱਛਮ : ਰੋਡ 25' ਚੌੜੀ 30'-0", ਉੱਤਰ : ਗੁਆਂਢ 30'-0", ਦੱਖਣ : ਗੁਆਂਢ 30'-0" * ਬੈਨਾਮਾ ਵਸੀਕਾ ਨੰ. 1632 ਮਿਤੀ 24.09.2015 ਅਨੁਸਾਰ ਸ੍ਰੀ ਬ੍ਰਿਜ ਭਾਨ ਗੌਂਡ ਪੁੱਤਰ ਸ੍ਰੀ ਜੈਜੀਤ ਗੌਂਡ ਦੇ ਨਾਂਅ 'ਤੇ। | 14.12.2023 | 02.05.2025 | ਸੰਕੇਤਕ ਕਬਜ਼ਾ<br>14.12.2023 ਨੂੰ ਰੁਪਏ 17,42,678.00/- (ਰੁਪਏ ਸਤਾਰਾਂ ਲੱਖ ਬਤਾਲੀ ਹਜ਼ਾਰ ਛੇ ਸੌ ਅਠੱਤਰ ਕੇਵਲ) ਜਮ੍ਹਾਂ 15.2.2023 ਤੋਂ ਇਸ 'ਤੇ ਭਵਿੱਖੀ ਵਿਆਜ, ਲਾਗਤਾਂ, ਚਾਰਜਿਜ਼ ਅਤੇ ਇਸ 'ਤੇ ਹੋਰ ਖਰਚੇ |
| 2. | (ਕਰਜ਼ਦਾਰ) :- ਸ੍ਰੀਮਤੀ ਪ੍ਰੀਤੀ ਸਿੰਘ ਪਤਨੀ ਸ੍ਰੀ ਅਭਿਸ਼ੇਕ ਸਿੰਘ ਵਾਸੀ ਮਕਾਨ ਨੰ. 11, ਸਿਟੀ ਇਨਕਲੇਵ, ਬਲਾਕ-ਏ, ਮਹਿਮੂਦਪੁਰਾ, ਲੁਧਿਆਣਾ-141001 | ਜਾਇਦਾਦ ਮਕਾਨ ਪਲਾਟ ਨੰ. 1, ਰਕਬਾ 88.88 ਵਰਗ ਗਜ਼, ਖਸਰਾ ਨੰ. 2//26, 27, 28, 29, 32, 33, 3//33, 34, 36 ਅਤੇ ਖੱਤਾ ਨੰ. 53/253, ਜਮ੍ਹਾਂਬੰਦੀ ਸਾਲ 2012-13, ਪਿੰਡ ਮਹਿਮੂਦਪੁਰਾ, ਹੱਦਬਸਤ ਨੰ. 275, ਅਬਾਦੀ ਸਿਟੀ ਇਨਕਲੇਵ, ਬਲਾਕ-ਏ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਦੇ ਸਾਰੇ ਹਿੱਸੇ। ਹੱਦਾਂ : ਪੂਰਬ : ਗੁਆਂਢ 25'-0", ਪੱਛਮ : ਸੜਕ 25'-0", ਉੱਤਰ : ਜਗਤ ਰਾਮ 32'-0", ਦੱਖਣ : ਤਿਲਕ ਰਾਜ 32'-0" * ਬੈਨਾਮਾ ਵਸੀਕਾ ਨੰ. 1040 ਮਿਤੀ 20.07.2018 ਸ੍ਰੀ ਪ੍ਰੀਤੀ ਸਿੰਘ ਪਤਨੀ ਅਭਿਸ਼ੇਕ ਸਿੰਘ ਦੇ ਨਾਂਅ 'ਤੇ। | 23.10.2024 | 03.05.2025 | ਸੰਕੇਤਕ ਕਬਜ਼ਾ<br>08.10.2024 ਨੂੰ ਰੁਪਏ 24,06, 343/- ਚੌਵੀ ਲੱਖ ਛੇ ਹਜ਼ਾਰ ਤਿੰਨ ਸੌ ਤਰਤਾਲੀ ਰੁਪਏ ਕੇਵਲ) ਜਮ੍ਹਾਂ 09.10.2024 ਤੋਂ ਭਵਿੱਖੀ ਵਿਆਜ, ਲਾਗਤਾਂ, ਚਾਰਜਿਜ਼ ਅਤੇ ਹੋਰ ਖਰਚੇ। |

ਮਿਤੀ : 04.05.2025 ਸਥਾਨ : ਲੁਧਿਆਣਾ ਅਧਿਕਾਰਤ ਅਫਸਰ

**COURT NOTICE**

In the Court of Ms. Pavleen Singh
Addl. Civil Judge (Senior Division)
Ludhiana
CNR NO: PBLD02-009465-2024
Peshi: 21.05.2025
PARSHOTAM LAL VOHRA
Vs
GENERAL PUBLIC
PETITION FOR GRANT OF SUCCESSION CERTIFICATE
Publication Issued to:
GENERAL PUBLIC

Whereas the above named petitioner PARSHOTAM LAL VOHRA has filed petition for the grant of Succession Certificate regarding the assets left by the deceased NARINDER KUMAR VOHRA (N.K. VOHRA) S/O PARSHOTAM LAL VOHRA who had died on 04.10.2020.

Notice is issued in the name of General Public that in case anybody has any objection for the grant of succession certificate, he/she can file objections to the same on or before 21.05.2025 failing which the petition shall be decided in accordance with law.

Given under my hand and the seal of the Court, this 30.04.2025

For details logon to https://highcourtchd.gov.in/?trs=district_notice&district=ludhiana

Addl. Civil Judge (Senior Division)
Ludhiana

## ਕਲਾਸੀਫਾਈਡ ਇਸ਼ਤਿਹਾਰ

### Change of Name

I, Subhash Chander S/O Ved Prakash Dhawan, R/o H NO 381/42, Adarsh Nagar, Jalandhar, Punjab-144001, have changed my name and shall hereafter be Known as Subhash Chander Dhawan.

I, Gurloveleen Singh S/O Karmjeet Singh, R/o Sidhu Patti, Tehsil Dhuri, Pedni Kalan, Sangrur, Punnewal, Punjab- 148034, have changed my name and shall hereafter be Known as Gurloveleen Singh Sidhu.

I, Gurjit Singh S/O Balvinder Singh Dhanoa, R/o H No 1487, St No 9, Phase 2, Shaheed Karnail Singh Nagar, Pakhowal Road, Basant Avenue, Ludhiana, Punjab- 141013, have changed my name and shall hereafter be Known as Gurjit Singh Dhanoa.

I, Ranjiv Kumar S/o Shiv Ram R/o H.No. B 01-1430, Guru Nanak Pura, Goraya, Distt. Jalandhar have changed my minor Daughter name from Neera to Neera Sharma. All concerned please note.

I, Jyoti Paul W/o Ashok Kumar R/o H.No. 86, Sangarpur Nurmahal, Distt. Jalandhar have changed my minor Daughter name from Prianka to Prianka Mahey. All concerned please note.

I, Rohit S/o Shinder Pal R/o VPO Ucha, Distt. Jalandhar have changed my name from Rohit to Rohit Nahar. All concerned please note.

I, Karanjeet Kumar S/o Raj Kumar R/o Kamalu, Bathinda have changed my name from Karanjeet Kumar to Karanjeet Singh. All concerned please note.

I, Pooja W/o Gurkaran Singh R/o H.No. 2810, St. No. 2, Near Preet Palace, Jammu Colony, VPO. Millerganj, Distt. Ludhiana have changed my name from Pooja to Pooja Singh. All concerned please note.

I hitherto known as SANDEEP KAUR W/O KULDIP SINGH R/O Sherpur, Nainowal Jattan, Hoshiarpur, Punjab-146001 have changed my name and shall hereafter be known as PARMINDER KAUR.

### Change of Name

I, Sita Rani alias Satinder Kaur w/o Jarnail Singh r/o VPO.Rajpur, Distt. Jalandhar, Punjab-144201 have changed my name to Satinder Kaur. After Marriage. All Please Note. (R)

I, Kamaljit Kaur w/o Sukhwinder Singh r/o H.No. 31, Dhakoli Zirakpur, Po. Dhakauli, Distt. SAS Nagar, (Mohali) Punjab-160104 have changed my name to Kamaljeet Kaur. All Please Note.

I, Meena Kumari Bhalla W/o Pawan Kumar R/o Near Railway Fatak Darapur. Ward No. 4, PO. Urmar (Hoshiarpur) Punjab Have changed my name to Meena Kumari. Please Note.

I, Romesh Kumar S/o Rania R/o Village Atta, PO. Goraya, Tehsil Phillaur, Distt. Jalandhar have changed my name from Romesh Kumar to Ramesh Kumar. All concerned please note.

I, Papalpreet s/oBakhshish Singh r/o 6 New Ujala Nagar,Basti Sheikh, Jalandhar have changed my name from Papalpreet to Papalpreet Singh,and Singh is my surname.

### ਆਮ ਸੂਚਨਾ

ਮੋਟਰ ਕੁਨੈਕਸ਼ਨ ਖਾਤਾ ਨੰਬਰ AP-04/9128 7.50 BHP ਸਾਲਮ ਜੋ ਕਿ ਕੁਲਵਿੰਦਰ ਕੌਰ ਘੱਗ ਪਤਨੀ ਬਲਵਿੰਦਰ ਸਿੰਘ ਪੁੱਤਰ ਤਰਲੋਕ ਸਿੰਘ ਦੇ ਨਾਮ ਤੇ ਪਿੰਡ ਵਿਰਕ, ਤਹਿਸੀਲ ਫਿਲੋਰ ਵਿਖੇ ਲੱਗਾ ਹੈ ਜੋ ਕਿ ਚਾਲੂ ਹਾਲਤ ਵਿੱਚ ਹੈ। ਇਹ ਕਿ ਉਕਤ ਜਮੀਨ ਸਮੇਤ ਮੋਟਰ ਕੁਨੈਕਸ਼ਨ ਮੈਂ ਮੁਖਤਾਰ ਆਮ ਬਲਵਿੰਦਰ ਸਿੰਘ ਘੱਗ ਪੁੱਤਰ ਤਰਲੋਕ ਸਿੰਘ ਵਾਸੀ ਪਿੰਡ ਅਤੇ ਡਾਕਖਾਨਾ ਅਠੋਲੀ, ਤਹਿਸੀਲ ਫਗਵਾੜਾ, ਤੋਂ ਖਰੀਦ ਕੀਤੀ ਸੀ ਅਤੇ ਜਮੀਨ ਖਰੀਦ ਕਰਨ ਤੋਂ ਬਾਅਦ ਉਕਤ ਮੋਟਰ ਕੁਨੈਕਸ਼ਨ ਆਪਣੇ ਨਾਮ ਨਹੀਂ ਕਰਵਾਇਆ ਸੀ। ਹੁਣ ਮੈਂ ਉਕਤ ਕੁਨੈਕਸ਼ਨ ਕਿਰਨ ਦੀਪ ਪੁੱਤਰ ਤਾਰਾ ਸਿੰਘ ਪੁੱਤਰ ਦੀਵਾਨ ਚੰਦ ਵਾਸੀ ਚਾਚੋਕੀ, ਤਹਿਸੀਲ ਫਿਲੌਰ ਨੂੰ ਵੇਚ ਦਿੱਤਾ ਹੈ।

### ਬੇਦਖਲੀ ਨੋਟਿਸ

ਮੈਂ ਸਵਰਨ ਕੌਰ ਪਤਨੀ ਤਰਸੇਮ ਲਾਲ ਵਾਸੀ ਪਿੰਡ ਅੱਲਾਦਿੱਤਾ ਤਹਿਸੀਲ ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ। ਇਹ ਹੈ ਕਿ ਮੇਰਾ ਲੜਕਾ ਹਰਮੀਸ਼ ਜੋ ਮੇਰੇ ਕਹਿਣੇਕਾਰ ਤੋਂ ਬਾਹਰ ਹੈ ਅਤੇ ਸਾਡੇ ਨਾਲ ਲੜਾਈ ਝਗੜਾ ਕਰਦਾ ਹੈ। ਮੈਂ ਆਪਣੇ ਲੜਕੇ ਹਰਮੀਸ਼ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ ।ਉਸ ਨਾਲ ਲੈਣ ਦੇਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ, ਬਲਵੀਰ ਸਿੰਘ ਪੁੱਤਰ ਰਾਮ ਸਿੰਘ, ਮਨਜੀਤ ਕੌਰ ਪਤਨੀ ਬਲਵੀਰ ਸਿੰਘ, ਪਿੰਡ ਮਹਿਸਮਪੁਰ (ਸੰਗਰੂਰ) ਆਪਣੇ ਲੜਕੇ ਅਮਨਪਾਲ ਸਿੰਘ, ਨੂੰਹ ਗਗਨਦੀਪ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਨਾਲ ਲੈਣਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖ਼ੁਦ ਜ਼ਿੰਮੇਵਾਰ ਹੋਣਗੇ।

ਮੈਂ, ਬਲਰਾਮ ਮੋਦਗਿਲ ਪੁੱਤਰ ਮੋਹਨ ਲਾਲ ਮੋਦਗਿਲ ਵਾਸੀ ਮ.ਨੰ. 213, ਗਲੀ ਨੰ. 9, ਮੁੱਹਲਾ ਰਤਨਪੁਰਾ, ਫਗਵਾੜਾ, ਜ਼ਿਲ੍ਹਾ ਕਪੂਰਥਲਾ, ਪੰਜਾਬ ਸੂਚਿਤ ਕਰਦਾ ਹਾਂ ਕਿ ਮੇਰਾ ਪੁੱਤਰ ਗੌਰਵ ਮੋਦਗਿਲ ਵਾ ਉਸਦੀ ਪਤਨੀ ਅਮਿਤਾ ਸ਼ਰਮਾ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਜਾਂ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਪਰਵੀਨ ਪਤਨੀ ਸ੍ਰੀ ਰਜਿੰਦਰ ਕੁਮਾਰ ਵਾਸੀ ਮਕਾਨ ਨੰ: 1521, ਗਲੀ ਨੰ: 5, ਏਕਤਾ ਨਗਰ, ਛੋਟਾ ਹਰੀਪੁਰਾ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਪਤੀ ਰਜਿੰਦਰ ਕੁਮਾਰ ਮੇਰੇ ਨਾਲ ਲੜਾਈ-ਝਗੜਾ ਤੇ ਗਾਲੀ-ਗਲੋਚ ਕਰਦਾ ਹੈ। ਇਸ ਦੀਆਂ ਮਾੜੀ ਆਦਤਾਂ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਕੁਲਦੀਪ ਕੌਰ ਪਤਨੀ ਦਲਬੀਰ ਸਿੰਘ ਵਾਸੀ ਮਾਣਕਪੁਰ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਤੇਗ ਸਿੰਘ (ਵਿਦੇਸ਼ ਰਹਿੰਦਾ), ਉਸ ਦੀ ਪਤਨੀ ਸਰਬਜੀਤ ਕੌਰ ਤੇ ਉਨ੍ਹਾਂ ਦੀ ਲੜਕੀ ਸਹਿਜਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

### PUBLIC NOTICE

I, Malkit Singh S/o Charan Singh R/o VPO Poonian, Tehsil Shahkot, Distt. Jalandhar. I declare that name of my wife have been wrongly written as Zenaida Cristobal in my Passport No. X2656480. The Actual my wife name Harjinder Kaur respectively. All concerned please note.

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਸਰਕਾਰੀ ਪ੍ਰਾਇਮਰੀ ਸਕੂਲ ਚੱਕ ਰੁੰਮਵਾਲਾ ਵਿਖੇ ਲੱਗਿਆ ਮੁਫਤ ਅੱਖਾਂ ਦਾ ਚੈੱਕਅੱਪ ਕੈਂਪ



**ਜਲਾਲਾਬਾਦ (ਜੀਤ ਕੁਮਾਰ)**-ਮਾਨਵਤਾ ਭਲਾਈ ਦੇ ਕੰਮਾਂ ਵਿੱਚ ਸਰਗਰਮ ਸੀਨੀਅਰ ਸਿਟੀਜਨ ਵੈਲਫੇਅਰ ਸੁਸਾਇਟੀ (ਰਜਿ.) ਜਲਾਲਾਬਾਦ ਵੱਲੋਂ ਅੱਖਾਂ ਦਾ ਫਰੀ ਚੈਕਅੱਪ ਕੈਂਪ ਸਰਕਾਰੀ ਪ੍ਰਾਇਮਰੀ ਸਕੂਲ ਚੱਕ ਰੁੰਮਵਾਲਾ ਵਿਖੇ ਪ੍ਰਧਾਨ ਸ਼ਗਨ ਲਾਲ ਡੂਮੜਾ ਦੀ ਪ੍ਰਧਾਨਗੀ ਹੇਠ ਲਗਾਇਆ ਗਿਆ। ਇਸ ਮੌਕੇ ਇੱਕ ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ ਵਿੱਚ ਮਾਰਕਿਟ ਕਮੇਟੀ ਜਲਾਲਾਬਾਦ ਦੇ ਚੇਅਰਮੈਨ ਦੇਵ ਰਾਜ ਸ਼ਰਮਾ, ਪ੍ਰਧਾਨ ਸ਼ਗਨ ਲਾਲ ਡੂਮੜਾ, ਸਰਪ੍ਰਸਤ ਡਾ. ਤਿਲਕ ਰਾਜ ਕੁਮਾਰ, ਕੇਦਾਰ ਨਾਥ ਨਾਗਪਾਲ, ਭੁਪਿੰਦਰ ਸਿੰਘ, ਅਸ਼ੋਕ ਮੌਂਜੀ, ਡਾ. ਰੋਬਿਨ ਵਾਟਸ, ਹੈੱਡ ਟੀਚਰ ਸਾਜੀਆ ਮੋਗਾ, ਸੁਰਜੀਤ ਸਿੰਘ, ਸੁਨੀਲ ਕੁਮਾਰ, ਕਿਰਨਦੀਪ, ਗੌਰਵ ਰਾਜਪੂਤ ਆਦਿ ਮੌਜੂਦ ਸਨ। ਕੈਂਪ ਦੌਰਾਨ ਗਰਮੀ ਨੂੰ ਦੇਖਦੇ ਹੋਏ ਬੱਚਿਆ ਲਈ ਭੁਪਿੰਦਰ ਸਿੰਘ ਉੱਘੇ ਸਮਾਜ ਸੇਵੀ ਅਤੇ ਸ਼ਗਨ ਲਾਲ ਡੂਮੜਾ ਵੱਲੋਂ ਏ ਸੀ ਸਕੂਲ ਨੂੰ ਭੇਟ ਕੀਤਾ ਗਿਆ। ਪ੍ਰਧਾਨ ਸ਼ਗਨ ਲਾਲ ਡੂਮੜਾ ਨੇ ਦੱਸਿਆ ਕਿ ਕੈਂਪ ਦੌਰਾਨ ਡਾ. ਰੋਬਿਨ ਵਾਟਸ ਨੇ ਬੱਚਿਆਂ ਦੀਆਂ ਅੱਖਾਂ ਦਾ ਚੈਕਅੱਪ ਕੀਤਾ। ਜਿਨ੍ਹਾਂ ਬੱਚਿਆਂ ਨੂੰ ਐਨਕ ਦੀ ਲੋੜ ਹੋਵੇਗੀ, ਸੁਸਾਇਟੀ ਵੱਲੋਂ ਮੁਫਤ ਐਨਕਾਂ ਬਣਾ ਕੇ ਦਿੱਤੀਆਂ ਜਾਣਗੀਆਂ। ਡਾ. ਰੋਬਿਨ ਵਾਟਸ ਨੇ ਅੱਖਾਂ ਦੀ ਸਾਂਭ-ਸੰਭਾਲ ਅਤੇ ਖਾਣ-ਪੀਣ ਦਾ ਧਿਆਨ ਰੱਖਣ ਲਈ ਬੱਚਿਆ ਨੂੰ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਵੱਧ ਮੋਬਾਇਲ ਦੀ ਵਰਤੋਂ ਸਬੰਧੀ ਬੱਚਿਆ ਨੂੰ ਰੋਕਿਆ ਗਿਆ। ਇਸ ਮੌਕੇ ਚੇਅਰਮੈਨ ਦੇਵਰਾਜ ਸ਼ਰਮਾ ਨੇ ਸੁਸਾਇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਸਕੂਲੀ ਬੱਚਿਆਂ ਦੀਆਂ ਅੱਖਾਂ ਦਾ ਚੈਕਅੱਪ ਕਰਵਾਉਣ ਅਤੇ ਲੋੜਵੰਦ ਬੱਚਿਆਂ ਨੂੰ ਐਨਕਾਂ ਦੇਣ ਦੇ ਕੀਤੇ ਜਾ ਰਹੇ ਉਪਰਾਲੇ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸਕੂਲ ਦੀ ਸਫਾਈ, ਸੁੰਦਰਤਾ ਅਤੇ ਹਰਿਆਲੀ ਬਹੁਤ ਵਧੀਆ ਹੋਣਾ ਸਕੂਲ ਸਟਾਫ ਦੀ ਮੇਹਨਤ ਦੀ ਬਦੌਲਤ ਹੀ ਹੈ। ਸਮਾਗਮ ਦੌਰਾਨ ਡਾ. ਰੋਬਿਨ ਵਾਟਸ ਨੇ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਿਤ ਵੀ ਕੀਤਾ ਗਿਆ।

## ਅਮਨਦੀਪ ਕੌਰ ਦੀ ਰਗਬੀ ਕੈਂਪ ਲਈ ਚੋਣ



**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੀ ਐਮ.ਪੀ ਐਡ. ਜਮਾਤ ਦੀ ਖਿਡਾਰਨ ਨੇ ਜ਼ਿਲ੍ਹੇ ਤੇ ਯੂਨਿਵਰਸਿਟੀ ਦਾ ਨਾਂਅ ਰੌਸ਼ਨ ਕਰਦਿਆਂ ਰਗਬੀ ਵਿੱਚ ਸ਼ਾਨਦਾਰ ਪ੍ਰਦਰਸ਼ਨ ਨਾਲ ਸਭ ਨੂੰ ਪ੍ਰਭਾਵਤ ਕੀਤਾ।ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨਵਰਸਿਟੀ ਦੇ ਸਰੀਰਕ ਸਿੱਖਿਆ ਤੇ ਖੇਡ ਤਕਨੋਲੋਜੀ ਵਿਭਾਗ ਦੀ ਇਸ ਵਿਦਿਆਰਥਣ ਨੂੰ ਭਾਰਤ ਰਗਬੀ ਕੈਂਪ ਲਈ ਚੁਣਿਆ ਗਿਆ ਹੈ।ਇਹ ਚੋਣ ਉਸ ਦੇ ਸੀਨੀਅਰ ਨੈਸ਼ਨਲ ਰਗਬੀ ਗੇਮਜ਼, ਜੋ ਹਾਲ ਹੀ ਵਿੱਚ ਗੁਹਾਟੀ, ਅਸਾਮ ਵਿੱਚ ਹੋਈਆਂ, ਉਨ੍ਹਾਂ ਵਿੱਚ ਵਧੀਆ ਪ੍ਰਦਰਸ਼ਨ ਦੇ ਆਧਾਰ 'ਤੇ ਕੀਤੀ ਗਈ।ਉਕਤ ਵਿਦਿਆਰਥਣ ਨੇ ਸਿਰਫ਼ ਆਪਣੇ ਵਿਦਿਆਰਥੀ ਜੀਵਨ ਵਿੱਚ ਹੀ ਨਹੀਂ, ਸਗੋਂ ਖੇਡ ਮੈਦਾਨ ਵਿਚ ਵੀ ਕਾਬਲ-ਏ-ਤਾਰੀਫ਼ ਯੋਗਦਾਨ ਪੇਸ਼ ਕਰਦਿਆਂ ਯੂਨੀਵਰਸਿਟੀ ਤੇ ਪੰਜਾਬ ਰਾਜ ਦਾ ਮਾਣ ਵਧਾਇਆ ਹੈ।ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਪ੍ਰਿਤਪਾਲ ਸਿੰਘ ਨੇ ਸਰੀਰਕ ਸਿੱਖਿਆ ਤੇ ਖੇਡ ਤਕਨਾਲੋਜੀ ਵਿਭਾਗ ਦੇ ਮੁਖੀ ਡਾ. ਭੁਪਿੰਦਰ ਸਿੰਘ ਘੁੰਮਣ ਅਤੇ ਖਿਡਾਰਨ ਅਮਨਦੀਪ ਕੌਰ ਨੂੰ ਉਸਦੀ ਇਸ ਕਾਮਯਾਬੀ 'ਤੇ ਮੁਬਾਰਕਬਾਦ ਦਿੱਤੀ।

# ਅਨਲੋਡਿੰਗ ਦੀ ਸਮੱਸਿਆ ਨੂੰ ਲੈ ਕੇ ਟਰੱਕ ਅਪ੍ਰੇਟਰਾਂ ਵੱਲੋਂ ਰੋਸ ਪ੍ਰਦਰਸ਼ਨ

### ਬੀ ਐੱਲ ਆਰ ਸੀਲੋ ਪਲਾਂਟ ਅਧਿਕਾਰੀਆਂ 'ਤੇ ਬੇਧਿਆਨੀ ਦੇ ਦੋਸ਼



**ਨਾਭਾ (ਵਰਿੰਦਰ ਵਰਮਾ)**-ਨਾਭਾ ਦੇ ਛੀਂਟਾਂਵਾਲਾ ਵਿਖੇ ਬੀ ਐੱਲ ਆਰ ਪ੍ਰਾਈਵੇਟ ਲਿਮਿਟਡ ਸੀਲੋ ਪਲਾਂਟ ਅੰਦਰ ਕਣਕ ਦੀ ਅਨਲੋਡਿੰਗ ਨੂੰ ਲੈ ਕੇ ਟਰੱਕ ਆਪ੍ਰੇਟਰ ਪਿਛਲੇ ਕਈ ਦਿਨਾਂ ਤੋਂ ਪ੍ਰੇਸ਼ਾਨ ਹੋ ਰਹੇ ਹਨ।ਅੱਜ ਟਰੱਕ ਆਪ੍ਰੇਟਰਾਂ ਵੱਲੋਂ ਇਕੱਠੇ ਹੋ ਕੇ ਪ੍ਰਸ਼ਾਸਨ ਤੇ ਪਲਾਂਟ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ।ਟਰੱਕ ਆਪ੍ਰੇਟਰਾਂ ਨੇ ਇਕੱਠੇ ਹੋ ਕੇ ਸਰਕਾਰ ਤੇ ਪ੍ਰਸ਼ਾਸਨ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਅਤੇ ਸਰਕਾਰ ਤੋਂ ਮੰਗ ਕੀਤੀ ਕਿ ਇੱਕ ਹਫਤੇ ਤੋਂ ਕਣਕ ਦੀ ਅਮਲੋਡਿੰਗ ਦਾ ਇੰਤਜ਼ਾਰ ਕਰ ਰਹੇ ਹਨ, ਜਿਸ ਨਾਲ ਉਹ ਪ੍ਰੇਸ਼ਾਨ ਹਨ ਅਤੇ ਨਾ ਹੀ ਆਪਣੇ ਟਰੱਕਾਂ ਦਾ ਖਰਚਾ ਕੱਢ ਸਕਦੇ ਹਨ।ਉਨ੍ਹਾਂ ਇਹ ਵੀ ਦੋਸ਼ ਲਗਾਇਆ ਕਿ ਰਾਤ ਦੇ ਹਨੇਰੇ ਵਿੱਚ ਟਰੱਕ ਆਪ੍ਰੇਟਰ ਜਿਸ ਤਰ੍ਹਾਂ ਅਨਲੋਡਿੰਗ ਦਾ ਇੰਤਜ਼ਾਰ ਕਰ ਰਹੇ ਹਨ, ਕੋਈ ਵੀ ਸ਼ਰਾਰਤੀ ਅਨਸਰ ਉਨ੍ਹਾਂ ਦਾ ਨੁਕਸਾਨ ਕਰ ਸਕਦਾ ਹੈ, ਜਿਸ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ।ਉਨ੍ਹਾਂ ਕਿਹਾ ਕਿ ਉਹ ਕਈ ਵਾਰ ਪ੍ਰਸ਼ਾਸਨਕ ਅਧਿਕਾਰੀਆਂ ਸਾਹਮਣੇ ਆਪਣੀਆਂ ਪ੍ਰੇਸ਼ਾਨੀਆਂ ਰੱਖ ਚੁੱਕੇ ਹਨ, ਪਰ ਕਿਸੇ ਵੱਲੋਂ ਵੀ ਉਨ੍ਹਾਂ ਦੀ ਪ੍ਰੇਸ਼ਾਨੀ ਵੱਲ ਧਿਆਨ ਨਹੀਂ ਦਿੱਤਾ ਗਿਆ। ਟਰੱਕ ਆਪ੍ਰੇਟਰਾਂ ਵੱਲੋਂ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਗਈ ਕਿ ਜੇਕਰ ਉਨ੍ਹਾਂ ਦਾ ਹੱਲ ਜਲਦ ਨਹੀਂ ਹੁੰਦਾ ਤਾਂ ਉਹ ਟਰੱਕ ਯੂਨੀਅਨ ਦੀ ਹੜਤਾਲ ਕਰ ਪੂਰਾ ਕੰਮ ਬੰਦ ਕਰ ਦੇਣਗੇ।ਇਸ ਮੌਕੇ ਸਰਬਜੀਤ ਸਿੰਘ ਸੈਨੀ, ਜਤਿੰਦਰ ਸਿੰਘ, ਬੇਅੰਤ ਸਿੰਘ, ਵਿਜੇ ਕੁਮਾਰ ਠੇਕੇਦਾਰ, ਗੁਰਵਿੰਦਰ ਸਿੰਘ ਪੱਪੀ ਸਰਪੰਚ, ਜੋਗਿੰਦਰ ਸਿੰਘ, ਬਲਦੇਵ ਰਾਜ, ਹਾਕਮ ਸਿੰਘ, ਇੰਦਰਜੀਤ ਸਿੰਘ, ਗੁਲਸ਼ਨ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਟਰੱਕ ਆਪ੍ਰੇਟਰ ਮੌਜੂਦ ਸਨ।ਇਸ ਮਸਲੇ 'ਤੇ ਸੀਲੋ ਪਲਾਂਟ ਦੇ ਅਧਿਕਾਰੀ ਤੇ ਐੱਫਸੀਆਈ ਨਾਭਾ ਦੇ ਅਧਿਕਾਰੀਆਂ ਨੇ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ। ਫੋਨ 'ਤੇ ਗੱਲ ਕਰਦੇ ਹੋਏ ਐੱਸਡੀਐੱਮ ਵਿਜੇ ਇਸ਼ਮੀਤ ਸਿੰਘ ਨੇ ਵਿਸ਼ਵਾਸ ਦਵਾਇਆ ਕਿ ਉਹ ਜਲਦ ਹੀ ਇਸ ਮਸਲੇ 'ਤੇ ਡੀਐੱਫਐੱਸਸੀ ਪਟਿਆਲਾ ਦੀ ਡਿਊਟੀ ਲਗਾਣਉਗੇ ਤੇ ਸਮੱਸਿਆ ਦਾ ਹੱਲ ਜਲਦੀ ਕਰਨਗੇ।

## 2 ਨਜਾਇਜ਼ ਪਿਸਟਲ ਸਮੇਤ 5 ਅਸਲਾ ਤਸਕਰ ਗ੍ਰਿਫਤਾਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਡੀ.ਜੀ.ਪੀ. ਪੰਜਾਬ ਵੱਲੋਂ ਨਸ਼ਾ ਤਸਕਰਾ ਤੇ ਨਜਾਇਜ਼ ਹਥਿਆਰਾਂ ਦੇ ਤਸਕਰਾਂ ਖਿਲਾਫ ਚਲਾਈ ਵਿੱਢੀ ਮੁਹਿੰਮ ਤਹਿਤ ਐੱਸ.ਐੱਸ.ਪੀ. ਮੋਗਾ ਅਜੈ ਗਾਂਧੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਐੱਸ.ਪੀ.ਆਈ. ਬਾਲ ਕ੍ਰਿਸ਼ਨ ਸਿੰਗਲਾ ਦੀ ਰਹਿਨੁਮਾਈ ਹੇਠ ਥਾਣਾ ਕੋਟ ਈਸੇ ਖਾਂ ਪੁਲਸ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦੋਂ ਐੱਸ.ਐੱਚ.ਓ. ਗੁਰਵਿੰਦਰ ਸਿੰਘ ਭੁੱਲਰ ਮੁੱਖ ਅਫਸਰ ਥਾਣਾ ਕੋਟ ਈਸੇ ਖਾਂ ਨੇ ਸਮੇਤ ਸਾਥੀ ਕਰਮਚਾਰੀਆਂ ਦੇ 5 ਵਿਅਕਤੀਆਂ ਨੂੰ 2 ਨਜਾਇਜ਼ ਪਿਸਟਲ 30 ਬੋਰ ਤੇ 3 ਜ਼ਿੰਦਾ ਰੌਂਦ ਸਮੇਤ ਗ੍ਰਿਫਤਾਰ ਕੀਤਾ ਗਿਆ ਹੈ। ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐੱਸ.ਪੀ.ਐੱਚ. ਸੰਦੀਪ ਸਿੰਘ ਨੇ ਦੱਸਿਆ ਕਿ 3 ਮਈ 2025 ਨੂੰ ਐੱਸ.ਐੱਚ.ਓ. ਥਾਣਾ ਕੋਟ ਈਸੇ ਖਾਂ ਗੁਰਵਿੰਦਰ ਸਿੰਘ ਭੁੱਲਰ ਸਮੇਤ ਸਾਥੀ ਕਰਮਚਾਰੀਆਂ ਦੇ ਗਸ਼ਤ ਦੌਰਾਨ ਨਾਕਾਬੰਦੀ ਅੰਮ੍ਰਿਤਸਰ ਮੁੱਖ ਮਾਰਗ ਪੁਲਸ ਚੌਕੀ ਦੌਲੇਵਾਲਾ ਮੌਜੂਦ ਸੀ ਤਾਂ ਪਿੰਡ ਮਹਿਲ ਵੱਲੋਂ ਇੱਕ ਕਾਰ ਵਰਨਾ ਆਉਂਦੀ ਦਿਖਾਈ ਦਿੱਤੀ, ਜਿਸ ਨੂੰ ਸਾਥੀ ਕਮਚਾਰੀਆਂ ਦੀ ਮਦਦ ਨਾਲ ਰੁਕਵਾ ਕੇ ਚੈੱਕ ਕੀਤਾ। ਕਾਰ ਵਿੱਚ ਲਵਪ੍ਰੀਤ ਸਿੰਘ ਉਰਫ ਲਵ ਪੁੱਤਰ ਜਸਵੰਤ ਸਿੰਘ, ਕਰਨਦੀਪ ਉਰਫ ਕਰਮਦੀਪ ਸਿੰਘ ਉਰਫ ਕਰਨ ਪੁੱਤਰ ਨਿਰਮਲ ਸਿੰਘ, ਕਰਨੀਪ ਸਿੰਘ ਉਰਫ ਕਰਨ ਪੁੱਤਰ ਅਨੋਖ ਸਿੰਘ ਵਾਸੀਆਨ ਮਰਗਿੰਦਪੁਰਾ, ਥਾਣਾ ਕੱਚਾ ਪੱਕਾ ਜ਼ਿਲ੍ਹਾ ਤਰਨਤਾਰਨ, ਸਾਰਜ ਸਿੰਘ ਪੁੱਤਰ ਤਸਬੀਰ ਸਿੰਘ ਤੇ ਪਰਵਿੰਦਰ ਸਿੰਘ ਉਰਫ ਪਿੰਦਾ ਪੁੱਤਰ ਪ੍ਰਗਟ ਸਿੰਘ ਵਾਸੀਆਨ ਆਢੀਕੇ ਜ਼ਿਲ੍ਹਾ ਫਿਰੋਜ਼ਪੁਰ ਸਵਾਰ ਸਨ। ਤਲਾਸ਼ੀ ਦੌਰਾਨ ਇਨ੍ਹਾਂ ਕੋਲੋਂ ਬਰਾਮਦ ਹੋਏ 2 ਪਿਸਟਲਾਂ ਤੇ 3 ਜ਼ਿੰਦਾ ਰੌਂਦਾਂ ਸਮੇਤ ਗ੍ਰਿਫਤਾਰ ਕਰਕੇ ਇਨ੍ਹਾਂ ਖਿਲਾਫ ਥਾਣਾ ਕੋਟ ਈਸੇ ਖਾਂ ਵਿਖੇ ਕੇਸ ਦਰਜ ਕੀਤਾ। ਗ੍ਰਿਫਤਾਰ ਕੀਤੇ ਵਿਅਕਤੀਆਂ ਨੂੰ ਅਦਾਲਤ ਵਿੱਚ ਪੇਸ਼ ਅਦਾਲਤ ਕਰਕੇ ਪੁਲਸ ਰਿਮਾਂਡ ਹਾਸਲ ਕਰਕੇ ਅਗਲੀ ਤਫਤੀਸ਼ ਅਮਲ ਵਿੱਚ ਲਿਆਂਦੀ ਜਾਵੇਗੀ।

## ਮੱਖਣ ਸਿੰਘ ਲਾਲਕਾ ਵੱਲੋਂ ਮੈਨੇਜਰ ਜਸਵਿੰਦਰ ਸਿੰਘ ਦਾ ਸਨਮਾਨ



**ਨਾਭਾ (ਵਰਿੰਦਰ ਵਰਮਾ)**-ਰਿਆਸਤੀ ਸ਼ਹਿਰ ਨਾਭਾ ਦੇ ਇਤਿਹਾਸਕ ਗੁਰ ਅਸਥਾਨ ਗੁਰਦੁਆਰਾ ਡੇਰਾ ਬਾਬਾ ਅਜਾਪਾਲ ਸਿੰਘ ਘੋੜਿਆਂਵਾਲਾ ਸਾਹਿਬ ਵਿਖੇ ਨਵ-ਨਿਯੁਕਤ ਮੈਨੇਜਰ ਜਸਵਿੰਦਰ ਸਿੰਘ ਪਟਿਆਲਾ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ ਵੱਲੋਂ ਸੇਵਾਵਾਂ ਸੰਭਾਲਣ 'ਤੇ ਸਿਰੋਪਾ ਭੇਟ ਕਰ ਸਨਮਾਨਤ ਕੀਤਾ ਗਿਆ।ਸਨਮਾਨ ਪ੍ਰਾਪਤ ਕਰਨ ਉਪਰੰਤ ਮੈਨੇਜਰ ਜਸਵਿੰਦਰ ਸਿੰਘ ਪਟਿਆਲਾ ਨੇ ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ ਤੇ ਸੰਗਤਾਂ ਵੱਲੋਂ ਬਖਸ਼ੇ ਗਏ ਸਨਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਂ ਸੰਗਤਾਂ ਦੀਆਂ ਭਾਵਨਾਵਾਂ ਅਨੁਸਾਰ ਗੁਰੂ ਘਰ ਦੇ ਪ੍ਰਬੰਧਾਂ ਤੇ ਸੇਵਾਵਾਂ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦੇਵਾਂਗਾ। ਉਨ੍ਹਾਂ ਸੰਗਤਾਂ ਨੂੰ ਸਹਿਯੋਗ ਦੀ ਅਪੀਲ ਕਰਦਿਆਂ ਕਿਹਾ ਕਿ ਕਿਸੇ ਵੀ ਪ੍ਰਬੰਧ ਨੂੰ ਸੁਚੱਜੇ ਰੂਪ ਵਿੱਚ ਚਲਾਉਣ ਲਈ ਸੰਗਤਾਂ ਦੇ ਸਹਿਯੋਗ ਦੀ ਅਤਿ ਜ਼ਰੂਰਤ ਹੁੰਦੀ ਹੈ।ਇਸ ਮੌਕੇ ਮੱਖਣ ਸਿੰਘ ਲਾਲਕਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਗੁਰਦੁਆਰਾ ਪ੍ਰਬੰਧ ਨੂੰ ਸੁਚੱਜੇ ਰੂਪ ਵਿੱਚ ਚਲਾਉਣ ਲਈ ਅਸੀਂ ਪੂਰਾ ਸਹਿਯੋਗ ਕਰਾਂਗੇ। ਉਨ੍ਹਾਂ ਕਿਹਾ ਕਿ ਸਹਿਯੋਗ ਸ਼ਹਿਰ ਨੂੰ ਜਾਣ ਵਾਲੀ ਪੱਖਾਂ ਵਾਲੀ ਸੜਕ ਦਾ ਕੰਮ ਅਧੂਰਾ ਛੱਡਣ ਤੇ ਸੀਵਰੇਜ ਵਿੱਚ ਗੁਰਦੁਆਰਾ ਸਾਹਿਬ ਦੀ ਨਿਕਾਸੀ ਨਾ ਹੋਣ ਕਾਰਨ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਕੋਸਦਿਆਂ ਕਿਹਾ ਕਿ ਪੰਜਾਬ ਸਰਕਾਰ ਬੁਰੀ ਤਰ੍ਹਾਂ ਹਰ ਫਰੰਟ 'ਤੇ ਫੇਲ੍ਹ ਹੋ ਚੁੱਕੀ ਹੈ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਲੰਮੇ ਸਮੇਂ ਤੋਂ ਸਿਨੇਮਾ ਰੋਡ ਵਾਲੀ ਸੜਕ ਨਾ ਬਣਨ ਕਾਰਨ ਉਥੋਂ ਦਾ ਦੁਕਾਨਦਾਰ ਭਾਈਚਾਰਾ ਵੱਡੇ ਨੁਕਸਾਨ ਦਾ ਖਾਮਿਆਜ਼ਾ ਭੁਗਤ ਰਿਹਾ ਹੈ, ਪ੍ਰੰਤੂ ਮੌਜੂਦਾ ਸਰਕਾਰ ਦੇ ਕੰਨ 'ਤੇ ਜੂੰ ਨਹੀਂ ਸਰਕ ਰਹੀ। ਇਸ ਮੌਕੇ ਵੱਡੀ ਗਿਣਤੀ ਵਿੱਚ ਅਕਾਲੀ ਆਗੂ ਤੇ ਸੰਗਤਾਂ ਹਾਜ਼ਰ ਸਨ।

# ਸੰਧਵਾਂ ਵੱਲੋਂ ਸਕੂਲਾਂ ਦੇ ਵਿਕਾਸ ਕਾਰਜਾਂ ਦੇ ਉਦਘਾਟਨ



**ਕੋਟਕਪੂਰਾ (ਕੋਟਕਪੂਰਾ)**-ਸਰਕਾਰੀ ਸਕੂਲਾਂ 'ਚ ਆਧੁਨਿਕ ਸਿੱਖਿਆ ਪ੍ਰਦਾਨ ਕਰਨ, ਸਕੂਲਾਂ ਦੀ ਨੁਹਾਰ ਬਦਲਣ ਲਈ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ 'ਪੰਜਾਬ ਸਿੱਖਿਆ ਕ੍ਰਾਂਤੀ' ਮੁਹਿੰਮ ਤਹਿਤ ਹਰੇਕ ਸਕੂਲ 'ਚ ਸਹੂਲਤਾਂ ਦੇ ਕੇ ਬੁਨਿਆਦੀ ਢਾਂਚਾ ਮਜ਼ਬੂਤ ਕੀਤਾ ਜਾ ਰਿਹਾ ਹੈ।ਇਹ ਪ੍ਰਗਟਾਵਾ ਸਪੀਕਰ ਪੰਜਾਬ ਵਿਧਾਨ ਸਭਾ ਸ. ਕੁਲਤਾਰ ਸਿੰਘ ਸੰਧਵਾਂ ਨੇ ਹਲਕਾ ਕੋਟਕਪੂਰਾ ਦੇ ਵੱਖ-ਵੱਖ ਪਿੰਡਾਂ 'ਚ ਸਕੂਲਾਂ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਕੰਮਾਂ ਦਾ ਉਦਘਾਟਨ ਕਰਨ ਮੌਕੇ ਕੀਤਾ।ਵੱਖ ਵੱਖ ਸਕੂਲਾਂ 'ਚ ਆਪਣੇ ਸੰਬੋਧਨ ਵਿੱਚ ਸਪੀਕਰ ਪੰਜਾਬ ਵਿਧਾਨ ਸਭਾ ਸ. ਕੁਲਤਾਰ ਸਿੰਘ ਸੰਧਵਾ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਅਤੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਦੇ ਯਤਨਾਂ ਨਾਲ ਪੰਜਾਬ ਸਰਕਾਰ ਜਿੱਥੇ ਸਕੂਲਾਂ 'ਚ ਬੁਨਿਆਦੀ ਢਾਂਚਾ ਮਜ਼ਬੂਤ ਕੀਤਾ ਜਾ ਰਿਹਾ ਹੈ, ਉੱਥੇ ਹੀ ਬੱਚਿਆਂ ਦੇ ਪ੍ਰਦਰਸ਼ਨ ਵਿੱਚ ਸਕਾਰਾਤਮਕ ਸੁਧਾਰ ਲਈ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਵਿਦੇਸ਼ਾਂ 'ਚ ਭੇਜ ਕੇ ਉੱਚ ਪੱਧਰੀ ਸਿਖਲਾਈ ਦਿਵਾਈ ਗਈ ਹੈ।ਉਨ੍ਹਾਂ ਕਿਹਾ ਕਿ ਹੁਣ ਸਰਕਾਰੀ ਸਕੂਲਾਂ ਪ੍ਰਤੀ ਲੋਕਾਂ ਦੀ ਸੋਚ ਬਦਲੀ ਹੈ ਅਤੇ ਉਹ ਆਪਣੇ ਬੱਚਿਆਂ ਦੇ ਦਾਖ਼ਲੇ ਸਰਕਾਰੀ ਸਕੂਲਾਂ ਵਿੱਚ ਕਰਵਾਉਣ ਨੂੰ ਤਰਜੀਹ ਦੇ ਰਹੇ ਹਨ।ਉਨ੍ਹਾਂ ਦੱਸਿਆ ਕਿ ਸਰਕਾਰੀ ਹਾਈ ਸਕੂਲ ਪਿੰਡ ਜਲਾਲੇਆਣਾ ਵਿਖੇ 6.25 ਲੱਖ ਰੁਪਏ, ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਫਿੱਡੇ ਖੁਰਦ ਵਿਖੇ 30.16 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਫਿੱਡੇ ਕਲਾਂ ਵਿਖੇ 4.68 ਲੱਖ ਰੁਪਏ, ਸਰਕਾਰੀ ਮਿਡਲ ਸਕੂਲ ਫਿੱਡੇ ਕਲਾਂ ਵਿਖੇ 1.59 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਕੋਹਾਰਵਾਲਾ ਵਿਖੇ 19.69 ਲੱਖ, ਸਰਕਾਰੀ ਹਾਈ ਸਕੂਲ ਪਿੰਡ ਕੋਹਾਰਵਾਲਾ ਵਿਖੇ 8.90 ਲੱਖ ਰੁਪਏ ਦੀ ਲਾਗਤ ਨਾਲ ਵਿਕਾਸ ਕਾਰਜਾਂ ਜਿਨ੍ਹਾਂ ਵਿੱਚ ਨਵੀਂ ਚਾਰਦੀਵਾਰੀ, ਪੁਰਾਣੀ ਚਾਰਦੀਵਾਰੀ ਦੀ ਰਿਪੇਅਰ, ਨਵੇਂ ਕਮਰਿਆਂ ਦੀ ਉਸਾਰੀ, ਬਾਥਰੂਮ, ਫਰਸ਼ਾਂ, ਨਵੇਂ ਵਰਾਂਡਿਆਂ ਦੇ ਨਿਰਮਾਣ ਅਤੇ ਹੋਰ ਰਿਪੇਅਰ ਦੇ ਕੰਮ ਆਦਿ ਸ਼ਾਮਲ ਹਨ, ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਮੈਡਮ ਪਰਮਜੀਤ ਕੌਰ (ਮੁੱਖ ਅਧਿਆਪਕ), ਮੈਡਮ ਵਰਿੰਦਰ ਕੌਰ (ਮੁੱਖ ਅਧਿਆਪਕ), ਸ਼੍ਰੀਮਤੀ ਰਜਨੀ, ਸ਼੍ਰੀਮਤੀ ਕਮਲਜੀਤ ਕੌਰ, ਸ਼੍ਰੀਮਤੀ ਰਮਿੰਦਰ ਕੌਰ, ਸ਼੍ਰੀਮਤੀ ਲਖਵਿੰਦਰ ਕੌਰ, ਸ਼੍ਰੀਮਤੀ ਗੁਰਪਿੰਦਰ ਕੌਰ, ਸ਼੍ਰੀ ਰਿੰਕੂ ਕੁਮਾਰ, ਸ਼੍ਰੀਮਤੀ ਕੁਲਦੀਪ ਕੌਰ, ਸ਼੍ਰੀਮਤੀ ਜਸਵਿੰਦਰ ਕੌਰ, ਸੁਰਿੰਦਰਪਾਲ ਸਿੰਘ, ਮੁਕੇਸ਼ ਕੁਮਾਰ, ਜਸਪ੍ਰੀਤ ਕੌਰ ਤੋਂ ਇਲਾਵਾ ਵੱਡੀ ਗਿਣਤੀ 'ਚ ਪਿੰਡ ਵਾਸੀ ਅਤੇ ਸਕੂਲੀ ਬੱਚੇ ਹਾਜ਼ਰ ਸਨ।

## ਕਿਸਾਨਾਂ ਦੀਆਂ ਖੇਤੀ ਮੋਟਰਾਂ ਤੋਂ ਕੇਬਲ ਤਾਰਾਂ ਚੋਰੀ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪਿੰਡ ਹਮੀਦੀ ਵਿਖੇ ਚੋਰ ਗਰੋਹ ਵੱਲੋਂ ਪਿੰਡ ਦੇ ਦਸ ਕਿਸਾਨਾਂ ਦੀਆਂ ਮੋਟਰਾਂ ਤੋਂ ਕੇਬਲ ਤਾਰਾਂ ਵੱਢ ਕੇ ਚੋਰੀ ਕਰ ਲੈ ਜਾਣ ਦਾ ਪਤਾ ਲੱਗਾ ਹੈ।ਜਾਣਕਾਰੀ ਅਨੁਸਾਰ ਪਿੰਡ ਸਹਿਜੜਾ ਨੂੰ ਜਾਂਦੇ ਕੱਚੇ ਰਸਤੇ ਵਿਚਕਾਰ ਲੰਘਦੇ ਰਜਵਾਹੇ ਦੇ ਪੁਲ ਨੇੜਲੇ ਖੇਤਾ ਦੇ ਮਾਲਕ ਕਿਸਾਨ ਉਜਾਗਰ ਸਿੰਘ, ਜਗਜੀਤ ਸਿੰਘ ਸ਼ੇਰੀ, ਗੁਰਜੀਤ ਸਿੰਘ, ਜਿੰਦਰ ਸਿੰਘ, ਬੇਤ ਸਿੰਘ, ਜੀਤ ਸਿੰਘ, ਭੋਲਾ ਸਿੰਘ, ਗੁਰਜੀਤ ਸਿੰਘ, ਨਰੰਜਣ ਸਿੰਘ ਆਦਿ ਦੇ ਖੇਤਾਂ 'ਚ ਲੱਗੀਆਂ ਮੋਟਰਾਂ ਤੋਂ ਕੇਬਲ ਤਾਰਾਂ ਵੱਢ ਕੇ ਚੋਰੀ ਕਰਕੇ ਫਰਾਰ ਹੋ ਗਏ।ਇਸ ਤੋਂ ਇਲਾਵਾ ਨੇੜਲੇ ਪਿੰਡ ਵਜੀਦਕੇ ਦੇ ਦੋ ਕਿਸਾਨਾਂ ਦੀਆਂ ਮੋਟਰਾਂ ਦੇ ਜਿੰਦੇ ਵੀ ਤੋੜ ਦੇਣ ਦਾ ਪਤਾ ਲੱਗਾ ਹੈ।ਪੀੜਤ ਕਿਸਾਨਾਂ ਨੇ ਦੱਸਿਆ ਕਿ ਚੋਰੀ ਦੀ ਘਟਨਾ ਸਬੰਧੀ ਥਾਣਾ ਠੁੱਲੀਵਾਲ ਪੁਲਿਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ।



## ਨਸ਼ਿਆਂ ਦਾ ਲੱਕ ਟੁੱਟਣ ਕਿਨਾਰੇ : ਹਰਪਾਲ ਸਿੰਘ



**ਮਾਨਸਾ (ਗੌਤਵਾਲ)**-ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਜ਼ਿਲ੍ਹੇ ਦੇ ਸਾਰੇ 247 ਪਿੰਡਾਂ ਦੇ ਨਸ਼ਿਆਂ ਖਿਲਾਫ ਹੋਕਾ ਬੁਲੰਦ ਕਰਨ ਵਾਲੇ ਪਹਿਰੇਦਾਰਾਂ ਨੂੰ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਚੀਮਾ ਨੇ ਬੋਲੇ ਸੋ ਨਿਹਾਲ ਦਾ ਜੈਕਾਰਾ ਬੁਲੰਦ ਕਰਕੇ ਨਸ਼ਿਆਂ ਖਿਲਾਫ ਸਹੁੰ ਚੁਕਵਾਈ।ਇਸ ਮੌਕੇ ਸਥਾਨਕ ਕਚਹਿਰੀ ਰੋਡ 'ਤੇ ਇੱਕ ਨਿੱਜੀ ਪੈਲੇਸ ਵਿੱਚ ਲੋਕਾਂ ਦੀ ਪ੍ਰਭਾਵਸ਼ਾਲੀ ਇਕੱਤਰਤਾ ਨੂੰ ਸੰਬੋਧਨ ਹੁੰਦਿਆਂ ਉਨ੍ਹਾਂ ਨਸ਼ੇ ਦੇ ਕਾਰੋਬਾਰ ਦੇ ਫੈਲਾਅ ਦਾ ਠੀਕਰਾ ਪਹਿਲਾਂ ਰਾਜਭਾਗ ਕਰ ਚੁੱਕੀਆਂ ਉਨ੍ਹਾਂ ਰਾਜਨੀਤਕ ਪਾਰਟੀਆਂ ਦੇ ਸਿਰ ਭੰਨਿਆ ਜੋ ਧਰਮ ਤੇ ਪਰਿਵਾਰਵਾਦ ਦੀ ਰਾਜਨੀਤੀ ਕਰਦੀਆਂ ਰਹੀਆਂ ਹਨ।ਉਨ੍ਹਾਂ ਕਿਹਾ ਕਿ ਹੁਣ ਜਦੋਂ ਭਗਵੰਤ ਸਿੰਘ ਮਾਨ ਦੀ ਸਰਕਾਰ ਹੋਂਦ ਵਿੱਚ ਆਈ ਹੈ, ਉਦੋਂ ਤੋਂ ਨਸ਼ੇ ਦਾ ਵਗ ਰਿਹਾ ਛੇਵਾਂ ਦਰਿਆ ਮੁਕੰਮਲ ਤੌਰ 'ਤੇ ਸੁੱਕਣ ਦੇ ਕੰਢੇ ਆ ਚੁੱਕਾ ਹੈ।ਉਨ੍ਹਾਂ ਲੋਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਦਾ ਸਾਰਾ ਸਿਹਰਾ ਉਨ੍ਹਾਂ ਲੋਕਾਂ ਨੂੰ ਜਾਂਦਾ ਹੈ, ਜਿਨ੍ਹਾਂ ਨੇ ਹਰ ਪਿੰਡ, ਹਰ ਘਰ ਤੇ ਮੁਹੱਲੇ 'ਚੋਂ ਹੋ ਕੇ ਸਰਕਾਰ ਦੀ ਇਸ ਮੁਹਿੰਮ ਦਾ ਮੋਢੇ ਨਾਲ ਮੋਢਾ ਜੋੜ ਕੇ ਇਸ ਯੁੱਧ ਵਿੱਚ ਯੋਗਦਾਨ ਪਾਇਆ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦਾ ਹਰ ਘਰ ਦਾ ਵਾਸੀ ਚਾਹੁੰਦਾ ਸੀ ਕਿ ਪੰਜਾਬ ਨਸ਼ਾ ਮੁਕਤ ਹੋਵੇ, ਜਿਸ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪ੍ਰਣ ਲੈਂਦਿਆਂ ਨਸ਼ੇ ਖਿਲਾਫ਼ ਵੱਡੀ ਜੰਗ ਸ਼ੁਰੂ ਕਰਕੇ ਅਮਲੀ ਰੂਪ ਦਿੱਤਾ ਹੈ।ਮੁੱਖ ਮੰਤਰੀ ਸਾਹਿਬ ਪਿਛਲੇ ਤਿੰਨ ਸਾਲ ਤੋਂ ਪੰਜਾਬ ਦੀ ਭਲਾਈ ਲਈ ਸ਼ਲਾਘਾਯੋਗ ਫੈਸਲੇ ਲੈ ਰਹੇ ਹਨ ਚਾਹੇ ਉਹ ਨਸ਼ੇ ਦਾ ਖ਼ਾਤਮਾ ਹੋਵੇ ਚਾਹੇ ਨੌਕਰੀਆਂ ਦੀ ਗੱਲ ਹੋਵੇ, ਸੂਬਾ ਸਰਕਾਰ ਇਸ ਦੇ ਲਈ ਸਿਰਤੋੜ ਯਤਨ ਕਰ ਰਹੀ ਹੈ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਪੰਜਾਬ ਦੀ ਜਵਾਨੀ ਤੇ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਡੱਟ ਕੇ ਖੜੀ ਹੈ।

## ਕਿੱਤਾਮੁਖੀ ਸਿਖਲਾਈ ਲੈਣ ਵਾਲੇ ਨੌਜਵਾਨਾਂ ਲਈ ਰੁਜ਼ਗਾਰ ਦੇ ਬਿਹਤਰ ਮੌਕੇ : ਪ੍ਰੋ. ਪ੍ਰਦੀਪ ਜੈਨ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਵਿਖੇ ਚੱਲ ਰਹੇ ਉੱਨਤ ਭਾਰਤ ਅਭਿਆਨ ਦੇ ਕੋਆਰਡੀਨੇਟਰ ਡਾ. ਪ੍ਰਦੀਪ ਕੁਮਾਰ ਜੈਨ ਵੱਲੋਂ ਪਿੰਡ ਦੁੱਗਾਂ ਵਿਖੇ ਇੱਕ ਗ੍ਰਾਮ ਸਭਾ ਦਾ ਆਯੋਜਨ ਕੀਤਾ ਗਿਆ।ਪਿੰਡ ਦੀ ਸਰਪੰਚ ਅਮਨਦੀਪ ਕੌਰ ਤੇ ਪੰਚਾਇਤ ਮੈਂਬਰਾਂ ਦੇ ਸਹਿਯੋਗ ਨਾਲ ਕਰਵਾਈ ਗਈ ਇਸ ਗ੍ਰਾਮ ਸਭਾ ਵਿੱਚ ਮਨਰੇਗਾ ਮਜ਼ਦੂਰਾਂ, ਪਿੰਡ ਵਾਸੀਆਂ, ਪੰਚਾਇਤ ਮੈਂਬਰਾਂ ਤੇ ਨੌਜਵਾਨਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ।ਡਾ. ਜੈਨ ਨੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਮਜ਼ਦੂਰ ਦਿਵਸ ਦੀ ਮਹੱਤਤਾ ਬਾਰੇ ਗੱਲ ਕੀਤੀ ਤੇ ਰਾਸ਼ਟਰ ਨਿਰਮਾਣ ਵਿੱਚ ਮਜ਼ਦੂਰਾਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ।ਉਨ੍ਹਾਂ ਭਾਰਤੀ ਕਿਰਤ ਕਾਨੂੰਨਾਂ ਨੂੰ ਵਿਸਥਾਰ ਨਾਲ ਸਮਝਾਇਆ, ਕਾਮਿਆਂ ਦੇ ਅਧਿਕਾਰਾਂ, ਉੱਚ ਉਜ਼ਰਤਾਂ, ਸੁਰੱਖਿਅਤ ਕੰਮ ਕਰਨ ਦੀਆਂ ਸਥਿਤੀਆਂ ਤੇ ਨਿਰਪੱਖ ਕੰਮ ਕਰਨ ਦੇ ਘੰਟਿਆਂ ਬਾਰੇ ਚਰਚਾ ਕੀਤੀ।ਡਾ: ਜੈਨ ਨੇ ਹੁਨਰ ਵਿਕਾਸ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ ਤੇ ਨੌਜਵਾਨਾਂ ਨੂੰ ਕਿੱਤਾਮੁਖੀ ਸਿਖਲਾਈ ਲੈਣ ਤੇ ਰੁਜ਼ਗਾਰ ਦੇ ਮੌਕਿਆਂ ਨੂੰ ਬਿਹਤਰ ਬਣਾਉਣ ਲਈ ਆਪਣੇ ਹੁਨਰਾਂ ਨੂੰ ਵਧਾਉਣ ਲਈ ਉਤਸ਼ਾਹਤ ਕੀਤਾ।ਸੰਸਥਾ ਦੇ ਖੋਜ ਵਿਦਿਆਰਥੀ ਅੰਸ਼ੁਲ ਕੁਮਾਰ ਨੇ ਸਾਈਬਰ ਅਪਰਾਧ ਤੇ ਡਿਜੀਟਲ ਸੁਰੱਖਿਆ 'ਤੇ ਗੱਲ ਕੀਤੀ।ਸਰਪੰਚ ਅਮਨਦੀਪ ਕੌਰ ਨੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਉਹ ਹਮੇਸ਼ਾ ਅਜਿਹੇ ਜਾਗਰੂਕਤਾ ਪ੍ਰੋਗਰਾਮਾਂ ਦਾ ਸਮਰਥਨ ਕਰਨਗੇ।

## ਦਾਣਾ ਮੰਡੀਆਂ 'ਚੋਂ ਕਣਕ ਚੋਰੀ ਕਰਨ ਵਾਲੇ ਪੰਜ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੂੰ ਗਸ਼ਤ ਤੇ ਚੈਕਿੰਗ ਦੌਰਾਨ ਗੁਪਤ ਸੂਚਨਾ ਮਿਲੀ ਕਿ ਦਾਣਾ ਮੰਡੀਆਂ ਵਿੱਚੋਂ ਕੁਝ ਵਿਅਕਤੀ ਕਣਕ ਦੇ ਗੱਟੇ ਚੋਰੀ ਕਰ ਲੈਂਦੇ ਹਨ। ਪੁਲਸ ਨੇ ਦੱਸਿਆ ਕਿ ਪੰਜ ਵਿਅਕਤੀਆਂ ਨੂੰ 41 ਕਣਕ ਦੇ ਗੱਟਿਆਂ ਸਮੇਤ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਅਯੂਬ ਮਸੀਹ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਨੂੰ ਗਸ਼ਤ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਸਾਗਰ ਪੁੱਤਰ ਮਲਕੀਤ ਸਿੰਘ ਉਰਫ ਮੱਸੂ, ਮੋਹਿਤ ਉਰਫ ਨਿੱਕੀ, ਕਾਲੀ, ਬਾਬੀ ਪੁੱਤਰਾਨ ਜੱਸਾ ਤੇ ਕਾਕੀ ਵਾਸੀਅਨ ਬਸਤੀ ਸ਼ੇਖਾਂ ਵਾਲੀ ਨੇੜੇ ਪੁਰਾਣਾ ਬੱਕਰਖਾਨਾ ਫਿਰੋਜ਼ਪੁਰ ਸ਼ਹਿਰ, ਜੋ ਕਿ ਰਾਤ ਸਮੇਂ ਦਾਣਾ ਮੰਡੀਆਂ ਵਿੱਚੋਂ ਮਹਿੰਦਰਾ ਪਿਕਅਪ ਵਿੱਚ ਕਣਕ ਚੋਰੀ ਕਰਕੇ ਅੱਗੇ ਵੇਚਣ ਦੇ ਆਦੀ ਹਨ। ਪੁਲਸ ਨੇ ਦੱਸਿਆ ਕਿ ਉਕਤ 5 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਕੋਲੋਂ 41 ਗੱਟੇ ਕਣਕ ਦੇ ਬਰਾਮਦ ਕੀਤੇ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

# ਅਧਿਆਪਕਾਂ ਦੀਆਂ ਬਦਲੀਆਂ ਦਾ ਪੋਰਟਲ ਖੋਲ੍ਹਣ ਦੀ ਮੰਗ

### ਘਰੋਂ ਦੂਰ ਬੈਠੇ ਤੇ ਗੰਭੀਰ ਬਿਮਾਰੀਆਂ ਤੋਂ ਪੀੜਤ ਅਧਿਆਪਕਾਂ ਨੂੰ ਦਿੱਤੀ ਜਾਵੇ ਰਾਹਤ : ਡੀ ਟੀ ਐੱਫ਼

**ਮਾਨਸਾ (ਆਤਮਾ ਸਿੰਘ ਪਮਾਰ)**

ਨਵੇਂ ਸੈਸ਼ਨ ਦੇ ਇੱਕ ਮਹੀਨਾ ਲੰਘ ਜਾਣ ਦੇ ਬਾਵਜੂਦ ਵੀ ਸਿੱਖਿਆ ਵਿਭਾਗ ਵੱਲੋਂ ਅਜੇ ਤੱਕ ਅਧਿਆਪਕਾਂ ਦੀਆਂ ਬਦਲੀਆਂ ਸੰਬੰਧੀ ਕੋਈ ਦਿਸ਼ਾ ਨਿਰਦੇਸ਼ ਜਾਰੀ ਨਹੀਂ ਹੋਏ।ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਜਨਰਲ ਸਕੱਤਰ ਰੇਸ਼ਮ ਸਿੰਘ ਬਠਿੰਡਾ ਦੀ ਅਗਵਾਈ ਵਿੱਚ ਡੀ ਟੀ ਐੱਫ਼ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਤੇ ਹਰਜਿੰਦਰ ਅਨੂਪਗੜ੍ਹ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਸਾਲਾਂ ਵਾਂਗ ਇਸ ਸਾਲ ਵੀ ਅਧਿਆਪਕਾਂ ਦੀਆਂ ਬਦਲੀਆਂ ਦੀ ਪ੍ਰਕਿਰਿਆ ਅਪ੍ਰੈਲ ਮਹੀਨਾ ਲੰਘ ਜਾਣ ਦੇ ਬਾਵਜੂਦ ਸ਼ੁਰੂ ਨਹੀਂ ਕੀਤੀ ਗਈ, ਜਿਸ ਕਰਕੇ ਜਿੱਥੇ ਬਦਲੀਆਂ ਕਰਵਾਉਣ ਦੇ ਚਾਹਵਾਨ ਅਧਿਆਪਕ ਪ੍ਰੇਸ਼ਾਨ ਹਨ, ਓਥੇ ਹੀ ਇਹ ਪ੍ਰਕਿਰਿਆ ਸੈਸ਼ਨ ਦੇ ਅੱਧ ਤੱਕ ਚਲੇ ਜਾਣ ਕਾਰਨ ਸਕੂਲਾਂ ਦੇ ਪ੍ਰਬੰਧਨ 'ਚ ਵੀ ਸਮੱਸਿਆ ਬਣੇਗੀ। ਉਨ੍ਹਾਂ ਮੰਗ ਕੀਤੀ ਕਿ ਸਾਰੇ ਅਧਿਆਪਕਾਂ ਲਈ ਬਦਲੀ ਕਰਵਾਉਣ ਲਈ ਸਟੇਅ ਦੀ ਸ਼ਰਤ ਘਟਾ ਕੇ ਇੱਕ ਸਾਲ ਕੀਤੀ ਜਾਵੇ। ਡੀ ਟੀ ਐੱਫ਼ ਦੇ ਸੀਨੀਅਰ ਆਗੂਆਂ ਗੁਰਤੇਜ ਉੱਭਾ, ਰਾਜਵਿੰਦਰ ਸਿੰਘ ਬੈਹਣੀਵਾਲ, ਗੁਰਬਚਨ ਹੀਰੇਵਾਲਾ, ਗੁਰਪ੍ਰੀਤ ਭੀਖੀ ਨੇ ਮੰਗ ਕੀਤੀ ਕਿ ਦੂਰ ਦੁਰਾਡੇ ਬੈਠੇ ਅਧਿਆਪਕਾਂ ਨੂੰ ਰਾਹਤ ਦੇਣ ਲਈ ਆਨਲਾਈਨ ਬਦਲੀਆਂ ਦਾ ਪੋਰਟਲ ਜਲਦੀ ਖੋਲ੍ਹਿਆ ਜਾਵੇ ਤੇ ਸਾਰੇ ਖਾਲੀ ਪਏ ਸਟੇਸ਼ਨਾਂ ਦੀ ਸੂਚੀ ਜਨਤਕ ਕੀਤੀ ਜਾਵੇ।ਜਥੇਬੰਦੀ ਦੇ ਆਗੂਆਂ ਨਿਧਾਨ ਸਿੰਘ, ਸ਼ਿੰਗਾਰਾ ਸਿੰਘ, ਤਰਸੇਮ ਬੋੜਾਵਾਲ, ਹਰਫੂਲ ਸਿੰਘ, ਰਾਜਿੰਦਰ ਸਿੰਘ ਨੇ ਮੰਗ ਕੀਤੀ ਕਿ ਆਪਸੀ ਬਦਲੀ 'ਤੇ ਲਾਈਆਂ ਬੇਲੋੜੀਆਂ ਸ਼ਰਤਾਂ ਨੂੰ ਖ਼ਤਮ ਕੀਤਾ ਜਾਵੇ। ਗੰਭੀਰ ਬਿਮਾਰੀਆਂ ਤੋਂ ਪੀੜਤ ਅਧਿਆਪਕਾਂ ਨੂੰ ਬਦਲੀ ਦਾ ਵਿਸ਼ੇਸ਼ ਮੌਕਾ ਦਿੱਤਾ ਜਾਵੇ ਤੇ ਘਰਾਂ ਤੋਂ ਦੂਰ ਬੈਠੇ ਅਧਿਆਪਕਾਂ ਨੂੰ ਬਦਲੀ ਪ੍ਰਕਿਰਿਆ ਵਿੱਚ ਸਪੈਸ਼ਲ ਰਾਹਤ ਦਿੱਤੀ ਜਾਵੇ। ਇਸ ਮੌਕੇ ਕੁਲਦੀਪ ਅੱਕਾਂਵਾਲੀ ਨਵੀਨ ਬੋਹਾ, ਦਮਨਜੀਤ ਸਿੰਘ, ਮਨਦੀਪ ਕੋਟਲੀ, ਸਿਕੰਦਰ ਕੋਟਲੀ, ਅਮਰੀਕ ਬੋਹਾ, ਰਾਜ ਸਿੰਘ, ਨਵਜੋਸ਼ ਸਪੋਲੀਆ, ਸੰਦੀਪ ਧਰਮਪੁਰਾ, ਗੁਰਦੀਪ ਬਰਨਾਲਾ, ਚਰਨਪਾਲ ਸਿੰਘ, ਜਸਵਿੰਦਰ ਹਾਕਮਵਾਲਾ, ਬਲਕਾਰ ਸਿੰਘ, ਗੁਰਦੀਪ ਝੰਡੂਕੇ, ਸੁਖਚੈਨ ਸੇਖੋਂ, ਜਗਦੇਵ ਸਿੰਘ, ਮੱਘਰ ਸਿੰਘ, ਜਗਪਾਲ ਸਿੰਘ, ਅਰਵਿੰਦਰ ਸਿੰਘ, ਕੁਲਵਿੰਦਰ ਜੋਗਾ, ਅਮਨਦੀਪ ਕੌਰ, ਬੇਅੰਤ ਕੌਰ, ਖੁਸ਼ਵਿੰਦਰ ਕੌਰ, ਅਮਰਪ੍ਰੀਤ ਕੌਰ, ਨਿਰਲੇਪ ਕੌਰ, ਮਨਵੀਰ ਕੌਰ, ਗੁਰਜੀਤ ਮਾਨਸਾ, ਮਰਜੀਤ ਸਿੰਘ, ਸੁਖਵਿੰਦਰ ਗਾਮੀਵਾਲਾ, ਜਸਵਿੰਦਰ ਕਾਮਰੇਡ, ਰੋਹਿਤ ਬੁਰਜ ਹਰੀ, ਹਰਵਿੰਦਰ ਸਮਾਓਂ, ਮਨਦੀਪ ਕੁਮਾਰ ਆਦਿ ਅਧਿਆਪਕ ਆਗੂ ਹਾਜ਼ਰ ਸਨ।

## ਡਾ. ਬਲਜੀਤ ਕੌਰ ਨੇ ਖੂੰਨਣ ਕਲਾਂ ਵਿਖੇ ਪਾਈਪਾਂ ਪਾਉਣ ਦਾ ਕੀਤਾ ਉਦਘਾਟਨ



**ਮਲੋਟ/ਮੁਕਤਸਰ (ਗੁਰਮੀਤ ਸਿੰਘ ਮੱਕੜ, ਓਮ ਪ੍ਰਕਾਸ਼ ਸੇਖੂ/ਸ਼ਮਿੰਦਰਪਾਲ, ਪੂਜਾ)**-ਪੰਜਾਬ ਸਰਕਾਰ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਲਈ ਵਚਨਬੱਧ ਹੈ ਤਾਂ ਜੋ ਉਨ੍ਹਾਂ ਨੂੰ ਸਰਕਾਰੀ ਸਕੀਮਾਂ ਦਾ ਪੂਰਾ ਲਾਭ ਮਿਲ ਸਕੇ। ਇਸ ਗੱਲ ਦਾ ਪ੍ਰਗਟਾਵਾ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ, ਕੈਬਨਿਟ ਮੰਤਰੀ ਡਾ. ਬਲਜੀਤ ਨੇ ਪਿੰਡ ਖੂੰਨਣ ਕਲਾਂ ਵਿਖੇ ਪਾਣੀ ਦੀ ਪਾਈਪਾਂ ਪਾਉਣ ਦੇ ਕੰਮ ਦੀ ਸ਼ੁਰੂਆਤ ਕਰਦਿਆਂ ਕੀਤਾ। ਉਨ੍ਹਾਂ ਦੱਸਿਆ ਕਿ ਇਸ ਪਿੰਡ ਨੂੰ ਪੀਣ ਲਈ ਪਾਣੀ ਦੀ ਬਹੁਤ ਵੱਡੀ ਸਮੱਸਿਆ ਸੀ, ਇਸ ਸਮੱਸਿਆ ਦੇ ਹੱਲ ਲਈ ਵਾਟਰਵਰਕਸ ਤੱਕ ਨਹਿਰੀ ਪਾਣੀ ਦੀ ਪੂਰੀ ਸਪਲਾਈ ਲਈ 13 ਲੱਖ ਰੁਪਏ ਦੀ ਲਾਗਤ ਨਾਲ ਨਵੀਆਂ ਪਾਈਪਾਂ ਪਾਈਆਂ ਜਾ ਰਹੀਆਂ ਹਨ ਤਾਂ ਜੋ ਇਸ ਵਾਟਰ ਵਰਕਸ ਤੋਂ ਪਿੰਡ ਨਿਵਾਸੀਆਂ ਨੂੰ ਪੂਰਾ ਲਾਭ ਮਿਲ ਸਕੇਗਾ। ਇਸ ਮੌਕੇ ਉਨ੍ਹਾਂ ਸਬੰਧਤ ਪਿੰਡ ਦੇ ਲੋਕਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ ਤੇ ਮੌਕੇ 'ਤੇ ਨਿਪਟਾਰਾ ਕੀਤਾ। ਇਸ ਮੌਕੇ ਅਰਸ਼ਦੀਪ ਸਿੰਘ ਸਿੱਧੂ ਨਿੱਜੀ ਸਕੱਤਰ, ਸ਼ਿੰਦਰਪਾਲ ਸਿੰਘ ਨਿੱਜੀ ਸੱਕਤਰ, ਗੁਰਭਗਤ ਸਿੰਘ ਲਾਡੀ, ਸਰਪੰਚ ਮੰਗੂ ਸਿੰਘ, ਹਰਬੰਸ ਸਿੰਘ ਪੰਚਾਇਤ ਮੈਂਬਰ, ਹਰਬਾਜ ਸਿੰਘ ਧਾਲੀਵਾਲ, ਰਣਧੀਰ ਸਿੰਘ ਧੀਰਾ, ਬਿੰਦਰਪਾਲ ਸਿੰਘ, ਜਸਕਰਨ ਸਿੰਘ, ਗੁਰਪਾਲ ਸਿੰਘ, ਬਲਵਿੰਦਰ ਸਿੰਘ ਤੋਂ ਇਲਾਵਾ ਪਤਵੰਤੇ ਵਿਅਕਤੀ ਹਾਜ਼ਰ ਸਨ।

# ਪਿੰਡਾਂ ਦੇ ਪਹਿਰੇਦਾਰ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਘਰ-ਘਰ ਪਹੁੰਚਾਉਣ : ਗੋਇਲ

**ਸ੍ਰੀ ਮੁਕਤਸਰ ਸਾਹਿਬ/ਗਿੱਦੜਬਾਹਾ, (ਸ਼ਮਿੰਦਰਪਾਲ, ਪੂਜਾ/ਜਸਵੰਤ ਗਿੱਲ)**-ਪੰਜਾਬ ਦੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਪਿੰਡ ਸੁਰੱਖਿਆ ਕਮੇਟੀ ਦੇ ਮੈਂਬਰਾਂ ਨੂੰ 'ਪਿੰਡਾਂ ਦੇ ਪਹਿਰੇਦਾਰ' ਦੱਸਦਿਆਂ ਉਨ੍ਹਾਂ ਨੂੰ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਘਰ ਘਰ ਪਹੁੰਚਾਉਣ ਦਾ ਸੱਦਾ ਦਿੱਤਾ ਹੈ।ਉਹ ਇੱਥੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਕਰਵਾਏ ਗਏ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਸੰਬੋਧਨ ਕਰ ਰਹੇ ਸਨ।ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਦੋ ਮਹੀਨੇ ਪਹਿਲਾਂ ਸਰਕਾਰ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਸ਼ੁਰੂਆਤ ਕੀਤੀ ਸੀ ਤੇ ਇਸ ਦੇ ਸਾਰਥਕ ਨਤੀਜੇ ਨਿਕਲਣ ਲੱਗੇ ਹਨ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਇੱਕ ਸੰਗਠਤ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਇੱਕ ਪਾਸੇ ਨਸ਼ਾ ਤਸਕਰਾਂ ਦੇ ਖਿਲਾਫ ਕਾਰਵਾਈ ਕੀਤੀ ਜਾ ਰਹੀ ਹੈ, ਉੱਥੇ ਹੀ ਨਸ਼ਾ ਪੀੜਤਾਂ ਦੇ ਇਲਾਜ ਦੀ ਵਿਵਸਥਾ ਵੀ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਰਾਜ ਵਿੱਚ 60 ਤੋਂ ਵੱਧ ਥਾਵਾਂ 'ਤੇ ਨਸ਼ਾ ਤਸਕਰਾਂ ਦੇ ਘਰਾਂ 'ਤੇ ਬੁਲਡੋਜਰ ਚੱਲਿਆ, ਪਰ ਕਿਤੇ ਵੀ ਕਿਸੇ ਵੱਲੋਂ ਵਿਰੋਧ ਨਹੀਂ ਕੀਤਾ ਗਿਆ, ਇਹ ਆਪਣੇ ਆਪ ਵਿੱਚ ਪ੍ਰਮਾਣ ਹੈ ਕਿ ਲੋਕ ਹੁਣ ਇਸ ਮੁਹਿੰਮ ਨਾਲ ਦਿਲੋਂ ਜੁੜ ਚੁੱਕੇ ਹਨ।ਉਨ੍ਹਾਂ ਕਿਹਾ ਕਿ ਪੁਲਸ ਨੂੰ ਪੇਸ਼ੇਵਾਰਾਨਾ ਆਜ਼ਾਦੀ ਦਿੱਤੀ ਗਈ ਹੈ ਤਾਂ ਜੋ ਉਹ ਨਸ਼ਿਆਂ ਖਿਲਾਫ ਸਖਤ ਕਾਰਵਾਈ ਕਰ ਸਕੇ।ਉਨ੍ਹਾਂ ਜ਼ਿਲ੍ਹੇ ਦੇ ਪਿੰਡ ਭੁਲੇਰੀਆਂ ਦੀ ਉਦਾਹਰਨ ਦਿੱਤੀ, ਜਿੱਥੇ ਨਸ਼ੇ ਤੋਂ ਲੋਕ ਰਹਿਤ ਜੀਵਨ ਜਿਉਂ ਰਹੇ ਹਨ।ਉਨ੍ਹਾਂ ਅਪੀਲ ਕੀਤੀ ਕਿ ਨਸ਼ਾ ਤਸਕਰਾਂ ਦੀ ਸੂਚਨਾ ਪੁਲਸ ਨੂੰ ਦਿਓ ਤੇ ਪੀੜਤਾਂ ਦਾ ਇਲਾਜ ਕਰਵਾਓ।ਉਨ੍ਹਾਂ ਨੇ ਸਮੂਹ ਹਾਜ਼ਰੀਨ ਨੂੰ ਨਸ਼ਿਆਂ ਖਿਲਾਫ ਇਸ ਮੁਹਿੰਮ ਵਿੱਚ ਜੁੜਨ ਲਈ ਸਹੁੰ ਵੀ ਚੁਕਾਈ।ਇਸ ਮੌਕੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁਡੀਆਂ, ਸਮਾਜਿਕ ਨਿਆਂ ਤੇ ਅਧਿਕਾਰਿਕਤਾ ਮੰਤਰੀ ਡਾ. ਬਲਜੀਤ ਕੌਰ, ਵਿਧਾਇਕ ਬਲਜਿੰਦਰ ਕੌਰ ਚੀਫ ਵ੍ਹਿਪ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀ ਇੱਛਾ ਅਨੁਸਾਰ ਹੀ ਇਹ ਮੁਹਿੰਮ ਚਲਾ ਰਹੀ ਹੈ ਤੇ ਕਿਸੇ ਵੀ ਨਸ਼ਿਆਂ ਦੇ ਤਸਕਰ ਨੂੰ ਬਖਸ਼ਿਆ ਨਹੀਂ ਜਾਵੇਗਾ।ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਇਸ ਬਿਮਾਰੀ ਨੂੰ ਪੂਰਨ ਤੌਰ 'ਤੇ ਖਤਮ ਕਰਕੇ ਰਹੇਗੀ। ਇਸ ਮੌਕੇ ਡਿਪਟੀ ਕਮਿਸ਼ਨਰ ਅਭੀਜੀਤ ਕਪਲੀਸ਼, ਐੱਸ ਐੱਸ ਪੀ ਅਖਿਲ ਚੌਧਰੀ, ਮੁਕਤਸਰ ਦੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ, ਗਿੱਦੜਬਾਹਾ ਦੇ ਵਿਧਾਇਕ ਹਰਦੀਪ ਸਿੰਘ ਡਿੰਪੀ ਢਿੱਲੋਂ, ਜ਼ਿਲ੍ਹਾ ਪ੍ਰਧਾਨ ਜਸ਼ਨ ਬਰਾੜ ਵੀ ਹਾਜ਼ਰ ਸਨ।



## ਲੁਟੇਰੇ ਹਥਿਆਰਾਂ ਦੀ ਨੋਕ 'ਤੇ ਨਕਦੀ ਤੇ ਮੋਬਾਇਲ ਖੋਹ ਕੇ ਫਰਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਵਿਖੇ ਇੱਕ ਵਿਅਕਤੀ ਨੂੰ ਲੁਟੇਰੇ ਹਥਿਆਰ ਵਿਖਾ ਕੇ 15 ਹਜ਼ਾਰ ਰੁਪਏ ਤੇ ਮੋਬਾਇਲ ਫੋਨ ਖੋਹ ਕੇ ਫਰਾਰ ਹੋ ਗਏ। ਇਸ ਸੰਬਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ 2 ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਰਾਜ ਬਖਸ਼ ਪੁੱਤਰ ਗਿਰਧਾਰੀ ਲਾਲ ਵਾਸੀ ਨਾਨਕਪੁਰਾ ਬਸਤੀ ਕੰਬੋਜ ਨਗਰ ਫਿਰੋਜ਼ਪੁਰ ਨੇ ਦੱਸਿਆ ਕਿ ਉਹ 2 ਮਈ ਨੂੰ ਸਵੇਰੇ 6 ਵਜੇ ਦੇ ਕਰੀਬ ਹਰ ਰੋਜ਼ ਦੀ ਤਰ੍ਹਾਂ ਆਪਣੇ ਕੰਮ 'ਤੇ ਗਿਆ ਸੀ, ਜੋ ਕਿ ਮੋਗਾ ਬੇਕਰੀ ਟੋਕਰੀ ਬਾਜ਼ਾਰ ਵਿੱਚ ਹੈ। ਰਾਜ ਬਖਸ਼ ਨੇ ਦੱਸਿਆ ਕਿ ਦੁਕਾਨ ਹਾਲੇ ਬੰਦ ਸੀ ਤਾਂ ਇੰਤਜ਼ਾਰ ਕਰ ਰਿਹਾ ਸੀ ਕਿ ਮੋਟਰਸਾਈਕਲ ਉੱਪਰ ਦੋ ਲੜਕੇ ਆਏ, ਜਿਨ੍ਹਾਂ ਕੋਲ ਤੇਜ਼ਧਾਰ ਹਥਿਆਰ ਸਨ। ਆਸੇ ਪਾਸੇ ਹੋਰ ਕੋਈ ਵੀ ਨਹੀਂ ਸੀ, ਉਨ੍ਹਾਂ ਨੇ ਹਥਿਆਰ ਦੇ ਜ਼ੋਰ 'ਤੇ ਧਮਕਾ ਕੇ ਉਸ ਦੀ ਜੇਬ ਵਿੱਚੋਂ ਕਰੀਬ 15 ਹਜ਼ਾਰ ਰੁਪਏ ਤੇ ਇਕ ਮੋਬਾਇਲ ਸੈਮਸੰਗ ਕੰਪਨੀ ਦਾ ਖੋਹ ਕੇ ਫਰਾਰ ਹੋ ਗਏ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਅਯੂਬ ਮਸੀਹ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ 2 ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਚੇਅਰਮੈਨ ਜੱਸੀ ਨੇ ਪੁੱਡਾ ਇਨਕਲੇਵ ਵਾਸੀਆਂ ਦੀਆਂ ਸਮੱਸਿਆਵਾਂ ਸੁਣੀਆਂ



**ਨਾਭਾ (ਵਰਿੰਦਰ ਵਰਮਾ)**-ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆ ਵਾਲਾ ਨੇ ਸਥਾਨਕ ਪੁੱਡਾ ਇਨਕਲੇਵ ਵਿਖੇ ਪਹੁੰਚ ਕੇ ਕਲੌਨੀ ਨਿਵਾਸੀਆਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਉਨ੍ਹਾਂ ਨੂੰ ਜਲਦੀ ਹੱਲ ਕਰਵਾਉਣ ਦਾ ਭਰੋਸਾ ਦਵਾਇਆ।ਇਸ ਮੌਕੇ ਗੱਲਬਾਤ ਕਰਦਿਆਂ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਅੰਦਰ ਹਰ ਵਰਗ ਦੇ ਲੋਕਾਂ ਨੂੰ ਬਣਦੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਤੇ ਬੇਰੁਜ਼ਗਾਰੀ ਦਾ ਖਾਤਮਾ ਕਰਨ ਲਈ ਸਰਕਾਰ ਵੱਲੋਂ ਨੌਜਵਾਨਾਂ ਨੂੰ ਹੁਣ ਤੱਕ 52,606 ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਵੱਡੀ ਪੱਧਰ 'ਤੇ ਪੜ੍ਹੇ ਲਿਖੇ ਡਿਗਰੀਆਂ ਪ੍ਰਾਪਤ ਹੋਰ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਜਾਣਗੀਆਂ।ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਪਿੰਡਾਂ ਦੇ ਨਾਲ ਨਾਲ ਸ਼ਹਿਰੀ ਵਰਗ ਦੇ ਲੋਕਾਂ ਨੂੰ ਵੀ ਹਰ ਪੱਖੋਂ ਮਜ਼ਬੂਤ ਬਣਾਉਣ ਲਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ।ਇਸ ਮੌਕੇ ਪੁੱਡਾ ਇਨਕਲੇਵ ਨਿਵਾਸੀਆਂ ਵੱਲੋਂ ਚੇਅਰਮੈਨ ਜੱਸੀ ਸੋਹੀਆਂ ਵਾਲਾ ਦਾ ਸਨਮਾਨ ਵੀ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਜੇ ਕੁਮਾਰ, ਪੰਡਿਤ ਦੀਪਕ, ਗੌਰਵ ਗਾਬਾ, ਕੁਨਾਲ ਠਾਕੁਰ, ਹਿਮਾਂਸ਼ੂ ਰਾਏ, ਐਡਵੋਕੇਟ ਹਰਭਗਵਾਨ ਦੱਤ, ਰੋਹਿਤ ਕੁਮਾਰ, ਅਮਿਤ ਸ਼ਾਸਤਰੀ, ਸੌਰਵ ਗਾਬਾ, ਅਜੇ ਸੰਮੀ, ਸਤਿੰਦਰ ਸਿੰਘ, ਹਰੀਸ਼ ਮਲਹੋਤਰਾ ਆਦਿ ਮੌਜੂਦ ਸਨ।

## ਸਪਰਿੰਗ ਡਿਊ ਸਕੂਲ 'ਚ ਫੈਂਸੀ ਡਰੈੱਸ ਮੁਕਾਬਲਾ ਕਰਾਇਆ



**ਜਗਰਾਓਂ (ਅਮਿਤ ਖੰਨਾ)**-ਮਾਲਵੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਸਪਰਿੰਗ ਡਿਊ ਸਕੂਲ ਨਾਨਕਸਰ ਵਿਖੇ ਪ੍ਰਿੰਸੀਪਲ ਗੀਨਾ ਜੈਦਿਕਾ ਦੀ ਅਗਵਾਈ ਹੇਠ ਸਕੂਲ ਦੇ ਜੂਨੀਅਰ ਤੇ ਪ੍ਰਾਇਮਰੀ ਵਿੰਗ ਦੇ ਬੱਚਿਆਂ ਵਿਚਕਾਰ ਰੰਗਾਰੰਗ ਫੈਂਸੀ ਡ੍ਰੈੱਸ ਮੁਕਾਬਲਾ ਕਰਵਾਇਆ ਗਿਆ।ਮੁਕਾਬਲੇ ਵਿੱਚ ਬੱਚਿਆਂ ਨੂੰ ਉਨ੍ਹਾਂ ਦੀ ਪਸੰਦ ਮੁਤਾਬਕ ਅਲੱਗ ਅਲੱਗ ਪ੍ਰੋਫੈਸ਼ਨਾਂ ਤੇ ਕਿੱਤਿਆਂ ਨਾਲ ਸੰਬੰਧਤ ਵੱਖ-ਵੱਖ ਵੇਸ਼ਭੂਸ਼ਾਵਾਂ/ਡ੍ਰੈੱਸਾਂ ਦੀ ਕੈਟਾਗਿਰੀ ਅਨੁਸਾਰ ਤਿਆਰ ਕੀਤਾ ਗਿਆ ਤਾਂ ਕਿ ਬੱਚੇ ਆਪਣੀ ਰੁਚੀ ਮੁਤਾਬਕ ਹੁਣ ਤੋਂ ਹੀ ਆਪਣੇ ਕੈਰੀਅਰ ਪ੍ਰਤੀ ਜਾਗਰੂਕ ਹੋ ਸਕਣ।ਫੈਂਸੀ ਡ੍ਰੈੱਸ ਮੁਕਾਬਲੇ ਦੌਰਾਨ ਬੱਚੇ ਡਾਕਟਰ, ਇੰਜੀਨੀਅਰ, ਪਾਇਲਟ, ਬ੍ਰਿਗੇਡੀਅਰ, ਫੌਜੀ, ਏਅਰ ਹੋਸਟਸ, ਕਿਸਾਨ ਤੇ ਅਲੱਗ ਰਾਜਨੇਤਾਵਾਂ ਮਹਾਤਮਾ ਗਾਂਧੀ, ਨਹਿਰੂ ਚਾਚਾ, ਕੇਜਰੀਵਾਲ ਇਸ ਤੋਂ ਬਿਨਾਂ ਦੇਸ਼ ਭਗਤਾਂ ਰਾਜਗੁਰੂ, ਭਗਤ ਸਿੰਘ, ਚੰਦਰ ਸ਼ੇਖਰ ਅਜ਼ਾਦ ਆਦਿ ਦੀਆਂ ਮਿਲਦੀਆਂ ਜੁਲਦੀਆਂ ਵੇਸ ਭੂਸ਼ਾਵਾਂ ਵਿੱਚ ਤਿਆਰ ਹੋ ਕੇ ਆਏ।ਇਸ ਮੌਕੇ ਪ੍ਰਿੰਸੀਪਲ ਗੀਨਾ ਜੈਦਿਕਾ, ਵਾਇਸ ਪ੍ਰਿੰਸੀਪਲ ਬੇਅੰਤ ਬਾਵਾ ਨੇ ਬੱਚਿਆਂ ਦੀ ਇਸ ਪ੍ਰਸਤੁਤੀ ਦੀ ਸ਼ਲਾਘਾ ਕੀਤੀ।ਇਸ ਸਮਾਗਮ ਦੌਰਾਨ ਸਮੂਹ ਅਧਿਆਪਕ, ਵਿਦਿਆਰਥੀ ਤੇ ਮੈਨੇਜਮੈਂਟ ਮੈਂਬਰਜ਼ ਪ੍ਰੈਜ਼ੀਡੈਂਟ ਮਨਜੋਤ ਚੌਹਾਨ, ਚੇਅਰਮੈਨ ਬਲਦੇਵ ਬਾਵਾ, ਮੈਨੇਜਿੰਗ ਡਾਇਰੈਕਟਰ ਸੁਖਵਿੰਦਰ ਛਾਬੜਾ, ਡਾਇਰੈਕਟਰ ਨਵਨੀਤ ਚੌਹਾਨ, ਮੈਨੇਜਰ ਮਨਦੀਪ ਚੌਹਾਨ, ਮੈਨੇਜਿੰਗ ਡਾਇਰੈਕਟਰ ਬਹਾਦਰ ਸਿੰਘ ਸਿੱਧੂ ਤੇ ਹਰਜੀਤ ਸਿੰਘ ਸਿੱਧੂ ਯੂ.ਐੱਸ.ਏ. ਹਾਜ਼ਰ ਸਨ।

## ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਇੰਵੈਸਚਰ ਸੈਰਾਮਨੀ




**ਜਗਰਾਓਂ (ਅਮਿਤ ਖੰਨਾ)**-ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਚੱਲ ਰਹੇ ਹਾਊਸਜ਼ ਦੀ ਨਵੇਂ ਸੈਸ਼ਨ ਦੌਰਾਨ ਵਿਦਿਆਰਥੀ ਵਰਗ ਵਿੱਚ ਉਨ੍ਹਾਂ ਦੇ ਅਹੁਦਿਆਂ ਦੀ ਵੰਡ ਕੀਤੀ ਗਈ, ਜਿਸ ਵਿੱਚ ਹੈੱਡ ਬੋਆਏ ਜਸ਼ਨਪ੍ਰੀਤ ਸਿੰਘ, ਹੈੱਡ ਗਰਲ ਵਿਸਾਖਾ ਗੁਪਤਾ ਤੇ ਇਸ ਦੇ ਨਾਲ ਅਲਫਾ ਦੀ ਕੈਪਟਨ ਸਿਮਰਜੀਤ ਕੌਰ, ਵਾਈਸ ਕੈਪਟਨ ਹਰਮਨਪ੍ਰੀਤ ਕੌਰ, ਬੀਟਾ ਦੀ ਕੈਪਟਨ ਤਨੀਸ਼ਾ, ਵਾਈਸ ਕੈਪਟਨ ਪ੍ਰਭਨੂਰ ਸਿੰਘ, ਗਾਮਾ ਦੀ ਕੈਪਟਨ ਅਵਨੀਤ ਕੌਰ ਧਾਲੀਵਾਲ, ਵਾਈਸ ਕੈਪਟਨ ਅਦਿੱਤਬੀਰ ਸਿੰਘ ਤੇ ਡੈਲਟਾ ਹਾਊਸ ਕੈਪਟਨ ਨਵਪ੍ਰੀਤ ਕੌਰ, ਵਾਈਸ ਕੈਪਟਨ ਮਹਿਕਵੀਰ ਕੌਰ ਨੂੰ ਚੁਣਿਆ ਗਿਆ।ਮੁੱਖ ਮਹਿਮਾਨ ਵਜੋਂ ਪਹੁੰਚੇ ਹਲਕਾ ਐੱਮ.ਐੱਲ.ਏ. ਸਰਬਜੀਤ ਕੌਰ ਮਾਣੂੰਕੇ ਨੇ ਵਿਦਿਆਰਥੀਆਂ ਨੂੰ ਮਿਹਨਤ ਕਰਕੇ ਤੇ ਆਪਣਾ ਟੀਚਾ ਮਿਥ ਕੇ ਚੱਲਣ ਦੀ ਸਿੱਖਿਆ ਦਿੱਤੀ। ਇਸ ਮੌਕੇ ਸਕੂਲ ਪ੍ਰਿੰਸੀਪਲ ਡਾ. ਨਵਨੀਤ ਕੌਰ ਨੇ ਮੁੱਖ ਮਹਿਮਾਨ ਨੂੰ ਜੀ ਆਇਆਂ ਆਖਿਆ ਤੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਵਿਦਿਆਰਥੀ ਵਰਗ ਵਿੱਚ ਲੀਡਰਸ਼ਿਪ ਵਰਗੇ ਗੁਣ ਪੈਦਾ ਕਰਦੀਆਂ ਤੇ ਇਨ੍ਹਾਂ ਵਿੱਚ ਮੁਕਾਬਲੇ ਦੀ ਭਾਵਨਾ ਵਧਦੀ ਹੈ। ਇਸ ਮੌਕੇ ਮੈਡਮ ਰਜਨੀ ਬੇਰੀ ਤੇ ਓਰੇਨ ਦੇ ਓਨਰ ਮੈਡਮ ਲਵਲੀਨ ਕੌਰ ਮੁੱਖ ਮਹਿਮਾਨ ਦੇ ਨਾਲ ਪਹੁੰਚੇ।ਸ੍. ਗੁਰਮੁੱਖ ਸਿੰਘ ਮੈਡਮ ਪ੍ਰੀਤ ਕਮਲ, ਮੈਡਮ ਸੁਨੀਤਾ ਤੇ ਮੈਡਮ ਮਨਜੀਤ ਕੌਰ ਵੀ ਇਸ ਪ੍ਰੋਗਰਾਮ ਦਾ ਹਿੱਸਾ ਬਣੇ।ਇਸ ਮੌਕੇ ਸਕੂਲ ਦੇ ਪ੍ਰੈਜ਼ੀਡੈਂਟ ਸ੍. ਮਨਪ੍ਰੀਤ ਸਿੰਘ ਬਰਾੜ ਨੇ ਮੁੱਖ ਮਹਿਮਾਨ ਨੂੰ ਯਾਦਗਾਰ ਚਿੰਨ੍ਹ ਭੇਟ ਕਰਦੇ ਹੋਏ ਸਕੂਲ ਆਉਣ 'ਤੇ ਉਨ੍ਹਾਂ ਦਾ ਧੰਨਵਾਦ ਕੀਤਾ।

# ਸਰਕਾਰ ਉਦਯੋਗਪਤੀਆਂ ਤੇ ਵਪਾਰੀਆਂ ਨੂੰ ਸਾਜ਼ਗਾਰ ਮਾਹੌਲ ਪ੍ਰਦਾਨ ਕਰਨ ਲਈ ਵਚਨਬੱਧ : ਅਨਿਲ ਠਾਕੁਰ

### ਜ਼ਿਲ੍ਹੇ ਦੇ ਉਦਯੋਗਪਤੀਆਂ ਤੇ ਵਪਾਰੀਆਂ ਨਾਲ ਕੀਤੀ ਮੀਟਿੰਗ




**ਮੋਗਾ (ਇਕਬਾਲ ਸਿੰਘ ਖਹਿਰਾ)**

ਪੰਜਾਬ ਸਰਕਾਰ ਸੂਬੇ ਦੇ ਵਪਾਰੀਆਂ, ਕਾਰੋਬਾਰੀਆਂ, ਉਦਯੋਗਪਤੀਆਂ ਤੇ ਛੋਟੇ-ਛੋਟੇ ਕਾਰੋਬਾਰ ਕਰਨ ਵਾਲਿਆਂ ਨੂੰ ਸਾਜ਼ਗਾਰ ਮਾਹੌਲ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਇਹ ਜਾਣਕਾਰੀ ਚੇਅਰਮੈਨ ਪੰਜਾਬ ਰਾਜ ਟਰੇਡਰਜ਼ ਕਮਿਸ਼ਨ (ਆਬਕਾਰੀ ਤੇ ਕਰ ਵਿਭਾਗ) ਅਨਿਲ ਠਾਕੁਰ ਨੇ ਜ਼ਿਲ੍ਹੇ ਨਾਲ ਸਬੰਧਤ ਉਦਯੋਗਪਤੀਆਂ, ਕਾਰੋਬਾਰੀਆਂ ਤੇ ਵੱਖ-ਵੱਖ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਨਾਲ ਉਨ੍ਹਾਂ ਨੂੰ ਦਰਪੇਸ਼ ਸਮੱਸਿਆਵਾਂ ਸਬੰਧੀ ਜਾਣਕਾਰੀ ਹਾਸਲ ਕਰਨ ਲਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਦਿੱਤੀ। ਇਸ ਮੌਕੇ ਪੰਜਾਬ ਰਾਜ ਟਰੇਡਰਜ਼ ਕਮਿਸ਼ਨ (ਆਬਕਾਰੀ ਤੇ ਕਰ ਵਿਭਾਗ) ਦੇ ਮੈਂਬਰ ਅਨਿਲ ਭਾਰਦਵਾਜ ਤੇ ਮੀਡੀਅਮ ਸਕੇਲ ਇੰਡਸਟਰੀ ਦੇ ਚੇਅਰਮੈਨ ਨੀਲ ਗਰਗ ਵੀ ਖਾਸ ਤੌਰ 'ਤੇ ਪਹੁੰਚੇ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਚੇਅਰਮੈਨ ਅਨਿਲ ਠਾਕੁਰ ਨੇ ਦੱਸਿਆ ਕਿ ਮੁੱਖ ਮੰਤਰੀ, ਪੰਜਾਬ ਸ੍. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਰਾਜ ਅੰਦਰ ਉਦਯੋਗਾਂ ਤੇ ਹੋਰ ਕਾਰੋਬਾਰੀਆਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਵਪਾਰੀ ਵਰਗ ਦੀਆਂ ਮੁਸ਼ਕਲਾਂ ਦੇ ਹੱਲ ਲਈ ਸਰਕਾਰ ਨਾਲ ਬਿਹਤਰ ਤਾਲਮੇਲ ਬਣਾਉਣ ਲਈ ਐਡਵਾਈਜ਼ਰੀ ਕਮੇਟੀਆਂ ਗਠਿਤ ਕਰਨ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਰਾਜ ਦੇ ਜੀ.ਐੱਸ.ਟੀ. ਵਿੱਚ ਹੋਇਆ ਵਾਧਾ ਸੂਬੇ ਅੰਦਰ ਹੋਈ ਤਰੱਕੀ ਨੂੰ ਦਰਸਾਉਂਦਾ ਹੈ। ਇਸ ਮੌਕੇ ਵੱਖ-ਵੱਖ ਵਪਾਰੀਆਂ, ਕਾਰੋਬਾਰੀਆਂ ਤੇ ਉਦਯੋਗਪਤੀਆਂ ਨਾਲ ਵਿਚਾਰ ਵਟਾਂਦਰਾ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਦੇ ਹੱਲ ਤੇ ਮੰਗਾਂ ਨੂੰ ਪੂਰਾ ਕਰਨ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਅਨੁਸਾਰ ਸੂਬੇ ਦੇ ਵਪਾਰੀਆਂ ਤੇ ਹੋਰ ਕਾਰੋਬਾਰੀਆਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਦਾ ਹੱਲ ਕਰਨ ਲਈ ਜ਼ਿਲ੍ਹਾ ਪੱਧਰ 'ਤੇ ਜਾ ਕੇ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਵਪਾਰੀਆਂ, ਉਦਯੋਗਪਤੀਆਂ ਤੇ ਹੋਰ ਕਾਰੋਬਾਰੀਆਂ ਨੂੰ ਕਿਹਾ ਕਿ ਉਨ੍ਹਾਂ ਨੂੰ ਜੋ ਵੀ ਮੁਸ਼ਕਲਾਂ ਪੇਸ਼ ਆ ਰਹੀਆਂ ਹਨ, ਉਨ੍ਹਾਂ ਦੇ ਧਿਆਨ ਵਿੱਚ ਲਿਆਂਦੀਆਂ ਜਾਣ ਤਾਂ ਜੋ ਇਨ੍ਹਾਂ ਮੁਸ਼ਕਲਾਂ ਦਾ ਯੋਗ ਹੱਲ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਕਮਿਸ਼ਨ ਵੱਲੋਂ ਉਨ੍ਹਾਂ ਦੁਆਰਾ ਦਿੱਤੇ ਗਏ ਸੁਝਾਵਾਂ 'ਤੇ ਗੰਭੀਰਤਾ ਨਾਲ ਕੰਮ ਕੀਤਾ ਜਾਵੇਗਾ। ਇਸ ਮੌਕੇ ਕਰ ਤੇ ਆਬਕਾਰੀ ਵਿਭਾਗ ਦੇ ਅਧਿਕਾਰੀਆਂ ਨੇ ਭਰੋਸਾ ਦੁਆਇਆ ਕਿ ਉਨ੍ਹਾਂ ਵੱਲੋਂ ਉਦਯੋਗਪਤੀਆਂ, ਕਾਰੋਬਾਰੀਆਂ ਤੇ ਵਪਾਰੀਆਂ ਨੂੰ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾ ਰਿਹਾ ਹੈ।

ਇਸ ਮੌਕੇ ਸਹਾਇਕ ਕਮਿਸ਼ਨਰ ਸਟੇਟ ਮੋਗਾ ਪੂਨਮ ਗਰਗ, ਸਟੇਟ ਟੈਕਸ ਅਫ਼ਸਰ ਸੁਖਵਿੰਦਰ ਸਿੰਘ, ਅਸ਼ੋਕ ਕੁਮਾਰ, ਸਾਗਰ ਅਨੰਦ, ਜੀਵਨ ਗਰਗ ਜ਼ਿਲ੍ਹਾ ਪ੍ਰਧਾਨ ਵਪਾਰ ਮੰਡੀ, ਵਿਕੀ ਅਰੋੜਾ ਬਲਾਕ ਪ੍ਰਧਾਨ, ਗੁਰਮਿੰਦਰਜੀਤ ਸਿੰਘ, ਬੱਬਲੂ ਐੱਮ ਸੀ, ਪ੍ਰਵੀਨ ਮੱਕੜ ਮੈਂਬਰ, ਰਾਕੇਸ਼ ਮਿੱਡਾ ਮੈਂਬਰ, ਗੁਰਪ੍ਰੀਤ ਸ਼ਰਮਾ ਤੋਂ ਇਲਾਵਾ ਵੱਖ-ਵੱਖ ਵਪਾਰਕ ਐਸੋਸੀਏਸ਼ਨਾਂ ਦੇ ਨੁਮਾਇੰਦੇ ਹਾਜ਼ਰ ਸਨ।

## ਹਲਕਾ ਸਮਾਣਾ ਦੀਆਂ ਪੰਚਾਇਤਾਂ ਨੇ ਹਰਚੰਦ ਸਿੰਘ ਬਰਸਟ ਨਾਲ ਕੀਤੀ ਮੁਲਾਕਾਤ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਹਲਕਾ ਸਮਾਣਾ ਦੀਆਂ ਵੱਖ-ਵੱਖ ਗ੍ਰਾਮ ਪੰਚਾਇਤਾਂ ਵੱਲੋਂ ਸ੍. ਹਰਚੰਦ ਸਿੰਘ ਬਰਸਟ ਚੇਅਰਮੈਨ ਪੰਜਾਬ ਮੰਡੀ ਬੋਰਡ ਤੇ ਸੂਬਾ ਜਨਰਲ ਸਕੱਤਰ ਆਮ ਆਦਮੀ ਪਾਰਟੀ (ਆਪ) ਪੰਜਾਬ ਨਾਲ ਪਟਿਆਲਾ ਦਫ਼ਤਰ ਵਿਖੇ ਮੁਲਾਕਾਤ ਕੀਤੀ ਗਈ।ਇਸ ਦੌਰਾਨ ਪੰਚਾਇਤਾਂ ਵੱਲੋਂ ਉਨ੍ਹਾਂ ਦੇ ਖੇਤਰਾਂ ਵਿੱਚ ਹੋਣ ਵਾਲੇ ਵਿਕਾਸ ਕਾਰਜਾਂ ਸਮੇਤ ਵੱਖ-ਵੱਖ ਮੁੱਦਿਆਂ ਬਾਰੇ ਸ੍. ਬਰਸਟ ਨੂੰ ਜਾਣੂ ਕਰਵਾਇਆ ਗਿਆ, ਜਿਨ੍ਹਾਂ ਨੂੰ ਸ੍. ਬਰਸਟ ਵੱਲੋਂ ਜਲਦ ਤੋਂ ਜਲਦ ਕਰਵਾਉਣ ਦਾ ਭਰੋਸਾ ਦਵਾਇਆ ਗਿਆ।ਇਸ ਮੌਕੇ ਬਰਸਟ ਨੇ ਕਿਹਾ ਕਿ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੀ ਤਰੱਕੀ ਤੇ ਵਿਕਾਸ ਲਈ ਵਚਨਬੱਧ ਹੈ।ਆਮ ਆਦਮੀ ਪਾਰਟੀ ਦੀ ਸਰਕਾਰ ਦਾ ਮੁੱਖ ਮਕਸਦ ਪਿੰਡਾਂ ਦਾ ਚਹੁੰਪਖੀ ਵਿਕਾਸ, ਲੋਕਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਦੇਣਾ ਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਨਾ ਹੈ। ਇਸ ਕੜੀ ਦੇ ਤਹਿਤ ਲਗਾਤਾਰ ਵਿਕਾਸ ਕਾਰਜਾਂ ਨੂੰ ਅਮਲੀ ਜਾਮਾ ਪਹਿਨਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਜਲਦ ਤੋਂ ਜਲਦ ਪੰਜਾਬ ਦਾ ਕਰੀਬ 7000 ਕਰੋੜ ਰੁਪਏ ਦਾ ਰੂਰਲ ਡਿਵਲਪਮੈਂਟ ਫੰਡ ਜਾਰੀ ਕਰੇ।ਇਸ ਮੌਕੇ ਸੋਨੀ ਸਰਪੰਚ ਤਰਖਾਣ ਮਾਜਰਾ, ਜਗਦੀਪ ਸਿੰਘ ਸਰਪੰਚ ਬਿਸ਼ਨਪੁਰ ਛੰਨਾ, ਵੀਰ ਦਵਿੰਦਰ ਸਿੰਘ ਸਰਪੰਚ ਖੇੜੀ ਭੀਮਾ, ਮਲਕੀਤ ਸਿੰਘ ਸਰਪੰਚ ਸ਼ੇਰਮਾਜਰਾ, ਅਮਰੀਕ ਸਿੰਘ ਸਰਪੰਚ ਅਚਰਾਲ ਖੁਰਦ, ਕੁਲਵੀਰ ਸਿੰਘ ਕਾਲਾ ਸਰਪੰਚ ਨਵੀਂ ਲਲੋਛੀ, ਸਤਪਾਲ ਸਿੰਘ ਕਾਲਾ ਸਰਪੰਚ ਪੁਰਾਣੀ ਲਲੋਛੀ, ਹਰਿੰਦਰ ਸਿੰਘ ਧਬਲਾਨ, ਸ਼ਾਮ ਲਾਲ ਦੱਤ, ਗੁਲਜਾਰ ਸਿੰਘ ਦੁਘਾਟ ਸਮੇਤ ਹੋਰ ਲੋਕ ਮੌਜੂਦ ਰਹੇ।

5 May Page-8.qxd 5/4/2025 9:11 PM Page 1



## ਮੂਲ ਸਿੱਖਿਆ ਲਈ ਇੱਕ ਸਮਰੱਥਾ ਨਿਰਮਾਣ ਪ੍ਰੋਗਰਾਮ ਕਰਵਾਇਆ



**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਸੀ ਬੀ ਐਸ ਈ ਦੀ ਅਗਵਾਈ ਹੇਠ ਗਲੋਬਲ ਵਿਜ਼ਡਮ ਇੰਟਰਨੈਸ਼ਨਲ ਸਕੂਲ, ਡੇਰਾਬੱਸੀ ਨੇ ਮੂਲ ਸਿੱਖਿਆ ਲਈ ਇੱਕ ਸਮਰੱਥਾ ਨਿਰਮਾਣ ਪ੍ਰੋਗਰਾਮ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ, ਜਿਸਦਾ ਉਦੇਸ਼ ਵਿਦਿਆਰਥੀਆਂ ਵਿੱਚ ਮੁੱਖ ਮੁੱਲਾਂ ਨੂੰ ਪੈਦਾ ਕਰਨ ਲਈ ਰਣਨੀਤੀਆਂ ਨਾਲ ਸਿੱਖਿਅਕਾਂ ਨੂੰ ਸਸ਼ਕਤ ਬਣਾਉਣਾ ਸੀ। ਸਿਖਲਾਈ ਸੈਸ਼ਨ ਵੱਖ-ਵੱਖ ਸਕੂਲਾਂ ਦੇ ਅਧਿਆਪਕਾਂ ਦੀ ਭਾਗੀਦਾਰੀ ਨਾਲ ਆਯੋਜਿਤ ਕੀਤਾ ਗਿਆ, ਜਿਸ ਨਾਲ ਇੱਕ ਸਹਿਯੋਗੀ ਸਿੱਖਣ ਵਾਤਾਵਰਣ ਨੂੰ ਉਤਸ਼ਾਹਿਤ ਕੀਤਾ ਗਿਆ। ਪ੍ਰੋਗਰਾਮ ਨੂੰ ਉੱਘੇ ਮਾਹਰਾਂ ਦੁਆਰਾ ਭਰਪੂਰ ਬਣਾਇਆ ਗਿਆ ਜਿਨ੍ਹਾਂ ਵਿੱਚ ਸ਼੍ਰੀਮਤੀ ਗਰਿਮਾ ਐਸ. ਭਾਰਦਵਾਜ, ਪ੍ਰਿੰਸੀਪਲ ਨੌਰਥਰਿਜ ਇੰਟਰਨੈਸ਼ਨਲ ਸਕੂਲ, ਸੈਕਟਰ 46 ਚੰਡੀਗੜ੍ਹ ਅਤੇ ਸ਼੍ਰੀਮਤੀ ਰੇਖਾ ਪੁੰਜ ਭੋਇਵੀ ਮਾਡਲ ਸਕੂਲ ਸੈਕਟਰ 15ਏ, ਚੰਡੀਗੜ੍ਹ ਸ਼ਾਮਿਲ ਸਨ। ਹਰੇਕ ਮਾਹਰ ਨੇ ਰੋਜ਼ਾਨਾ ਕਲਾਸਰੂਮ ਅਭਿਆਸਾਂ ਵਿੱਚ ਮੂਲ ਸਿੱਖਿਆ ਨੂੰ ਏਕੀਕ੍ਰਿਤ ਕਰਨ ਲਈ ਸੁਝਾਵਾਂ ਵਿਧੀਆਂ ਅਤੇ ਵਿਹਾਰਕ ਪਹੁੰਚਾਂ ਸਾਂਝੀਆਂ ਕੀਤੀਆਂ। ਇੰਟਰਐਕਟਿਵ ਸੈਸ਼ਨਾਂ ਨੇ ਨੈਤਿਕ ਸਿੱਖਿਆ, ਨੈਤਿਕ ਫੈਸਲੇ ਲੈਣ ਅਤੇ ਇੱਕ ਹਮਦਰਦ ਸਕੂਲ ਸੱਭਿਆਚਾਰ ਬਣਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਭਾਗੀਦਾਰਾਂ ਨੇ ਸਮੂਹ ਚਰਚਾਵਾਂ, ਭੂਮਿਕਾ ਨਿਭਾਉਣ ਅਤੇ ਪ੍ਰਤੀਬਿੰਬਤ ਗਤੀਵਿਧੀਆਂ ਵਿੱਚ ਹਿੱਸਾ ਲਿਆ, ਇੱਕ ਵਿਹਾਰਕ ਸਿੱਖਣ ਦੇ ਅਨੁਭਵ ਨੂੰ ਯਕੀਨੀ ਬਣਾਇਆ।ਵਰਕਸ਼ਾਪ ਹਾਜ਼ਰੀਨ ਦੇ ਸਕਾਰਾਤਮਕ ਫੀਡਬੈਕ ਨਾਲ ਸਮਾਪਤ ਹੋਈ। ਸਕੂਲ ਦੇ ਪ੍ਰਿੰਸੀਪਲ ਡਾ. ਸੁਸ਼ੋਭਾ ਵੱਲੋਂ ਮਾਹਰਾਂ ਨੂੰ ਸਨਮਾਨਿਤ ਕੀਤਾ ਗਿਆ।

## ਸਰਕਾਰੀ ਮਿਡਲ ਸਕੂਲ ਚੱਕ ਗੁੱਜਰਾਂ ਦੇ ਬੱਚਿਆਂ ਨੂੰ ਵੰਡੀਆਂ ਕਿੱਟਾਂ ਤੇ ਬੂਟ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਅਵੇਅਰਨੈਸ ਮਿਸ਼ਨ ਹੁਕਮਾਂ ਬ੍ਰਦਰਜ਼ ਵਜੋਂ ਮਸ਼ਹੂਰ ਅਤੇ ਚੰਡੀਗੜ੍ਹ ਪੁਲਿਸ ਵਿਚ ਬਤੌਰ ਇੰਸਪੈਕਟਰ ਤੈਨਾਤ ਰਾਮ ਦਿਆਲ ਨੇ ਅੱਜ ਸਰਕਾਰੀ ਮਿਡਲ ਸਕੂਲ ਚੱਕ ਗੁੱਜਰਾਂ ਦੇ ਸਾਰੇ ਵਿਦਿਆਰਥੀਆਂ ਨੂੰ ਕਿੱਟਾਂ ਅਤੇ ਬੂਟ ਵੰਡੇ। ਸਿੱਖਿਆ ਅਤੇ ਸਮਾਜ ਸੇਵਾ ਨੂੰ ਸਮਰਪਿਤ ਇੰਸਪੈਕਟਰ ਰਾਮ ਦਿਆਲ ਨੇ ਭਾਵੇਂ ਦੁਨੀਆ ਦੀ ਸਭ ਤੋਂ ਵੱਡੀ ਪੰਚਾਇਤ ਯੂ.ਐਨ.ਓ. ਵਿੱਚ ਨੌਕਰੀ ਕਰਦਿਆਂ ਆਪਣੀਆਂ ਦੋਵੇਂ ਲੱਤਾਂ ਗੁਆ ਲਈਆਂ ਪਰ ਆਪਣੀ ਜ਼ਿੰਦਗੀ ਵਿੱਚ ਸਿੱਖਿਆ ਅਤੇ ਸਮਾਜ ਸੇਵਾ ਕਰਨ ਦੇ ਜਜ਼ਬੇ ਨੂੰ ਰੱਤੀ ਭਰ ਵੀ ਆਂਚ ਨਹੀਂ ਆਉਣ ਦਿੱਤੀ। ਸਕੂਲ ਦੇ ਸਾਰੇ ਵਿਦਿਆਰਥੀਆਂ ਨੂੰ ਕਿੱਟਾਂ ਅਤੇ ਬੂਟ ਦੇਣ ਪਹੁੰਚੇ ਰਾਮ ਦਿਆਲ ਦਾ ਧੰਨਵਾਦ ਕਰਦਿਆਂ ਸਕੂਲ ਇੰਚਾਰਜ ਮੈਡਮ ਬਬੀਤਾ ਰਾਣੀ ਨੇ ਦੱਸਿਆ ਕਿ ਇੰਸਪੈਕਟਰ ਸਾਹਿਬ ਪਿਛਲੇ ਦੋ ਦਹਾਕਿਆਂ ਤੋਂ ਹਰ ਸਾਲ ਸਰਕਾਰੀ ਸਕੂਲਾਂ ਦੇ ਹਜ਼ਾਰਾਂ ਵਿਦਿਆਰਥੀਆਂ ਦੇ ਦੋ ਦਿਨਾਂ ਵਿਦਿਅਕ ਟੂਰ, ਮੁਫ਼ਤ ਨਵੋਦਿਆ ਕੋਚਿੰਗ, ਵਾਤਾਵਰਨ ਦੀ ਸ਼ੁੱਧਤਾ ਲਈ ਮੈਡੀਸਨਲ ਰੁਖ ਲਗਾ ਕੇ, ਮਿਸ਼ਨ ਪੇਟਰੀਅਟ ਤਹਿਤ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਪਿੰਡ ਖਟਕੜ ਕਲਾਂ ਵਿਖੇ ਵਿਦਿਅਕ ਤੇ ਸਭਿਆਚਾਰਕ ਮੁਕਾਬਲੇ ਕਰਵਾ ਕੇ ਲੋੜਵੰਦ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਸਮੁੱਚ ਉਪਰਾਲੇ ਕਰ ਰਹੇ ਹਨ। ਰਾਮ ਦਿਆਲ ਹੁਰੀ ਤਿੰਨੋਂ ਭਰਾ ਬਚਪਨ ਵਿਚ ਅੰਤ ਦੀ ਗਰੀਬੀ 'ਚੋਂ ਆਪਣੀ ਮਿਹਨਤ ਅਤੇ ਲਗਨ ਨਾਲ ਉੱਚੇ ਮੁਕਾਮਾਂ ਤੱਕ ਪਹੁੰਚੇ ਹਨ। ਉਨ੍ਹਾਂ ਦਾ ਸੰਘਰਸ਼ਮਈ ਜੀਵਨ ਬੱਚਿਆਂ ਲਈ ਬਹੁਤ ਪ੍ਰੇਰਣਾ ਸਰੋਤ ਹੈ।ਮੈਡਮ ਬਬੀਤਾ ਰਾਣੀ ਨੇ ਆਪਣੇ ਸਕੂਲ ਦੇ ਵਿਦਿਆਰਥੀਆਂ ਵਾਸਤੇ ਕੀਤੇ ਇਸ ਉਪਰਾਲੇ ਬਦਲੇ ਇੰਸਪੈਕਟਰ ਰਾਮ ਦਿਆਲ ਹੁਰਾਂ ਦਾ ਧੰਨਵਾਦ ਕੀਤਾ।ਇਸ ਸਮੇਂ ਇੰਸਪੈਕਟਰ ਸਾਹਿਬ ਨੇ ਵਿਦਿਆਰਥੀਆਂ ਨਾਲ ਸੰਵਾਦ ਰਚਾਉਂਦੇ ਹੋਏ ਪੜ੍ਹਾਈ ਵਿੱਚ ਸਖ਼ਤ ਮਿਹਨਤ, ਸਿਰੜ , ਸਿਦਕ ਅਤੇ ਲਗਨ ਨੂੰ ਤਰੱਕੀ ਅਤੇ ਖ਼ੁਸ਼ਹਾਲੀ ਦਾ ਪ੍ਰਤੀਕ ਦੱਸਿਆ। ਸਕੂਲ ਸਟਾਫ ਵੱਲੋਂ ਇੰਸਪੈਕਟਰ ਸਾਹਿਬ ਰਾਮ ਦਿਆਲ ਦਾ ਸਨਮਾਨ ਵੀ ਕੀਤਾ ਗਿਆ।ਇਸ ਸਮੇਂ ਮੈਡਮ ਵੀਰਾਂਵਾਲੀ, ਵਨੀਤਾ ਠਾਕੁਰ ਅਤੇ ਸਕੂਲ ਦੇ ਵਿਦਿਆਰਥੀ ਹਾਜ਼ਰ ਸਨ।

## ਸਿਵਲ ਸਰਜਨ ਨੇ ਡੇਂਗੂ ਵਿਰੋਧੀ ਜਾਗਰੂਕਤਾ ਰੈਲੀ ਨੂੰ ਝੰਡੀ ਦਿਖਾ ਕੇ ਕੀਤਾ ਰਵਾਨਾ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸੰਧੂ ਨਰਸਿੰਗ ਕਾਲਜ ਦੀਆਂ ਵਿਦਿਆਰਥਣਾਂ ਦੇ ਸਹਿਯੋਗ ਨਾਲ ਸਿਵਲ ਸਰਜਨ ਦਫਤਰ, ਸ਼ਹੀਦ ਭਗਤ ਸਿੰਘ ਨਗਰ ਤੋਂ ਬਾਰਾਂਦਰੀ ਗਾਰਡਨ, ਨਵਾਂਸ਼ਹਿਰ ਤੱਕ ਡੇਂਗੂ ਵਿਰੋਧੀ ਜਾਗਰੂਕਤਾ ਰੈਲੀ ਕੱਢੀ ਗਈ, ਜਿਸ ਨੂੰ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਦੌਰਾਨ ਨਰਸਿੰਗ ਵਿਦਿਆਰਥੀਆਂ ਨੇ ਸਿਹਤ ਵਿਭਾਗ ਦੀਆਂ ਡੇਂਗੂ ਵਿਰੋਧੀ ਟੀਮਾਂ ਨਾਲ ਮਿਲ ਕੇ ਲੋਕਾਂ ਦੇ ਘਰਾਂ ਵਿੱਚ ਲਾਰਵਾ ਵੀ ਚੈੱਕ ਕੀਤਾ। ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੇ ਕਿਹਾ ਕਿ ਇਸ ਜਾਗਰੂਕਤਾ ਮੁਹਿੰਮ ਦਾ ਮੁੱਖ ਉਦੇਸ਼ ਡੇਂਗੂ ਨੂੰ ਕੰਟਰੋਲ ਕਰਨਾ ਹੈ। ਉਨ੍ਹਾਂ ਨਰਸਿੰਗ ਸਿੱਖਿਆ, ਬਿਮਾਰੀ ਦੇ ਆਮ ਲੱਛਣ, ਟੈਸਟ, ਇਲਾਜ ਅਤੇ ਐਮਰਜੈਂਸੀ ਸਥਿਤੀ ਨਾਲ ਨਜਿੱਠਣ ਦੀ ਜਾਣਕਾਰੀ ਦਿੱਤੀ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਡੇਂਗੂ ਦਾ ਟੈਸਟ ਸਾਰੀਆਂ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਮੁਫ਼ਤ ਹੁੰਦਾ ਹੈ।ਇਸ ਮੌਕੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਰਾਕੇਸ਼ ਪਾਲ ਨੇ ਨਰਸਿੰਗ ਵਿਦਿਆਰਥੀਆਂ ਨੂੰ ਡੇਂਗੂ ਬੁਖ਼ਾਰ ਦੇ ਲੱਛਣਾਂ, ਕਾਰਨਾਂ, ਬਚਾਅ ਅਤੇ ਇਲਾਜ ਬਾਰੇ ਵਿਸਥਾਰਪੂਰਵਕ ਸਮਝਾਇਆ ਤੇ ਉਨ੍ਹਾਂ ਨੂੰ ਡੇਂਗੂ ਦੇ ਲਾਰਵੇ ਦੀ ਪਛਾਣ ਬਾਰੇ ਵੀ ਦੱਸਿਆ ਗਿਆ।ਉਨ੍ਹਾਂ ਦੱਸਿਆ ਕਿ ਸਾਨੂੰ ਆਪਣੇ ਆਲੇ-ਦੁਆਲੇ ਦਾ ਸਾਫ਼-ਸਫ਼ਾਈ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ। ਆਪਣੇ ਘਰਾਂ ਵਿਚ ਤੇ ਆਲੇ-ਦੁਆਲੇ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ। ਆਪਣੇ-ਆਪ ਨੂੰ ਮੱਛਰਾਂ ਦੇ ਕੱਟਣ ਤੋਂ ਬਚਾਉਣ ਵਾਸਤੇ ਕੱਪੜੇ ਅਜਿਹੇ ਪਾਉਣੇ ਚਾਹੀਦੇ ਹਨ, ਜਿਨ੍ਹਾਂ ਨਾਲ ਸਰੀਰ ਪੂਰੀ ਤਰ੍ਹਾਂ ਢੱਕਿਆ ਰਹੇ ਅਤੇ ਮੱਛਰ ਨਾ ਕੱਟ ਸਕੇ। ਮੱਛਰਦਾਨੀ ਅਤੇ ਮੱਛਰ ਭਜਾਉਣ ਕਰੀਮਾਂ ਦੀ ਵਰਤੋਂ ਕੀਤੀ ਜਾਵੇ ਤਾਂ ਜੋ ਡੇਂਗੂ ਤੇ ਮਲੇਰੀਆ ਤੋਂ ਬਚਾਅ ਕੀਤਾ ਜਾ ਸਕੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਦਲਜੀਤ ਸਿੰਘ, ਡਿਪਟੀ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਤਰਸੇਮ ਲਾਲ, ਬਲਾਕ ਐਕਸਟੈਂਸ਼ਨ ਐਜੂਕੇਟਰ ਵਿਕਾਸ ਵਿਰਦੀ, ਹੈਲਥ ਇੰਸਪੈਕਟਰ ਰਾਜੀਵ ਸ਼ਰਮਾ ਸਮੇਤ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਸਨ।

## ਪੰਜਾਬ ਸਰਕਾਰ ਲੋਕ ਲਹਿਰ ਨਾਲ ਨਸ਼ੇ ਦਾ ਸਫਾਇਆ ਕਰਕੇ ਦਮ ਲਵੇਗੀ : ਧਾਲੀਵਾਲ

**ਸੁਲਤਾਨਪੁਰ ਲੋਧੀ/ਕਪੂਰਥਲਾ (ਬਲਵਿੰਦਰ ਸਿੰਘ ਧਾਲੀਵਾਲ)**- ਪੰਜਾਬ ਸਰਕਾਰ ਵਲੋਂ ਨਸ਼ਿਆਂ ਵਿਰੁੱਧ ਛੇੜੇ ਯੁੱਧ ਨੂੰ ਅੱਜ ਕਪੂਰਥਲਾ ਜ਼ਿਲ੍ਹੇ ਦੀਆਂ ਵਿਲੇਜ ਡਿਫੈਂਸ ਕਮੇਟੀਆਂ, ਵਾਰਡ ਡਿਫੈਂਸ ਕਮੇਟੀਆਂ ਦੇ ਹਜ਼ਾਰਾਂ ਮੈਂਬਰਾਂ, ਸਰਪੰਚਾਂ, ਪੰਚਾਂ, ਨੰਬਰਦਾਰਾਂ, ਕੌਂਸਲਰਾਂ ਨੇ ਕੈਬਨਿਟ ਮੰਤਰੀਆਂ ਕੁਲਦੀਪ ਸਿੰਘ ਧਾਲੀਵਾਲ, ਲਾਲ ਚੰਦ ਕਟਾਰੂਚੱਕ ਤੇ ਮੋਹਿੰਦਰ ਭਗਤ ਦੀ ਹਾਜ਼ਰੀ ਵਿਚ ਲੋਕ ਲਹਿਰ ਬਣਾਉਣ ਦਾ ਅਹਿਦ ਲਿਆ।ਰੇਲ ਕੋਚ ਫੈਕਟਰੀ-ਸੁਲਤਾਨਪੁਰ ਰੋਡ ਉਪਰ ਹੋਏ ਵਿਸ਼ਾਲ ਸਮਾਗਮ ਦੌਰਾਨ ਹਜ਼ਾਰਾਂ ਦੀ ਗਿਣਤੀ ਵਿਚ ਪੁੱਜੇ ਲੋਕਾਂ ਨੇ ਐਲਾਨ ਕੀਤਾ ਕਿ ਉਹ ਪੰਜਾਬ ਸਰਕਾਰ ਵਲੋਂ ਨਸ਼ਿਆਂ ਵਿਰੁੱਧ ਛੇੜੀ ਲੜਾਈ ਨੂੰ ਹਰ ਪਿੰਡ, ਕਸਬੇ ਤੇ ਗਲੀ-ਮੁਹੱਲੇ ਤੱਕ ਲੈ ਕੇ ਜਾਣਗੇ। ਸਮਾਗਮ ਦੇ ਮੁੱਖ ਮਹਿਮਾਨ ਪੰਜਾਬ ਦੇ ਪ੍ਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ 'ਪੰਜਾਬ ਸਰਕਾਰ ਲੋਕਾਂ ਦੇ ਸਹਿਯੋਗ ਨਾਲ ਨਸ਼ੇ ਦਾ ਸਫਾਇਆ ਕਰਕੇ ਦਮ ਲਵੇਗੀ'। ਉਨ੍ਹਾਂ ਦੱਸਿਆ ਕਿ 7 ਮਈ ਤੋਂ ਪੰਜਾਬ ਭਰ ਵਿਚ ਨਸ਼ਾ ਮੁਕਤੀ ਯਾਤਰਾ ਸ਼ੁਰੂ ਹੋਵੇਗੀ, ਜੋ ਕਿ ਹਰ ਰੋਜ਼ ਹਰੇਕ ਬਲਾਕ ਦੇ 3 ਪਿੰਡਾਂ ਵਿਚ ਜਾ ਕੇ ਲੋਕਾਂ ਨੂੰ ਨਸ਼ੇ ਦੀ ਰੋਕਥਾਮ ਲਈ ਲਾਮਬੰਦ ਕਰੇਗੀ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਵਲੋਂ ਕਾਲੀ ਕਮਾਈ ਨਾਲ ਬਣਾਏ ਮਹਿਲਾਂ ਨੂੰ ਢਾਹ ਢੇਰੀ ਕਰ ਦਿੱਤਾ ਜਾਵੇਗਾ ਉਨ੍ਹਾਂ ਹਜ਼ਾਰਾਂ ਲੋਕਾਂ ਨੂੰ ਨਸ਼ਾ ਵਿਰੋਧੀ ਮੁਹਿੰਮ ਦਾ ਸਿਪਾਹੀ ਬਣਨ ਤੇ ਨਸ਼ਾ ਤਸਕਰਾਂ ਦੀ ਕਿਸੇ ਵੀ ਕਿਸਮ ਦੀ ਸਹਾਇਤਾ ਨਾ ਕਰਨ ਦੀ ਸਹੁੰ



ਚੁਕਾਈ। ਖੁਰਾਕ ਤੇ ਸਿਵਲ ਸਪਲਾਈ ਬਾਰੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਨਸ਼ਾ ਤਸਕਰਾਂ ਵਿਰੁੱਧ ਮਿਸਾਲੀ ਕਾਰਵਾਈ ਕਰਨ ਦੇ ਨਾਲ-ਨਾਲ 55000 ਨੌਜਵਾਨਾਂ ਨੂੰ ਮੈਰਿਟ ਦੇ ਅਧਾਰ 'ਤੇ ਸਰਕਾਰੀ ਨੌਕਰੀਆਂ ਦਿੱਤੀਆਂ ਹਨ।ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਯੁੱਧ ਨਸ਼ੇ ਵਿਰੁੱਧ ਮੁਹਿੰਮ ਨੂੰ ਜ਼ਮੀਨੀ ਪੱਧਰ 'ਤੇ ਲੋਕਾਂ ਦੇ ਸਹਿਯੋਗ ਨਾਲ ਹੋਰ ਅਸਰਦਾਰ ਢੰਗ ਨਾਲ ਚਲਾ ਕੇ ਸੂਬੇ ਤੋਂ ਜਲਦ ਹੀ ਨਸ਼ੇ ਦਾ ਕਲੰਕ ਲਾਹ ਦਿੱਤਾ ਜਾਵੇਗਾ। ਨਸ਼ਾ ਛੁਡਾਊ ਕੇਂਦਰਾਂ ਵਿਚ ਬੈਡ ਸਮਰੱਥਾ ਵਧਾਉਣ ਬਾਰੇ ਉਨ੍ਹਾਂ ਐਲਾਨ ਕੀਤਾ ਕਿ ਜੋ ਵੀ ਨਸ਼ਾ ਛੱਡਣਾ ਚਾਹੁੰਦਾ ਹੈ ਉਸ ਨੂੰ ਸਮਾਜ ਦੀ ਮੁੱਖ ਧਾਰਾ ਵਿਚ ਲਿਆਉਣ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪੰਜਾਬ ਭਰ ਵਿਚ ਨਸ਼ਾ ਛੁਡਾਊ ਕੇਂਦਰਾਂ ਵਿਚ ਹੁਣ 5000 ਬੈਡਾਂ ਦੀ ਸਮਰੱਥਾ ਵਧਾਈ ਗਈ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ, ਐਸ.ਐਸ.ਪੀ. ਗੌਰਵ ਤੂਰਾ ਨੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਨਸ਼ਿਆਂ ਦੀ ਰੋਕਥਾਮ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਜਾਣਕਾਰੀ ਦਿੱਤੀ ।ਇਸ ਮੌਕੇ ਪਟਿਆਲਾ ਤੋਂ ਆਈ ਤਮਾਸ਼ਾ ਆਰਟਸ ਦੀ ਟੀਮ ਵਲੋਂ ਨਸ਼ਿਆਂ ਦੇ ਮਾੜੇ ਅਸਰ ਬਾਰੇ ਜਾਗਰੂਕ ਕਰਦਾ ਨਾਟਕ ਵੀ ਖੇਡਿਆ ਗਿਆ। ਇਸ ਮੌਕੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਪਰਸਨ ਲਲਿਤ ਸਕਲਾਨੀ, ਨਗਰ ਸੁਧਾਰ ਟਰੱਸਟ ਕਪੂਰਥਲਾ ਦੇ ਚੇਅਰਮੈਨ ਤੇ ਸੁਲਤਾਨਪੁਰ ਲੋਧੀ ਤੋਂ ਹਲਕਾ ਇੰਚਾਰਜ ਸੱਜਣ ਸਿੰਘ ਚੀਮਾ, ਡਾਇਰੈਕਟਰ ਜਲ ਸਰੋਤ ਵਿਭਾਗ ਤੇ ਭੁਲੱਥ ਤੋਂ ਹਲਕਾ ਇੰਚਾਰਜ ਹਰਸਿਮਰਨ ਸਿੰਘ ਘੁੰਮਣ, ਫਗਵਾੜਾ ਤੋਂ ਆਮ ਆਦਮੀ ਪਾਰਟੀ ਦੇ ਬੁਲਾਰੇ ਹਰਨੂਰ ਸਿੰਘ ਹਰਜੀ ਮਾਨ, ਨਸ਼ਾ ਮੁਕਤੀ ਮੋਰਚਾ ਦੇ ਜ਼ਿਲ੍ਹਾ ਕੋਆਰਡੀਨੇਟਰ ਪ੍ਰਦੀਪ ਥਿੰਦ, ਵਧੀਕ ਡਿਪਟੀ ਕਮਿਸ਼ਨਰ ਨਵਨੀਤ ਕੌਰ ਬੱਲ, ਵਧੀਕ ਡਿਪਟੀ ਕਮਿਸ਼ਨਰ ਵਿਕਾਸ ਵਰਿੰਦਰਪਾਲ ਸਿੰਘ ਬਾਜਵਾ, ਐਸ.ਪੀ. ਗੁਰਪ੍ਰੀਤ ਸਿੰਘ ਤੇ ਹੋਰ ਹਾਜ਼ਰ ਸਨ।

## ਅਵਾਰਾ ਕੁੱਤਿਆਂ ਦੀ ਵਜ੍ਹਾ ਨਾਲ ਹੋਈ ਨੌਜਵਾਨ ਦੀ ਮੌਤ



**ਫਗਵਾੜਾ (ਡਾ. ਰਮਨ)** ਸੀਨੀਅਰ ਕਾਂਗਰਸੀ ਆਗੂਆਂ ਨੇ ਫਗਵਾੜਾ 'ਚ ਪਿਛਲੇ ਦਿਨੀਂ ਆਵਾਰਾ ਕੁੱਤਿਆਂ ਦੀ ਵਜ੍ਹਾ ਨਾਲ ਹੋਈ ਐਨ.ਆਰ.ਆਈ. ਨੌਜਵਾਨ ਦੀ ਮੌਤ ਲਈ ਕਾਰਪੋਰੇਸ਼ਨ ਅਤੇ ਪੰਜਾਬ ਸਰਕਾਰ ਨੂੰ ਜਿੰਮੇਵਾਰ ਠਹਿਰਾਇਆ ਹੈ। ਜ਼ਿਲ੍ਹਾ ਕਾਂਗਰਸ ਸਕੱਤਰ ਕਰਮਜੀਤ ਸਿੰਘ ਬਿੱਟੂ, ਬਲਾਕ ਕਾਂਗਰਸ ਫਗਵਾੜਾ ਸ਼ਹਿਰੀ ਦੇ ਮੀਤ ਪ੍ਰਧਾਨ ਤੁਲਸੀ ਰਾਮ ਖੋਸਲਾ ਅਤੇ ਸੰਜੀਵ ਸ਼ਰਮਾ ਟੀਟੂ ਭਗਤਪੁਰਾ ਨੇ ਕਿਹਾ ਕਿ ਚਾਹਲ ਨਗਰ ਦੇ ਵਸਨੀਕ ਇਕ ਐਨ.ਆਰ.ਆਈ. ਨੌਜਵਾਨ ਦੇ ਮੋਟਰਸਾਈਕਲ ਦਾ ਐਕਸੀਡੈਂਟ ਅਵਾਰਾ ਕੁੱਤਾ ਪਿੱਛੇ ਪੈਣ ਕਾਰਨ ਹੋਇਆ ਅਤੇ ਉਸਦੀ ਮੌਤ ਹੋ ਗਈ। ਇਸੇ ਤਰ੍ਹਾਂ ਬੀਤੇ ਦਿਨ ਕੋਟਰਾਣੀ ਦੇ ਵਸਨੀਕ ਸਾਬਕਾ ਪੰਚ ਦੀ ਪਤਨੀ ਨੂੰ ਹਲਕੀ ਕੁੱਤੀ ਨੇ ਵੱਢਿਆ ਜੋ ਸਿਵਲ ਹਸਪਤਾਲ ਫਗਵਾੜਾ 'ਚ ਦਾਖਲ ਹੈ। ਉਹਨਾਂ ਦੱਸਿਆ ਕਿ ਇਸੇ ਹਲਕੀ ਕੁੱਤੀ ਵਲੋਂ ਇਕ ਦਰਜਨ ਤੋਂ ਵੱਧ ਲੋਕਾਂ ਨੂੰ ਵੱਢਿਆ ਜਾ ਚੁੱਕਾ ਹੈ ਪਰ ਕਾਰਪੋਰੇਸ਼ਨ ਦੇ ਅਧਿਕਾਰੀ ਕੁੱਝ ਨਹੀਂ ਕਰ ਰਹੇ। ਉਹਨਾਂ ਐਨ.ਆਰ.ਆਈ. ਨੌਜਵਾਨ ਦੀ ਮੌਤ ਲਈ ਸਿੱਧੇ ਤੌਰ 'ਤੇ ਫਗਵਾੜਾ ਕਾਰਪੋਰੇਸ਼ਨ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਜਿੰਮੇਵਾਰ ਠਹਿਰਾਇਆ ਅਤੇ ਕਿਹਾ ਕਿ ਅਜਿਹੇ ਰਾਜ ਵਿੱਚ ਲੋਕ ਸੁਰੱਖਿਅਤ ਕਿਸ ਤਰ੍ਹਾਂ ਰਹਿਣਗੇ ਜਿੱਥੇ ਸਰਕਾਰ ਨੂੰ ਕੁੱਤਿਆਂ ਨਾਲ ਪਿਆਰ ਅਤੇ ਇਨਸਾਨੀ ਜ਼ਿੰਦਗੀ ਦੀ ਪਰਵਾਹ ਨਾ ਹੋਵੇ ? ਕਾਂਗਰਸੀ ਆਗੂਆਂ ਨੇ ਦੱਸਿਆ ਕਿ ਕਰੀਬ ਦੋ ਮਹੀਨੇ ਪਹਿਲਾਂ ਉਹਨਾਂ ਨੇ ਅਵਾਰਾ ਕੁੱਤਿਆਂ ਦੀ ਸਮੱਸਿਆ ਸਬੰਧੀ ਡੀ.ਸੀ. ਕਪੂਰਥਲਾ ਨੂੰ ਮੰਗ ਪੱਤਰ ਵੀ ਦਿੱਤਾ ਸੀ ਅਤੇ ਅਗਾਹ ਕੀਤਾ ਸੀ ਕਿ ਜੇਕਰ ਅਵਾਰਾ ਕੁੱਤਿਆਂ ਦੀ ਵਜ੍ਹਾ ਨਾਲ ਕਿਸੇ ਦੀ ਮੌਤ ਹੋਈ ਤਾਂ ਉਸਦੇ ਲਈ ਲੋਕਲ ਪ੍ਰਸ਼ਾਸਨ ਅਤੇ ਸਰਕਾਰ ਜਿੰਮੇਵਾਰ ਹੋਣਗੇ। ਕਰਮਜੀਤ ਸਿੰਘ ਬਿੱਟੂ ਨੇ ਕਿਹਾ ਕਿ ਜੇਕਰ ਸਮਾਂ ਰਹਿੰਦੇ ਅਵਾਰਾ ਕੁੱਤਿਆਂ ਤੋਂ ਜਨਤਾ ਨੂੰ ਨਿਜਾਤ ਦੁਆਉਣ ਲਈ ਕੋਈ ਠੋਸ ਕਦਮ ਚੁੱਕਿਆ ਹੁੰਦਾ ਤਾਂ ਐਨ.ਆਰ.ਆਈ. ਨੌਜਵਾਨ ਦੀ ਕੀਮਤੀ ਜਿੰਦਗੀ ਨੂੰ ਬਚਾਇਆ ਜਾ ਸਕਦਾ ਸੀ।

## ਸਨੇਹਾ ਨੇ ਮਿਸ ਇੰਡੀਆ ਨੈਕਸਟ ਕਲਾਸਿਕ ਕਵੀਨ ਦਾ ਖਿਤਾਬ ਜਿੱਤਿਆ



**ਮੋਹਾਲੀ (ਗੁਰਜੀਤ ਬਿੱਲਾ)**- ਰਿਆਤ ਬਾਹਰਾ ਯੂਨੀਵਰਸਿਟੀ ਸਕੂਲ ਆਫ਼ ਸੋਸ਼ਲ ਸਾਇੰਸਿਜ਼ ਐਂਡ ਐਜੂਕੇਸ਼ਨ ਤੋਂ ਬੀ ਏ ਸਮੈਸਟਰ ਦੋ ਦੀ ਵਿਦਿਆਰਥਣ ਸਨੇਹਾ ਨੇ ਯੂਨੀਵਰਸਿਟੀ ਲਈ ਵੱਕਾਰੀ ਮਿਸ ਇੰਡੀਆ ਨੈਕਸਟ ਕਲਾਸਿਕ ਕਵੀਨ 2025 ਦਾ ਖਿਤਾਬ ਜਿੱਤ ਕੇ ਮਾਣ ਵਧਾਇਆ ਹੈ। ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਸਨੇਹਾ ਨੂੰ ਵਧਾਈ ਦਿੱਤੀ ਅਤੇ ਉਸ ਦੀ ਸ਼ਾਨਦਾਰ ਪ੍ਰਾਪਤੀ ਦੀ ਪ੍ਰਸ਼ੰਸਾ ਕੀਤੀ।ਯੂਨੀਵਰਸਿਟੀ ਸਕੂਲ ਆਫ਼ ਸੋਸ਼ਲ ਸਾਇੰਸਿਜ਼ ਐਂਡ ਐਜੂਕੇਸ਼ਨ ਦੀ ਡੀਨ ਡਾ. ਇੰਦਰਪ੍ਰੀਤ ਕੌਰ ਨੇ ਉਸਦੀ ਦੇ ਸਖ਼ਤ ਮਿਹਨਤ ਅਤੇ ਸਮਰਪਣ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੇ ਭਵਿੱਖ ਦੇ ਯਤਨਾਂ ਲਈ ਸ਼ੁਭਕਾਮਨਾਵਾਂ ਦਿੱਤੀਆਂ।

## ਐੱਲ ਪੀ ਯੂ ਦੀ 2025 ਦੀ ਕਲਾਸ ਨੇ ਪੁਰਾਣੀਆਂ ਯਾਦਾਂ ਤੇ ਜਸ਼ਨ ਨਾਲ ਭਰਿਆ ਸਮਾਰੋਹ ਕਰਵਾਇਆ



**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਦੀ 2025 ਦੀ ਕਲਾਸ ਨੇ ਉਨ੍ਹਾਂ ਦੇ ਜੀਵਨ ਦੇ ਇੱਕ ਸ਼ਾਨਦਾਰ ਅਧਿਆਇ ਦੇ ਅੰਤ ਨੂੰ ਇੱਕ ਨਿੱਘ, ਪੁਰਾਣੀਆਂ ਯਾਦਾਂ ਅਤੇ ਜਸ਼ਨ ਨਾਲ ਭਰੇ ਸਮਾਰੋਹ ਨਾਲ ਦਰਸਾਇਆ। ਜਿਵੇਂ-ਜਿਵੇਂ ਆਖਰੀ ਦਿਨ ਅੱਗੇ ਵਧਦਾ ਗਿਆ, ਕਮੀਜ਼ਾਂ ਦਿਲ ਨੂੰ ਛੂਹ ਲੈਣ ਵਾਲੇ ਸੰਦੇਸ਼ਾਂ, ਮੀਮਜ਼ ਲਈ ਕੈਨਵਸ ਬਣ ਗਈਆਂ। ਹਰੇਕ ਲਾਈਨ ਦੋਸਤੀ ਅਤੇ ਸਾਂਝੇ ਅਨੁਭਵਾਂ ਦਾ ਪ੍ਰਤੀਕ ਹੈ। ਕੈਂਪਸ ਹਾਸੇ ਨਾਲ ਗੂੰਜ ਉੱਠਿਆ, ਕਿਉਂਕਿ ਵਿਦਿਆਰਥੀਆਂ ਨੇ ਸਮੂਹ ਸੈਲਫੀ ਲਈ, ਕਲਾਸਰੂਮ ਦੇ ਪਲਾਂ ਅਤੇ ਹੋਸਟਲ ਦੀਆਂ ਯਾਦਾਂ ਨੂੰ ਤਾਜ਼ਾ ਕੀਤਾ। ਜਸ਼ਨਾਂ ਵਿੱਚ ਵਿਦਿਆਰਥੀਆਂ ਦੁਆਰਾ ਪ੍ਰਾਪਤ ਪਲੇਸਮੈਂਟ ਸਫਲਤਾ ਵੀ ਸ਼ਾਮਲ ਸੀ, ਜਿਸ ਵਿੱਚ ਬਹੁਤ ਸਾਰੇ ਵਿਦਿਆਰਥੀ ਭਾਰਤ ਅਤੇ ਵਿਦੇਸ਼ਾਂ ਵਿੱਚ ਮਸ਼ਹੂਰ ਕੰਪਨੀਆਂ ਵਿੱਚ ਆਪਣੀ ਪੇਸ਼ੇਵਰ ਯਾਤਰਾ ਸ਼ੁਰੂ ਕਰਨ ਲਈ ਤਿਆਰ ਸਨ।ਸ਼ਾਮ ਨੂੰ ਇੱਕ ਉੱਚ-ਊਰਜਾ ਵਾਲੀ ਸਨਬਰਨ ਡੀਜੇ ਪਾਰਟੀ ਨੇ ਕੈਂਪਸ ਨੂੰ ਰੌਸ਼ਨ ਕਰ ਦਿੱਤਾ। ਗ੍ਰੈਜੂਏਟ ਹੋਣ ਵਾਲੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਐਲ ਪੀ ਯੂ ਦੀ ਪ੍ਰੋ-ਚਾਂਸਲਰ ਕਰਨਲ ਡਾ. ਰਸ਼ਮੀ ਮਿੱਤਲ ਨੇ ਸਾਰਿਆਂ ਨੂੰ ਵਧਾਈ ਦਿੱਤੀ ਅਤੇ ਕਿਹਾ, ਜਦੋਂ ਤੁਸੀਂ ਦੁਨੀਆ ਵਿੱਚ ਕਦਮ ਰੱਖਦੇ ਹੋ, ਤਾਂ ਤੁਸੀਂ ਸਿਰਫ਼ ਇੱਕ ਡਿਗਰੀ ਹੀ ਨਹੀਂ, ਸਗੋਂ ਐਲ ਪੀ ਯੂ ਨੂੰ ਪਰਿਭਾਸ਼ਿਤ ਕਰਨ ਵਾਲੀਆਂ ਕਦਰਾਂ-ਕੀਮਤਾਂ, ਦ੍ਰਿਸ਼ਟੀ ਅਤੇ ਜੀਵਨ ਸ਼ਕਤੀ ਲਿਆਉਂਦੇ ਹੋ। ਤੁਸੀਂ ਜਿੱਥੇ ਵੀ ਜਾਓ, ਤੁਹਾਡੀ ਯਾਤਰਾ ਉਸ ਉੱਤਮਤਾ ਨੂੰ ਦਰਸਾਉਂਦੀ ਹੈ।

## ਨਗਰ ਨਿਗਮ ਕੋਲ ਇੱਕ ਵੀ ਮ੍ਰਿਤਕ ਵੈਨ ਨਾ ਹੋਣਾ ਮੰਦਭਾਗਾ : ਮਨੀਸ਼ ਪ੍ਰਭਾਕਰ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਸਥਾਨਕ ਨਗਰ ਨਿਗਮ ਕੋਲ ਇੱਕ ਵੀ ਮ੍ਰਿਤਕ ਵੈਨ ਨਾ ਹੋਣ ਕਾਰਨ ਸ਼ਹਿਰ ਵਾਸੀਆਂ ਨੂੰ ਲੰਬੇ ਸਮੇਂ ਤੋਂ ਬਹੁਤ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਪ੍ਰਗਟਾਵਾ ਬਲਾਕ ਕਾਂਗਰਸ ਫਗਵਾੜਾ ਸ਼ਹਿਰੀ ਦੇ ਪ੍ਰਧਾਨ ਅਤੇ ਕੌਂਸਲਰ ਮਨੀਸ਼ ਪ੍ਰਭਾਕਰ ਨੇ ਇੱਥੇ ਗੱਲਬਾਤ ਦੌਰਾਨ ਕੀਤਾ। ਉਹਨਾਂ ਨੇ ਮੇਅਰ ਰਾਮ ਪਾਲ ਉੱਪਲ ਨੂੰ ਨਿਗਮ ਹਾਊਸ ਦੀ ਮੀਟਿੰਗ ਵਿੱਚ ਇੱਕ ਮ੍ਰਿਤਕ ਵੈਨ ਖਰੀਦਣ ਲਈ ਮਤਾ ਪਾਸ ਕਰਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਫਗਵਾੜਾ ਵਿੱਚ ਮੁੱਖ ਤੌਰ 'ਤੇ ਤਿੰਨ ਸ਼ਮਸ਼ਾਨਘਾਟ ਬੰਗਾ ਰੋਡ, ਹੁਸ਼ਿਆਰਪੁਰ ਰੋਡ ਅਤੇ ਹਦੀਆਬਾਦ ਵਿਖੇ ਸਥਿਤ ਹਨ। ਅੱਜਕੱਲ੍ਹ ਜ਼ਿਆਦਾਤਰ ਲੋਕ ਅੰਤਿਮ ਸੰਸਕਾਰ ਲਈ ਮ੍ਰਿਤਕ ਦੇਹ ਨੂੰ ਸ਼ਮਸ਼ਾਨਘਾਟ ਤੱਕ ਲਿਜਾਣ ਲਈ ਮ੍ਰਿਤਕ ਵੈਨ ਦੀ ਵਰਤੋਂ ਕਰਦੇ ਹਨ। ਮੰਦਭਾਗੀ ਗੱਲ ਇਹ ਹੈ ਕਿ ਫਗਵਾੜਾ ਵਿੱਚ ਸਿਰਫ਼ ਇੱਕ ਹੀ ਮ੍ਰਿਤਕ ਵੈਨ ਹੈ। ਜਿਸਦਾ ਪ੍ਰਬੰਧ ਵੀ ਇਕ ਦਾਨੀ ਸੱਜਣ ਵਲੋਂ ਲੋਕਾਂ ਦੀ ਸਹੂਲਤ ਲਈ ਕੀਤਾ ਗਿਆ ਹੈ। ਸਿਰਫ਼ ਇੱਕ ਹੀ ਗੱਡੀ ਹੋਣ ਕਾਰਨ, ਲੋਕਾਂ ਨੂੰ ਆਪਣੀ ਵਾਰੀ ਲਈ ਘੰਟਿਆਂਬੱਧੀ ਇੰਤਜ਼ਾਰ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਫਗਵਾੜਾ ਇੱਕ ਵੱਡਾ ਸ਼ਹਿਰ ਹੈ ਜੋ ਤੇਜ਼ੀ ਨਾਲ ਫੈਲ ਰਿਹਾ ਹੈ। ਨਗਰ ਨਿਗਮ ਦੇ ਗਠਨ ਤੋਂ ਬਾਅਦ ਸ਼ਹਿਰ ਦੇ ਆਲੇ-ਦੁਆਲੇ ਦੀਆਂ 14 ਪੰਚਾਇਤਾਂ ਨੂੰ ਸ਼ਾਮਲ ਕਰਨ ਦੇ ਚਲਦਿਆਂ ਸ਼ਹਿਰ ਦਾ ਖੇਤਰਫਲ ਹੋਰ ਵੀ ਵੱਡਾ ਹੋ ਗਿਆ ਹੈ। ਇਸ ਲਈ ਫਗਵਾੜਾ ਨਗਰ ਨਿਗਮ ਕੋਲ ਇੱਕ ਵੀ ਮ੍ਰਿਤਕ ਵੈਨ ਨਾ ਹੋਣਾ ਬਹੁਤ ਗੰਭੀਰ ਸਮੱਸਿਆ ਹੈ। ਉਨ੍ਹਾਂ ਪੰਜਾਬ ਦੀ ਭਗਵੰਤ ਮਾਨ ਸਰਕਾਰ ਤੋਂ ਘੱਟੋ-ਘੱਟ ਤਿੰਨ ਮ੍ਰਿਤਕ ਵੈਨਾਂ ਲਈ ਗ੍ਰਾਂਟ ਜਾਰੀ ਕਰਨ ਦੀ ਮੰਗ ਕੀਤੀ ਅਤੇ ਇਹ ਵੀ ਕਿਹਾ ਕਿ ਜੇਕਰ ਸਰਕਾਰ ਅਤੇ ਨਿਗਮ ਕੋਲ ਮ੍ਰਿਤਕ ਵੈਨਾਂ ਖਰੀਦਣ ਲਈ ਪੈਸੇ ਨਹੀਂ ਹਨ, ਤਾਂ ਉਹ ਨਿਗਮ ਦੇ ਕੁੱਲ ਪੰਜਾਹ ਕੌਂਸਲਰਾਂ ਨੂੰ ਅਪੀਲ ਕਰਦੇ ਹਨ ਕਿ ਉਹ ਜਨਤਕ ਹਿੱਤ ਵਿੱਚ ਘੱਟੋ-ਘੱਟ ਇੱਕ ਮਹੀਨੇ ਦੀ ਤਨਖਾਹ ਦਾਨ ਕਰਨ ਤਾਂ ਜੋ ਆਮ ਲੋਕਾਂ ਦੀ ਸਹੂਲਤ ਲਈ ਨਿਗਮ ਪੱਧਰ 'ਤੇ ਇੱਕ ਮ੍ਰਿਤਕ ਵੈਨ ਦਾ ਪ੍ਰਬੰਧ ਕੀਤਾ ਜਾ ਸਕੇ।

## ਗੱਡੀ ਤੇ ਕਾਰ ਵਿਚਕਾਰ ਜ਼ਬਰਦਸਤ ਟੱਕਰ, ਜਾਨੀ ਨੁਕਸਾਨ ਤੋਂ ਬਚਾਅ

**ਆਦਮਪੁਰ, (ਪਰਮਜੀਤ ਸਿੰਘ)**- ਬੀਤੇ ਕੱਲ੍ਹ ਸ਼ਾਮ ਕਰੀਬ 6 ਵਜੇ ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਸਹੂਲਤ ਲਈ ਚਲਾਈ ਗਈ ਸੜਕ ਸੁਰੱਖਿਆ ਫੋਰਸ ਡਾਇਲ 112 ਗੱਡੀ ਦੀ ਇੱਕ ਕਾਰ ਨਾਲ ਜ਼ਬਰਦਸਤ ਟੱਕਰ ਹੋਣ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮੌਕੇ 'ਤੇ ਹਾਜ਼ਰ ਡੀ.ਐਸ.ਪੀ. ਕੁਲਵੰਤ ਸਿੰਘ ਆਦਮਪੁਰ ਨੇ ਦੱਸਿਆ ਕਿ ਹੁਸ਼ਿਆਰਪੁਰ ਤੋਂ ਜਲੰਧਰ ਨੂੰ ਜਾ ਰਹੀ ਟਾਟਾ ਕਾਰ ਜਿਸ ਵਿੱਚ ਕਰੀਬ ਪੰਜ ਪਰਵਾਰਕ ਮੈਂਬਰ ਸਵਾਰ ਸਨ, ਆਪਣੇ ਅੱਗੇ ਜਾ ਰਹੀ ਸੁਰੱਖਿਆ ਫੋਰਸ ਦੀ ਸਰਕਾਰੀ ਗੱਡੀ ਨੂੰ ਓਵਰਟੇਕ ਕਰਨ ਦੌਰਾਨ ਸੜਕ 'ਤੇ ਇੱਕ ਉਲਟ ਗਈ। ਇਸ ਐਕਸੀਡੈਂਟ ਵਿੱਚ ਦੋਨਾਂ ਗੱਡੀਆਂ ਦੇ ਚਾਲਕਾਂ ਸਮੇਤ ਪਰਵਾਰ ਦਾ ਕੋਈ ਜਾਨੀ ਮਾਲੀ ਨੁਕਸਾਨ ਹੋਣ ਤੋਂ ਬਚ ਗਿਆ। ਮੌਕੇ ਤੇ ਹਾਜ਼ਰ ਪੁਲਸ ਵੱਲੋਂ ਜੀ.ਟੀ. ਰੋਡ 'ਤੇ ਜਾਮ ਹੋਏ ਟਰੈਫਿਕ ਨੂੰ ਤੇ ਗੱਡੀਆਂ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ।

## ਹੱਕੀ ਮੰਗਾਂ ਨੂੰ ਲੈ ਕੇ ਪ੍ਰਧਾਨ ਮੰਤਰੀ ਦੇ ਨਾਂਅ ਦਿੱਤਾ ਜਾਵੇਗਾ ਮੰਗ ਪੱਤਰ



**ਟਾਂਡਾ ਉੜਮੁੜ (ਓਂਕਾਰ ਸਿੰਘ, ਜਸਵਿੰਦਰ ਸੰਧੂ)** ਡੇਮੋਕ੍ਰੇਟਿਕ ਭਾਰਤੀਯ ਲੋਕ ਦਲ ਦੀ ਇੱਕ ਅਹਿਮ ਮੀਟਿੰਗ ਪਾਰਟੀ ਦੇ ਉਪ ਪ੍ਰਧਾਨ ਜ਼ਿਲ੍ਹਾ ਕਪੂਰਥਲਾ ਰਾਜੂ ਦਾਸ ਦੇ ਗ੍ਰਹਿ ਟਾਹਲੀ ਵਿਖੇ ਡੇਮੋਕ੍ਰੇਟਿਕ ਭਾਰਤੀਯ ਦਲ ਦੇ ਰਾਸ਼ਟਰੀ ਪ੍ਰਧਾਨ ਗੁਰਮੁੱਖ ਸਿੰਘ ਖੋਸਲਾ ਦੀ ਅਗਵਾਈ ਹੇਠ ਕੀਤੀ ਗਈ। ਖੋਸਲਾ ਨੇ ਕਿਹਾ ਕਿ 12 ਮਈ ਨੂੰ ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਅਧਿਕਾਰ ਰੈਲੀ ਪੁੱਡਾ ਗਰਾਊਂਡ ਵਿਚ ਸਾਹਮਣੇ ਡੀਸੀ ਦਫਤਰ ਜ਼ਿਲ੍ਹਾ ਜਲੰਧਰ ਵਿਖੇ ਕੀਤੀ ਜਾ ਰਹੀ ਹੈ।ਇਸ ਰੈਲੀ ਵਿੱਚ ਗ੍ਰਾਮ ਪੰਚਾਇਤ, ਨਗਰ ਕੌਂਸਲ ਅਤੇ ਕਾਰਪੋਰੇਸ਼ਨ ਕੱਚੇ ਸਫਾਈ ਮਜਦੂਰਾਂ ਨੂੰ ਪੱਕੇ ਕਰਨ,ਮਨਰੇਗਾ ਮਜ਼ਦੂਰ, ਭੱਠਾ ਮਜ਼ਦੂਰ, ਕੀਰਤੀ ਕਿਸਾਨ ਮਜ਼ਦੂਰ, ਪੰਜਾਬ ਵਿਚ ਸਾਢੇ 12% ਐਸ. ਸੀ ਕੋਟਾ ਲਾਗੂ ਕਰਾਉਣ ਅਤੇ ਬੇਰੋਜ਼ਗਾਰ ਵਰਗ ਦੀਆਂ ਹੱਕੀ ਮੰਗਾਂ ਨੂੰ ਲੈ ਕੇ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਪੰਜਾਬ ਦੇ ਨਾਂਅ ਡਿਪਟੀ ਕਮਿਸ਼ਨਰ ਜਲੰਧਰ ਰਾਹੀਂ ਮੰਗ ਪੱਤਰ ਵੀ ਦਿੱਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਇਸ ਰੈਲੀ ਵਿੱਚ ਭਾਰਤ ਦੇ ਹੋਰਨਾਂ ਸੂਬਿਆਂ ਤੋਂ ਵੀ ਪਾਰਟੀ ਦੇ ਆਗੂ ਵੀ ਪਹੁੰਚਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰੇਮ ਸਾਰਸਰ ਰਾਸ਼ਟਰੀ ਚੇਅਰਮੈਨ, ਪ੍ਰਵੀਨ ਕਲੋਸਿਆ ਉਪ ਪ੍ਰਧਾਨ ਸਫਾਈ ਮਜ਼ਦੂਰ ਵਿੰਗ ਪੰਜਾਬ, ਬੀਰੂ ਨਾਥ ਪ੍ਰਧਾਨ ਜ਼ਿਲ੍ਹਾ ਅੰਮ੍ਰਿਤਸਰ, ਮੁਕੇਸ਼ ਕੁਮਾਰ ਪ੍ਰਧਾਨ ਪੰਜਾਬ ਸਫਾਈ ਮਜ਼ਦੂਰ ਫੈਡਰੇਸ਼ਨ ਬੇਗੋਵਾਲ, ਬਨੇ ਸਿੰਘ ਪ੍ਰਧਾਨ ਜ਼ਿਲ੍ਹਾ ਕਪੂਰਥਲਾ, ਰਾਮਨਿਵਾਸ ਸਾਰਸਰ ਟਾਹਲੀ,ਸੁੰਦਰ ਨਾਥ ਯੂਨਿਟ ਪ੍ਰਧਾਨ ਇਬਰਾਹੀਮ ਵਾਲ, ਅਜੈ ਸਿੰਘ ਨੰਗਲ ਲੁਬਾਣਾ, ਮੰਨਜੀਤ ਸਾਰਸਰ ਮੇਂਬਰ ਬੌਡੀ ਪੰਜਾਬ, ਰਾਜੂ ਦਾਸ, ਪੰਨਾ ਦਾਸ, ਸੋਨੂੰ, ਸੁਨੀਲ ਕੁਮਾਰ ਟਾਹਲੀ ਆਦਿ ਸਾਥੀ ਮੌਜੂਦ ਸਨ।

## ਇਨੋਸੈਂਟ ਹਾਰਟਸ ਕਾਲਜ ਆਫ਼ ਐਜੂਕੇਸ਼ਨ ਨੇ ਸ਼ਾਨਦਾਰ ਨਤੀਜੇ ਰਾਹੀਂ ਦਿਖਾਈ ਸਫਲਤਾ ਦੀ ਰਾਹ

**ਜਲੰਧਰ (ਸ਼ੈਲੀ ਐਲਬਰਟ)** ਇੰਨੋਸੈਂਟ ਹਾਰਟਸ ਕਾਲਜ ਆਫ਼ ਐਜੂਕੇਸ਼ਨ ਦੇ ਵਿਦਿਆਰਥੀ-ਅਧਿਆਪਕਾਂ ਨੇ ਜੀਐਨਡੀਯੂ ਬੀ.ਐਡ. (ਸੈਮ-1) ਦਸੰਬਰ 2024 ਦੀ ਪ੍ਰੀਖਿਆ ਵਿੱਚ ਬਹੁਤ ਵਧੀਆ ਅਕਾਦਮਿਕ ਪ੍ਰਦਰਸ਼ਨ ਕੀਤਾ। 53% ਵਿਦਿਆਰਥੀ-ਅਧਿਆਪਕਾਂ ਨੇ ਡਿਸਟਿੰਕਸ਼ਨ ਪ੍ਰਾਪਤ ਕੀਤੇ, 67% ਤੋਂ ਵੱਧ ਵਿਦਿਆਰਥੀ-ਅਧਿਆਪਕਾਂ ਨੇ 70% ਤੋਂ ਵੱਧ ਅੰਕ ਪ੍ਰਾਪਤ ਕੀਤੇ ਅਤੇ ਕਾਲਜ ਦੇ ਲਗਭਗ ਸਾਰੇ ਵਿਦਿਆਰਥੀ-ਅਧਿਆਪਕਾਂ ਨੇ ਫਸਟ ਡਿਵੀਜ਼ਨ ਪ੍ਰਾਪਤ ਕੀਤੇ।ਗੀਤਿਕਾ, ਪੁਨੀਤ ਕੌਰ ਅਤੇ ਵਿਭਾ ਚਾਵਲਾ ਨੇ 8.10 ਸੀਜੀਪੀਏ ਨਾਲ ਕਾਲਜ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ, ਅੰਕਿਤਾ, ਗੁਰਸਿਮਰਨ ਕੌਰ ਅਤੇ ਰੁਚਿਕਾ ਮਹਿਤਾ ਨੇ 8.00 ਸੀਜੀਪੀਏ ਨਾਲ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਗੁਰਸਹਿਜ ਕੌਰ, ਗੁਣਵੀਨ ਕੌਰ, ਮਨਦੀਪ ਸ਼ਾਹੀ, ਮਹਿਕ ਸ਼ਰਮਾ, ਸਿਮਰਨਦੀਪ ਕੌਰ ਅਤੇ ਸਮਾਈਲ ਨੇ 7.90 ਸੀਜੀਪੀਏ ਨਾਲ ਕਾਲਜ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। ਗੀਤਿਕਾ ਨੇ ਸਭ ਤੋਂ ਪਹਿਲਾਂ ਪ੍ਰਮਾਤਮਾ ਦਾ ਧੰਨਵਾਦ ਕੀਤਾ ਅਤੇ ਕਾਲਜ ਪ੍ਰਿੰਸੀਪਲ ਅਤੇ ਉਨ੍ਹਾਂ ਦੇ ਸਲਾਹਕਾਰਾਂ ਦੁਆਰਾ ਦਿੱਤੇ ਗਏ ਮਾਰਗਦਰਸ਼ਨ ਦਾ ਖੁਸ਼ੀ ਨਾਲ ਧੰਨਵਾਦ ਕੀਤਾ। ਸਿਮਰਨਦੀਪ ਕੌਰ ਨੇ ਕਿਹਾ, ਮੈਂ ਆਪਣੇ ਅਧਿਆਪਕਾਂ ਦੀ ਸੱਚਮੁੱਚ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੇ ਵਿੱਚ ਵਿਸ਼ਵਾਸ ਭਰਿਆ ਅਤੇ ਪ੍ਰਿੰਸੀਪਲ ਸਾਹਿਬ ਨੇ ਮੈਨੂੰ ਆਪਣਾ ਟੀਚਾ ਪ੍ਰਾਪਤ ਕਰਨ ਲਈ ਸਹੀ ਦਿਸ਼ਾ ਦਿਖਾਈ। ਕਾਲਜਾਂ ਦੀ ਐਗਜ਼ੀਕਿਊਟਿਵ ਡਾਇਰੈਕਟਰ, ਸ਼੍ਰੀਮਤੀ ਅਰਾਧਨਾ ਬੋਰੀ ਨੇ ਵਿਦਿਆਰਥੀ-ਅਧਿਆਪਕਾਂ ਦੁਆਰਾ ਪ੍ਰਾਪਤ ਕੀਤੇ ਗਏ ਕ੍ਰੈਡਿਟ ਦੀ ਸ਼ਲਾਘਾ ਕੀਤੀ। ਪ੍ਰਿੰਸੀਪਲ ਡਾ. ਅਰਜਿੰਦਰ ਸਿੰਘ ਨੇ ਸੂਚਿਤ ਕੀਤਾ ਕਿ ਸਾਰੇ ਵਿਦਿਆਰਥੀ-ਅਧਿਆਪਕਾਂ ਨੇ ਆਪਣਾ ਸਭ ਤੋਂ ਵਧੀਆ ਪ੍ਰਦਰਸ਼ਨ ਦੇ ਕੇ ਸੈਮੀ-1 ਦੀ ਪ੍ਰੀਖਿਆ ਪਾਸ ਕੀਤੀ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਹਰ ਵਾਰ ਆਪਣਾ ਸਭ ਤੋਂ ਵਧੀਆ ਦੇਣ ਲਈ ਪ੍ਰੇਰਿਤ ਕੀਤਾ। ਮੈਨੇਜਮੈਂਟ ਦੇ ਮੈਂਬਰਾਂ, ਪ੍ਰਿੰਸੀਪਲ ਅਤੇ ਫੈਕਲਟੀ ਮੈਂਬਰਾਂ ਨੇ ਸਾਰੇ ਵਿਦਿਆਰਥੀ-ਅਧਿਆਪਕਾਂ ਨੂੰ ਉਨ੍ਹਾਂ ਦੀਆਂ ਮਹੱਤਵਪੂਰਨ ਪ੍ਰਾਪਤੀਆਂ ਲਈ ਵਧਾਈ ਦਿੱਤੀ।



## ਵਿਧਾਇਕ ਰਾਜਾ ਨੇ ਵਾਰਡ ਨੰ: 9 'ਚ ਹੋਣ ਵਾਲੇ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਸ਼ਹਿਰ ਅੰਦਰ ਕੀਤੇ ਜਾ ਰਹੇ ਵੱਖ ਵੱਖ-ਵੱਖ ਵਿਕਾਸ ਕਾਰਜਾਂ ਦੁਆਰਾ ਟਾਂਡਾ ਦੀ ਨੁਹਾਰ ਬਦਲੀ ਜਾਵੇਗੀ ਅਤੇ ਵਿਕਾਸ ਕਾਰਜਾਂ ਲਈ ਪੰਜਾਬ ਸਰਕਾਰ ਵੱਲੋਂ ਪੈਸੇ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ । ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਵਾਰਡ ਨੰਬਰ 9 ਵਿੱਚ ਕੀਤੇ ਜਾਣ ਵਾਲੇ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਸਮੇਂ ਕੀਤਾ। ਇਸ ਮੌਕੇ ਉਨਾਂ ਕੈਬਨਿਟ ਮੰਤਰੀ ਪੰਜਾਬ ਡਾ. ਰਵਜੋਤ ਸਿੰਘ ਵੱਲੋਂ ਦਿੱਤੀ ਗਈ 21.9 ਲੱਖ ਰੁਪਏ ਦੀ ਲਾਗਤ ਨਾਲ ਕੀਤੇ ਜਾਣ ਵਾਲੇ ਵਿਕਾਸ ਕਾਰਜਾਂ ਦੀ ਆਰੰਭਤਾ ਕਰਦੇ ਹੋਏ ਉਨ੍ਹਾਂ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਤੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਇਸ ਸਮੇਂ ਵਿਧਾਇਕ ਜਸਵੀਰ ਰਾਜਾ ਨੇ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਸੂਬਾ ਸਰਕਾਰ ਨੇ ਸ਼ਹਿਰ ਅਤੇ ਪਿੰਡਾਂ ਵਿੱਚ ਰਾਜਨੀਤੀ ਤੋਂ ਉੱਪਰ ਉੱਠ ਕੇ ਵਿਕਾਸ ਕਾਰਜਾਂ ਲਈ ਹੁਣ ਤੱਕ ਕਰੋੜਾਂ ਰੁਪਏ ਦਿੱਤੇ ਹਨ। ਆਉਣ ਵਾਲੇ ਸਮੇਂ ਵਿੱਚ ਸਰਕਾਰ ਵੱਲੋਂ ਹਲਕਾ ਟਾਂਡਾ ਅਤੇ ਗੜ੍ਹਦੀਵਾਲ ਦੇ ਵਿਕਾਸ ਲਈ ਵਿਸ਼ੇਸ਼ ਗਰਾਂਟਾਂ ਜਾਰੀ ਕੀਤੀਆਂ ਜਾਣਗੀਆਂ। ਇਸ ਮੌਕੇ ਉਹਨਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਆਪਣਾ ਸਹਿਯੋਗ ਦੇ ਕੇ ਨਸ਼ਿਆਂ ਦੇ ਕੋਹੜ ਨੂੰ ਖਤਮ ਕਰਨ ਵਿੱਚ ਪੰਜਾਬ ਸਰਕਾਰ ਦਾ ਸਹਿਯੋਗ ਦੇਣ। ਇਸ ਮੌਕੇ ਵਾਰਡ ਕੌਂਸਲਰ ਸੁਮਨ ਖੋਸਲਾ, ਕੌਂਸਲਰ ਹਰੀ ਕ੍ਰਿਸ਼ਨ ਸੈਣੀ, ਕੌਂਸਲਰ ਜਸਵੰਤ ਕੌਰ ਮੁਲਤਾਨੀ, ਕੌਂਸਲਰ ਸੁਰਿੰਦਰਜੀਤ ਬਿੱਲੂ, ਜਸਵਿੰਦਰ ਲਾਲ ਸੰਧੂ, ਲਖਵਿੰਦਰ ਸਿੰਘ ਮੁਲਤਾਨੀ, ਸਾਬਕਾ ਕੌਂਸਲਰ ਬਲਵੀਰ ਕੌਰ, ਹਰਮੀਤ ਸਿੰਘ ਵੜੈਚ, ਰਾਜਨ ਸੋਂਧੀ, ਕਮਲ ਧੀਰ, ਨਿਰਮਲ ਸਿੰਘ ਕੁਰਾਲਾ ਇਨਾਂ ਤੋਂ ਇਲਾਵਾ ਬਿਮਲਾ ਦੇਵੀ, ਰਜਨੀ, ਹਰਪ੍ਰੀਤ ਸਿੰਘ ਹੀਰਾ ਤੋਂ ਇਲਾਵਾ ਜਸਪਾਲ ਸਿੰਘ, ਗੁਰਮੀਤ ਸਿੰਘ ਸੋਢੀ, ਗੁਰਮੁਖ ਸਿੰਘ, ਜਸਵਿੰਦਰ ਸਿੰਘ ਵੀ ਹਾਜ਼ਰ ਸਨ ।

## ਡਰੋਲੀ ਕਾਲਜ 'ਚ ਖੋਜ ਵਿਧੀ 'ਤੇ ਕਰਵਾਇਆ ਲੈਕਚਰ



**ਆਦਮਪੁਰ (ਪਰਮਜੀਤ ਸਿੰਘ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਵਿੱਦਿਆ ਸਕੱਤਰ ਦੀਆਂ ਹਿਦਾਇਤਾਂ ਮੁਤਾਬਿਕ ਗੁਰੂ ਨਾਨਕ ਖਾਲਸਾ ਕਾਲਜ, ਡਰੋਲੀ ਕਲਾਂ ਦੇ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਦੀ ਅਗਵਾਈ ਹੇਠ ਸਟਾਫ਼ ਮੈਂਬਰਾਨ ਅਤੇ ਵਿਦਿਆਰਥੀਆਂ ਲਈ 'ਖੋਜ ਵਿਧੀ' ਵਿਸ਼ੇ ਉਪਰ ਵਿਸ਼ੇਸ ਲੈਕਚਰ ਦਿੱਤਾ ਗਿਆ। ਇਸ ਲੈਕਚਰ ਦੇ ਕਨਵੀਨਰ ਡਾ. ਰਵਿੰਦਰ ਕੌਰ ਸਨ ਅਤੇ ਮੁੱਖ ਬੁਲਾਰਿਆਂ ਵਿਚ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ ਦੇ ਫਿਜ਼ਿਕਸ ਵਿਭਾਗ ਦੇ ਸਹਾਇਕ ਪ੍ਰੋਫੈਸਰ ਡਾ. ਅੰਮ੍ਰਿਤ ਸਿੰਘ, ਕਾਲਜ ਦੇ ਇਤਿਹਾਸ ਵਿਭਾਗ ਦੇ ਮੁਖੀ ਡਾ. ਰਾਕੇਸ਼, ਪੰਜਾਬੀ ਵਿਭਾਗ ਦੇ ਮੁਖੀ ਡਾ. ਬਲਵਿੰਦਰ ਸਿੰਘ ਥਿੰਦ ਅਤੇ ਇਕਨੋਮਿਕਸ ਦੇ ਸਹਾਇਕ ਪ੍ਰੋਫੈਸਰ ਹਰਮਨਪ੍ਰੀਤ ਸਿੰਘ ਸਨ।ਕਾਲਜ ਵਿਖੇ ਕਰਵਾਇਆ ਇਹ ਲੈਕਚਰ ਆਨ ਲਾਇਨ ਅਤੇ ਆਫ਼ ਲਾਇਨ ਮੋਡ ਵਿੱਚ ਸੀ, ਜਿਸ ਦੀ ਆਰੰਭਤਾ ਕਰਦਿਆਂ ਕਾਲਜ ਦੇ ਸਹਾਇਕ ਪ੍ਰੋਫੈਸਰ ਡਾ. ਰਵਿੰਦਰ ਕੌਰ ਨੇ ਮੰਚ ਸੰਚਾਲਨ ਕਰਦਿਆਂ ਅਕਾਦਮਿਕ ਖੇਤਰ ਵਿਚ ਖੋਜ ਵਿਧੀ ਦੀ ਭੂਮਿਕਾ ਉਪਰ ਚਾਨਣਾ ਪਾਇਆ। ਲੈਕਚਰ ਦੀ ਸ਼ੁਰੂਆਤ ਵਿਚ ਡਾ. ਅੰਮ੍ਰਿਤ ਸਿੰਘ ਨੇ ਖੋਜ ਵਿਧੀ 'ਤੇ ਵਿਸਤਾਰ ਵਿੱਚ ਸੰਬੋਧਨ ਕੀਤਾ। ਉਪਰੰਤ ਇਤਿਹਾਸ ਵਿਭਾਗ ਦੇ ਐਸੋਸੀਏਟ ਪ੍ਰੋਫੈਸਰ ਡਾ. ਰਾਕੇਸ਼ ਬਾਵਾ ਨੇ ਇਤਿਹਾਸਕ ਨਜ਼ਰੀਏ ਤੋਂ ਖੋਜ ਵਿਧੀ ਦੀ ਚਰਚਾ ਕੀਤੀ। ਡਾ. ਬਲਵਿੰਦਰ ਸਿੰਘ ਥਿੰਦ ਨੇ ਕਿਹਾ ਕਿ ਖੋਜ ਵਿਧੀ ਨੂੰ ਅੰਗਰੇਜ਼ੀ ਵਿਚ ਰਿਸਰਚ ਮੈਥਡੋਲੌਜੀ ਕਿਹਾ ਜਾਂਦਾ ਹੈ ਅਤੇ ਅੰਗਰੇਜ਼ੀ ਵਿਚ ਰਿਸਰਚ ਸ਼ਬਦ ਫਰੈਂਚ ਭਾਸ਼ਾ ਦੇ ਰੀ-ਸਰਚੀਅਰ ਤੋਂ ਆਇਆ ਹੈ ਅਤੇ ਪੰਜਾਬੀ ਵਿਚ ਸ਼ਬਦ ਖੋਜ ਕਬੀਲਾ ਯੁੱਗ ਤੋਂ ਲਿਆ ਗਿਆ ਹੈ। ਡਾ. ਥਿੰਦ ਨੇ ਗੁਰਬਾਣੀ ਪ੍ਰਵਚਨ 'ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ' ਅਤੇ 'ਖੋਜੀ ਉਪਜੈ ਬਾਦੀ ਬਿਨਸੈ ਹਉ ਬਲਿ ਬਲਿ ਗੁਰ ਕਰਤਾਰਾ' ਦੇ ਹਵਾਲੇ ਨਾਲ ਦੱਸਿਆ ਕਿ ਗੁਰਬਾਣੀ ਪ੍ਰਮਾਣ ਵੀ ਮਾਨਵਤਾ ਨੂੰ ਖੋਜ ਦੇ ਹਵਾਲੇ ਨਾਲ ਆਤਮਿਕ ਜੀਵਨ ਉਚਾ ਕਰਨ ਦੀ ਨਿਸ਼ਾਨਦੇਹੀ ਕਰਦੇ ਹਨ। ਹਰਮਨਪੀਤ ਸਿੰਘ ਨੇ ਆਪਣੇ ਅਕਾਦਮਿਕ ਵਿਸ਼ੇ ਅਰਥ-ਸ਼ਾਸਤਰ ਦੇ ਹਵਾਲੇ ਨਾਲ ਵਿਦਿਆਰਥੀਆਂ ਨੂੰ ਖੋਜ ਡਾਟਾ ਇਕੱਤਰ ਕਰਨ ਦੀਆਂ ਜੁਗਤਾਂ ਦੱਸੀਆਂ।ਉਪਰੰਤ ਵਿਚ ਕਾਲਜ ਦੇ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਨੇ ਸਟਾਫ਼ ਮੈਂਬਰਾਨ ਅਤੇ ਵਿਦਿਆਰਥੀਆਂ ਨੂੰ ਸੰਬੋਧਿਤ ਹੁੰਦਿਆਂ ਕਿਹਾ ਕਿ ਇਹ ਭਵਿੱਖ ਵਿਚ ਤੁਹਾਡੇ ਚੰਗੇਰੇ ਭਵਿੱਖ ਲਈ ਪ੍ਰੇਰਨਾ ਸ੍ਰੋਤ ਬਣੇਗਾ। ਪ੍ਰਿੰਸੀਪਲ ਨੇ ਕਿਹਾ ਕਿ ਮਾਹਰ ਵਕਤਾਵਾਂ ਵੱਲੋਂ ਦਿੱਤੇ ਭਾਸ਼ਣ ਨੇ ਤੁਹਾਡੇ ਅੰਦਰ ਖੋਜ ਕਰਨ ਦੀ ਚਿਣਗ ਪੈਦਾ ਕੀਤੀ ਹੈ ਜੋ ਤੁਹਾਨੂੰ ਖੋਜ ਖੇਤਰ ਦੇ ਮਾਰਗ ਉਪਰ ਤੋਰੇਗੀ। ਅੰਤ ਵਿਚ ਡਾ. ਰਵਿੰਦਰ ਕੌਰ ਨੇ ਸਾਰੇ ਬੁਲਾਰਿਆਂ ਦਾ ਧੰਨਵਾਦ ਕਰਦਿਆਂ ਵਿਦਿਆਰਥੀਆਂ ਦੀ ਨਵੇਂ ਵਿਸ਼ੇ ਪ੍ਰਤੀ ਉਤਸੁਕਤਾ ਬਣਾਈ ਰੱਖਣ ਲਈ ਧੰਨਵਾਦ ਕੀਤਾ।

## ਸੰਘਵਾਲ 'ਚ ਡਾ. ਅੰਬੇਡਕਰ ਦਾ ਜਨਮ ਦਿਨ ਮਨਾਇਆ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)**- ਸ੍ਰੀ ਗੁਰੂ ਰਵਿਦਾਸ ਮੰਦਰ ਪ੍ਰਬੰਧਕ ਕਮੇਟੀ ਰਜਿ ਸੰਘਵਾਲ ਅਤੇ ਸਮੂਹ ਨਗਰ ਨਿਵਾਸੀ ਸੰਘਵਾਲ ਵੱਲੋਂ ਭਾਰਤ ਰਤਨ ਡਾ. ਬੀ ਆਰ. ਅੰਬੇਡਕਰ ਦਾ 134ਵਾਂ ਜਨਮ ਦਿਨ ਬੜੀ ਸ਼ਰਧਾ ਪੂਰਵਕ ਮਨਾਇਆ ਗਿਆ। ਐਤਵਾਰ ਸਵੇਰੇ ਪਹਿਲਾਂ ਸ੍ਰੀ ਗੁਰੂ ਰਵਿਦਾਸ ਅੰਮ੍ਰਿਤ ਬਾਣੀ ਹਾਲ 'ਚ ਅੰਮ੍ਰਿਤ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਦੇ ਜਾਪ ਕੀਤੇ ਗਏ। ਇਸ ਉਪਰੰਤ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਭੋਗ ਪਾਉਣ ਉਪਰੰਤ ਭਾਈ ਪਰਮਜੀਤ ਸਿੰਘ ਨੌਗੱਜਾ ਵਾਲਿਆਂ ਦੇ ਜਥੇ ਵੱਲੋਂ ਸ਼ਬਦ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਇੰਸਟ੍ਰਕਟਰ ਨਰੇਸ਼ ਕੁਮਾਰ ਨੇ ਡਾ. ਬੀ ਆਰ ਅੰਬੇਡਕਰ ਵੱਲੋਂ ਗਰੀਬ ਅਤੇ ਲਤਾੜੇ ਲੋਕਾਂ ਦੀ ਭਲਾਈ ਲਈ ਕੀਤੇ ਗਏ ਸੰਘਰਸ਼ਮਈ ਜੀਵਨ ਬਾਰੇ ਸੰਗਤਾਂ ਨੂੰ ਚਾਨਣਾ ਪਾਇਆ। ਇਸ ਮੌਕੇ ਛੋਟੇ ਛੋਟੇ ਬੱਚਿਆਂ ਵੱਲੋਂ ਅਤੇ ਓਂਕਾਰ ਸਿੰਘ ਬੱਧਣ ਵੱਲੋਂ ਡਾ. ਅੰਬੇਡਕਰ ਦੇ ਜੀਵਨ ਨਾਲ ਸੰਬੰਧਤ ਕਵਿਤਾਵਾਂ ਅਤੇ ਗੀਤ ਗਾਏ ਗਏ। ਇਸ ਮੌਕੇ ਪ੍ਰਬੰਧਕ ਕਮੇਟੀ, ਸ਼੍ਰੀਮਤੀ ਸੋਨੀਆ ਬੱਧਣ ਅਤੇ ਸੰਤੋਖ ਸਿੰਘ ਜੱਸੀ ਵੱਲੋਂ ਪਿੰਡ ਦੇ ਸਰਕਾਰੀ ਮਿਡਲ ਅਤੇ ਪ੍ਰਾਇਮਰੀ ਸਕੂਲ ਦੇ ਪਹਿਲੀ ਤੋਂ ਅੱਠਵੀਂ ਕਲਾਸ ਦੇ ਬੱਚਿਆਂ ਜਿਨ੍ਹਾਂ ਨੇ ਫਾਈਨਲ ਇਮਤਿਹਾਨਾਂ 'ਚ ਪਹਿਲੀ ਤੋਂ ਤੀਸਰੀ ਪੁਜੀਸ਼ਨਾਂ ਪ੍ਰਾਪਤ ਕੀਤੀਆਂ ਸਨ ਨੂੰ ਪੈਨ, ਪੈਨਸਿਲਾਂ, ਕਾਪੀਆਂ, ਟਰਾਫੀਆਂ ਅਤੇ ਨਗਦ ਇਨਾਮ ਦੇ ਕੇ ਅਤੇ ਦੋਨੋਂ ਸਕੂਲਾਂ ਦੇ ਅਧਿਆਪਕਾਂਵਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਮੀਤ ਰਾਮ, ਸਕੱਤਰ ਉੱਤਮ ਸਿੰਘ, ਬੂਟਾ ਸਿੰਘ, ਰਵਿੰਦਰ ਕੁਮਾਰ ਰਿੰਕੂ, ਦਲਜੀਤ ਸਿੰਘ, ਅਮਰੀਕ ਸਿੰਘ ਬੱਧਣ, ਸੋਮ ਲਾਲ, ਕੇਵਲ ਕ੍ਰਿਸ਼ਨ ਸਾਬੀ, ਬਲਵੀਰ ਚੰਦ, ਬਲਵਿੰਦਰ ਕੁਮਾਰ, ਰਮਨ ਕੁਮਾਰ ਅਮਰੀਕ ਲਾਲ ( ਸਾਰੇ ਕਮੇਟੀ ਮੈਂਬਰ) ਤੋਂ ਇਲਾਵਾ ਸਰਪੰਚ ਪ੍ਰਵੀਨ ਕੁਮਾਰੀ, ਸਾਬਕਾ ਸਰਪੰਚ ਭਾਗ ਰਾਮ, ਸੌਰਵ ਕੁਮਾਰ, ਬਲਜੀਤ ਪਾਲ, ਸੇਵਾ ਮੁਕਤ ਇੰਸਪੈਕਟਰ ਹਰਮੇਸ਼ ਲਾਲ, ਮਹਿੰਦਰ ਸਿੰਘ, ਸਰਬਜੀਤ ਸਾਬੀ, ਜਸਵਿੰਦਰ ਕੁਮਾਰ ਅਤੇ ਭਾਰੀ ਗਿਣਤੀ 'ਚ ਪਿੰਡ ਦੀਆਂ ਔਰਤਾਂ ਹਾਜ਼ਰ ਸਨ।



## ਐੱਲ ਪੀ ਯੂ ਦੇ 40 ਤੋਂ ਵੱਧ ਦੇਸ਼ਾਂ ਦੇ ਅੰਤਰਰਾਸ਼ਟਰੀ ਵਿਦਿਆਰਥੀਆਂ ਵੱਲੋਂ ਗ੍ਰੈਜੂਏਸ਼ਨ ਦਿਵਸ 'ਤੇ ਨਵੀਂ ਯਾਤਰਾ ਦੀ ਸ਼ੁਰੂਆਤ

**ਜਲੰਧਰ (ਸ਼ੈਲੀ ਐਲਬਰਟ)** 40 ਤੋਂ ਵੱਧ ਦੇਸ਼ਾਂ ਦੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਗ੍ਰੈਜੂਏਸ਼ਨ ਕੈਪ ਅਤੇ ਗਾਊਨ ਪਹਿਨ ਕੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਨੂੰ ਸੁਪਨਿਆਂ, ਲਗਨ ਅਤੇ ਜਿੱਤਾਂ ਦੇ ਇੱਕ ਗਲੋਬਲ ਤਿਉਹਾਰ ਵਿੱਚ ਬਦਲ ਦਿੱਤਾ। ਜ਼ਿੰਬਾਬਵੇ, ਤਨਜ਼ਾਨੀਆ, ਮੰਗੋਲੀਆ, ਮਿਆਂਮਾਰ, ਯਮਨ, ਮੋਰੋਕੋ, ਸੁਡਾਨ, ਨੇਪਾਲ, ਦੱਖਣੀ ਸੁਡਾਨ, ਆਈਵਰੀ ਕੋਸਟ ਅਤੇ ਹੋਰਾਂ ਸਮੇਤ ਵੱਖ-ਵੱਖ ਦੇਸ਼ਾਂ ਦੀ ਨੁਮਾਇੰਦਗੀ ਕਰਦੇ ਹੋਏ ਸੈਂਕੜੇ ਅੰਤਰਰਾਸ਼ਟਰੀ ਵਿਦਿਆਰਥੀ, ਜੋ ਜਲਦੀ ਹੀ ਗ੍ਰੈਜੂਏਟ ਹੋਣ ਵਾਲੇ ਹਨ, ਨੇ ਸਮਾਰੋਹ ਵਿੱਚ ਸ਼ਿਰਕਤ ਕੀਤੀ।ਇਹ ਪ੍ਰੋਗਰਾਮ ਇੱਕ ਉਤਸ਼ਾਹੀ ਗ੍ਰੈਜੂਏਸ਼ਨ ਵਾਕ ਨਾਲ ਸ਼ੁਰੂ ਹੋਇਆ ਜਿੱਥੇ 2025 ਦੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਕਲਾਸ ਐਲਪੀਯੂ ਦੇ ਸ਼ਾਂਤੀ ਦੇਵੀ ਮਿੱਤਲ ਆਡੀਟੋਰੀਅਮ ਵੱਲ ਮਾਰਚ ਕੀਤੀ, ਸਾਲਾਂ ਦੀ ਲਗਨ, ਵਿਕਾਸ ਅਤੇ ਅੰਤਰ-ਸੱਭਿਆਚਾਰਕ ਦੋਸਤੀ ਨੂੰ ਦਰਸਾਉਂਦੀ ਹੈ।ਇਸ ਸਮਾਰੋਹ ਦੀ ਪ੍ਰਧਾਨਗੀ ਸੰਸਦ ਮੈਂਬਰ (ਰਾਜ ਸਭਾ) ਅਤੇ ਐਲਪੀਯੂ ਦੇ ਸੰਸਥਾਪਕ ਚਾਂਸਲਰ ਡਾ. ਅਸ਼ੋਕ ਕੁਮਾਰ ਮਿੱਤਲ ਨੇ ਕੀਤੀ। ਇਸ ਮੌਕੇ 'ਤੇ, ਜਮਹੂਰੀਆ ਯੂਨੀਵਰਸਿਟੀ ਆਫ਼ ਸਾਇੰਸ ਐਂਡ ਟੈਕਨਾਲੋਜੀ (ਜੇਯੂਐਸਟੀ), ਸੋਮਾਲੀਆ ਦੇ ਪ੍ਰਧਾਨ, ਇੰਜੀਨੀਅਰ ਮੁਹੰਮਦ ਅਹਿਮਦ ਮੁਹੰਮਦ, ਸ਼੍ਰੀਮਤੀ ਜੀਨ ਅਸਾਂਤੇਵਾ ਓਡੂਰੋ, ਫਸਟ ਸੈਕਟਰੀ, ਘਾਨਾ ਹਾਈ ਕਮਿਸ਼ਨ, ਨਵੀਂ ਦਿੱਲੀ,ਐਲਪੀਯੂ ਦੀ ਪ੍ਰੋ-ਚਾਂਸਲਰ ਕਰਨਲ ਡਾ. ਰਸ਼ਮੀ ਮਿੱਤਲ, ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਸੰਧੂ, ਪ੍ਰੋ. ਵਾਈਸ ਚਾਂਸਲਰ ਡਾ. ਸੰਜੇ ਮੋਦੀ, ਸਕੂਲ ਆਫ਼ ਫਾਰਮੇਸੀ ਦੇ ਸੀਨੀਅਰ ਡੀਨ ਡਾ. ਮੋਨਿਕਾ ਗੁਲਾਟੀ, ਐਲਪੀਯੂ ਦੇ ਵਾਈਸ ਪ੍ਰੈਜ਼ੀਡੈਂਟ ਡਾ. ਅਮਨ ਮਿੱਤਲ,



ਜਸਟ ਦੇ ਅਧਿਕਾਰੀ ਅਬਦਿਰੀਜ਼ਾਕ ਵਾਰਸੇਮ ਅਬਦੁਲ ਅਤੇ ਇੰਜੀਨੀਅਰ ਮੁਹੰਮਦ ਅਬਦੁੱਲਾਹੀ ਅਲੀ ਮੌਜੂਦ ਸਨ।ਡਾ. ਅਸ਼ੋਕ ਕੁਮਾਰ ਮਿੱਤਲ ਨੇ ਗ੍ਰੈਜੂਏਟਾਂ ਨੂੰ ਸੰਬੋਧਿਤ ਕਰਦੇ ਹੋਏ ਇੱਕ ਪ੍ਰੇਰਨਾਦਾਇਕ ਸੰਦੇਸ਼ ਸਾਂਝਾ ਕਰਦੇ ਹੋਏ ਕਿਹਾ, 'ਐਲਪੀਯੂ ਵਿੱਚ ਤੁਹਾਨੂੰ ਮਿਲੀ ਸਿੱਖਿਆ, ਦੋਸਤੀ ਅਤੇ ਕਦਰਾਂ-ਕੀਮਤਾਂ ਨੇ ਤੁਹਾਨੂੰ ਆਪਣੇ ਆਲੇ ਦੁਆਲੇ ਦੀ ਦੁਨੀਆ ਦੀ ਅਗਵਾਈ ਕਰਨ ਅਤੇ ਬਦਲਣ ਲਈ ਤਿਆਰ ਕੀਤਾ ਹੈ। ਜ਼ਿੰਦਗੀ ਤੁਹਾਨੂੰ ਜਿੱਥੇ ਵੀ ਲੈ ਜਾਂਦੀ ਹੈ, ਆਪਣੇ ਅੰਦਰ ਐਲਪੀਯੂ ਦੀ ਭਾਵਨਾ ਨੂੰ ਲੈ ਕੇ ਜਾਓ। ਯਾਦ ਰੱਖੋ, ਐਲਪੀਯੂ ਹਮੇਸ਼ਾ ਤੁਹਾਡਾ ਦੂਜਾ ਘਰ ਹੈ ਅਤੇ ਰਹੇਗਾ। ਦਲੇਰੀ ਨਾਲ ਸੁਪਨੇ ਦੇਖੋ, ਹਿੰਮਤ ਨਾਲ ਕੰਮ ਕਰੋ, ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰੋ' । ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ, ਇੰਜੀਨੀਅਰ ਮੁਹੰਮਦ ਅਹਿਮਦ ਮੁਹੰਮਦ ਨੇ ਗ੍ਰੈਜੂਏਟਾਂ ਨੂੰ ਵਧਾਈ ਦਿੰਦੇ ਹੋਏ ਕਿਹਾ, ਤੁਹਾਡੀਆਂ ਪ੍ਰਾਪਤੀਆਂ ਵਿਅਕਤੀਗਤ ਜਿੱਤਾਂ ਤੋਂ ਵੱਧ ਹਨ, ਇਹ ਤੁਹਾਡੀ ਲਗਨ ਅਤੇ ਦੂਰਦਰਸ਼ਨ ਦਾ ਪ੍ਰਮਾਣ ਹਨ। ਭਾਰਤ ਦੀਆਂ ਪ੍ਰਮੁੱਖ ਯੂਨੀਵਰਸਿਟੀਆਂ ਵਿੱਚੋਂ ਇੱਕ, ਐਲਪੀਯੂ ਤੋਂ ਡਿਗਰੀ ਪ੍ਰਾਪਤ ਕਰਨਾ ਤੁਹਾਨੂੰ ਨੇਤਾਵਾਂ ਅਤੇ ਦੀਨਤਾਕਾਰਾਂ ਦੇ ਇੱਕ ਵਿਸ਼ਵਵਿਆਪੀ ਸਮੂਹ ਵਿੱਚ ਰੱਖਦਾ ਹੈ। ਉੱਤਮਤਾ ਦੀ ਭਾਵਨਾ ਨੂੰ ਅੱਗੇ ਵਧਾਓ, ਇੱਥੇ ਤੁਹਾਡੇ ਦੁਆਰਾ ਬਣਾਏ ਗਏ ਬੰਧਨਾਂ ਨੂੰ ਉਤਸ਼ਾਹਿਤ ਕਰੋ, ਅਤੇ ਯਾਦ ਰੱਖੋ ਕਿ ਅੱਜ ਦੀ ਪ੍ਰਾਪਤੀ ਕੱਲ੍ਹ ਦੀ ਅਸਾਧਾਰਨ ਯਾਤਰਾ ਦੀ ਨੀਂਹ ਹੈ। ਸ਼੍ਰੀਮਤੀ ਜੀਨ ਅਸਾਂਤੇਵਾ ਓਡੂਰੋ ਨੇ ਵੀ ਗ੍ਰੈਜੂਏਟਾਂ ਨੂੰ ਵਧਾਈ ਦਿੱਤੀ, ਉਨ੍ਹਾਂ ਨੂੰ ਭਵਿੱਖ ਨੂੰ ਵਿਸ਼ਵਾਸ ਨਾਲ ਗਲੇ ਲਗਾਉਣ ਲਈ ਉਤਸ਼ਾਹਿਤ ਕੀਤਾ, ਉਨ੍ਹਾਂ ਨੂੰ ਯਾਦ ਦਿਵਾਇਆ ਕਿ ਸਿੱਖਿਆ ਨਿੱਜੀ ਅਤੇ ਸਮਾਜਿਕ ਪਰਿਵਰਤਨ ਲਈ ਸਭ ਤੋਂ ਸ਼ਕਤੀਸ਼ਾਲੀ ਉਤਪ੍ਰੇਰਕ ਹੈ। ਐਲਪੀਯੂ ਦੇ ਉਪ ਪ੍ਰਧਾਨ ਅਤੇ ਅੰਤਰਰਾਸ਼ਟਰੀ ਮਾਮਲਿਆਂ ਦੇ ਮੁਖੀ ਡਾ. ਅਮਨ ਮਿੱਤਲ ਨੇ ਪਤਵੰਤਿਆਂ, ਵਿਦਿਆਰਥੀਆਂ ਅਤੇ ਫੈਕਲਟੀ ਦਾ ਧੰਨਵਾਦ ਕੀਤਾ। ਡਾ. ਅਮਨ ਮਿੱਤਲ ਨੇ ਕਿਹਾ, ਅੱਜ ਤੁਹਾਨੂੰ ਸਾਰਿਆਂ ਨੂੰ ਗ੍ਰੈਜੂਏਟ ਹੁੰਦੇ ਦੇਖਣਾ ਇੱਕ ਮਾਣ ਵਾਲੀ ਗੱਲ ਹੈ। ਤੁਹਾਡੇ ਪਹਿਲੇ ਦਿਨ ਤੁਹਾਡਾ ਸਵਾਗਤ ਕਰਨ ਤੋਂ ਲੈ ਕੇ ਇਸ ਮੀਲ ਪੱਥਰ ਨੂੰ ਦੇਖਣ ਤੱਕ, ਇਹ ਸਾਡੇ ਅੰਤਰਰਾਸ਼ਟਰੀ ਵਿਦਿਆਰਥੀਆਂ ਪ੍ਰਤੀ ਸਾਡੀ ਭਾਵਨਾ ਅਤੇ ਦ੍ਰਿਸ਼ਟੀ ਨੂੰ ਦਰਸਾਉਂਦਾ ਹੈ। ਹੁਣ ਜਦੋਂ ਤੁਸੀਂ ਦੁਨੀਆ ਵਿੱਚ ਕਦਮ ਰੱਖਦੇ ਹੋ ਅਤੇ ਆਪਣੇ ਦੇਸ਼ਾਂ ਵਿੱਚ ਵਾਪਸ ਜਾਂਦੇ ਹੋ ਜਾਂ ਨਵੇਂ ਮੌਕਿਆਂ ਦੀ ਪੜਚੋਲ ਕਰਦੇ ਹੋ, ਤਾਂ ਜਾਣੋ ਕਿ ਤੁਸੀਂ ਆਪਣੇ ਨਾਲ ਸਿਰਫ਼ ਇੱਕ ਡਿਗਰੀ ਹੀ ਨਹੀਂ, ਸਗੋਂ ਐਲਪੀਯੂ ਦੇ ਅਨੁਭਵ, ਕਦਰਾਂ-ਕੀਮਤਾਂ ਅਤੇ ਸਿੱਖਿਆਵਾਂ ਵੀ ਲੈ ਕੇ ਜਾ ਰਹੇ ਹੋ।

## ਚੰਡੀਗੜ੍ਹ ਵਿਖੇ ਭਲਕੇ ਲਗਾਇਆ ਜਾ ਰਿਹਾ ਸੂਬਾ ਪੱਧਰੀ ਧਰਨਾ

### ● ਜ਼ਿਲ੍ਹਾ ਹੁਸ਼ਿਆਰਪੁਰ ਤੋਂ ਸਿਹਤ ਕਾਮੇ ਵੱਡੀ ਗਿਣਤੀ 'ਚ ਕਰਨਗੇ ਸ਼ਮੂਲੀਅਤ



**ਹੁਸ਼ਿਆਰਪੁਰ (ਬਲਵੀਰ ਸੈਣੀ)** ਸਮੁੱਚੇ ਸਿਹਤ ਕਾਮਿਆਂ ਦੀ ਸੰਘਰਸ਼ਸ਼ੀਲ ਜੱਥੇਬੰਦੀ ਤਾਲਮੇਲ ਕਮੇਟੀ ਪੈਰਾ-ਮੈਡੀਕਲ ਅਤੇ ਸਿਹਤ ਕਰਮਚਾਰੀ ਪੰਜਾਬ ਵਲੋਂ ਆਪਣੀਆਂ ਮੰਗਾਂ ਦੀ ਪ੍ਰਾਪਤੀ ਅਤੇ ਉੱਚ ਅਧਿਕਾਰੀਆਂ ਦੇ ਤਾਨਾਸ਼ਾਹੀ ਰਵੱਈਏ ਵਿਰੁੱਧ 6 ਮਈ ਨੂੰ ਡਾਇਰੈਕਟਰ ਸਿਹਤ ਅਤੇ ਪਰਵਾਰ ਭਲਾਈ ਪੰਜਾਬ ਦੇ ਦਫਤਰ ਅੱਗੇ ਵਿਸ਼ਾਲ ਸੂਬਾ ਪੱਧਰੀ ਧਰਨਾ ਲਗਾਇਆ ਜਾ ਰਿਹਾ ਹੈ ਅਤੇ ਬਾਕੀ ਜ਼ਿਲ੍ਹਿਆਂ ਦੇ ਮੁਲਾਜ਼ਮਾਂ ਵਾਂਗ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਵੀ ਸਿਹਤ ਕਾਮੇਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੈਰਾ-ਮੈਡੀਕਲ ਯੂਨੀਅਨ ਦੇ ਜ਼ਿਲ੍ਹਾ ਕਨਵੀਨਰ ਮਨੋਹਰ ਸਿੰਘ ਸੈਣੀ ਵਲੋਂ ਧਰਨੇ ਵਿੱਚ ਸ਼ਮੂਲੀਅਤ ਦੀ ਤਿਆਰੀ ਸਬੰਧੀ ਕੀਤੀ ਮੀਟੰਗ ਮੌਕੇ ਕੀਤਾ।ਇਸ ਮੌਕੇ ਸੰਬੋਧਨ ਕਰਦਿਆਂ ਜੱਥੇਬੰਦੀ ਦੇ ਸੂਬਾ ਚੇਅਰਮੈਨ ਇੰਦਰਜੀਤ ਸਿੰਘ ਵਿਰਦੀ ਨੇ ਦੱਸਿਆ ਕਿ ਮੁਲਾਜ਼ਮਾਂ ਦੀਆਂ ਮੰਗਾਂ 'ਤੇ ਗੱਲਬਾਤ ਕਰਕੇ ਨਿਪਟਾਰੇ ਸਬੰਧੀ ਸਿਹਤ ਮੰਤਰੀ ਅਤੇ ਡਾਇਰੈਕਟਰ ਵਲੋਂ ਕੋਈ ਵੀ ਸਮਾਂ ਨਹੀਂ ਦਿੱਤਾ ਗਿਆ ਹੈ ਜਿਸ ਤੋਂ ਇਹ ਸਪੱਸ਼ਟ ਹੈ ਕਿ ਸਰਕਾਰ ਅਤੇ ਵਿਭਾਗ ਸਿਹਤ ਮੁਲਾਜ਼ਮਾਂ ਦੀਆਂ ਮੰਗਾਂ ਪ੍ਰਤੀ ਸੰਜੀਦਾ ਨਹੀਂ ਹੈ। ਇਸ ਧਰਨੇ ਵਿੱਚ ਜ਼ਿਲ੍ਹੇ ਦੇ ਸਾਰੇ ਹੀ ਬਲਾਕਾਂ ਵਿੱਚ ਸਿਹਤ ਕਾਮੇਂ ਭਰਵੀਂ ਸ਼ਮੂਲੀਅਤ ਕਰਨਗੇ। ਇਸ ਮੌਕੇ ਕਰਮਜੀਤ ਸਿੰਘ, ਗੁਰਦੇਵ ਸਿੰਘ, ਗੁਰਜੋਤ ਸਿੰਘ, ਬਲਜੀਤ ਸਿੰਘ, ਬਲਜਿੰਦਰ ਸਿੰਘ ਸੰਘਾ, ਲੈਂਬਰ ਸਿੰਘ, ਜਸਵਿੰਦਰ ਸਿੰਘ, ਰਣਜੀਤ ਸਿੰਘ, ਬਿਕਰਮਜੀਤ ਲਖਨਪਾਲ, ਜਤਿੰਦਰ ਮੰਡ, ਬਹਾਦਰ ਸਿੰਘ, ਬਲਵੀਰ ਕੌਰ, ਮਨਜੀਤ ਕੌਰ, ਬਲਵੀਰ ਸਿੰਘ, ਮਨਜੀਤ ਬਾਜਵਾ, ਰੋਮੀ, ਇੰਦਰਜੀਤ ਸਿੰਘ, ਗੋਪਾਲ ਮਲਹੋਤਰਾ, ਰੇਖਾ ਰਾਣੀ, ਦੀਪਾਂਜਲੀ ਭੱਟੀ, ਸ਼ਸ਼ੀ ਬਾਲਾ, ਸ਼ਮਿੰਦਰ ਕੌਰ, ਹਰਬੰਸ ਲਾਲ, ਕਸ਼ਮੀਰੀ ਲਾਲ, ਬਲਰਾਜ ਸਿੰਘ, ਰਵਿੰਦਰ ਸੈਣੀ, ਰਣਜੀਤ ਸਿੰਘ ਆਦਿ ਆਗੂ ਵੀ ਹਾਜਰ ਸਨ।

5 May Page-9.qxd 5/4/2025 9:09 PM Page 1



# ਕਿਰਤ ਕਾਨੂੰਨਾਂ 'ਚ ਮਜ਼ਦੂਰਾਂ ਵਿਰੋਧੀ ਕੀਤੀਆਂ ਸੋਧਾਂ ਨੂੰ ਰੱਦ ਕਰਵਾਉਣ ਲਈ ਲਗਾਤਾਰ ਸੰਘਰਸ਼ ਜ਼ਰੂਰੀ : ਲੋਕ ਹਿਤੈਸ਼ੀ ਕਾਫ਼ਲਾ

**ਫ਼ਗਵਾੜਾ (ਜਸਵਿੰਦਰ ਢੱਡਾ)** ਲੋਕ ਹਿਤੈਸ਼ੀ ਕਾਫ਼ਲਾ ਫ਼ਗਵਾੜਾ ਦੇ ਆਗੂਆਂ ਸੁਖਦੇਵ ਸਿੰਘ, ਹੰਸ ਰਾਜ ਬੰਗੜ, ਹਰਚਰਨ ਭਾਰਤੀ, ਗੁਰਮੁਖ ਲੋਕ ਪ੍ਰੇਮੀ, ਗੋਪਾਲ ਕ੍ਰਿਸ਼ਨ, ਜਸਵਿੰਦਰ ਸਿੰਘ ਅਤੇ ਕੁਲਦੀਪ ਸਿੰਘ ਕੌੜਾ ਦੀ ਅਗਵਾਈ ਵਿੱਚ ਮਈ ਦਿਵਸ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਟਾਊਨ ਹਾਲ ਫ਼ਗਵਾੜਾ ਦੇ ਪਾਰਕ ਵਿੱਚ ਇਕੱਠੇ ਹੋ ਕੇ ਮਜ਼ਦੂਰ ਦਿਵਸ ਮਨਾਇਆ ਗਿਆ। ਸਮਾਗਮ ਦੇ ਸ਼ੁਰੂ ਵਿੱਚ ਮਜ਼ਦੂਰ ਲਹਿਰ ਦਾ ਲਾਲ ਫਰੇਰਾ ਝੁਲਾ ਕੇ ,ਦੁਨੀਆ ਭਰ ਦੇ ਮਿਹਨਤਕਸ਼ੋ ਇੱਕ ਹੋ ਜਾਓ,ਮਈ ਦਿਵਸ ਦੇ ਸ਼ਹੀਦਾਂ ਨੂੰ ਲਾਲ ਸਲਾਮ ਆਦਿ ਨਾਅਰੇ ਲਗਾ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਸਮਾਗਮ ਨੂੰ ਅੱਗੇ ਵਧਾਉਂਦੇ ਹੋਏ ਜੰਮੂ ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਕਤਲਾਂ ਦੀ ਜ਼ੋਰਦਾਰ ਨਿਖੇਧੀ ਕਰਦੇ ਹੋਏ ਉਹਨਾਂ ਦੇ ਪਰਿਵਾਰਾਂ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਇਹਨਾਂ ਕਤਲਾਂ ਦੀ ਜਾਂਚ ਸੁਪਰੀਮ ਕੋਰਟ ਦੇ ਜੱਜ ਤੋਂ ਕਰਵਾਉਣ ਦੀ ਮੰਗ ਕੀਤੀ ਤਾਂ ਜੋ ਕਤਲਾਂ ਦੇ ਅਸਲ ਦੋਸ਼ੀ/ਸਾਜ਼ਿਸ਼ ਕਰਤਾ ਸਾਹਮਣੇ ਆ ਸਕਣ।ਇਸ ਸਮੇਂ ਜਸਵਿੰਦਰ ਸਿੰਘ, ਕਰਨੈਲ ਸਿੰਘ ਸੰਧੂ,ਹਰਚਰਨ ਭਾਰਤੀ, ਨਿਰਮੋਲਕ ਸਿੰਘ ਹੀਰਾ, ਗੋਪਾਲ ਕ੍ਰਿਸ਼ਨ, ਤਾਰਾ ਸਿੰਘ ਬੀਕਾ, ਗੁਰਮੁਖ ਲੋਕ ਪ੍ਰੇਮੀ,ਹੰਸ ਰਾਜ ਬੰਗੜ, ਕੁਲਦੀਪ ਸਿੰਘ ਕੌੜਾ, ਬਲਵੀਰ ਸਿੰਘ ਦੋਸਾਂਝ, ਸੁਰਿੰਦਰ ਪਾਲ ਪੱਦੀ ਜਗੀਰ, ਇੰਟਕ ਆਗੂ ਸ਼ਰਦਾ ਨੰਦ ਸਿੰਘ,ਸੁਖਦੇਵ ਸਿੰਘ ਆਦਿ ਨੇ ਕਿਹਾ ਕਿ ਕੇਂਦਰ ਦੀ ਮੌਜੂਦਾ ਫਾਸ਼ੀਵਾਦੀ ਹਕੂਮਤ ਨੇ ਕਰੋਨਾ ਦੇ ਦੌਰ ਵਿੱਚ ਲਾਕਡਾਊਨ ਕਰਕੇ ਜਿਵੇਂ ਖੇਤੀਬਾੜੀ ਨਾਲ ਸਬੰਧਤ ਤਿੰਨ ਕਾਲੇ ਕਾਨੂੰਨ ਪਾਸ ਕਰਕੇ ਲਿਆਂਦੇ ਸਨ ਠੀਕ ਉਸੇ ਸਮੇਂ ਹੀ ਆਪਣੇ ਕਾਰਪੋਰੇਟ ਮਿੱਤਰਾਂ ਅਤੇ ਘਰਾਣਿਆਂ ਨੂੰ ਬੇਸ਼ਕੀਮਤੀ ਲਾਭ ਦੇਣ ਲਈ ਮਜ਼ਦੂਰਾਂ ਦੇ ਹੱਕ ਦੇ



ਚੌਤਾਲੀ ਕਿਰਤ ਕਾਨੂੰਨਾਂ ਨੂੰ ਚਾਰ ਕਿਰਤ ਕੋਡਾਂ ਵਿੱਚ ਬਦਲ ਕੇ ਮਜ਼ਦੂਰਾਂ ਦੀ ਜ਼ਿੰਦਗੀ ਨੂੰ 1886 ਤੋਂ ਪਹਿਲਾਂ ਵਾਲੇ ਦੌਰ ਵਿੱਚ ਧੱਕਣ ਦਾ ਅਤਿ ਕੋਝਾ ਅਤੇ ਕਮੀਨਗੀ ਭਰਿਆ ਫੈਸਲਾ ਕੀਤਾ ਗਿਆ ਸੀ ਪਰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਉਪਰੋਕਤ ਚਾਰ ਕੋਡਾਂ ਨੂੰ ਰੱਦ ਕਰਵਾਉਣ ਲਈ ਕਿਸਾਨਾਂ ਦੇ ਅੰਦੋਲਨ ਵਾਂਗ ਮਜ਼ਦੂਰਾਂ ਦਾ ਅੰਦੋਲਨ ਲਾਮਬੰਦ ਨਹੀਂ ਹੋ ਸਕਿਆ। ਉਪਰੋਕਤ ਕੋਡਾਂ ਅਨੁਸਾਰ ਕੰਮ ਦੇ ਘੰਟੇ 8 ਤੋਂ 12 ਕਰ ਦਿੱਤੇ ਪਰ ਮਿਹਨਤਾਨੇ ਵਿੱਚ ਕੋਈ ਵੀ ਵਾਧਾ ਨਹੀਂ ਕੀਤਾ, ਸਗੋਂ ਅੱਠ ਘੰਟੇ ਤੋਂ ਬਾਅਦ ਮਿਲਣ ਵਾਲਾ ਓਵਰਟਾਈਮ ਵੀ ਖੋਹ ਲਿਆ। ਜਥੇਬੰਦੀ ਬਣਾਉਣ ਅਤੇ ਵਿਰੋਧ ਕਰਨ ਦਾ ਅਧਿਕਾਰ ਖ਼ਤਮ ਕਰ ਦਿੱਤਾ, ਮਜ਼ਦੂਰਾਂ ਦੀ ਹਾਜ਼ਰੀ ਰੱਖਣ ਦੀ ਜ਼ਰੂਰਤ ਨਹੀਂ ਕਰ ਦਿੱਤਾ,ਪੱਕੇ ਮਜ਼ਦੂਰ ਰੱਖਣ ਦੀ ਜ਼ਰੂਰਤ ਨਹੀਂ। ਸਮੂਹ ਕਿਰਤੀ ਜਥੇਬੰਦੀਆਂ ਵੱਲੋਂ ਉਪਰੋਕਤ ਚਾਰ ਕੋਡਾਂ ਨੂੰ ਰੱਦ ਕਰਵਾਉਣ ਲਈ ਲਗਾਤਾਰ ਸੰਘਰਸ਼ ਜਾਰੀ ਰੱਖਕੇ ਹੀ ਮਜ਼ਦੂਰ ਦਿਵਸ ਮਨਾਉਣਾ ਸਾਰਥਕ ਹੋ ਸਕਦਾ ਹੈ ।ਟਾਊਨ ਹਾਲ ਫ਼ਗਵਾੜਾ ਦੇ ਪਾਰਕ ਤੋਂ ਬੱਸ ਸਟੈਂਡ ਤੱਕ ਰੋਹ ਭਰਪੂਰ ਨਾਅਰੇਬਾਜ਼ੀ ਕਰਦੇ ਹੋਏ ਮਾਰਚ ਕੀਤਾ ਗਿਆ।ਇਸ ਸਮੇਂ ਹੋਰਨਾਂ ਤੋਂ ਇਲਾਵਾ ਮੋਹਣ ਸਿੰਘ ਭੱਟੀ,ਸਫ਼ਾਈ ਕਰਮਚਾਰੀ ਆਗੂ ਸੁਦੇਸ਼ ਕੁਮਾਰ ਮੱਟੂ,ਜੋਤੀ ਬਘਾਣੀਆਂ, ਦਲਜੀਤ ਸਿੰਘ, ਸੁਭਾਸ਼ ਚੰਦਰ, ਅਮਰਜੀਤ ਮੇਹਲੀ, ਰੇਸ਼ਮ ਲਾਲ, ਮਲਕੀਤ ਸਿੰਘ, ਮੋਹਣ ਸਿੰਘ, ਰਜਿੰਦਰ ਸਿੰਘ,ਰਤਨ ਸਿੰਘ, ਮਲਕੀਅਤ ਸਿੰਘ ਅੱਪਰਾ, ਅਭੀ ਰੂਪ ਸਿੰਘ, ਬਲਵਿੰਦਰ ਪ੍ਰੀਤ, ਅਵਿਨਾਸ਼ ਹਰਦਾਸਪੁਰ, ਹਰਮੇਸ਼ ਬੰਗਾ, ਸੁਖਦੇਵ ਸਿੰਘ ਗੰਢਵਾਂ, ਹਰਜਿੰਦਰ ਸਿੰਘ ਨਿਆਣਾ,ਮਹਿੰਦਰ ਪਾਲ ਇੰਦਣਾ, ਸੁਰਿੰਦਰ ਪਾਲ ਦੋਸਾਂਝ, ਕੁਲਵੰਤ ਸਿੰਘ ਭਿੰਡਰ, ਅਸ਼ਵਨੀ ਕੁਮਾਰ,ਰਾਜ ਕੁਮਾਰ ਸਾਹਨੀ, ਰੋਸ਼ਨ ਲਾਲ ਪੀਪਾਰੰਗੀ,ਮਾ.ਆਤਮਾ ਰਾਮ, ਮੈਡਮ ਅਮਰਜੀਤ ਕੌਰ, ਸਤਪਾਲ ਸਿੰਘ ਖੱਟਕੜ, ਪ੍ਰਿੰਸੀਪਲ ਗੁਰਮੀਤ ਸਿੰਘ,ਕੇ ਕੇ ਪਾਂਡੇ ,ਰਾਜ ਕੌਰ,ਅਨੀਤਾ ਦੇਵੀ, ਰਾਜਵਿੰਦਰ ਕੌਰ, ਰਣਜੀਤ ਕੌਰ, ਬਲਵਿੰਦਰ ਕੌਰ, ਮਨਜਿੰਦਰ ਕੌਰ, ਮਨਦੀਪ ਕੌਰ ਆਦਿ ਹਾਜ਼ਰ ਹੋਏ।

# ਪੰਜਾਬ ਸਰਕਾਰ ਨੇ ਜੀ ਐੱਸ ਟੀ ਪ੍ਰਾਪਤੀ 'ਚ ਕੀਤਾ ਰਿਕਾਰਡ ਕਾਇਮ : ਚੀਮਾ



**ਚੰਡੀਗੜ੍ਹ (ਗੁਰਜੀਤ ਬਿੱਲਾ)**- ਰਾਜ ਦੀ ਵਿੱਤੀ ਸਿਹਤ ਵਿੱਚ ਲਗਾਤਾਰ ਉੱਪਰ ਵੱਲ ਵਧਦੇ ਰੁਝਾਨ 'ਤੇ ਰੋਸ਼ਨੀ ਪਾਉਂਦਿਆਂ ਪੰਜਾਬ ਦੇ ਵਿੱਤ, ਯੋਜਨਾਬੰਦੀ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਐਲਾਨ ਕੀਤਾ ਕਿ ਸੂਬੇ ਨੇ ਇਸ ਸਾਲ ਅਪ੍ਰੈਲ ਵਿੱਚ 2653.77 ਕਰੋੜ ਰੁਪਏ ਦੀ ਵਸਤੂਆਂ ਅਤੇ ਸੇਵਾਵਾਂ ਕਰ (ਜੀ ਐਸ ਟੀ) ਪ੍ਰਾਪਤੀ ਨਾਲ ਕਿਸੇ ਮਹੀਨੇ ਵਿੱਚ ਹੁਣ ਤੱਕ ਦਾ ਸੱਭ ਤੋਂ ਵੱਧ ਜੀ.ਐਸ.ਟੀ ਮਾਲੀਆ ਇਕੱਤਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਉਨ੍ਹਾਂ ਕਿਹਾ ਕਿ ਅਪ੍ਰੈਲ 2025 ਦੇ ਜੀ.ਐਸ.ਟੀ ਮਾਲੀਏ ਵਿੱਚ ਅਪ੍ਰੈਲ 2024 ਦੇ ਮੁਕਾਬਲੇ 19.77 ਫੀਸਦੀ ਅਤੇ ਅਤੇ ਮਾਰਚ 2025 ਦੇ ਮੁਕਾਬਲੇ 30.84 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ।ਇੱਥੇ ਜਾਰੀ ਇੱਕ ਪ੍ਰੈਸ ਬਿਆਨ ਵਿੱਚ ਇਹ ਖੁਲਾਸਾ ਕਰਦਿਆਂ ਵਿੱਤ ਮੰਤਰੀ ਚੀਮਾ ਨੇ ਕਿਹਾ ਕਿ ਇਹ ਮਹੱਤਵਪੂਰਨ ਵਾਧਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਆਰਥਿਕ ਨੀਤੀਆਂ ਦੀ ਪ੍ਰਭਾਵਸ਼ੀਲਤਾ ਅਤੇ ਕਰਦਾਤਾਵਾਂ ਵਿੱਚ ਵਧ ਰਹੀ ਕਰਪਾਲਣਾ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਅਪ੍ਰੈਲ 2025 ਲਈ ਕੁੱਲ ਜੀ ਐਸ ਟੀ ਮਾਲੀਆ ਪ੍ਰਾਪਤੀ ਵਿੱਚ ਅਪ੍ਰੈਲ 2024 ਵਿੱਚ ਦਰਜ ਕੀਤੇ ਗਏ 2215.70 ਕਰੋੜ ਰੁਪਏ ਦੀ ਕੁੱਲ ਪ੍ਰਾਪਤੀ ਦੇ ਮੁਕਾਬਲੇ 438.07 ਕਰੋੜ ਰੁਪਏ ਦਾ ਵਾਧਾ ਹੋਇਆ, ਜਦੋਂਕਿ ਮਾਰਚ 2025 ਵਿੱਚ ਪ੍ਰਾਪਤ ਹੋਏ 2028.14 ਕਰੋੜ ਰੁਪਏ ਦੇ ਕੁੱਲ ਜੀ ਐਸ ਟੀ ਮਾਲੀਏ ਨਾਲੋਂ 625.63 ਕਰੋੜ ਰੁਪਏ ਦਾ ਵੱਡਾ ਵਾਧਾ ਦਰਜ ਕੀਤਾ ਗਿਆ।ਵਿੱਤ ਮੰਤਰੀ ਨੇ ਕਿਹਾ ਕਿ ਮਾਲੀਏ ਵਿੱਚ ਇਹ ਮਹੱਤਵਪੂਰਨ ਵਾਧਾ ਸੂਬੇ ਦੇ ਖਜ਼ਾਨੇ ਨੂੰ ਲੋੜੀਂਦਾ ਹੁਲਾਰਾ ਪ੍ਰਦਾਨ ਕਰੇਗਾ, ਜਿਸ ਨਾਲ ਸੂਬਾ ਸਰਕਾਰ ਬੁਨਿਆਦੀ ਢਾਂਚੇ ਦੇ ਵਿਕਾਸ, ਸਿੱਖਿਆ, ਸਿਹਤ ਸੰਭਾਲ ਅਤੇ ਸਮਾਜ ਭਲਾਈ ਪ੍ਰੋਗਰਾਮਾਂ ਵਰਗੇ ਮਹੱਤਵਪੂਰਨ ਖੇਤਰਾਂ ਵਿੱਚ ਹੋਰ ਨਿਵੇਸ਼ ਕਰ ਸਕੇਗੀ।ਵਿੱਤ ਮੰਤਰੀ ਚੀਮਾ ਨੇ ਇਸ ਮੀਲ ਪੱਥਰ ਨੂੰ ਪ੍ਰਾਪਤ ਕਰਨ ਵਿੱਚ ਕਰ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਮਿਹਨਤੀ ਯਤਨਾਂ ਅਤੇ ਕਰਦਾਤਾਵਾਂ ਦੁਆਰਾ ਦਿੱਤੇ ਗਏ ਸਹਿਯੋਗ ਦੀ ਵੀ ਸ਼ਲਾਘਾ ਕੀਤੀ।

# ਸਰਪੰਚ ਜਸਵੰਤ ਸਿੰਘ ਬਿੱਟੂ 'ਯੁੱਧ ਨਸ਼ਿਆਂ ਵਿਰੁੱਧ' ਵਿਧਾਨ ਸਭਾ ਕੋਆਰਡੀਨੇਟਰ ਐਲਾਨੇ


**ਟਾਂਡਾ ਉੜਮੁੜ (ਜਸਵਿੰਦਰ ਸੰਧੂ)**- ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਆਮ ਆਦਮੀ ਪਾਰਟੀ ਵੱਲੋਂ ਐਲਾਨ ਕੀਤੇ ਗਏ ਵਿਧਾਨ ਸਭਾ ਦੇ ਕੋਆਰਡੀਨੇਟਰਾਂ ਵਿੱਚ ਟਾਂਡਾ ਦੇ ਪਿੰਡ



ਜਲਾਲਪੁਰ ਨਾਲ ਸਬੰਧਤ ਸਰਪੰਚ ਜਸਵੰਤ ਸਿੰਘ ਬਿੱਟੂ ਨੂੰ ਵਿਧਾਨ ਸਭਾ ਹੁਸ਼ਿਆਰਪੁਰ ਦਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਪਾਰਟੀ ਪ੍ਰਧਾਨ ਅਮਨ ਅਰੋੜਾ ਤੇ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਜਾਰੀ ਸੂਚੀ ਅਨੁਸਾਰ ਸਰਪੰਚ ਜਸਵੰਤ ਸਿੰਘ ਬਿੱਟੂ ਨੂੰ ਇਹ ਵੱਡੀ ਜ਼ਿੰਮੇਵਾਰੀ ਦਿੱਤੀ ਗਈ ਹੈ। ਇਸ ਮੌਕੇ ਨਵ ਨਿਯੁਕਤ ਜ਼ਿਲ੍ਹਾ ਕੋਆਰਡੀਨੇਟਰ ਜਸਵੰਤ ਸਿੰਘ ਬਿੱਟੂ ਨੇ ਕਿਹਾ ਕਿ ਹਲਕਾ ਟਾਂਡਾ ਦੇ ਵਿਧਾਇਕ ਜਸਵੀਰ ਸਿੰਘ ਰਾਜਾ ਦੀ ਅਗਵਾਈ ਵਿੱਚ ਕੀਤੀ ਗਈ ਇਸ ਨਿਯੁਕਤੀ ਲਈ ਉਹ ਪਾਰਟੀ ਸੀਨੀਅਰ ਲੀਡਰਸ਼ਿਪ ਦੇ ਧੰਨਵਾਦੀ ਹਨ ਅਤੇ ਪਾਰਟੀ ਦੀਆਂ ਹਦਾਇਤਾਂ ਅਨੁਸਾਰ ਯੁੱਧ ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਨਸ਼ਿਆਂ ਦੀ ਰੋਕਥਾਮ ਲਈ ਇਸ ਮੁਹਿੰਮ ਦਾ ਹਿੱਸਾ ਬਣ ਗਏ ਅਤੇ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਨੂੰ ਖਤਮ ਕਰਨ ਵਿੱਚ ਆਪਣੀ ਟੀਮ ਸਮੇਤ ਯੋਗਦਾਨ ਪਾਉਣਗੇ। ਉਨ੍ਹਾਂ ਹੋਰ ਕਿਹਾ ਕਿ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਾਂਝੇ ਤੌਰ 'ਤੇ ਚੱਲ ਰਹੀ ਇਸ ਮੁਹਿੰਮ ਦਾ ਸਾਨੂੰ ਸਾਰਿਆਂ ਨੂੰ ਹਿੱਸਾ ਬਣਨਾ ਚਾਹੀਦਾ ਹੈ ਅਤੇ ਆਪਣੇ ਆਸ ਪਾਸ ਪਿੰਡ ਅਤੇ ਇਲਾਕੇ ਵਿੱਚ ਨਸ਼ਿਆਂ ਦੀ ਰੋਕਥਾਮ ਲਈ ਸਰਕਾਰ ਦਾ ਸਾਥ ਦੇਣਾ ਚਾਹੀਦਾ ਹੈ।

# ਸਰ ਮਾਰਸ਼ਲ ਸਕੂਲ 'ਚ ਗੁਰਸ਼ਾਨ ਸਿੰਘ ਹੈੱਡ ਬੁਆਏ ਤੇ ਜਸਮੀਤ ਕੌਰ ਹੈੱਡ ਗਰਲ ਚੁਣੇ

**ਅੱਡਾ ਸਰਾਂ (ਜਸਵੀਰ ਕਾਜਲ)**- ਸਰ ਮਾਰਸ਼ਲ ਕਾਨਵੈਂਟ ਸਕੂਲ ਨੈਣੋਵਾਲ ਵੈਦ ਵਿਖੇ ਸਟੂਡੈਂਟ ਕੌਂਸਲ ਦੀ ਚੋਣ ਹੋਈ । ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਦੇ ਨਿਰਦੇਸ਼ਾਂ ਅਨੁਸਾਰ ਪ੍ਰਿੰਸੀਪਲ ਪਰਵਿੰਦਰ ਸਿੰਘ



ਦੀ ਅਗਵਾਈ ਹੇਠ ਸਕੂਲ ਵਿੱਚ ਪਾਰਦਰਸ਼ੀ ਤਰੀਕੇ ਨਾਲ ਹੋਈ ਇਸ ਚੋਣ ਦੌਰਾਨ ਛੇਵੀਂ ਤੋਂ ਦਸਵੀਂ ਕਲਾਸ ਦੇ ਸਮੂਹ ਵਿਦਿਆਰਥੀਆਂ ਨੇ ਵੱਖ ਵੱਖ ਉਮੀਦਵਾਰਾਂ ਲਈ ਵੋਟਿੰਗ ਕੀਤੀ । ਇਸ ਚੋਣ ਵਿੱਚ ਦਸਵੀਂ ਕਲਾਸ ਦੇ ਗੁਰਸ਼ਾਨ ਸਿੰਘ ਹੈੱਡ ਬੁਆਏ ਅਤੇ ਜਸਮੀਤ ਕੌਰ ਨੂੰ ਹੈੱਡ ਗਰਲ ਚੁਣੇ ਗਏ । ਇਸ ਮੌਕੇ ਪ੍ਰਿੰਸੀਪਲ ਪਰਵਿੰਦਰ ਸਿੰਘ ਨੇ ਦੱਸਿਆ ਕਿ ਚੁਣੇ ਗਏ ਦੋਨਾਂ ਵਿਦਿਆਰਥੀਆਂ ਅਤੇ ਸਟੂਡੈਂਟ ਕੌਂਸਲ ਦੇ ਹੋਰਨਾਂ ਅਹੁਦੇਦਾਰਾਂ ਨੂੰ ਹਾਊਸ ਕਪਤਾਨਾਂ, ਸਪੋਰਟਸ ਕਪਤਾਨਾਂ ਨੂੰ ਇਕ ਸਮਾਗਮ ਦੌਰਾਨ ਸਨਮਾਨਤ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਸਟੂਡੈਂਟ ਕੌਂਸਲ ਰਾਹੀਂ ਵਿਦਿਆਰਥੀਆਂ ਵਿੱਚ ਲੀਡਰਸ਼ਿਪ ਦੇ ਗੁਣਾਂ ਦਾ ਸੰਚਾਰ ਹੁੰਦਾ ਹੈ। ਇਸ ਮੌਕੇ 'ਤੇ ਵਾਇਸ ਪ੍ਰਿੰਸੀਪਲ ਕੁਲਵੰਤ ਸਿੰਘ, ਵਾਇਸ ਪ੍ਰਿੰਸੀਪਲ ਜਸਵਿੰਦਰ ਕੌਰ, ਮਨਦੀਪ ਸਿੰਘ, ਅਮਨਦੀਪ ਕੌਰ, ਅਮਨਦੀਪ ਕੌਰ, ਸਿਮਰਪ੍ਰੀਤ, ਗੁਰਪ੍ਰੀਤ ਕੌਰ, ਮਨਿਕਾ, ਕਿਰਨਦੀਪ ਕੌਰ, ਵਿਦੂ, ਦਲਜੀਤ ਕੌਰ, ਨੀਲਮਾ ਦੇਵੀ, ਹਰਪ੍ਰੀਤ ਕੌਰ, ਰਾਜਪ੍ਰੀਤ ਕੌਰ, ਇੰਦਰਵੀਰ ਕੌਰ, ਗੁਰਪ੍ਰੀਤ ਕੌਰ, ਸੰਦੀਪ ਕੌਰ, ਪਰਮਦੀਪ ਕੌਰ ਆਦਿ ਮੌਜੂਦ ਸਨ ।

# ਰਾਜਪਾਲ ਵੱਲੋਂ ਸੋਲ੍ਹਵੀਂ ਪੰਜਾਬ ਵਿਧਾਨ ਸਭਾ ਦਾ ਸੱਦਾ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਪੰਜਾਬ ਦੇ ਰਾਜਪਾਲ ਨੇ ਸੋਲ੍ਹਵੀਂ ਪੰਜਾਬ ਵਿਧਾਨ ਸਭਾ ਲਈ ਸੋਮਵਾਰ 5 ਮਈ ਨੂੰ ਸਵੇਰੇ 11 ਵਜੇ ਪੰਜਾਬ ਵਿਧਾਨ ਸਭਾ ਹਾਲ, ਵਿਧਾਨ ਭਵਨ, ਚੰਡੀਗੜ੍ਹ ਵਿਖੇ 9ਵਾਂ ਵਿਸ਼ੇਸ਼ ਵਿਧਾਨ ਸਭਾ ਅਜਲਾਸ ਬੁਲਾਇਆ ਹੈ।

# ਹੰਬੜਾਂ ਦੇ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ 'ਚ ਨਸ਼ਿਆਂ ਸੰਬੰਧੀ ਸੈਮੀਨਾਰ

**ਅੱਡਾ ਸਰਾਂ (ਜਸਵੀਰ ਕਾਜਲ)**- ਪਿੰਡ ਹੰਬੜਾਂ ਸਰਕਾਰੀ ਐਲੀਮੈਂਟਰੀ ਸਕੂਲ ਵਿਖੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਅੱਡਾ ਸਰਾਂ ਪੁਲਸ ਚੌਕੀ ਵਲੋਂ ਨਸ਼ਿਆਂ ਸੰਬੰਧੀ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ ।



ਇਸ ਮੌਕੇ ਸਕੂਲ ਦੇ ਨਿੱਕੇ ਨਿੱਕੇ ਬੱਚਿਆਂ ਵਲੋਂ ਨਸ਼ਾ ਰੋਕੂ ਸੰਬੰਧੀ ਰੈਲੀ ਕੱਢੀ ਗਈ ਅਤੇ ਬੱਚਿਆਂ ਵਲੋਂ ਪੰਜਾਬੀਓ ਜਾਗੋ ਨਸ਼ਾ ਤਿਆਗੋ ਦੇ ਨਾਅਰੇ ਲਗਾ ਕੇ ਜਾਗਰੂਕ ਕੀਤਾ ਗਿਆ। ਇਸ ਮੌਕੇ ਪੁਲਸ ਚੌਂਕੀ ਅੱਡਾ ਸਰਾਂ ਦੇ ਇੰਚਾਰਜ ਰਾਜਵਿੰਦਰ ਸਿੰਘ ਨੇ ਬੱਚਿਆਂ ਨੂੰ ਕਾਪੀਆਂ, ਪਿੰਨ, ਸਟੇਸ਼ਨਰੀ ਵੰਡੀ ਗਈ।ਉਨ੍ਹਾ ਵਲੋਂ ਨਸ਼ਿਆਂ ਦੇ ਕੋਹੜ ਤੋਂ ਬਚਣ ਲਈ ਸੁਚੇਤ ਕੀਤਾ ਗਿਆ।ਇਸ ਮੌਕੇ ਹੈਡ ਮਾਸਟਰ ਸਤਨਾਮ ਸਿੰਘ, ਮੈਡਮ ਰਜਨੀ ਵਰਮਾ, ਮੈਡਮ ਸੂਰਜਾ ਰਾਣੀ, ਪਰਮਜੀਤ ਸਿੰਘ, ਸਰਪੰਚ ਗਿਆਨੋ ਦੇਵੀ, ਪੰਚ ਸਰੂਪ ਸਿੰਘ, ਤਰਸੇਮ ਕੌਰ, ਪਰਮਿੰਦਰ ਸਿੰਘ ਤੋਂ ਇਲਾਵਾ ਏ ਐਸ ਆਈ ਗੁਰਮੀਤ ਸਿੰਘ, ਹੈਡ ਕਾਂਸਟੇਬਲ ਬਲਵਿੰਦਰ ਸਿੰਘ ਆਦਿ ਹਾਜ਼ਰ ਸਨ।

# ਵਿਭਾਗ ਡੇਂਗੂ ਦੇ ਪ੍ਰਸਾਰ ਨੂੰ ਰੋਕਣ ਲਈ ਪੂਰੀ ਤਰ੍ਹਾਂ ਨਾਲ ਚੌਕਸ : ਡਾ. ਸਤਵਿੰਦਰਪਾਲ ਸਿੰਘ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਵਿੰਦਰਪਾਲ ਸਿੰਘ ਦੀ ਯੋਗ ਰਹਿਨੁਮਾਈ ਹੇਠ ਸਿਹਤ ਵਿਭਾਗ ਜ਼ਿਲ੍ਹੇ ਵਿੱਚ ਹਰ ਸ਼ੁੱਕਰਵਾਰ 'ਡੇਂਗੂ 'ਤੇ ਵਾਰ' ਮੈਗਾ ਮੁਹਿੰਮ ਤਹਿਤ ਡੇਂਗੂ ਦੇ ਪਸਾਰ ਨੂੰ ਰੋਕਣ ਲਈ ਪੂਰੀ ਤਰ੍ਹਾਂ ਨਾਲ ਚੌਕਸ ਹੈ। ਇਸ ਕੜੀ ਤਹਿਤ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਵਿੰਦਰਪਾਲ ਸਿੰਘ ਨੇ ਸ਼ੁੱਕਰਵਾਰ ਨੂੰ ਕੇ.ਸੀ. ਗਰੁੱਪ ਆਫ ਕਾਲਜ, ਨਵਾਂਸ਼ਹਿਰ ਵਿੱਚ ਮੁਹਿੰਮ ਦਾ ਨਿਰੀਖਣ ਕੀਤਾ। ਉਨ੍ਹਾਂ ਨੇ ਖੁਦ ਆਪਣੀ ਸਮੁੱਚੀ ਸਿਹਤ ਟੀਮ ਸਮੇਤ ਕਾਲਜ ਦੀਆਂ ਵੱਖ-ਵੱਖ ਥਾਵਾਂ 'ਤੇ ਜਾ ਕੇ ਡੇਂਗੂ ਫੈਲਾਉਣ ਵਾਲੇ ਮੱਛਰ ਦੀ ਬ੍ਰੀਡਿੰਗ ਰੋਕਣ ਲਈ ਲਾਰਵਾ ਚੈੱਕ ਕੀਤਾ। ਉਨ੍ਹਾਂ ਨੇ ਦੱਸਿਆ ਕਿ ਇਸ ਮੁਹਿੰਮ ਦਾ ਮੰਤਵ ਇਸ ਭਿਆਨਕ ਬਿਮਾਰੀ ਦੇ ਫੈਲਾਅ ਨੂੰ ਰੋਕ ਕੇ ਲੋਕਾਂ ਦੀਆਂ ਕੀਮਤੀ ਜਾਨਾਂ ਬਚਾਉਣਾ ਹੈ। ਡਾ. ਸਿੰਘ ਨੇ ਲੋਕਾਂ ਨੂੰ ਜਾਗਰੂਕ ਕਰਦੇ ਹੋਏ ਦੱਸਿਆ ਕਿ ਡੇਂਗੂ ਇਕ ਵਾਇਰਲ ਬਿਮਾਰੀ ਹੈ ਜੋ ਕਿ ਏਡੀਜ ਮੱਛਰ ਦੇ ਕੱਟਣ ਨਾਲ ਫੈਲਦੀ ਹੈ। ਇਹ ਮੱਛਰ ਦਿਨ ਵੇਲੇ ਕੱਟਦਾ ਹੈ ਅਤੇ ਇਹ ਰੁਕੇ ਹੋਏ ਸਾਫ ਪਾਣੀ ਵਿੱਚ ਹੀ ਪੈਦਾ ਹੁੰਦਾ ਹੈ। ਉਨ੍ਹਾਂ ਨੇ ਆਮ ਲੋਕਾਂ ਨੂੰ ਜਾਗਰੂਕ ਕਰਦੇ ਹੋਏ ਕਿਹਾ ਕਿ ਮੱਛਰਾਂ, ਜੋ ਸਿਰਫ ਇੱਕ ਹਫ਼ਤੇ ਵਿੱਚ ਅੰਡੇ ਤੋਂ ਵਿਕਸਿਤ ਹੋ ਸਕਦੇ ਹਨ, ਦੇ ਪ੍ਰਜਨਨ ਚੱਕਰ ਨੂੰ ਤੋੜਨ ਦੀ ਲੋੜ ਤੇ ਜ਼ੋਰ ਦਿੱਤਾ ਜਾਵੇ। ਇਸ ਲਈ ਉਹ ਆਪਣੇ ਘਰਾਂ, ਫਰਿੱਜਾਂ ਦੀਆਂ ਟਰੇਆਂ, ਕੂਲਰਾਂ, ਕੰਟੇਨਰਾਂ, ਗਮਲਿਆਂ, ਛੱਤਾਂ 'ਤੇ ਪਏ ਕਬਾੜ ਆਦਿ ਸਮੇਤ ਪਾਣੀ ਖੜ੍ਹਾ ਹੋਣ ਦੀ ਸੰਭਾਵਨਾ ਵਾਲੀਆਂ ਸਾਰੀਆਂ ਸੰਭਾਵਿਤ ਥਾਵਾਂ ਨੂੰ ਹਰੇਕ ਹਫਤੇ ਸਾਫ਼ ਕਰਕੇ ਸੁਕਾਉਣ। ਘਰਾਂ ਅੰਦਰ ਅਤੇ ਘਰਾਂ ਦੇ ਆਲੇ-ਦੁਆਲੇ ਪਾਣੀ ਖੜ੍ਹਾ ਹੋਣ ਕਾਰਨ ਮੱਛਰ ਦੇ ਪ੍ਰਜਨਨ ਵਿੱਚ ਹੁੰਦੇ ਵਾਧੇ ਨੂੰ ਰੋਕਣ ਦੀ ਸਖ਼ਤ ਲੋੜ ਹੈ। ਇਸ ਮੁਹਿੰਮ ਦਾ ਕੇਂਦਰ ਬਿੰਦੂ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨਾ ਹੈ ਤਾਂ ਜੋ ਡੇਂਗੂ ਆਪਣੇ ਪੈਰ ਨਾ ਪਸਾਰ ਸਕੇ। ਘਰਾਂ ਅੰਦਰ ਅਤੇ ਘਰਾਂ ਦੇ ਆਲੇ-ਦੁਆਲੇ ਪਾਣੀ ਖੜ੍ਹਨ ਕਾਰਨ ਪੈਦਾ ਹੋਈਆਂ ਬਿਮਾਰੀਆਂ 'ਤੇ ਕਾਬੂ ਪਾਉਣਾ ਸਾਡਾ ਸਾਰਿਆਂ ਦਾ ਮੁੱਢਲਾ ਫ਼ਰਜ਼ ਹੈ। ਉਨ੍ਹਾਂ ਨੇ ਕਿਹਾ ਕਿ ਜਾਗਰੂਕਤਾ ਹੀ ਇਸ ਬਿਮਾਰੀ ਉਤੇ ਕਾਬੂ ਪਾਉਣ ਦੀ ਕੁੰਜੀ ਹੈ। ਉਨ੍ਹਾਂ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਡੇਂਗੂ ਵਿਰੁੱਧ ਮੁਹਿੰਮ ਵਿੱਚ ਸਿਹਤ ਵਿਭਾਗ ਦਾ ਸਾਥ ਦੇਣ।



# ਵਿਕਾਸ ਕੰਮਾਂ ਤੋਂ ਜਾਣੂ ਕਰਵਾਇਆ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਟੇਕ ਚੰਦ ਫਰਮਾਹ ਪੁੱਤਰ ਰਾਮ ਲੋਕ ਫਰਮਾਹ ਜੀ ਯੂ ਕੇ ਵਾਲਿਆਂ ਵੱਲੋਂ ਇਸ ਸੰਸਥਾ ਵਿੱਚ ਆਪਣੀ ਨੇਕ ਕਮਾਈ ਵਿੱਚੋਂ ਹੇਠ ਲਿਖੇ ਕੰਮ ਕਰਵਾਏ ਗਏ। ਈ ਰਿਕਸ਼ਾ 100000, ਰਸੋਈ ਫਰਸ਼ੀ ਟਾਈਲ 55000, ਦੋ ਵਿਦਿਆਰਥੀਆਂ ਦੀਆਂ ਕਾਲਜ ਦੀਆਂ ਸਲਾਨਾ ਫੀਸਾਂ 50000, ਨਵੀਆਂ ਸਿਲਾਈ ਮਸ਼ੀਨਾਂ 45000, ਇਨਵਰਟਰ 40000, ਕਾਪੀਆਂ 25000, ਸਿਲਾਈ ਮ੍ਰਿਉਜ਼ਿਕ ਟੀਚਰ ਦੀ ਤਨਖਾਹ ਪ੍ਰਤੀ ਮਹੀਨਾ 6000, ਦੋ ਵਿਦਿਆਰਥੀਆਂ ਦੇ ਪਰਵਾਰਾਂ ਨੂੰ ਹਰ ਮਹੀਨੇ ਰਾਸ਼ਨ 3000, ਟੇਕ ਚੰਦ ਫਰਮਾਹ ਨੇ ਇਹ ਵੀ ਵਿਸ਼ਵਾਸ ਦਿਵਾਇਅ ਕਿ ਸਕੂਲ ਵਿੱਚ ਹੋਰ ਕਾਰਜ ਵੀ ਭਵਿੱਖ ਵਿੱਚ ਕਰਾਏ ਜਾਂਦੇ ਰਹਿਣਗੇ।

# ਧਾਰਮਿਕ ਪ੍ਰੀਖਿਆ 'ਚ ਅੱਵਲ ਆਉਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੰਡੇ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਸਿੱਖ ਮਿਸ਼ਨਰੀ ਕਾਲਜ ਰਜਿ. ਲੁਧਿਆਣਾ ਵੱਲੋਂ ਹਰ ਸਾਲ ਸਾਲਾਨਾ ਧਾਰਮਿਕ ਪ੍ਰੀਖਿਆ ਵੱਖ ਵੱਖ ਸਕੂਲਾਂ ਵਿੱਚ ਕਰਵਾਈ ਜਾਂਦੀ ਹੈ ਅਤੇ ਬੱਚਿਆਂ ਨੂੰ ਉਤਸ਼ਾਹਤ ਕਰਨ ਵਾਸਤੇ ਚੰਗੇ ਨੰਬਰ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੰਡੇ ਜਾਂਦੇ ਹਨ। ਸਿੱਖ ਮਿਸ਼ਨਰੀ ਕਾਲਜ ਸਰਕਲ ਪੁਰਹੀਰਾਂ ਵੱਲੋਂ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਅੱਵਲ ਆਏ ਵਿਦਿਆਰਥੀਆਂ ਨੂੰ ਇਨਾਮ ਵੰਡ ਸਮਾਗਮ ਕੀਤਾ ਗਿਆ।ਸਕੂਲ ਦੇ 115 ਵਿਦਿਆਰਥੀਆਂ ਨੇ ਇਸ ਪ੍ਰੀਖਿਆ ਵਿੱਚ ਭਾਗ ਲਿਆ ਸੀ ਜਿਸ ਵਿੱਚੋਂ ਰਮਨੀਕ ਸਿੰਘ, ਅਰਨਵ ਯਾਦਵ, ਮਨਜੀਤ ਕੌਰ ,ਹਰਸਿਮਰ ਕੌਰ ਨੇ 60 ਪ੍ਰਤੀਸ਼ਤ ਤੋਂ ਵੱਧ ਨੰਬਰ ਪ੍ਰਾਪਤ ਕਰਕੇ ਸੀ ਗਰੇਡ, ਪ੍ਰਭਪ੍ਰੀਤ ਸਿੰਘ, ਪ੍ਰਭਸਿਮਰਨ ਸਿੰਘ ਨੇ 70 ਪ੍ਰਤੀਸ਼ਤ ਤੋਂ ਵੱਧ ਨੰਬਰ ਲੈ ਕੇ ਬੀ ਗਰੇਡ ਅਤੇ ਹਰਗੁਨਪ੍ਰੀਤ ਕੌਰ ਨੇ 80 ਪ੍ਰਤੀਸ਼ਤ ਵੱਧ ਨੰਬਰ ਲੈ ਕੇ ਏ ਗਰੇਡ ਇਨਾਮ ਪ੍ਰਾਪਤ ਕੀਤਾ। ਬਾਕੀ ਵਿਦਿਆਰਥੀ ਚੰਗੇ ਨੰਬਰ ਲੈ ਕੇ ਪਾਸ ਹੋਏ।ਹਰਜਿੰਦਰ ਸਿੰਘ ਅਸਲਾਮਾਬਾਦ ਨੇ ਆਖਿਆ ਕੇ ਵਿਦਿਆਰਥੀਆਂ ਦੇ ਅੰਦਰ ਨੈਤਿਕ ਕਦਰਾਂ ਕੀਮਤਾਂ ਪੈਦਾ ਕਰਨ ਲਈ ਇਹ ਧਾਰਮਿਕ ਪ੍ਰੀਖਿਆ ਹਰ ਸਾਲ ਕਰਵਾਈ ਜਾਂਦੀ ਹੈ ਤਾਂ ਜੋ ਵਿਦਿਆਰਥੀਆਂ ਦਾ ਜੀਵਨ ਵਧੀਆ ਹੋ ਸਕੇ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਪਰਮਜੀਤ ਕੌਰ ਨੇ ਅੱਵਲ ਆਏ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਅਗਲੀ ਧਾਰਮਿਕ ਪ੍ਰੀਖਿਆ ਵਿੱਚ ਵੱਧ ਤੋਂ ਵੱਧ ਭਾਗ ਲੈਣ ਵਾਸਤੇ ਪ੍ਰੇਰਿਤ ਕੀਤਾ। ਇਸ ਮੌਕੇ ਨਰਿੰਦਰ ਸਿੰਘ ਸਰਕਲ ਇੰਚਾਰਜ ਪੁਰਹੀਰਾਂ, ਪ੍ਰਗਟ ਸਿੰਘ, ਬਲਜੀਤ ਸਿੰਘ, ਨਛੱਤਰ ਸਿੰਘ ਖੁਸ਼ਮਨਜੀਤ ਮਿਸ਼ਨਰੀ ਮੈਂਬਰਾਂ ਤੋਂ ਇਲਾਵਾ ਸਕੂਲ ਵਾਇਸ ਪ੍ਰਿੰਸੀਪਲ ਬਲਵੀਰ ਕੌਰ, ਧਾਰਮਿਕ ਟੀਚਰ ਮਨਪ੍ਰੀਤ ਕੌਰ, ਪਰਮਿੰਦਰ ਕੌਰ, ਅਮਨਪ੍ਰੀਤ ਕੌਰ, ਗੁਰਜੀਤ ਕੌਰ,ਬਲਜਿੰਦਰ ਸਿੰਘ, ਦਲਜੀਤ ਕੌਰ ਆਦਿ ਹਾਜ਼ਰ ਸਨ।



# ਸਰਕਾਰੀ ਹਾਈ ਸਕੂਲ ਮਹਿਸਮਪੁਰ ਵਿਖੇ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ



**ਮਹਿਤਪੁਰ (ਰਾਜਾ)**- ਸਿੱਖਿਆ ਕ੍ਰਾਂਤੀ ਦੇ ਤਹਿਤ ਸਰਕਾਰੀ ਹਾਈ ਸਕੂਲ ਵਿਖੇ ਮਹਿਸਮਪੁਰ ਵਿਖੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਦੀ ਟੀਮ ਵੀ ਹਾਜ਼ਰ ਸੀ। ਇਸ ਮੌਕੇ ਸਮੂਹ ਪੰਚਾਇਤ ਐਸ ਐਮ ਸੀ ਕਮੇਟੀ ਸਰਪੰਚ ਦਲਬੀਰ ਸਿੰਘ, ਮੋਹਨ ਲਾਲ ਅਤੇ ਸਮੂਹ ਪੰਚਾਇਤ ਮੈਂਬਰ ਹਾਜ਼ਰ ਸਨ, ਬਲਾਕ ਨੋਡਲ ਅਫਸਰ ਰੁਚੀ ਅਹੂਜਾ ਵੀ ਉਚੇਚੇ ਤੌਰ 'ਤੇ ਪੁੱਜੇ। ਇਸ ਦੌਰਾਨ ਉਨ੍ਹਾਂ ਨੇ ਸਕੂਲ ਦੀ ਗਰਾਊਂਡ ਸਪੋਰਟਸ ਅਤੇ ਸਕੂਲ ਦੀਆਂ ਹੋਰ ਜ਼ਰੂਰੀ ਮੰਗਾਂ 'ਤੇ ਧਿਆਨ ਦਿੱਤਾ ਤੇ ਪੂਰੀਆਂ ਕਰਨ ਦਾ ਵਾਅਦਾ ਕੀਤਾ । ਸਟੇਟ ਜ਼ਿਲ੍ਹਾ ਅਤੇ ਜ਼ੋਨ ਪੱਧਰ ਤੇ ਜੇਤੂ ਖਿਡਾਰੀਆਂ ਨੂੰ ਉਹਨਾਂ ਦੁਆਰਾ ਇਨਾਮ ਵੀ ਦਿੱਤੇ ਗਏ। ਸਟਾਫ ਅਤੇ ਪੰਚਾਇਤ ਦੁਆਰਾ ਪਰਮਿੰਦਰ ਪੰਡੋਰੀ ਜੀ ਦਾ ਸਨਮਾਨ ਕੀਤਾ ਗਿਆ ਅਤੇ ਬਲਾਕ ਨੋਡਲ ਅਫਸਰ ਰੁਚੀ ਅਹੂਜਾ ਜੀ ਦਾ ਵੀ ਸਨਮਾਨ ਕੀਤਾ ਗਿਆ। ਆਏ ਹੋਏ ਹੋਰ ਪਤਵੰਤੇ ਸੱਜਣਾਂ ਨੂੰ ਵੀ ਸਨਮਾਨਤ ਕੀਤਾ ਗਿਆ। ਮੁੱਖ ਮਹਿਮਾਨ ਪਰਮਿੰਦਰ ਪੰਡੋਰੀ, ਉਹਨਾਂ ਦੀ ਟੀਮ, ਸਮੂਹ ਪੰਚਾਇਤ ਸਰਪੰਚ ਹੋਰ ਮੈਂਬਰਾਂ ਨੂੰ ਸਕੂਲ ਮੁਖੀ ਰਕੇਸ਼ ਕੁਮਾਰ ਅਤੇ ਉਹਨਾਂ ਦੇ ਸਟਾਫ ਮੈਂਬਰਾਂ ਵੱਲੋਂ ਜੀ ਆਇਆਂ ਕਿਹਾ ਗਿਆ ਅਤੇ ਧੰਨਵਾਦ ਕੀਤਾ ਗਿਆ।

# ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਨੂੰ ਸਮਰਪਤ ਵਿਸ਼ਾਲ ਮਾਰਚ

**ਕਪੂਰਥਲਾ (ਮਨਜੀਤ ਮਾਨ)** ਬੀਤੇ ਦਿਨੀਂ ਭੀਮ ਰਾਓ ਯੁਵਾ ਫੋਰਸ (ਮਿਸ਼ਨ ਅੰਬੇਡਕਰ) ਵਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਨੂੰ ਸਮਰਪਤ ਮੁਹੱਲਾ ਸ਼ਹਿਰੀਆਂ ਤੋਂ ਵਿਸ਼ਾਲ ਨੀਲਾ ਮਾਰਚ ਭੀਮ ਰਾਓ ਯੁਵਾ ਫੋਰਸ ਮਿਸ਼ਨ ਅੰਬੇਡਕਰ ਦੇ ਮੁਖੀ ਅਮਨ ਸਹੋਤਾ ਦੀ ਅਗਵਾਈ ਹੇਠ ਕੱਢਿਆ ਗਿਆ। ਜੋ ਸ਼ਹਿਰ ਦੇ ਵੱਖ ਵੱਖ ਬਜ਼ਾਰਾਂ ਵਿੱਚ ਹੁੰਦੇ ਹੋਏ ਮਾਲ ਰੋਡ ਵਿਖੇ ਸਮਾਪਤ ਹੋਇਆ। ਇਸ ਨੀਲਾ ਮਾਰਚ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਲੋਕ ਨੀਲੇ ਝੰਡੇ ਲੈ ਕੇ ਸ਼ਾਮਲ ਹੋਏ। ਇਸ ਮੌਕੇ ਅਮਨ ਸਹੋਤਾ ਨੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਨੂੰ ਆਪਣੇ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਕਿਹਾ ਕਿ ਡਾ.ਭੀਮ ਰਾਓ ਅੰਬੇਡਕਰ ਨੂੰ ਭਾਰਤ ਦੇ ਗੌਰਵ ਅਤੇ ਸੰਵਿਧਾਨ ਦੇ ਨਿਰਮਾਤਾ ਵਜੋਂ ਜਾਣਿਆ ਜਾਂਦਾ ਹੈ। ਉਹ ਸਮਾਜ ਸੁਧਾਰਕ, ਨਿਆ ਸ਼ਾਸਤਰੀ, ਅਰਥ ਸ਼ਾਸਤਰੀ, ਲੇਖਕ, ਸਿਆਸਤਦਾਨ ਤੇ ਦਲਿਤ ਬੋਧੀ ਅੰਦੋਲਨ ਲਈ ਇਕ ਪ੍ਰੇਰਨਾ ਸ੍ਰੋਤ ਸਨ। ਅੰਬੇਡਕਰ ਸਾਹਿਬ ਸਾਡੇ ਮਾਰਗ ਦਰਸ਼ਕ ਹਨ। ਉਨ੍ਹਾਂ ਦੀ ਸੋਚ ਸਦਕਾ ਹੀ ਅੱਜ ਦੇਸ਼ ਅੱਗੇ ਵਧ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਬਾਬਾ ਸਾਹਿਬ ਸਾਡੇ ਸੰਵਿਧਾਨ ਅਤੇ ਦੇਸ਼ ਦੀ ਸ਼ਾਨ ਹਨ,



ਉਨ੍ਹਾਂ ਦਾ ਸਤਿਕਾਰ ਕਰਨਾ ਹਰ ਭਾਰਤੀ ਦਾ ਫਰਜ਼ ਹੈ। ਉਹ ਭਾਰਤ ਦੇ ਇਕ ਅਨਮੋਲ ਰਤਨ ਅਤੇ ਦਲਿਤਾਂ ਦੇ ਮਸੀਹਾ ਸਨ। ਸਹੋਤਾ ਨੇ ਬੀਤੇ ਦਿਨੀਂ ਖਾਲਿਸਤਾਨੀ ਸਮਰਥਕ ਗੁਰਪਤਵੰਤ ਪੰਨੂ ਵੱਲੋਂ ਡਾ.ਭੀਮ ਰਾਓ ਅੰਬੇਡਕਰ ਬਾਰੇ ਦਿੱਤੇ ਗਏ ਅਪਮਾਨਜਨਕ ਬਿਆਨ 'ਤੇ ਕਿਹਾ ਕਿ ਪੰਨੂ ਨੂੰ ਅੰਬੇਡਕਰ ਦੇ ਦੇਸ਼ ਪ੍ਰਤੀ ਯੋਗਦਾਨ ਬਾਰੇ ਕੁਝ ਨਹੀਂ ਪਤਾ। ਇਸੇ ਲਈ ਉਹ ਇੰਨੀਆਂ ਘਟੀਆ ਟਿੱਪਣੀਆਂ ਕਰ ਰਿਹਾ ਹੈ। ਇੰਨੀ ਮਹਾਨ ਸ਼ਖ਼ਸੀਅਤ ਵਿਰੁੱਧ ਇੰਨਾ ਘਟੀਆ ਬਿਆਨ ਦੇਣਾ ਬਹੁਤ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਗੁਰਪਤਵੰਤ ਸਿੰਘ ਪੰਨੂ ਦਾ ਸਿੱਖ ਧਰਮ ਨਾਲ ਸਬੰਧ ਹੈ ਪਰ ਉਨ੍ਹਾਂ ਨੂੰ ਸਿੱਖ ਧਰਮ ਦਾ ਕੋਈ ਗਿਆਨ ਨਹੀਂ । ਸਿੱਖ ਧਰਮ ਦੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਦਲਿਤਾਂ ਨੂੰ ਰੰਗਰੇਟੇ ਗੁਰੂ ਦੇ ਬੇਟੇ ਕਿਹਾ। ਉਨ੍ਹਾਂ ਕਿਹਾ ਕਿ ਦਰਅਸਲ ਪੰਨੂ ਦੀ ਦੁਕਾਨਦਾਰੀ ਅਜਿਹੇ ਬਿਆਨਾਂ 'ਤੇ ਚੱਲਦੀ ਹੈ। ਸਹੋਤਾ ਨੇ ਪੰਨੂ ਨੂੰ ਚੁਣੌਤੀ ਦਿੰਦੇ ਹੋਏ ਕਿਹਾ ਕਿ ਹਿੰਮਤ ਹੈ ਤਾਂ ਇੱਥੇ ਆ ਕੇ ਅਜਿਹੀਆਂ ਗੱਲਾਂ ਕਹੇ।ਸਰਕਾਰ ਪੰਨੂ ਨੂੰ ਤੁਰੰਤ ਨੱਥ ਪਾਵੇ ਅਤੇ ਵਿਦੇਸ਼ ਤੋਂ ਭਾਰਤ ਲਿਆ ਕੇ ਜੇਲ੍ਹ ਵਿੱਚ ਬੰਦ ਕਰੇ ਅਤੇ ਇਸ ਨੂੰ ਫਾਂਸੀ ਦੀ ਸਜ਼ਾ ਦੇਵੇ। ਇਸ ਮੌਕੇ ਦੀਪਕ ਤੇਲੂ, ਵਿਪਨ ਸੱਭਰਵਾਲ, ਰਵੀ ਪਾਲ, ਅਜੈ ਪਾਲ, ਗੌਰਵ ਵਾਲਮੀਕਿ, ਬੱਬੂ ਥਾਪਰ, ਨਿੱਕਾ ਸੂਰਜਪਾਲ, ਕਰਨ ਸਹੋਤਾ, ਸਾਹਿਲ ਰਾਜਪੂਤ, ਪਵਨ ਸੱਭਰਵਾਲ, ਰਾਹੁਲ ਕਪੂਰ, ਲਵ ਮੋਠਾਂਵਾਲ, ਤੀਰਥ ਰਾਮ ਨਾਹਰ, ਮਨੀ ਆਦੀਆ, ਹਰਪ੍ਰੀਤ ਖਾਨੋਵਾਲ, ਗਲੋਈ ਭਗਤਪੁਰ, ਮਨਪ੍ਰੀਤ ਭਗੋਰਾਈਆਂ, ਸਤਬੀਰ ਸ਼ਾਹਕੋਟ, ਅਵਤਾਰ ਰਜ਼ਾਪੁਰ, ਵਿੱਕੀ ਸਿੱਧਵਾਂ, ਜਗਤਾਰ ਕੜਾਲ ਕਲਾਂ, ਕਮਲ ਕੱਚਾ, ਵਿਜੇ ਕੁਮਾਰ ਉੱਚਾ, ਸਤਵੀਰ ਸ਼ਾਹਕੋਟ, ਬਾਬਾ ਅਵਤਾਰ ਸਿੰਘ ਗੋਪੀਪੁਰ, ਸੋਨੀ ਸਹੋਤਾ, ਸੁਨੀਲ ਤਰਲੋਕ ਪੂਰਾ, ਕਰਨ, ਰੋਹਿਤ ਗਿੱਲ, ਜਸਪ੍ਰੀਤ ਕਾਲਰੂ ਹਾਜ਼ਰ ਸਨ।

# ਢੰਡੋਵਾਲ ਵਿਖੇ ਛਬੀਲ ਲਗਾਈ

**ਸ਼ਾਹਕੋਟ (ਗਿਆਨ ਸੈਦਪੁਰੀ)**- ਨੇੜਲੇ ਪਿੰਡ ਨੰਗਲ ਅੰਬੀਆਂ ਵਿਖੇ ਮਾਤਾ ਪੰਜਾਬ ਕੌਰ ਦਾ ਸਾਲਾਨਾ ਮੇਲਾ ਮਨਾਇਆ ਜਾ ਰਿਹਾ ਹੈ। ਮੇਲੇ ਵਿੱਚ ਆ ਰਹੀ ਸੰਗਤ ਵਾਸਤੇ ਢੰਡੋਵਾਲ




ਦੇ ਨੌਜਵਾਨਾਂ ਵੱਲੋਂ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਮੌਕੇ ਡਾ. ਬੀ. ਆਰ ਅੰਬੇਡਕਰ ਆਰਮੀ ਪੰਜਾਬ ਦੇ ਸੂਬਾ ਪ੍ਰਧਾਨ ਕੁਲਵੰਤ ਸਿੰਘ ਢੰਡੋਵਾਲ ਅਤੇ ਸੁਰਜੀਤ ਸਿੰਘ ਸਾਬਕਾ ਸਰਪੰਚ ਢੰਡੋਵਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਉਨ੍ਹਾਂ ਸਰਬੱਤ ਦੇ ਭਲੇ ਦੀ ਅਰਦਾਸ ਕਰਦਿਆਂ ਨੌਜਵਾਨਾਂ ਨੂੰ ਸਮਾਜ ਵਿੱਚ ਹੋਰ ਵੀ ਚੰਗੇ ਕੰਮ ਕਰਨ ਲਈ ਪ੍ਰੇਰਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗਗਨਦੀਪ ਦੌਧਰ ਪ੍ਰਧਾਨ, ਵਿਸ਼ਾਲ ਦੌਧਰ, ਰਜਤ ਦੌਧਰ, ਅਕਾਸ਼ਦੀਪ ਦੌਧਰ, ਵਿਜੇਪਾਲ ਦੌਧਰ, ਸੁੱਖਾ ਦੌਧਰ, ਨਵੀ ਦੌਧਰ, ਵੰਸ਼ ਦੌਧਰ, ਸਤਨਾਮ ਗੱਗੂ, ਕਿਰਨਾ, ਰਵੀ, ਅਜੇਪਾਲ ਸੈਕਟਰੀ, ਗੁਰਮੀਤ ਸ਼ੀਨਾ ਆਦਿ ਮੌਜੂਦ ਸਨ।

# ਪਾਣੀਆਂ ਦੇ ਮੁੱਦੇ 'ਤੇ ਰਾਜਨੀਤਿਕ ਧਿਰਾਂ ਦਾ ਇਕ-ਮੱਤ ਹੋਣਾ ਸ਼ਲਾਘਾਯੋਗ : ਸੰਜੀਵਨ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਅਤੇ ਪੰਜਾਬੀਆਂ ਨਾਲ ਪਾਣੀਆਂ ਦੇ ਮੁੱਦੇ 'ਤੇ ਦਹਾਕਿਆਂ ਤੋਂ ਹੋ ਰਹੀ ਧੱਕੇਸ਼ਾਹੀ ਖਿਲਾਫ਼ ਤਮਾਮ ਰਾਜਨੀਤਿਕ ਧਿਰਾਂ ਦਾ ਪੰਜਾਬ ਦੇ ਮੁੱਖ-ਮੰਤਰੀ ਭਗਵੰਤ ਮਾਨ ਦੀ ਪਹਿਲ-ਕਦਮੀ 'ਤੇ ਇਕ-ਮੱਤ ਅਤੇ ਇਕ-ਜੁੱਟ ਹੋਣ ਦੀ ਸ਼ਲਾਘਾ ਕਰਦਿਆਂ ਨਾਟਕਕਾਰ ਤੇ ਨਾਟ-ਨਿਰਦੇਸ਼ਕ ਸੰਜੀਵਨ ਸਿੰਘ ਨੇ ਕਿਹਾ ਹੈ ਕਿ ਜੇ ਪੰਜਾਬ ਦੀਆਂ ਸਾਰੀਆਂ ਰਾਜਨੀਤਿਕ ਧਿਰਾਂ ਆਪਣੇ ਮੱਤਭੇਦਾਂ ਅਤੇ ਗਿਲੇ-ਸ਼ਿਕਵਿਆਂ ਨੂੰ ਭੁਲਾ ਕੇ ਪੰਜਾਬ ਦੇ ਭਖਦੇ ਮਸਲਿਆਂ ਨੂੰ ਲੈ ਕੇ ਇਕ ਮੰਚ 'ਤੇ ਇਕ ਅਵਾਜ਼ ਵਿਚ ਹਾਅ ਦਾ ਨਾਹਰਾ ਬੁਲੰਦ ਕਰਨ ਤਾਂ ਪੰਜਾਬ ਅਤੇ ਪੰਜਾਬੀਆਂ ਨਾਲ ਕੋਈ ਵੀ ਤਾਕਤ, ਕਿਸੇ ਵੀ ਕਿਸਮ ਦਾ ਧੱਕਾ ਕਰਨ ਦੀ ਹਿਮਾਕਤ ਨਹੀਂ ਕਰ ਸਕਦੀ।ਸੰਜੀਵਨ ਨੇ ਅੱਗੇ ਕਿਹਾ ਕਿ ਪੰਜਾਬ-ਹਰਿਆਣਾ ਦਰਮਿਆਨ ਵਾਧੂ ਪਾਣੀ ਨੂੰ ਲੈ ਕੇ ਛਿੜੇ ਕਲੇਸ਼ 'ਚ ਪੰਜਾਬ ਦੇ ਅਫਸਰ ਨਾਇਕ ਜਲ ਸਰੋਤ ਵਿਭਾਗ ਦੇ ਮੁਖੀ ਕ੍ਰਿਸ਼ਨ ਕੁਮਾਰ, ਭਾਖੜਾ ਡੈਮ ਦੇ ਮੁੱਖ ਇੰਜਨੀਅਰ ਚਰਨਪ੍ਰੀਤ ਸਿੰਘ ਅਤੇ ਹੋਰ ਅਧਿਕਾਰੀ ਅਕਾਸ਼ਦੀਪ ਸਿੰਘ ਅਤੇ ਅਮਿਤ ਸਹੋਤਾ ਨੂੰ ਸਲਾਮ ਕਰਦਿਆਂ ਕਿਹਾ ਹੈ ਕਿ ਇਨ੍ਹਾਂ ਚਾਰਾਂ ਅਫਸਰਾਂ ਨੇ ਪੰਜਾਬ ਅਤੇ ਪੰਜਾਬੀਆਂ ਦੀ ਸਾਹ-ਰਗ (ਪਾਣੀਆਂ) ਵਰਗੇ ਅਹਿਮ ਮੁੱਦੇ ਦੀ ਆਪਣੀ ਨੌਕਰੀ ਅਤੇ ਭਵਿਖ ਦੀ ਪ੍ਰਵਾਹ ਕੀਤੇ ਬਿਨਾਂ ਜਿਸ ਦ੍ਰਿੜ੍ਹਤਾ ਅਤੇ ਦਲੇਰੀ ਨਾਲ ਹਿਫ਼ਾਜ਼ਤ ਕੀਤੀ ਹੈ, ਉਸ ਦੀ ਪ੍ਰਸੰਸਾ ਕਰਨਾ ਹਰ ਉਸ ਇਨਸਾਨ ਦੇ ਇਖ਼ਲਾਕੀ ਫਰਜ਼ ਜੋ ਪੰਜਾਬ ਅਤੇ ਪੰਜਾਬੀਆਂ ਦਾ ਭਲਾ ਲੋਚਦਾ ਹੈ।

# ਧੂੰਏਂ ਤੋਂ ਮਨੁੱਖੀ ਸਿਹਤ 'ਤੇ ਪੈਣ ਵਾਲੇ ਮਾੜੇ ਪ੍ਰਭਾਵ ਤੋਂ ਬਚਾਅ ਸੰਬੰਧੀ ਮੈਡੀਕਲ ਕੈਂਪ

**ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਂਕਾਰ ਸਿੰਘ)**- ਸਿਵਲ ਸਰਜਨ ਡਾ: ਪਵਨ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾ: ਕਰਨ ਕੁਮਾਰ ਸੈਣੀ ਐਸ.ਐਮ.ਓ ਟਾਂਡਾ ਦੀ ਯੋਗ ਅਗਵਾਈ ਹੇਠ



ਹਾੜੀ ਦੇ ਸੀਜਨ ਨੂੰ ਮੁੱਖ ਰੱਖਦੇ ਹੋਏ ਸਮੂਹ ਮੈਡੀਕਲ ਟੀਮਾਂ ਨੂੰ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਤਿਆਰ ਰਹਿਣ ਦੇ ਆਦੇਸ਼ ਦਿੱਤੇ ਗਏ ਹਨ। ਇਸੇ ਤਹਿਤ ਪਿਛਲੀ ਰਾਤ ਪਿੰਡ ਕੰਧਾਰੀ ਚੱਕ ਵਿੱਚ ਕਣਕ ਦੇ ਨਾੜ ਨੂੰ ਅੱਗ ਲੱਗਣ ਕਾਰਨ ਉਸਦੇ ਧੂਏ ਤੋਂ ਮਨੁੱਖੀ ਸਿਹਤ 'ਤੇ ਪੈਣ ਵਾਲੇ ਮਾੜੇ ਪ੍ਰਭਾਵ ਤੋਂ ਬਚਾਅ ਸੰਬੰਧੀ ਡਾ: ਕਰਨ ਸਿੰਘ ਵਿਰਕ ਦੀ ਅਗਵਾਈ ਹੇਠ ਇੱਕ ਮੈਡੀਕਲ ਕੈਂਪ ਲਗਾਇਆ ਗਿਆ। ਜਿਸ ਵਿੱਚ ਪਿੰਡ ਦੇ ਵਸਨੀਕਾਂ ਦੀ ਸਰੀਰਕ ਜਾਂਚ ਕਰਕੇ ਉਹਨਾਂ ਨੂੰ ਲੋੜੀਂਦੀਆਂ ਦਵਾਈਆਂ ਦਿੱਤੀਆਂ ਗਈਆਂ ।ਇਸ ਮੌਕੇ ਡਾ: ਕਰਨ ਕਮਾਰ ਸੈਣੀ ਐਸ.ਐਮ.ਓ ਟਾਂਡਾ ਨੇ ਲੋਕਾਂ ਨੂੰ ਕਣਕ ਦੇ ਨਾੜ ਨੂੰ ਅੱਗ ਨਾ ਲਗਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਦੇ ਧੂਏਂ ਤੋਂ ਮਨੁੱਖ ਦੇ ਸਰੀਰ ਤੇ ਲੰਬੇ ਸਮੇਂ ਤੱਕ ਮਾੜੇ ਪ੍ਰਭਾਵ ਪੈਂਦੇ ਹਨ। ਇਸ ਮੌਕੇ ਡਾ:ਕਰਨ ਸਿੰਘ ਵਿਰਕ ,ਸੁਖਦੀਪ ਕੌਰ, ਨਰੋਤਮਜ ਸਿੰਘ ਅਤੇ ਹੋਰ ਸਟਾਫ ਹਾਜ਼ਰ ਸੀ।

# ਸਰਕਾਰ ਬੱਚਿਆਂ ਦੇ ਉਜਵਲ ਭਵਿੱਖ ਨੂੰ ਸੰਵਾਰਨ ਦੇ ਯਤਨ ਕਰ ਰਹੀ : ਸੰਦੀਪ ਸੈਣੀ

**ਕਾਲਾ ਸੰਘਿਆਂ (ਮਨਜੀਤ ਮਾਨ)**- ਪੰਜਾਬ ਸਿੱਖਿਆ ਕ੍ਰਾਂਤੀ ਬਦਲਦਾ ਪੰਜਾਬ ਦੇ ਤਹਿਤ ਭਗਵੰਤ ਸਿੰਘ ਮਾਨ ਪੰਜਾਬ ਦੀ ਅਗਵਾਈ ਹੇਠ ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ ਦੇ ਯਤਨਾਂ ਸਦਕਾ ਸੰਦੀਪ ਸੈਣੀ ਚੇਅਰਮੈਨ ਪੰਜਾਬ ਬੀ ਸੀ ਲੈਂਡ ਡਿਵੈਲਪਮੈਂਟ ਐਂਡ ਫਾਇਨਾਂਸ ਕਾਰਪੋਰੇਸ਼ਨ , ਸਤਨਾਮ ਸਿੰਘ ਸੰਘਾ ਬਲਾਕ ਪ੍ਰਧਾਨ ਆਮ ਆਦਮੀ ਪਾਰਟੀ ਕਾਲਾ ਸੰਘਿਆਂ, ਸੰਜੀਵ ਕੌਂਡਲ, ਸਰਪੰਚ ਸ ਗੁਰਦੀਸ਼ ਕੌਰ, ਸਕੂਲ ਮੁਖੀ ਇੰਦਰਜੀਤ ਕੌਰ ਔਜਲਾ, ਮੈਡਮ ਅਮਨਜੋਤੀ ਵੱਲੋਂ ਪਿੰਡ ਸੁਖਾਣੀ ਜ਼ਿਲ੍ਹਾ ਕਪੂਰਥਲਾ ਵਿਖੇ ਇਮਾਰਤਾਂ ਦੇ ਮੁਢਲੇ ਢਾਂਚੇ ਦੀ ਮੁਰੰਮਤ ਮੁਕੰਮਲ ਹੋਣ 'ਤੇ ਸਾਂਝੇ ਤੌਰ 'ਤੇ ਉਦਘਾਟਨ ਕੀਤਾ ਗਿਆ। ਇਸ ਮੌਕੇ ਸੰਦੀਪ ਸੈਣੀ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਵਿੱਦਿਆ ਨੂੰ ਉੱਚਾ ਚੁੱਕਣ ਦੇ ਉਪਰਾਲੇ ਕੀਤੇ ਜਾ ਰਹੇ ਹਨ। ਸਕੂਲਾਂ ਵਿੱਚ ਨਵੇਂ ਅਧਿਆਪਕਾਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ। ਉਨ੍ਹਾਂ ਕਿਹਾ ਸਰਕਾਰ ਨਸ਼ਿਆਂ ਦੇ ਕੋਹੜ ਦਾ ਖਾਤਮਾ ਕਰ ਕੇ ਹੀ ਸਾਹ ਲਵੇਗੀ। ਇਸ ਮੌਕੇ ਨਰਿੰਦਰ ਸਿੰਘ ਸੰਘਾ ਇੰਚਾਰਜ ਸੋਸ਼ਲ ਮੀਡੀਆ, ਡਾ. ਬਲਕਾਰ ਸਿੰਘ ਲਾਲਕਾ ਪ੍ਰਧਾਨ ਵਿਮੁਕਤ ਜਾਤੀਆਂ, ਗੁਰਮੁਖ ਸਿੰਘ ਹੈਂਡ ਟੀਚਰ ਸਰਕਾਰੀ ਐਲੀਮੈਂਟਰੀ ਸਕੂਲ ਧਾਲੀਵਾਲ ਦੋਨਾਂ, ਰੇਸ਼ਮ ਸਿੰਘ ਰਾਮਪੁਰੀ, ਐਸ ਐਸ ਸੀ ਰੂਬੀ ਰਾਣੀ ਚੇਅਰਮੈਨ, ਪ੍ਰਵੀਨ ਰਾਣੀ ਵਾਇਸ ਚੇਅਰਮੈਨ, ਵਿਸ਼ੇਸ਼ ਤੌਰ 'ਤੇ ਸਰਪੰਚ ਸ਼੍ਰੀਮਤੀ ਗੁਰਦੀਸ਼ ਕੌਰ, ਮੈਂਬਰ ਪੰਚਾਇਤ ਗੁਰਜਿੰਦਰ ਸਿੰਘ, ਰਾਜਿੰਦਰ ਸਿੰਘ, ਮਲਵਿੰਦਰ ਸਿੰਘ, ਜਤਿੰਦਰ ਸਿੰਘ, ਸ਼੍ਰੀਮਤੀ ਸੀਤਾ ਰਾਣੀ ਸਾਰੇ ਮੈਂਬਰ ਪੰਚਾਇਤ, ਪੰਜ ਸਕੂਲਾਂ ਤੋਂ ਆਏ ਅਧਿਆਪਕ ਸਾਹਿਬਾਨ ਸੀ ਐੱਚ ਟੀ ਸ੍ਰੀ ਰਜਨੀਸ਼ ਕੁਮਾਰ, ਐਚ ਟੀ ਮੈਡਮ ਨੀਟਾ ਰਾਣੀ, ਸਰਬਜੀਤ ਸਿੰਘ ਔਜਲਾ, ਮਾਸਟਰ ਮਹਾਂਵੀਰ, ਹਰਜੀਤ ਸਿੰਘ, ਮੈਡਮ ਗੀਟਾ ਟਾਕ, ਸੋਨੀਆ ਸ਼ਰਮਾ, ਹਰਸ਼ ਬਾਲਾ, ਬਲਜੀਤ ਕੌਰ, ਗੀਤਾ ਸ਼ਰਮਾ, ਚਰਨਜੀਤ ਕੌਰ, ਰਚਨਾ ਭਗਤ, ਪ੍ਰਿਅੰਕਾ, ਸਕੂਲ ਮੁਖੀ ਇੰਦਰਜੀਤ ਕੌਰ ਔਜਲਾ ਅਤੇ ਮੈਡਮ ਅਮਨ ਜੋਤੀ ਨੇ ਆਏ ਹੋਏ ਮੁੱਖ ਮਹਿਮਾਨਾਂ ਤੇ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸੈਂਟਰ ਹੈਡ ਟੀਚਰ ਰਜ਼ਾਪੁਰ ਰੇਸ਼ਮ ਸਿੰਘ ਰਾਮਪੁਰੀ, ਗੁਰਮੁਖ ਸਿੰਘ ਬਾਬਾ ਸਰਕਾਰੀ ਐਲੀਮੈਂਟਰੀ ਸਕੂਲ ਧਾਲੀਵਾਲ ਦੋਨਾਂ ਐਚ ਟੀ ਤੋਂ ਇਲਾਵਾ ਬੱਚਿਆਂ ਦੇ ਮਾਪੇ ਵੀ ਹਾਜ਼ਰ ਸਨ।



# ਕਾਮਰੇਡ ਸੋਹਣ ਸਿੰਘ ਬੰਗਾ ਦੀ ਅੰਤਿਮ ਅਰਦਾਸ ਮੌਕੇ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਹਿੰਦ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਕੌਂਸਲ ਦੇ ਐਗਜ਼ੈਕਟਿਵ ਕਮੇਟੀ ਮੈਂਬਰ ਕਾਮਰੇਡ ਸੋਹਣ ਸਿੰਘ ਬੰਗਾ 87 ਦੀ ਅੰਤਿਮ ਅਰਦਾਸ ਮੌਕੇ ਵੱਖ ਵੱਖ ਆਗੂਆਂ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ। ਉਹ 23 ਅਪ੍ਰੈਲ ਨੂੰ ਸੰਖੇਪ ਬਿਮਾਰੀ ਤੋਂ ਬਾਅਦ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਸਨ।ਇਸ ਮੌਕੇ ਸੀ ਪੀ ਆਈ ਦੇ ਸੂਬਾ ਕੌਂਸਲ ਦੇ ਮੈਂਬਰ ਕਾਮਰੇਡ ਨਰਿੰਦਰ ਕੌਰ ਸੋਹਲ ਨੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਕਾਮਰੇਡ ਸੋਹਣ ਸਿੰਘ ਬੰਗਾ ਨੇ ਸਮੁੱਚੀ ਜ਼ਿੰਦਗੀ ਲੋਕਾਈ ਦੇ ਲੇਖੇ ਲਗਾ ਦਿੱਤੀ। ਉਹ ਮਜ਼ਦੂਰਾਂ ਕਿਸਾਨਾਂ ਦੇ ਨਿਧੜਕ ਆਗੂ ਸਨ। ਉਹਨਾਂ ਦੇ ਵਿਛੋੜੇ ਨਾਲ ਜਿੱਥੇ ਪਰਵਾਰ ਨੂੰ ਭਾਰੀ ਘਾਟਾ ਪਿਆ, ਉਥੇ ਪਾਰਟੀ ਨੂੰ ਵੀ ਵੱਡਾ ਘਾਟਾ ਪਿਆ। ਉਹ ਅੱਧੀ ਸਦੀ ਤੋਂ ਉੱਪਰ ਪਾਰਟੀ ਦੇ ਮੈਂਬਰ ਰਹੇ। ਉਹਨਾਂ ਕਿਹਾ ਕਿ ਅੱਜ ਦੇਸ਼ ਅੰਦਰ ਮੋਦੀ ਦੀ ਸਰਕਾਰ ਭੈਅ ਦਾ ਮਾਹੌਲ ਪੈਦਾ ਕਰ ਕੇ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾ ਰਹੀ ਹੈ।ਅੱਜ ਉਨ੍ਹਾਂ ਦੀ ਅੰਤਿਮ ਅਰਦਾਸ ਸਥਾਨਕ ਸ਼ੀਸ਼ਗੰਜ ਗੁਰਦੁਆਰਾ ਸਾਹਿਬ ਵਿਖੇ ਹੋਈ। ਇਸ ਮੌਕੇ ਕੀਰਤਨ ਜਥੇ ਨੇ ਵੈਰਾਗਮਈ ਕੀਰਤਨ ਵੀ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਕੌਂਸਲ ਮੈਂਬਰ ਹਰੀ ਚੰਦ ਗੋਹਲਣੀ, ਦਵਿੰਦਰ ਨੰਗਲੀ, ਸੀ ਪੀ ਆਈ ਐਮ ਦੇ ਜ਼ਿਲ੍ਹਾ ਸਕੱਤਰੇਤ ਮੈਂਬਰ ਕਾਮਰੇਡ ਸੁਰਜੀਤ ਸਿੰਘ ਢੇਰ, ਆਰ ਐਮ ਪੀ ਆਈ ਦੇ ਆਗੂ ਦਰਸ਼ਨ ਸਿੰਘ ਬੜਵਾ, ਦੇਸ਼ ਭਗਤ ਯਾਦਗਾਰ ਟਰੱਸਟ ਦੇ ਪ੍ਰਧਾਨ ਜੈਮਲ ਸਿੰਘ ਭੜੀ, ਹਿਮਾਚਲ ਪ੍ਰਦੇਸ਼ ਸੀ ਪੀ ਆਈ ਦੇ ਸਕੱਤਰ ਭਾਗ ਚੰਦ, ਕਾਂਗਰਸੀ ਆਗੂ ਕੁਲਦੀਪ ਸਿੰਘ ਬੰਗਾ ਨੇ ਵੀ ਸੋਹਣ ਸਿੰਘ ਬੰਗਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਤੇ ਸੁਖਵੀਰ ਸਿੰਘ ਸੁੱਖਾ, ਕਿਰਪਾਲ ਸਿੰਘ ਭੱਟੋਂ, ਪ੍ਰਿਤਪਾਲ ਸਿੰਘ ਗੰਡਾ, ਗੁਰਇਕਬਾਲ ਸਿੰਘ ਜੋਹਲ, ਹਕੀਮ ਹਰਮਿੰਦਰਪਾਲ ਸਿੰਘ ਮਿਨਹਾਸ, ਜਥੇਦਾਰ ਸੰਤੋਖ ਸਿੰਘ, ਰਵਿੰਦਰ ਸਿੰਘ ਬੰਗਾ, ਬਲਵਿੰਦਰ ਸਿੰਘ ਬੰਗਾ, ਸਾਬਕਾ ਕੌਂਸਲਰ ਅਮਿਤ ਬਸੀ, ਰਾਮ ਪਾਲ ਤਾਰਾਪੁਰ, ਕਾਮਰੇਡ ਕਾਕਾ ਰਾਮ, ਬਖਤਾਵਰ ਸਿੰਘ ਬਣੀ, ਹਰਜਾਪ ਸਿੰਘ ਕੁਲਗਰਾ, ਗੁਲਜਾਰ ਨੰਗਲੀ, ਬਰਜਿੰਦਰ ਸਿੰਘ ਡੋਡ, ਗੁਰਬਖਸ਼ ਸਿੰਘ ਦਸਗਰਾਈਂ ਸਮੇਤ ਰਿਸ਼ਤੇਦਾਰ, ਮਿੱਤਰ ਸੱਜਣ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਪੁਲਸ ਚੌਂਕੀ ਨਸਰਾਲਾ ਦੇ ਸਟਾਫ਼ ਨੇ ਪਿੰਡ ਵਾਸੀਆਂ ਨੂੰ ਨਸ਼ਿਆਂ ਵਿਰੁੱਧ ਕੀਤਾ ਜਾਗਰੂਕ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਵੱਲੋਂ ਸ਼ੁਰੂ ਕੀਤੇ ਪ੍ਰੋਗਰਾਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਅੱਜ ਪਿੰਡ ਨਸਰਾਲਾ ਵਿੱਚ ਪੁਲਸ ਚੌਂਕੀ ਨਸਰਾਲਾ ਦੇ ਸਟਾਫ਼



ਵੱਲੋਂ ਪਿੰਡ ਦੀ ਸੱਥ ਵਿੱਚ ਰੱਖੇ ਪ੍ਰੋਗਰਾਮ ਵਿੱਚ ਬੋਲਦਿਆਂ ਚੌਂਕੀ ਇੰਚਾਰਜ ਜਸਵਿੰਦਰ ਠਾਕੁਰ ਨੇ ਨਸ਼ਾ ਕਾਰੋਬਾਰੀਆਂ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਇਹ ਆਖ਼ਰੀ ਮੌਕਾ ਹੀ ਹੈ ਕਿ ਨਸ਼ੇ ਦੇ ਕਾਰੋਬਾਰੀ ਅਜਿਹਾ ਕਰਨਾ ਬੰਦ ਕਰ ਦੇਣ ਨਹੀਂ ਤਾਂ ਜੇਲ੍ਹ ਜਾਣ ਲਈ ਤਿਆਰ ਰਹਿਣ। ਚੌਂਕੀ ਇੰਚਾਰਜ ਨੇ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਪੁਲਸ ਪ੍ਰਸ਼ਾਸਨ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਦਿਨ -ਰਾਤ ਇੱਕ ਕਰ ਰਿਹਾ ਹੈ। ਉਹਨਾਂ ਲੋਕਾਂ ਨੂੰ ਨਸ਼ੇ ਦੇ ਕਾਰੋਬਾਰੀਆਂ ਦੀ ਸੂਚਨਾ ਵਿਭਾਗ ਨੂੰ ਦੇਣ ਅਤੇ ਵਿਭਾਗ ਵੱਲੋਂ ਸੂਚਨਾ ਦੇਣ ਵਾਲ਼ੇ ਦਾ ਨਾਂਅ ਗੁਪਤ ਰੱਖਣ ਦਾ ਵਿਸ਼ਵਾਸ ਦਿਵਾਇਆ। ਇਸ ਮੌਕੇ ਪਿੰਡ ਨਸਰਾਲਾ ਦੇ ਸਰਪੰਚ ਜਰਨੈਲ ਸਿੰਘ ਨੇ ਪਿੰਡ ਵਾਸੀਆਂ ਵੱਲੋਂ ਪੁਲਸ ਪ੍ਰਸ਼ਾਸਨ ਦਾ ਪੂਰਾ ਸਾਥ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਪੰਚ ਜਰਨੈਲ ਸਿੰਘ, ਪੰਚ ਜ਼ੋਰਾਵਰ ਸਿੰਘ, ਪੰਚ ਹਰੀ ਸਿੰਘ, ਕੁਲਵਿੰਦਰ ਸਿੰਘ ਪੰਚ, ਸਰਬਜੀਤ ਕੌਰ ਪੰਚ, ਮੀਨਾ ਰਾਣੀ ਪੰਚ, ਕੈਪਟਨ ਸੁਚੇਤ ਸਿੰਘ, ਮਨਜੀਤ ਸਿੰਘ, ਲੰਬਰਦਾਰ ਲਾਭ ਸਿੰਘ, ਬਲਜੀਤ ਸਿੰਘ, ਦਲਵੀਰ ਸਿੰਘ, ਬੰਧੂ ਸਿੰਘ, ਮਾਸਟਰ ਵਿਕਾਸ ਸ਼ਰਮਾ, ਏ. ਐੱਸ. ਆਈ. ਕਸ਼ਮੀਰੀ ਲਾਲ, ਏ. ਐੱਸ. ਆਈ.ਕੁਲਵਿੰਦਰ ਸਿੰਘ, ਹਵਾਲਦਾਰ ਸੁਭਾਸ਼ ਚੰਦਰ ਸਹਿਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਸੰਤ ਹੀਰਾ ਦਾਸ ਕੰਨਿਆ ਮਹਾਂਵਿਦਿਆਲਾ 'ਚ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ

**ਕਾਲਾ ਸੰਘਿਆਂ (ਮਨਜੀਤ ਮਾਨ)**- ਸੰਤ ਹੀਰਾ ਦਾਸ ਕੰਨਿਆ ਮਹਾਂਵਿਦਿਆਲਾ ਕਾਲਾ ਸੰਘਿਆਂ ਵਿਖੇ ਕਾਰਜਕਾਰੀ ਪ੍ਰਿੰਸੀਪਲ ਬਲਜਿੰਦਰ ਕੌਰ ਸਚਦੇਵਾ ਦੀ ਅਗਵਾਈ ਹੇਠ ਸੀ ਏ ਵਿਭਾਗ ਦੇ ਇੰਚਾਰਜ ਅਮਰਜੀਤ ਕੌਰ ਦੇ ਸਹਿਯੋਗ ਨਾਲ ਬੀ.ਏ, ਬੀ.ਕਾਮ, ਬੀ.ਸੀ. ਏ ਛੇਵੇਂ ਸਮੈਸਟਰ ਦੇ ਵਿਦਿਆਰਥੀਆਂ ਵੱਲੋਂ ਆਪਣੇ ਸੀਨੀਅਰਜ਼ ਨੂੰ ਵਿਦਾਇਗੀ ਪਾਰਟੀ ਦਿੱਤੀ ਗਈ, ਜਿਸ ਦੀ ਆਰੰਭਤਾ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਇੰਜ. ਸੀਤਲ ਸਿੰਘ ਸੰਘਾ, ਡਾਇਰੈਕਟਰ ਡਾ. ਰਾਮ ਮੂਰਤੀ ਤੇ ਕਾਰਜਕਾਰੀ ਪ੍ਰਿੰਸੀਪਲ ਬਲਜਿੰਦਰ ਕੌਰ ਸਚਦੇਵਾ ਨੇ ਰਿਬਨ ਕੱਟਣ ਦੀ ਰਸਮ ਨਾਲ ਕੀਤੀ। ਵਿਦਿਆਰਥੀਆਂ ਵੱਲੋਂ ਆਪਣੇ ਸੀਨੀਅਰਜ਼ ਲਈ ਸੱਭਿਆਚਾਰਕ ਪ੍ਰੋਗਰਾਮ ਵਿੱਚ ਡਾਂਸ, ਗੀਤ, ਗੇਮਸ ਤੇ ਮਿਊਜ਼ੀਕਲ ਚੇਅਰਜ਼ ਦੇ ਨਾਲ -ਨਾਲ ਸੀਨੀਅਰਜ਼ ਦੀ ਸ਼ਾਨਦਾਰ ਮਾਡਲਿੰਗ ਵੀ ਕਰਵਾਈ ਗਈ।ਗੇਮਸ ਵਿੱਚ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੀ ਦਿੱਤੇ ਗਏ। ਜੱਜ ਸਾਹਿਬਾਨ ਦੀ ਭੂਮਿਕਾ ਡਾ. ਰਣਜੀਤ ਕੌਰ ਹੁੰਦਲ ਤੇ ਡਾ. ਕੁਲਵਿੰਦਰ ਕੌਰ ਨੇ ਕੀਤੀ। ਵਿਦਿਆਰਥੀਆਂ ਦੇ ਰਾਊਂਡ ਵਿੱਚ ਉਨ੍ਹਾਂ ਦੇ ਆਤਮ ਵਿਸ਼ਵਾਸ ਤੇ ਬੁੱਧੀ ਬਾਰੇ ਸਵਾਲ ਪੁੱਛੇ ਗਏ। ਜਿਸ ਵਿੱਚੋਂ ਕਾਲਜ ਦੀ ਮਿਸ ਸਿਮਰਨਜੀਤ ਕੌਰ ਬੀ.ਸੀ.ਏ ਕਲਾ ਨੂੰ ਸੰਤ ਹੀਰਾ ਦਾਸ ਕੰਨਿਆ ਮਹਾਂਵਿਦਿਆਲਾ ਚੁਣਿਆ ਗਿਆ।ਇਸ ਮੌਕੇ ਤੇ ਬੀ.ਏ, ਬੀ.ਕਾਮ ਤੇ ਬੀ.ਸੀ.ਏ ਛੇਵੇਂ ਸਮੈਸਟਰ ਦੇ ਵਿਦਿਆਰਥੀਆਂ ਨੇ ਪ੍ਰਿੰਸੀਪਲ ਤੇ ਟੀਚਰਜ਼ ਦੇ ਮਾਣ ਸਤਿਕਾਰ ਲਈ ਵਿਸ਼ੇਸ਼ ਕੰਪਲੀਮੈਂਟਸ ਦਿੱਤੇ।ਇਸ ਮੌਕੇ ਕਾਰਜਕਾਰੀ ਪ੍ਰਿੰਸੀਪਲ ਬਲਜਿੰਦਰ ਕੌਰ ਸਚਦੇਵਾ ਨੇ ਕਿਹਾ ਕਿ ਸਾਡੇ ਲਈ ਭਾਵੇਂ ਇਹ ਵਿਦਾਇਗੀ ਦਾ ਮੌਕਾ ਭਾਵੁਕ ਪਲ ਹੈ। ਮੈਂ ਇਹਨਾਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕਰਦੀ ਹਾਂ ਤੇ ਵਧਾਈ ਦਿੰਦੀ ਹਾਂ।ਪ੍ਰਧਾਨ ਇੰਜੀ. ਸੀਤਲ ਸਿੰਘ ਸੰਘਾ ਨੇ ਵੀ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਲਈ ਕਾਮਨਾ ਕਰਦੇ ਹੋਏ ਉਹਨਾਂ ਨੂੰ ਹੋਰ ਪੜ੍ਹਨ ਲਈ ਪ੍ਰੇਰਿਆ।ਇਸ ਮੌਕੇ ਸੰਤ ਹੀਰਾ ਦਾਸ ਸਿੱਖਿਆ ਸੰਸਥਾਵਾਂ ਦੇ ਡਾਇਰੈਕਟਰ ਡਾ. ਰਾਮ ਮੂਰਤੀ, ਮੈਡਮ ਡਾ. ਕੁਲਵਿੰਦਰ ਕੌਰ ਨੇ ਆਪਣੇ ਵਿਚਾਰ ਸਾਂਝੇ ਕੀਤੇ। ਪ੍ਰੋਗਰਾਮ ਦੇ ਅੰਤ ਵਿੱਚ ਪ੍ਰਿੰਸੀਪਲ ਤੇ ਸਟਾਫ ਨੇ ਵੱਖ-ਵੱਖ ਗੇਮਸ ਤੇ ਮਾਡਲਿੰਗ ਵਿੱਚੋਂ ਜੇਤੂ ਰਹੀਆਂ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ। ਚੌਥੇ ਸਮੈਸਟਰ ਦੇ ਵਿਦਿਆਰਥੀਆਂ ਵੱਲੋਂ ਆਪਣੇ ਸੀਨੀਅਰ ਨੂੰ ਵੀ ਯਾਦਗਾਰੀ ਚਿੰਨ੍ਹ ਦਿੱਤੇ ਗਏ ਅਤੇ ਸੀਨੀਅਰ ਵਿਦਿਆਰਥੀਆਂ ਨੇ ਵੀ ਕਾਲਜ ਨੂੰ ਯਾਦਗਾਰੀ ਚਿੰਨ੍ਹ ਪ੍ਰਦਾਨ ਕੀਤਾ। ਇਸ ਮੌਕੇ ਕਾਰਜਕਾਰੀ ਪ੍ਰਿੰਸੀਪਲ ਬਲਜਿੰਦਰ ਕੌਰ ਸੱਚਦੇਵਾ, ਕਾਲਜੀਏਟ ਪ੍ਰਿੰਸੀਪਲ ਰਜਿੰਦਰ ਕੌਰ ਪ੍ਰਧਾਨ ਇੰਜ. ਸੀਤਲ ਸਿੰਘ ਸੰਘਾ, ਡਾਇਰੈਕਟਰ ਡਾ. ਰਾਮ ਮੂਰਤੀ, ਸਮੂਹ ਸਟਾਫ ਮੈਂਬਰਜ਼ ਤੇ ਵਿਦਿਆਰਥੀ ਹਾਜ਼ਰ ਸਨ।

# ਪੰਜ ਸਕੂਲਾਂ 'ਚ 49.44 ਲੱਖ ਰੁਪਏ ਦੇ ਬੁਨਿਆਦੀ ਢਾਂਚੇ ਦੇ ਕੰਮਾਂ ਦਾ ਉਦਘਾਟਨ



**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਐਮ ਐਲ ਏ ਕੁਲਜੀਤ ਸਿੰਘ ਰੰਧਾਵਾ ਵੱਲੋਂ ਅੱਜ ਡੇਰਾਬੱਸੀ ਹਲਕੇ ਵਿੱਚ ਪੰਜ ਸਕੂਲਾਂ ਵਿੱਚ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ 49,44,840 ਰੁਪਏ ਦੇ ਬੁਨਿਆਦੀ ਢਾਂਚੇ ਦੇ ਕੰਮਾਂ ਦਾ ਉਦਘਾਟਨ ਕੀਤਾ ਗਿਆ।ਇਨ੍ਹਾਂ ਵਿੱਚ ਡੇਰਾਬੱਸੀ ਦੇ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਖੇੜੀ ਗੁੱਜਰਾਂ ਵਿੱਖੇ 16 ਲੱਖ 15 ਹਜਾਰ ਦੀ ਲਾਗਤ (ਦੋ ਆਧੁਨਿਕ ਕਲਾਸ ਰੂਮ) ਨਾਲ ਹੋਏ ਵਿਕਾਸ ਕਾਰਜਾਂ ਦੇ ਉਦਘਾਟਨ ਕਰ ਬਚਿਆਂ ਨੂੰ ਸਮਰਪਤ ਕੀਤੇ ਗਏ।ਸਰਕਾਰੀ ਪ੍ਰਾਇਮਰੀ ਸਕੂਲ ਵਾਰਡ ਨੰ 9, ਪਿੰਡ ਮਾਹੀਵਾਲਾ ਵਿਖੇ 5 ਲੱਖ 10 ਹਜ਼ਾਰ ਦੀ ਲਾਗਤ (ਚਾਰਦੀਵਾਰੀ ਤੇ ਹੋਰ ਕੰਮ) ਨਾਲ ਹੋਏ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਗਏ।ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਵਾਰਡ ਨੰ 15, ਪਿੰਡ ਹਰੀਪੁਰ ਕੂੜਾ ਵਿਖੇ 9 ਲੱਖ 55 ਹਜ਼ਾਰ ਦੀ ਲਾਗਤ (ਆਧੁਨਿਕ ਕਲਾਸ ਰੂਮ) ਨਾਲ ਹੋਏ ਵਿਕਾਸ ਕਾਰਜਾਂ ਦੇ ਉਦਘਾਟਨ ਕਰ ਵਿਦਿਆਰਥੀਆਂ ਨੂੰ ਸਮਰਪਤ ਕੀਤੇ ਗਏ।ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਜਵਾਹਰਪੁਰ ਵਿਖੇ 13 ਲੱਖ 81 ਹਜ਼ਾਰ ਦੀ ਲਾਗਤ (ਦੋ ਆਧੁਨਿਕ ਕਲਾਸ ਰੂਮ ਤੇ ਚਾਰਦੀਵਾਰੀ) ਨਾਲ ਹੋਏ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਗਏ।ਸਰਕਾਰੀ ਹਾਈ ਸਕੂਲ ਪਿੰਡ ਜਵਾਹਰਪੁਰ ਵਿੱਖੇ 4 ਲੱਖ 83 ਹਜ਼ਾਰ ਦੀ ਲਾਗਤ ਨਾਲ ਹੋਏ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਗਏ। ਇਸ ਮੌਕੇ ਇਹਨਾਂ ਸਕੂਲਾਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਨਵੇਂ ਬੁਨਿਆਦੀ ਢਾਂਚੇ ਦੀਆਂ ਵਧਾਈਆਂ ਦਿੰਦੇ ਹੋਏ ਐਮ ਐਲ ਏ ਰੰਧਾਵਾ ਨੇ ਭਰੋਸਾ ਦਿਵਾਇਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਜਨਤਕ ਖੇਤਰ ਦੀਆਂ ਸਿੱਖਿਆ ਅਤੇ ਸਿਹਤ ਸਹੂਲਤਾਂ ਨੂੰ ਮਿਆਰੀ ਅਤੇ ਉੱਚ ਗੁਣਵੱਤਾ ਵਾਲੀਆਂ ਬਣਾਉਣ ਲਈ ਦਿਨ ਰਾਤ ਮਿਹਨਤ ਕਰ ਰਹੀ ਹੈ।ਇਸ ਮੌਕੇ ਇਹਨਾਂ ਸਕੂਲਾਂ ਦੇ ਵਿਦਿਆਰਥੀ, ਉਹਨਾਂ ਦੇ ਮਾਪੇ, ਅਧਿਆਪਕ, ਪੰਚ- ਸਰਪੰਚ, ਕਮੇਟੀ ਪ੍ਰਧਾਨ, ਐਮ ਸੀ ਸਾਹਿਬਾਨ ਅਤੇ ਇਲਾਕੇ ਦੇ ਮੋਹਤਬਰ ਸ਼ਾਮਲ ਸਨ।

## ਦੇਵ ਮਾਨ ਵੱਲੋਂ ਢੀਂਗੀ, ਲੱਧਾਹੇੜੀ ਤੇ ਤੁੰਗਾਂ ਸਕੂਲਾਂ 'ਚ ਵਿਕਾਸ ਕਾਰਜਾਂ ਦੇ ਉਦਘਾਟਨ



ਨਾਭਾ (ਵਰਿੰਦਰ ਵਰਮਾ)-ਹਲਕਾ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਆਪਣੇ ਹਲਕੇ ਦੇ ਪਿੰਡਾਂ ਅਧੀਨ ਪੈਂਦੇ ਪਿੰਡਾਂ ਢੀਂਗੀ, ਲੱਧਾਹੇੜੀ ਤੇ ਤੁੰਗਾਂ ਦੇ ਸਕੂਲਾਂ ਵਿੱਚ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ: ਭਗਵੰਤ ਮਾਨ ਦੀ ਅਗਵਾਈ ਹੇਠ ਵੱਖ-ਵੱਖ ਪਿੰਡਾਂ ਵਿੱਚ ਸਿੱਖਿਆ ਸਬੰਧੀ ਇਨਕਲਾਬੀ ਤਬਦੀਲੀਆਂ ਆ ਰਹੀਆਂ ਹਨ।ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਨੂੰ ਸਮਰੱਥ ਬਣਾਉਣ, ਹੋਰ ਸਹੂਲਤਾਂ ਉਪਲਬਧ ਕਰਵਾਉਣ ਤੇ ਬੱਚਿਆਂ ਨੂੰ ਨਵੇਂ ਯੁਗ ਅਨੁਸਾਰ ਤਿਆਰ ਕਰਨ ਲਈ ਵਿਸ਼ੇਸ਼ ਯੋਜਨਾਵਾਂ ਲਾਗੂ ਕੀਤੀਆਂ ਜਾ ਰਹੀਆਂ ਹਨ।ਗੁਰਦੇਵ ਸਿੰਘ ਦੇਵ ਮਾਨ ਨੇ ਇਸ ਮੌਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਢੀਂਗੀ ਵਿੱਚ 7 ਲੱਖ 51 ਹਜ਼ਾਰ ਦੀ ਲਾਗਤ ਨਾਲ ਇੱਕ ਕਮਰੇ ਦਾ ਉਦਘਾਟਨ, ਸਰਕਾਰੀ ਪ੍ਰਾਇਮਰੀ ਸਕੂਲ ਲੱਧਾਹੇੜੀ 'ਚ 7 ਲੱਖ 51 ਹਜ਼ਾਰ ਰੁਪਏ, ਸਰਕਾਰੀ ਪ੍ਰਾਇਮਰੀ ਸਕੂਲ ਲੱਧਾਹੇੜੀ 'ਚ 7 ਲੱਖ 51 ਹਜ਼ਾਰ ਰੁਪਏ, ਸਰਕਾਰੀ ਮਿਡਲ ਸਕੂਲ ਲੱਧਾਹੇੜੀ ਦੀ ਚਾਰ ਦਿਵਾਰੀ 'ਤੇ 4 ਲੱਖ 12 ਹਜ਼ਾਰ ਰੁਪਏ ਤੇ ਸਰਕਾਰੀ ਹਾਈ ਸਕੂਲ ਤੁੰਗਾਂ 'ਚ 4 ਲੱਖ 14 ਹਜ਼ਾਰ ਰੁਪਏ ਦੀ ਲਾਗਤ ਨਾਲ ਬਣੀ ਚਾਰਦੀਵਾਰੀ ਦਾ ਉਦਘਾਟਨ ਕੀਤਾ।ਇਸ ਮੌਕੇ ਉਨ੍ਹਾਂ ਦੱਸਿਆ ਕਿ ਹਲਕਾ ਨਾਭਾ ਦੇ ਪਿੰਡਾਂ ਦੇ ਸਰਕਾਰੀ ਸਕੂਲਾਂ ਵਿੱਚ ਨਵੇਂ ਕਲਾਸਰੂਮ, ਇਮਾਰਤ ਦੀ ਮੁਰੰਮਤ, ਪੀਣ ਵਾਲੇ ਪਾਣੀ ਦੀ ਸੁਵਿਧਾ, ਸਕੂਲਾਂ ਦੇ ਨਵੀਨੀਕਰਨ, ਚਾਰਦੀਵਾਰੀ ਸਮੇਤ ਹੋਰ ਜ਼ਰੂਰੀ ਢਾਂਚੇ ਦਾ ਸੁਧਾਰ ਹੋਇਆ ਹੈ।ਇਸ ਮੌਕੇ ਵਿਧਾਇਕ ਨੇ ਅਕਾਦਮਿਕ ਤੇ ਸਹਿ-ਵਿੱਦਿਅਕ ਸਰਗਰਮੀਆਂ ਵਿੱਚ ਵਧੀਆ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ।ਇਸ ਮੌਕੇ ਕੋਆਰਡੀਨੇਟਰ ਰਾਮ ਕ੍ਰਿਸ਼ਨ, ਦੇਵ ਮਾਨ ਦੇ ਭਰਾ ਕਪਿਲ ਮਾਨ, ਚੇਅਰਮੈਨ ਮਾਰਕਿਟ ਕਮੇਟੀ ਦੀਪਾ ਰਾਮਗੜ੍ਹ, ਪਿੰਡਾਂ ਦੇ ਪੰਚ, ਸਰਪੰਚ ਸਕੂਲਾਂ ਦੇ ਪ੍ਰਿੰਸੀਪਲ, ਅਧਿਆਪਕ, ਵਿਦਿਆਰਥੀ, ਮਾਪੇ ਤੇ ਹੋਰ ਪਤਵੰਤੇ ਮੌਜੂਦ ਸਨ।

## ਵਿਆਹੁਤਾ ਨੂੰ ਕੁੱਟਮਾਰ ਕਰਕੇ ਘਰੋਂ ਕੱਢਿਆ, 3 ਨਾਮਜ਼ਦ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫਿਰੋਜ਼ਪੁਰ ਵਿਖੇ ਵਿਆਹੁਤਾ ਕੋਲੋਂ ਹੋਰ ਦਾਜ ਮੰਗਣ 'ਤੇ ਕੁੱਟਮਾਰ ਕਰਕੇ ਘਰੋਂ ਕੱਢਣ ਦੇ ਦੋਸ਼ ਵਿੱਚ ਥਾਣਾ ਵੂਮੈਨ ਫਿਰੋਜ਼ਪੁਰ ਪੁਲਸ ਨੇ ਵਿਆਹੁਤਾ ਦੇ ਸਹੁਰੇ ਪਰਿਵਾਰ ਦੇ ਤਿੰਨ ਮੈਂਬਰਾਂ ਖਿਲਾਫ 498-ਏ, 406 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਬਲਵੀਰ ਸਿੰਘ ਨੇ ਦੱਸਿਆ ਕਿ ਵਿਆਹੁਤਾ ਅਨੁਰਾਧਾ ਉਰਫ ਅੰਨੂ ਪਤਨੀ ਅਜੇ ਵਾਸੀ ਨਿਜਾਮਦੀਨ ਵਾਲੀ ਫਿਰੋਜ਼ਪੁਰ ਸ਼ਹਿਰ ਨੇ ਇੱਕ ਦਰਖਾਸਤ 'ਚ ਦੱਸਿਆ ਕਿ ਉਸ ਦਾ ਵਿਆਹ ਕਰੀਬ 5 ਸਾਲ ਪਹਿਲਾਂ ਅਜੇ ਪੁੱਤਰ ਲਕਸ਼ਮਣ ਪੁੱਤਰ ਚੰਦਗੀ ਰਾਮ ਵਾਸੀ ਗਾਂਧੀ ਨਗਰ ਗਲੀ ਨੰਬਰ 6 ਸ੍ਰੀ ਮੁਕਤਸਰ ਸਾਹਿਬ ਨਾਲ ਹੋਇਆ ਸੀ। ਵਿਆਹੁਤਾ ਨੇ ਦੱਸਿਆ ਕਿ ਉਹ ਸਮੇਂ ਉਸ ਦੇ ਮਾਤਾ-ਪਿਤਾ ਨੇ ਆਪਣੀ ਹੈਸੀਅਤ ਤੋਂ ਵੱਧ ਦਾਜ ਦਹੇਜ ਦਿੱਤਾ ਸੀ, ਪਰ ਉਸ ਦਾ ਪਤੀ ਅਜੇ ਤੇ ਇਸ ਦਾ ਪਰਿਵਾਰ ਇਸ ਦਾ ਪਿਤਾ ਲਕਸ਼ਮਣ ਤੇ ਮਾਤਾ ਰਜੀਆ ਇਸ ਤੋਂ ਖੁਸ਼ ਨਹੀਂ ਸੀ ਤੇ ਉਸ ਕੋਲੋਂ ਹੋਰ ਦਾਜ ਦੀ ਮੰਗ ਕਰਨ ਲੱਗੇ, ਪਰ ਉਸ ਵੱਲੋਂ ਇਨਕਾਰ ਕਰਨ ਤੇ ਪਤੀ ਅਜੈ, ਸਹੁਰਾ ਲਕਸ਼ਮਣ ਤੇ ਸੱਸ ਰਜੀਆ ਨੇ ਉਸ ਦੀ ਕੁੱਟਮਾਰ ਕਰਕੇ ਆਪਣੇ ਘਰੋਂ ਕੱਢ ਦਿੱਤਾ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਨੇ ਵਿਆਹੁਤਾ ਦੇ ਬਿਆਨਾਂ 'ਤੇ ਉਸ ਦੇ ਸਹੁਰੇ ਪਰਿਵਾਰ ਦੇ ਤਿੰਨ ਮੈਂਬਰਾਂ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

# ਪੁਰਾਣੀ ਪੈਨਸ਼ਨ ਸਕੀਮ ਬਹਾਲ ਨਾ ਕਰਨ ਤੇ ਅਧਿਆਪਕਾਂ ਤੋਂ ਗੈਰ-ਵਿੱਦਿਅਕ ਕੰਮ ਲੈਣ ਖ਼ਿਲਾਫ ਰੋਸ ਪ੍ਰਦਰਸ਼ਨ




ਮਾਨਸਾ (ਆਤਮਾ ਸਿੰਘ ਪਮਾਰ)-ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਮਾਨਸਾ ਅਤੇ ਅਧਿਆਪਕ ਸਾਂਝਾ ਮੋਰਚਾ ਨੇ ਪੰਜਾਬ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਬਹਾਲ ਨਾ ਕਰਨ ਸਬੰਧੀ ਰੋਸ ਮੁਜ਼ਾਹਰਾ ਕੀਤਾ ਗਿਆ।ਇਸ ਮੌਕੇ ਬੋਲਦਿਆਂ ਨਰਿੰਦਰ ਸਿੰਘ ਮਾਖਾ, ਦਰਸ਼ਨ ਸਿੰਘ ਅਲੀਸ਼ੇਰ ਅਤੇ ਕਰਮਜੀਤ ਸਿੰਘ ਤਾਮਕੋਟ ਨੇ ਕਿਹਾ ਕਿ ਸਰਕਾਰ ਮੁਲਾਜ਼ਮਾਂ ਦੀਆਂ ਮੰਗਾਂ ਮੰਨਣ ਦੀ ਬਜਾਏ ਉਦਘਾਟਨੀ ਸਮਾਰੋਹ ਰੱਖ ਨੇ ਲੋਕਾਂ ਦਾ ਧਿਆਨ ਭਟਕਾਉਣ ਵਿੱਚ ਲੱਗੀ ਹੋਈ ਹੈ। ਗੁਰਦਾਸ ਰਾਏਪੁਰ ਅਤੇ ਲਖਵਿੰਦਰ ਸਿੰਘ ਮਾਨ ਨੇ ਕਿਹਾ ਕਿ ਸੈਸ਼ਨ ਦੀ ਸ਼ੁਰੂਆਤ ਵਿੱਚ ਹੀ ਅਧਿਆਪਕਾਂ ਨੂੰ ਗੈਰ ਵਿੱਦਿਅਕ ਕੰਮਾਂ ਵਿੱਚ ਉਲਝਾ ਕੇ ਸਰਕਾਰ ਤੇ ਅਫ਼ਸਰਸ਼ਾਹੀ ਸਿੱਖਿਆ ਨੂੰ ਲੀਹੋਂ ਲਾਹੁਣ ਦੇ ਰਾਹ ਪੈ ਗਈ ਹੈ। ਆਗੂਆਂ ਕਿਹਾ ਬਦਲਾਅ ਦਾ ਨਾਅਰਾ ਲਾ ਕੇ ਸੱਤਾ 'ਚ ਆਈ ਸਰਕਾਰ ਨੇ ਮੁਲਾਜ਼ਮਾਂ ਨਾਲ ਕੀਤੇ ਵਾਅਦਿਆਂ 'ਚੋਂ ਇੱਕ ਵੀ ਪੂਰਾ ਨਹੀਂ ਕੀਤਾ। ਸਿਵਲ ਵਰਕਸ ਅਤੇ ਵਰਦੀਆਂ ਦੇ ਨਾਪ ਆਦਿ ਲੈਣ ਵਰਗੇ ਕੰਮਾਂ ਨੇ ਅਧਿਆਪਕਾਂ ਦਾ ਧਿਆਨ ਸਿੱਖਿਆ ਤੋਂ ਲਾਂਭੇ ਕਰ ਦਿੱਤਾ ਹੈ ਅਤੇ ਅਧਿਆਪਕ ਕਲਰਕ ਬਣ ਕੇ ਰਹਿ ਗਏ ਹਨ। ਆਗੂਆਂ ਨੇ ਜ਼ੋਰ ਦੇ ਕੇ ਕਿਹਾ ਕਿ ਜੇਕਰ ਗੈਰ ਵਿੱਦਿਅਕ ਕੰਮ ਬੰਦ ਕਰ ਦਿੱਤੇ ਜਾਣ ਪੜ੍ਹਾਈ ਅਤੇ ਦਾਖ਼ਲਿਆਂ 'ਤੇ ਹਾਂ ਪੱਖੀ ਅਸਰ ਪਵੇਗਾ।ਇਸ ਲਈ ਦਾਖਲਿਆਂ ਦੀ ਆੜ ਵਿੱਚ ਜੇਕਰ ਕਿਸੇ ਅਧਿਆਪਕ ਨਾਲ ਬਦਸਲੂਕੀ ਕੀਤੀ ਗਈ ਤਾਂ ਜਥੇਬੰਦੀ ਵੱਲੋਂ ਜ਼ਿੰਮੇਵਾਰ ਅਧਿਕਾਰੀਆਂ ਦਾ ਡਟਵਾਂ ਵਿਰੋਧ ਕੀਤਾ ਜਾਵੇਗਾ। ਆਗੂਆਂ ਕਿਹਾ ਕਿ ਸਿਲੇਬਸ ਦੀਆਂ ਕਿਤਾਬਾਂ ਨੂੰ ਅੱਖੋਂ ਪਰੋਖੇ ਕਰਕੇ ਗੈਰ ਮਿਆਰੀ ਮਿਸ਼ਨ ਸਮਰੱਥ ਵਰਗੇ ਪ੍ਰਾਜੈਕਟ ਨਾਲ ਹੁਸ਼ਿਆਰ ਬੱਚਿਆਂ ਦਾ ਨੁਕਸਾਨ ਹੋ ਰਿਹਾ ਹੈ ਅਤੇ ਇਹ ਸਿਲੇਬਸ ਨਾਲ ਬੇਇਨਸਾਫ਼ੀ ਹੈ। ਇਸ ਲਈ ਬੱਚਿਆਂ ਨੂੰ ਸਿਲੇਬਸ ਦੀਆਂ ਕਿਤਾਬਾਂ ਪੜ੍ਹਾਈਆਂ ਜਾਣ।ਇਸ ਮੌਕੇ ਪਹਿਲਗਾਮ ਵਿੱਚ ਵਾਪਰੇ ਦੁਖਾਂਤ 'ਚ ਮਾਰੇ ਗਏ ਨਿਰਦੋਸ਼ ਵਿਅਕਤੀਆਂ ਨੂੰ ਸ਼ਰਧਾਂਜਲੀ ਵੀ ਭੇਟ ਕੀਤੀ ਗਈ ਅਤੇ ਕੇਂਦਰ ਸਰਕਾਰ ਤੋਂ ਜਲਦੀ ਇਨਸਾਫ ਦੀ ਮੰਗ ਕੀਤੀ ਗਈ।ਇਸ ਮੌਕੇ ਸੁਖਦੀਪ ਗਿੱਲ, ਸਤੀਸ਼ ਕੁਮਾਰ, ਇਕਬਾਲ ਸਿੰਘ, ਸੁਖਜਿੰਦਰ ਸਿੰਘ, ਕੁਲਦੀਪ ਅੱਕਾਂਵਾਲੀ, ਗੁਰਜੰਟ ਨੰਗਲ, ਕੁਲਵਿੰਦਰ ਸਿੰਘ ਦਮਨਪ੍ਰੀਤ ਸਿੰਘ, ਦਵਿੰਦਰ ਸ਼ਰਮਾ, ਜਗਜੀਵਨਜੋਤ ਸਿੰਘ, ਰਣਜੀਤ ਸਿੰਘ, ਹਰਵਿੰਦਰ ਸਿੰਘ, ਗੁਰਵਿੰਦਰ ਸਿੰਘ ਮਾਖਾ, ਗੁਰਸੇਵਕ ਭੀਖੀ, ਜਸਵੀਰ ਕੌਰ ਮਾਖਾ ਆਦਿ ਆਗੂ ਵੀ ਹਾਜ਼ਰ ਸਨ।

## ਪ੍ਰਵਾਸੀ ਮਜ਼ਦੂਰ ਦੇ ਕਾਤਲ 12 ਘੰਟਿਆਂ 'ਚ ਗ੍ਰਿਫਤਾਰ



ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)-ਬੀਤੇ ਦਿਨੀਂ ਗੁਰਮੀਤ ਸਿੰਘ ਉਰਫ ਕਾਕਾ ਪੁੱਤਰ ਉਦਮ ਸਿੰਘ ਵਾਸੀ ਘੋਲੀਆ ਖੁਰਦ ਨੇ ਪੂਰਨ ਸਿੰਘ ਮੁੱਖ ਅਫਸਰ ਥਾਣਾ ਨਿਹਾਲ ਸਿੰਘ ਵਾਲਾ ਪਾਸ ਬਿਆਨ ਦਰਜ ਕਰਵਾਇਆ ਸੀ ਕਿ ਤਿੰਨ ਪਰਵਾਸੀ ਮਜ਼ਦੂਰ ਵਿਜੈ ਰਾਮ ਪੁੱਤਰ ਵਿਦੈ ਰਾਮ, ਮਹੇਸ਼ ਰਾਮ ਪੁੱਤਰ ਸ਼ਿਵਜੀ ਰਾਮ ਤੇ ਰਾਮ ਸ਼ਰਨ ਪੁੱਤਰ ਰੀਜਨ ਰਾਮ ਵਾਸੀ ਮਾਨਾ ਚੌਂਕ ਜ਼ਿਲ੍ਹਾ ਸੀਤਾ ਮੜੀ ਬਿਹਾਰ ਹਾੜ੍ਹੀ ਦਾ ਸੀਜਨ ਲਾਉਣ ਲਈ ਉਸ ਪਾਸ ਆਏ ਸਨ, ਜੋ ਉਸ ਦੀ ਖੇਤ ਮੋਟਰ ਦੀ ਕੋਠੀ ਵਿੱਚ ਰਹਿੰਦੇ ਸਨ, ਬੀਤੀ 30.04.2025 ਦੀ ਰਾਤ ਨੂੰ ਤੇਜ਼ਧਾਰ ਹਥਿਆਰ ਨਾਲ ਵਿਜੈ ਰਾਮ ਪੁੱਤਰ ਵਿਦੈ ਰਾਮ ਦਾ ਕਤਲ ਕਰ ਦਿੱਤਾ ਸੀ, ਜਿਸ ਬਾਰੇ ਪਤਾ ਲੱਗਾ ਕਿ ਵਿਜੈ ਰਾਮ ਆਪਣੇ ਸਾਥੀ ਮਹੇਸ਼ ਰਾਮ ਦੀ ਭਰਜਾਈ ਨਾਲ ਮੋਬਾਇਲ ਫੋਨ 'ਤੇ ਗੱਲਾਂ ਕਰਦਾ ਸੀ, ਜਿਸ ਨੂੰ ਮਹੇਸ਼ ਰਾਮ ਨੇ ਗੱਲਾਂ ਕਰਨ ਤੋਂ ਰੋਕਿਆ ਸੀ।ਇਸੇ ਰੰਜਿਸ਼ ਕਰਕੇ ਵਿਜੈ ਰਾਮ ਦੇ ਸਾਥੀ ਮਹੇਸ਼ ਰਾਮ ਤੇ ਰਾਮ ਸ਼ਰਨ ਨੇ ਮੌਕਾ ਤਾੜ ਕੇ ਤੇਜ਼ਧਾਰ ਹਥਿਆਰ ਨਾਲ ਉਸ ਦਾ ਕਤਲ ਕਰ ਦਿੱਤਾ।ਸ੍ਰੀ ਅਜੇ ਗਾਂਧੀ ਐਸ.ਐਸ.ਪੀ ਮੋਗਾ ਦੀਆਂ ਹਦਾਇਤਾਂ ਮੁਤਾਬਿਕ ਸ੍ਰੀ ਬਾਲ ਕ੍ਰਿਸ਼ਨ ਮੋਗਾ ਤੇ ਸ੍ਰੀ ਅਨਵਰ ਅਲੀ ਪੀ.ਪੀ.ਐਸ, ਉਪ ਕਪਤਾਨ ਪੁਲਸ ਨਿਹਾਲ ਸਿੰਘ ਵਾਲਾ ਦੀ ਅਗਵਾਈ ਹੇਠ ਪੂਰਨ ਸਿੰਘ ਮੁੱਖ ਅਫਸਰ ਥਾਣਾ ਨਿਹਾਲ ਸਿੰਘ ਵਾਲਾ ਵੱਲੋਂ 12 ਘੰਟਿਆਂ ਦੇ ਅੰਦਰ ਹੀ ਦੋਨੋਂ ਦੋਸ਼ੀਆਂ ਮਹੇਸ਼ ਰਾਮ ਤੇ ਰਾਮ ਸ਼ਰਨ ਨੂੰ ਗ੍ਰਿਫਤਾਰ ਕੀਤਾ ਗਿਆ ਹੈ।ਇਸ ਮੌਕੇ ਐਸ ਆਈ ਪੂਰਨ ਸਿੰਘ ਨੇ ਦੱਸਿਆ ਕਿ ਦੋਸ਼ੀਆਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਅਗਲੀ ਕਰਵਾਈ ਤਫਤੀਸ਼ ਵਿੱਚ ਲਿਆਂਦੀ ਜਾਵੇਗੀ।

## ਪਾਵਰਕਾਮ ਪੈਨਸ਼ਨਰਜ਼ ਐਸੋਸੀਏਸ਼ਨ ਸਰਕਲ ਖੰਨਾ ਦਾ ਡੈਲੀਗੇਟ ਅਜਲਾਸ, ਇੰਦਰਜੀਤ ਸਿੰਘ ਚੌਥੀ ਵਾਰ ਸਕੱਤਰ ਬਣੇ



ਸਮਰਾਲਾ (ਸੁਰਜੀਤ ਸਿੰਘ)-ਪਾਵਰਕਾਮ ਪੈਨਸ਼ਨਰਜ਼ ਐਸੋਸੀਏਸ਼ਨ ਸਰਕਲ ਖੰਨਾ ਦਾ ਡੈਲੀਗੇਟ ਅਜਲਾਸ ਹਰਬੰਸ ਸਿੰਘ ਦਬੁਰਜੀ ਦੀ ਪ੍ਰਧਾਨਗੀ ਹੇਠ ਹੋਇਆ, ਜਿਸ ਵਿੱਚ ਸੂਬਾ ਕਮੇਟੀ ਵੱਲੋਂ ਨਿਯੁਕਤ ਕੀਤੀ ਚੋਣ ਨਿਗਰਾਨ ਕਮੇਟੀ ਦੇ ਸਾਥੀ ਦੇਵ ਰਾਜ, ਸਾਥੀ ਜ਼ਿੰਦਰ ਸਿੰਘ ਧੌਲਾ ਤੇ ਸੂਬਈ ਜਨਰਲ ਸਕੱਤਰ ਧਨਵੰਤ ਸਿੰਘ ਭੱਠਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਅਜਲਾਸ ਦੀ ਸ਼ੁਰੂਆਤ ਵਿੱਚ ਵਿੱਛੜੇ ਸਾਥੀਆਂ ਤੇ ਪਹਿਲਗਾਮ ਦੇ ਅੱਤਵਾਦੀ ਹਮਲੇ ਵਿੱਚ ਮਾਰੇ ਲੋਕਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਅਰਪਿਤ ਕੀਤੀ।ਉਪਰੰਤ ਸਰਕਲ ਸਕੱਤਰ ਇੰਦਰਜੀਤ ਸਿੰਘ ਅਕਾਲ ਵੱਲੋਂ ਤਿੰਨ ਸਾਲਾਂ ਦੀ ਕਾਰਗੁਜ਼ਾਰੀ ਰਿਪੋਰਟ ਦੀ ਰਿਪੋਰਟ ਤੇ ਵਿੱਤ ਸਕੱਤਰ ਸੰਤੋਖ ਸਿੰਘ ਵੱਲੋਂ ਆਮਦਨ ਤੇ ਖਰਚਿਆਂ ਦੀ ਰਿਪੋਰਟ ਪੇਸ਼ ਕੀਤੀ ਗਈ।ਇਸ ਦੌਰਾਨ ਤਮਗਾ ਜੇਤੂ ਐਥਲੀਟ ਸੁਰਿੰਦਰ ਕੁਮਾਰ ਕੰਬਲ, ਮੰਗਤ ਰਾਮ, ਤੇਜਿੰਦਰ ਸਿੰਘ ਤੇ ਸੂਬਈ ਆਗੂਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਸਰਕਲ ਪ੍ਰਧਾਨ ਹਰਬੰਸ ਸਿੰਘ ਦਬੁਰਜੀ ਵੱਲੋਂ ਪੁਰਾਣੀ ਕਮੇਟੀ ਭੰਗ ਕਰਕੇ ਨਵੇਂ ਪੇਸ਼ ਕੀਤੇ ਅਹੁਦੇਦਾਰਾਂ ਦਾ ਪੈਨਲ ਪੇਸ਼ ਕੀਤਾ ਗਿਆ, ਜਿਸ ਨੂੰ ਸਰਬਸੰਮਤੀ ਨਾਲ ਪ੍ਰਵਾਨ ਕੀਤਾ ਗਿਆ, ਜਿਸ ਅਨੁਸਾਰ ਹਰਬੰਸ ਸਿੰਘ ਦਬੁਰਜੀ ਮੁੜ ਦੂਜੀ ਵਾਰ ਪ੍ਰਧਾਨ, ਜੰਗੀਰ ਸਿੰਘ ਸੀਨੀਅਰ ਮੀਤ ਪ੍ਰਧਾਨ, ਪਰਵਿੰਦਰ ਸਿੰਘ, ਨੇਤਰ ਸਿੰਘ ਤੇ ਹਰਬੰਸ ਸਿੰਘ ਮੰਡੇਰ ਮੀਤ ਪ੍ਰਧਾਨ, ਇੰਦਰਜੀਤ ਸਿੰਘ ਅਕਾਲ ਚੌਥੀ ਵਾਰ ਸਰਕਲ ਸਕੱਤਰ ਚੁਣੇ ਗਏ, ਪ੍ਰੈਸ ਸਕੱਤਰ ਪ੍ਰਦੀਪ ਕੁਮਾਰ, ਵਿੱਤ ਸਕੱਤਰ ਨਰਿੰਦਰ ਕੁਮਾਰ, ਜੁਆਇੰਟ ਸਕੱਤਰ ਗੁਰਮੀਤ ਸਿੰਘ, ਜਥੇਬੰਦਕ ਸਕੱਤਰ ਰਣਧੀਰ ਸਿੰਘ, ਆਡੀਟਰ ਮੇਹਰ ਪਾਲ ਸਿਆਨ ਅਤੇ ਬਲਜੀਤ ਸਿੰਘ ਖਟੜਾ, ਸੰਤੋਖ ਸਿੰਘ ਤੇ ਸੁਰਜੀਤ ਸਿੰਘ ਮੈਂਬਰ ਚੁਣੇ ਗਏ।

# ਵਿਧਾਇਕ ਵੱਲੋਂ ਗੋਬਿੰਦਪੁਰਾ ਸਕੂਲ 'ਚ ਬਣੇ ਨਵੇਂ ਕਮਰੇ ਲੋਕ ਅਰਪਣ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਵਿਧਾਇਕ ਹਲਕਾ ਭੁੱਚੋ ਮਾ. ਜਗਸੀਰ ਸਿੰਘ ਵੱਲੋਂ ਪੰਜਾਬ ਸਰਕਾਰ ਦੁਆਰਾ ਚਲਾਈ ਗਈ ਸਿੱਖਿਆ ਕ੍ਰਾਂਤੀ ਦੀ ਮੁਹਿੰਮ ਅਧੀਨ ਪੀ ਐੱਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਬਿੰਦਪੁਰਾ ਵਿਖੇ ਨਵੇਂ ਬਣੇ ਤਿੰਨ ਆਧੁਨਿਕ ਕਮਰਿਆਂ ਦਾ ਉਦਘਾਟਨ ਕਰਕੇ ਇਨ੍ਹਾਂ ਨੂੰ ਲੋਕ ਅਰਪਣ ਕੀਤਾ ਗਿਆ। ਇਸ ਮੌਕੇ ਹਲਕਾ ਵਿਧਾਇਕ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੀ ਗਈ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਦਾ ਮੁੱਖ ਉਦੇਸ਼ ਪੰਜਾਬ ਦੇ ਲੋਕਾਂ ਨੂੰ ਸਰਕਾਰੀ ਸਕੂਲਾਂ ਵਿੱਚ ਮੁਹੱਈਆ ਕਰਵਾਈਆਂ ਗਈਆਂ ਬੁਨਿਆਦੀ ਸਹੂਲਤਾਂ ਬਾਰੇ ਜਾਣੂ ਕਰਵਾਉਣਾ ਹੈ। ਮਾਲਵਾ ਜ਼ੋਨ ਦੇ ਸਿੱਖਿਆ ਕੋਆਰਡੀਨੇਟਰ ਹਰਮੰਦਰ ਸਿੰਘ ਬਰਾੜ ਨੇ ਵੀ ਪੰਜਾਬ ਸਰਕਾਰ ਦੁਆਰਾ ਸਿੱਖਿਆ ਤੇ ਹੋਰ ਖੇਤਰਾਂ ਵਿੱਚ ਕੀਤੇ ਜਾ ਰਹੇ ਮਹੱਤਵਪੂਰਨ ਕੰਮਾਂ ਬਾਰੇ ਚਾਨਣਾ ਪਾਇਆ। ਪ੍ਰਿੰਸੀਪਲ ਜਸਵੀਰ ਸਿੰਘ ਬੇਗਾ ਨੇ ਮਹਿਮਾਨਾਂ ਦਾ ਸਵਾਗਤ ਕੀਤਾ ਤੇ ਕੰਮਾਂ ਦੀ ਜਾਣਕਾਰੀ ਦਿੱਤੀ। ਸਟੇਜ ਦੇ ਸੰਚਾਲਨ ਦੀ ਜ਼ਿੰਮੇਵਾਰੀ ਚਮਕੌਰ ਸਿੰਘ ਲੈਕਚਰਾਰ ਰਾਜਨੀਤੀ ਸ਼ਾਸਤਰ ਵੱਲੋਂ ਨਿਭਾਈ ਗਈ। ਸਮਰਪਤ ਸਕੂਲ ਕੈਂਪਸ ਵਿੱਚ ਸੱਭਿਆਚਾਰਕ ਸਮਾਗਮ ਕੀਤਾ ਗਿਆ, ਜਿਸ ਵਿੱਚ ਬੱਚਿਆਂ ਨੇ ਵੱਖ-ਵੱਖ ਵਿਸ਼ਿਆਂ ਸਬੰਧੀ ਗੀਤ, ਡਾਂਸ, ਕੋਰਿਓਗ੍ਰਾਫੀ ਤੇ ਗਿੱਧੇ ਦੀਆਂ ਖੂਬਸੂਰਤ ਪੇਸ਼ਕਾਰੀਆਂ ਦਿੱਤੀਆਂ, ਜਿਨ੍ਹਾਂ ਨੂੰ ਵਿਧਾਇਕ ਵੱਲੋਂ ਸਨਮਾਨਤ ਵੀ ਕੀਤਾ ਗਿਆ। ਵਿਧਾਇਕ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੀ ਗਈ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਦਾ ਮੁੱਖ ਉਦੇਸ਼ ਪੰਜਾਬ ਦੇ ਲੋਕਾਂ ਨੂੰ ਸਰਕਾਰੀ ਸਕੂਲਾਂ ਵਿੱਚ ਮੁਹੱਈਆ ਕਰਵਾਈਆਂ ਗਈਆਂ ਬੁਨਿਆਦੀ ਸਹੂਲਤਾਂ ਬਾਰੇ ਜਾਣੂ ਕਰਵਾਉਣਾ ਹੈ। ਇਸ ਮੌਕੇ ਪਿੰਸੀਪਲ ਮਨਜੀਤ ਸਿੰਘ ਸਿੱਧੂ, ਪ੍ਰਿੰਸੀਪਲ ਆਸ਼ੂ ਸਿੰਘ, ਸਕੂਲ ਪ੍ਰਬੰਧਕੀ ਕਮੇਟੀ ਦੇ ਮੈਂਬਰ, ਪਿੰਡ ਗੋਬਿੰਦਪੁਰਾ ਦੇ ਸਰਪੰਚ ਅਵਤਾਰ ਸਿੰਘ ਬੂਟਾ, ਪਿੰਡ ਹਰਰੰਗਪੁਰਾ ਦੇ ਸਰਪੰਚ ਜਗਤਾਰ ਸਿੰਘ, ਸਾਬਕਾ ਸਰਪੰਚ ਨਮਤੇਜ ਸਿੰਘ, ਦੋਵੇਂ ਪਿੰਡਾਂ ਦੇ ਪੰਚਾਇਤ ਮੈਂਬਰਜ਼, ਹੋਰ ਪਤਵੰਤੇ ਸੱਜਣ, ਮੀਡੀਆ ਕੋਆਰਡੀਨੇਟਰ ਸੁਖਪਾਲ ਸਿੰਘ ਤੇ ਬੱਚਿਆਂ ਦੇ ਮਾਪੇ ਸ਼ਾਮਲ ਸਨ।

ਇਸ ਮੌਕੇ ਪ੍ਰਿੰਸੀਪਲ ਜਸਵੀਰ ਸਿੰਘ ਬੇਗਾ ਦੀ ਅਗਵਾਈ ਵਿੱਚ ਉਦਘਾਟਨੀ ਸਮਾਰੋਹ ਨੂੰ

## ਰਾਕੇਸ਼ ਟਿਕੈਤ ਨਾਲ ਬਦਸਲੂਕੀ ਦੀ ਸਖ਼ਤ ਨਿਖੇਧੀ

ਮਾਨਸਾ (ਆਤਮਾ ਸਿੰਘ ਪਮਾਰ)-ਕਿਸਾਨ ਆਗੂ ਰੁਲਦੂ ਸਿੰਘ ਮਾਨਸਾ ਨੇ ਸ਼ਰਾਰਤੀ ਅਨਸਰਾਂ ਵੱਲੋਂ ਕਿਸਾਨੀ ਅੰਦੋਲਨ ਦਾ ਮੁੱਖ ਚਿਹਰਾ ਰਹੇ ਰਾਕੇਸ਼ ਟਿਕੈਤ ਨਾਲ ਜਾਣਬੁੱਝ ਕੇ ਕੀਤੀ ਗਈ ਧੱਕਾਮੁੱਕੀ ਦੀ ਪੁਰਜ਼ੋਰ ਨਿਖੇਧੀ ਕੀਤੀ ਹੈ। ਜਿਕਰਯੋਗ ਹੈ ਕਿ ਮੁਜ਼ੱਫਰਨਗਰ ਦੇ ਟਾਊਨ ਹਾਲ ਦੇ ਕੋਲ ਪਹਿਲਗਾਮ ਹਮਲੇ ਨੂੰ ਲੈ ਕੇ ਜਨਤਕ ਰੋਸ ਚੱਲ ਰਿਹਾ ਸੀ, ਜਿਸ ਵਿੱਚ ਕਿਸਾਨ ਆਗੂ ਰਾਕੇਸ਼ ਟਿਕੈਤ ਆਪਣੀ ਗੱਲ ਰੱਖਣ ਲਈ ਪਹੁੰਚੇ ਹੋਏ ਸਨ। ਇਨ੍ਹਾਂ ਦੇ ਪਹੁੰਚਦਿਆਂ ਹੀ ਬੀ.ਜੇ.ਪੀ. ਦੇ ਵਰਕਰਾਂ ਵੱਲੋਂ ਤਰਿਸ਼ੂਦਾ ਰਣਨੀਤੀ ਤਹਿਤ ਉਨ੍ਹਾਂ ਨੂੰ ਸਟੇਜ 'ਤੇ ਜਾਣ ਤੋਂ ਰੋਕਿਆ ਗਿਆ ਤਾਂ ਜੋ ਉਹ ਆਪਸੀ ਭਾਈਚਾਰੇ ਨੂੰ ਬਣਾਈ ਰੱਖਣ ਦੀ ਗੱਲ ਸਟੇਜ ਤੋਂ ਨਾ ਕਰ ਸਕਣ, ਇਨ੍ਹਾਂ ਦਾ ਸੰਯੁਕਤ ਕਿਸਾਨ ਮੋਰਚੇ ਦੇ ਪ੍ਰਮੁੱਖ ਆਗੂ ਤੇ ਅਜਿਹੇ ਕਈ ਸ਼ਖਸੀਅਤਾਂ ਭਾਰਤ ਦੇ ਪ੍ਰਧਾਨ ਰੁਲਦੂ ਸਿੰਘ ਮਾਨਸਾ ਨੇ ਨਿੰਦਿਆ ਕਰਦੇ ਹੋਏ ਕਿਹਾ ਕਿ ਕਿਸਾਨੀ ਅੰਦੋਲਨ ਦੀ ਜਿੱਤ ਦੇ ਦੌਰਾਨ ਗੁਰਦੁਆਰਾ ਨੂੰ ਨਿਸ਼ਾਨਾ ਬਣਾਇਆ ਗਿਆ। ਉਨ੍ਹਾਂ ਕਿਹਾ ਕਿ ਕਿਸਾਨ ਆਗੂ ਅਜਿਹੇ ਇੱਕੋ ਵਿੱਚ ਥੋੜ੍ਹੀ ਗਿਣਤੀ ਵਿੱਚ ਜਾਣ ਦੀ ਬਜਾਏ ਵੱਡੀ ਗਿਣਤੀ ਨਾਲ ਹੀ ਸ਼ਮੂਲੀਅਤ ਕਰਨ, ਨਾਲ ਹੀ ਮੋਰਚੇ ਦੇ ਕਿਸਾਨ ਫਰੰਟ ਤੇ ਜਮਹੂਰੀ ਇਨਸਾਫ਼ ਪਸੰਦ ਜਨਤਕ ਜਥੇਬੰਦੀਆਂ ਦੇ ਸਾਂਝੇ ਪਲੇਟਫਾਰਮਾਂ ਤੋਂ ਪਹਿਲਗਾਮ ਹਮਲੇ ਦੇ ਪੀੜਤਾਂ ਲਈ ਇਨਸਾਫ਼ ਤੇ ਅਜਿਹੇ ਹੋਰ ਦੇਸ਼ ਦਾ ਮਾਹੌਲ ਖ਼ਰਾਬ ਕਰਨ ਵਾਲੇ ਮਸਲਿਆਂ ਉੱਤੇ ਆਪਣੀ ਨਿਰਪੱਖ ਰਾਇ, ਸਾਂਝੀਵਾਲਤਾ ਦੀ ਨੀਤੀ ਨੂੰ ਲੋਕਾਂ ਵਿੱਚ ਲਿਜਾਣ। ਉਨ੍ਹਾਂ ਦੇਸ ਭਰ ਦੇ ਲੋਕਾਂ ਨੂੰ ਫਿਰਕੂ ਦਹਿਸ਼ਤਗਰਦੀ ਤੋਂ ਚੁਕੰਨੇ ਰਹਿੰਦਿਆਂ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਵੀ ਕੀਤੀਸ਼ ਰੁਲਦੂ ਸਿੰਘ ਮਾਨਸਾ ਨੇ ਸਰਕਾਰ ਤੋਂ ਪਹਿਲਗਾਮ ਮਸਲੇ ਦੀ ਤੱਥ ਅਧਾਰਤ ਛਾਣਬੀਨ ਉਪਰੰਤ ਦੋਸ਼ੀਆਂ ਖਿਲਾਫ਼ ਸਖ਼ਤ ਕਾਰਵਾਈ ਦੀ ਮੰਗ ਵੀ ਕੀਤੀ।

## ਸਰਕਾਰ ਸੂਬੇ ਦੇ ਪਾਣੀ ਤੇ ਕਿਸਾਨ ਹਿੱਤਾਂ ਦੀ ਰਾਖੀ ਲਈ ਵਚਨਬੱਧ : ਸੰਧਵਾਂ



ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਅਲਸਕਰਾ ਗੰਡ ਫਿਰੋਜ਼ਪੁਰ ਰੋਡ ਫਰੀਦਕੋਟ ਵਿਖੇ ਯੁੱਧ ਨਸ਼ਿਆਂ ਵਿਰੁੱਧ ਜ਼ਿਲ੍ਹਾ ਪੱਧਰੀ ਪ੍ਰੋਗਰਾਮ ਕੀਤਾ।ਇਕੱਠ ਨੂੰ ਸੰਬੋਧਨ ਕਰਦਿਆਂ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਸਰਕਾਰ ਪੰਜਾਬ ਦੇ ਪਾਣੀ ਦੇ ਹਿੱਸੇ ਨੂੰ ਹੜੱਪਣਾ ਚਾਹੁੰਦੀ ਹੈ।ਉਨ੍ਹਾਂ ਕਿਹਾ ਕਿ ਬੀਬੀਐੱਮਬੀ ਨੇ ਪਿਛਲੇ ਸਾਲਾਂ ਦੀ ਤਰਜ਼ 'ਤੇ ਇਸ ਸਾਲ ਰਾਜਸਥਾਨ, ਹਰਿਆਣਾ ਤੇ ਪੰਜਾਬ ਨੂੰ ਕ੍ਰਮਵਾਰ 3.318 ਐੱਮਏਐੱਫ, 2.987 ਐੱਮਏਐੱਫ ਤੇ 5.512 ਐੱਮਏਐੱਫ ਪਾਣੀ ਵੰਡਿਆ ਹੈ।ਹਰਿਆਣਾ ਪਹਿਲਾਂ ਹੀ ਆਪਣੇ ਹਿੱਸੇ ਦੇ ਪਾਣੀ ਦੀ ਵਰਤੋਂ ਕਰ ਚੁੱਕਾ ਹੈ ਤੇ ਹੁਣ ਉਨ੍ਹਾਂ ਨੇ ਕੇਂਦਰੀ ਏਜੰਸੀਆਂ ਦੀ ਮਦਦ ਨਾਲ ਪੰਜਾਬ ਦੇ ਹਿੱਸੇ ਦਾ 8500 ਕਿਊਸਿਕ ਪਾਣੀ ਜ਼ਬਰਦਸਤੀ ਖੋਹ ਲਿਆ ਹੈ।ਉਨ੍ਹਾਂ ਦੱਸਿਆ ਕਿ ਪੰਜਾਬ ਨੂੰ ਵਿਰ ਤੋਂ ਠਗੇ ਧੁੱਗ ਵਿੱਚ ਧੱਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਪਾਣੀ ਦੀ ਹਰ ਬੂੰਦ ਸਾਡੇ ਲਈ ਕੀਮਤੀ ਹੈ ਤੇ ਕਿਸੇ ਨੂੰ ਵੀ ਪੰਜਾਬ ਦੇ ਹਿੱਸੇ ਦੇ ਪਾਣੀ ਨੂੰ ਖੋਹਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਇਸ ਸਬੰਧ ਵਿੱਚ 5 ਮਈ ਨੂੰ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਇਆ ਗਿਆ ਹੈ।ਉਨ੍ਹਾਂ ਪੰਜਾਬ ਵਿੱਚੋਂ ਨਸ਼ਿਆਂ ਦੇ ਖ਼ਾਤਮੇ ਵਿਰੁੱਧ ਇੰਕਲਾਬ ਹੋਣ ਦਾ ਸੁਨੇਹਾ ਵੀ ਦਿੱਤਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਹਰ ਪਿੰਡ ਸੁਰੱਖਿਆ ਕਮੇਟੀ ਬਣਾਈ ਹੈ, ਜਿਸ ਵਿੱਚ ਸਰਪੰਚ ਤੇ ਹੋਰ ਮੈਂਬਰ ਸ਼ਾਮਲ ਹਨ, ਜੋ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਲਈ ਅਹਿਮ ਜ਼ਿੰਮੇਵਾਰੀ ਨਿਭਾਉਣਗੇ।ਇਸ ਮੌਕੇ ਕੈਬਨਿਟ ਮੰਤਰੀ ਸ. ਤਰੁਣਪ੍ਰੀਤ ਸਿੰਘ ਸੌਂਦ, ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ, ਕੈਬਨਿਟ ਮੰਤਰੀ ਡਾ. ਬਲਜੀਤ ਕੌਰ, ਵਿਧਾਇਕ ਫਰੀਦਕੋਟ ਸ. ਗੁਰਦਿੱਤ ਸਿੰਘ ਸੇਖੋਂ, ਵਿਧਾਇਕ ਜੈਤੋ ਅਮੋਲਕ ਸਿੰਘ, ਡਿਪਟੀ ਕਮਿਸ਼ਨਰ ਪੂਨਮਦੀਪ ਕੌਰ ਤੇ ਐੱਸ ਐੱਸ ਪੀ ਡਾ. ਪ੍ਰੱਗਿਆ ਜੈਨ ਸਮਾਗਮ ਵਿੱਚ ਸ਼ਾਮਲ ਹੋਏ।

## ਮਾਤਾ ਸੁੰਦਰੀ ਗਰੁੱਪ ਆਫ ਇੰਸਟੀਚਿਊਸ਼ਨਜ਼ 'ਚ ਲੜਕੀਆਂ 'ਚ ਦਾਖਲੇ ਨੂੰ ਲੈ ਕੇ ਉਤਸ਼ਾਹ




ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਮਾਲਵੇ ਖਿੱਤੇ ਦੀ ਇਕਲੌਤੀ ਲੜਕੀਆਂ ਦੀ ਸੰਸਥਾ ਮਾਤਾ ਸੁੰਦਰੀ ਗਰੁੱਪ ਆਫ ਇੰਸਟਿਊਸ਼ਨਜ਼ ਢੱਡੇ, ਬਠਿੰਡਾ ਵਿੱਚ ਇਲਾਕੇ ਦੀਆਂ ਲੜਕੀਆਂ ਦਾਖ਼ਲੇ ਲਈ ਵੱਡਾ ਉਤਸ਼ਾਹ ਦਿਖਾ ਰਹੀਆਂ ਹਨ।ਸੰਸਥਾ ਦੇ ਚੇਅਰਮੈਨ ਕੁਲਵੰਤ ਸਿੰਘ ਸਿੱਧੂ ਨੇ ਕਿਹਾ ਕਿ ਇਸ ਵਾਰ ਲੜਕੀਆਂ ਦਾ ਬਾਹਰਲੇ ਮੁਲਕਾਂ ਵਿੱਚ ਜਾਣ ਦਾ ਰੁਝਾਨ ਕਾਫੀ ਘੱਟਿਆ ਹੈ।ਜਿੱਥੇ ਸਾਡੀ ਸਰਜਮੀਨ ਪੰਜਾਬ ਲਈ ਸ਼ੁਭ ਸੰਕੇਤ ਹੈ, ਨਾਲ ਹੀ ਪੰਜਾਬ ਦੀਆਂ ਧੀਆਂ ਨੇ ਪੰਜਾਬ ਵਿੱਚ ਹੀ ਉਚੇਰੀ ਸਿੱਖਿਆ ਨੂੰ ਗ੍ਰਹਿਣ ਕਰਨ ਲਈ ਆਪਣੀ ਪਹਿਲੀ ਤਰਜੀਹ ਬਣਾ ਲਈ ਹੈ।ਉਨ੍ਹਾਂ ਕਿਹਾ ਕਿ ਸੰਸਥਾ ਵਿੱਚ ਲੜਕੀਆਂ ਵੱਖ-ਵੱਖ ਕੋਰਸਾਂ 'ਚ ਵੱਡੀ ਗਿਣਤੀ ਵਿੱਚ ਦਾਖ਼ਲੇ ਲੈਣ ਲਈ ਉਤਸ਼ਾਹ ਦਿਖਾ ਰਹੀਆਂ ਹਨ।ਸੰਸਥਾ ਦੇ ਐੱਮ ਡੀ ਗੁਰਬਿੰਦਰ ਸਿੰਘ ਬੱਲੀ ਨੇ ਕਿਹਾ ਕਿ ਪਹਿਲੀ ਵਾਰ ਵੇਖਣ ਨੂੰ ਮਿਲ ਰਿਹਾ ਹੈ ਕਿ ਲੜਕੀਆਂ ਵੱਡੇ ਗਰੁੱਪਾਂ ਵਿੱਚ ਆ ਕੇ ਕਾਲਜ ਵਿੱਚ ਦਾਖ਼ਲਾ ਕਰਵਾ ਰਹੀਆਂ ਹਨ। ਸੰਸਥਾ ਦੇ ਡਾਇਰੈਕਟਰ ਐਡਮਿਨਿਸਟ੍ਰੇਸ਼ਨ ਪਰਮਿੰਦਰ ਸਿੰਘ ਸਿੱਧੂ ਇਲਾਕੇ 'ਚ ਇਕਲੌਤੀ ਧੀਆਂ ਦੀ ਸੰਸਥਾ ਹੋਣ ਕਰਕੇ ਕਾਲਜ ਮਾਪਿਆਂ ਦੀ ਪਹਿਲੀ ਪਸੰਦ ਬਣਿਆ ਹੈ। ਸੰਸਥਾ ਦੇ ਪ੍ਰਿੰਸੀਪਲ ਰਾਜ ਸਿੰਘ ਬਾਘਾ ਨੇ ਕਿਹਾ ਕਿ ਇਸ ਦਾ ਸਿਹਰਾ ਸੰਸਥਾ ਦੀ ਮਿਹਨਤੀ ਟੀਮ ਨੂੰ ਜਾਂਦਾ ਹੈ, ਜਿਹੜੀ ਕਿ ਲੜਕੀਆਂ ਦਾ ਸਰਬਪੱਖੀ ਵਿਕਾਸ ਕਰਨ ਵਿੱਚ ਹਮੇਸ਼ਾ ਯਤਨਸ਼ੀਲ ਰਹਿੰਦੀ ਹੈ।ਸੰਸਥਾਂ ਡਾਇਰੈਕਟਰ ਮੈਡਮ ਸਿੰਬਲਜੀਤ ਕੌਰ ਅਤੇ ਖ਼ਜ਼ਾਨਚੀ ਮੈਡਮ ਪੁਰਸ਼ੋਤਮ ਕੌਰ ਨੇ ਸਾਂਝੇ ਰੂਪ ਵਿੱਚ ਕਿਹਾ ਕਿ ਹਰੇਕ ਨੂੰ ਆਪਣੇ ਬੱਚਿਆਂ ਨੂੰ ਮਿੱਟੀ ਅਤੇ ਮਾਂ ਬੋਲੀ ਨਾਲ ਹਮੇਸ਼ਾ ਜੋੜਕੇ ਰਖਣਾ ਚਾਹੀਦਾ ਹੈ। ਇਸ 'ਚ ਸੰਸਥਾਵਾਂ ਦਾ ਬਹੁਤ ਮੁੱਖ ਯੋਗਦਾਨ ਹੁੰਦਾ ਹੈ, ਜੋ ਮਾਤਾ ਸੁੰਦਰੀ ਗਰੁੱਪ ਆਫ਼ ਇਸਟਿਊਸ਼ਨਜ਼ ਬਾਖ਼ੂਬੀ ਨਿਭਾ ਰਿਹਾ ਹੈ ਅਤੇ ਭਵਿੱਖ ਵਿੱਚ ਵੀ ਨਿਭਾਉਂਦਾ ਰਹੇਗਾ।

## ਪਰਮਿੰਦਰ ਮੌਦਗਿਲ ਮੀਡੀਆ ਕਲੱਬ ਦੇ ਕਾਰਜਕਾਰੀ ਪ੍ਰਧਾਨ ਬਣੇ



ਪਾਤੜਾਂ (ਪੱਤਰ ਪ੍ਰੇਰਕ)-ਸਬ ਡਵੀਜ਼ਨ ਪਾਤੜਾਂ ਅਧੀਨ ਆਉਂਦੇ ਇਲੈਕਟਰੋਨਿਕ ਤੇ ਪ੍ਰਿੰਟ ਮੀਡੀਆ ਨਾਲ ਜੁੜੇ ਪੱਤਰਕਾਰਾਂ ਦੀ ਜਥੇਬੰਦੀ ਮੀਡੀਆ ਕਲੱਬ ਪਾਤੜਾਂ ਦੀ ਮੀਟਿੰਗ ਕਲੱਬ ਦੇ ਸਰਪ੍ਰਸਤ ਜਗਦੀਸ਼ ਸਿੰਘ ਕੰਬੋਜ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤੜਾਂ ਵਿਖੇ ਹੋਈ, ਜਿਸ ਦੌਰਾਨ ਪ੍ਰਧਾਨ ਗੁਰਨਾਮ ਸਿੰਘ ਚੌਹਾਨ ਵੱਲੋਂ ਕਲੱਬ ਦੀ ਕਾਰਜਕਾਰਨੀ ਕਮੇਟੀ ਭੰਗ ਕੀਤੇ ਜਾਣ ਉਪਰੰਤ ਪਰਮਿੰਦਰ ਮੌਦਗਿਲ ਨੂੰ ਕਲੱਬ ਦਾ ਕਾਰਜਕਾਰੀ ਪ੍ਰਧਾਨ ਬਣਾਇਆ ਗਿਆ ਹੈ।ਮੀਟਿੰਗ ਵਿੱਚ ਕਲੱਬ ਦੇ ਕਾਰਜਕਾਰਨੀ ਕਮੇਟੀ ਮੈਂਬਰ ਭੁਪਿੰਦਰਜੀਤ ਮੌਲਵੀਵਾਲਾ, ਸਤਪਾਲ ਗਰਗ, ਬਲਵੀਰ ਸਿੰਘ ਢਿੱਲੋਂ, ਸੰਜੇ ਗਰਗ ਤੇ ਨਿਸ਼ਾਨ ਸਿੰਘ ਬਣਵਾਲਾ ਆਦਿ ਹਾਜ਼ਰ ਸਨ।

## ਭਾਰਤ ਵਿਕਾਸ ਪ੍ਰੀਸ਼ਦ ਨੇ ਲੋੜਵੰਦ ਬੱਚਿਆਂ ਨੂੰ ਵੰਡੇ ਸਕੂਲੀ ਬੈਗ



ਨਾਭਾ (ਵਰਿੰਦਰ ਵਰਮਾ)-ਭਾਰਤ ਵਿਕਾਸ ਪ੍ਰੀਸ਼ਦ ਇਕਾਈ ਨਾਭਾ ਵੱਲੋਂ ਸੇਵਾ ਭਾਰਤੀ ਬਾਲ ਸੰਸਕਾਰ ਕੇਂਦਰ ਹੀਰਾ ਮਹਿਲ ਵਿਖੇ ਲੋੜਵੰਦ ਵਿਦਿਆਰਥੀਆਂ ਨੂੰ ਸਕੂਲ ਬੈਗ ਵੰਡੇ ਗਏ।ਇਸ ਮੌਕੇ ਸੰਸਥਾ ਦੇ ਪ੍ਰਧਾਨ ਨਰਿੰਦਰ ਵਰਮਾ, ਜਨਰਲ ਸਕੱਤਰ ਵਿਕਾਸ ਮਿੱਤਲ ਤੇ ਕੈਸ਼ੀਅਰ ਅਸ਼ਵਨੀ ਮਦਾਨ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਰਤ ਵਿਕਾਸ ਪ੍ਰੀਸ਼ਦ ਇਕਾਈ ਨਾਭਾ ਵੱਲੋਂ ਹਮੇਸ਼ਾ ਹੀ ਸਮਾਜ ਭਲਾਈ ਦੇ ਕਾਰਜ ਮੈਂਬਰਾਂ ਦੇ ਸਹਿਯੋਗ ਨਾਲ ਕੀਤੇ ਜਾਂਦੇ ਹਨ, ਉੱਥੇ ਹੀ ਸਕੂਲਾਂ ਵਿੱਚ ਲੋੜਵੰਦ ਬੱਚਿਆਂ ਨੂੰ ਵਰਦੀਆਂ, ਬੂਟ, ਜ਼ੁਰਾਬਾਂ ਤੇ ਸਟੇਸ਼ਨਰੀ ਦਿੱਤੀ ਜਾਂਦੀ ਹੈ ਤਾਂ ਕਿ ਲੋੜਵੰਦ ਬੱਚਿਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕੀਤਾ ਜਾ ਸਕੇ ਅਤੇ ਉਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਮੁਸ਼ਕਲ ਦਾ ਸਾਹਮਣਾ ਨਾ ਕਰ ਸਕੇ।ਉਨ੍ਹਾਂ ਕਿਹਾ ਕਿ ਇਹ ਬੱਚੇ ਸਾਡੇ ਦੇਸ਼ ਦਾ ਭਵਿੱਖ ਹਨ ਤੇ ਇਹ ਬੱਚੇ ਪੜ੍ਹ ਲਿਖ ਕੇ ਆਪਣੇ ਸੂਬੇ ਤੇ ਦੇਸ਼ ਦਾ ਨਾਮ ਰੋਸ਼ਨ ਕਰਨਗੇ।ਉਨ੍ਹਾਂ ਕਿਹਾ ਕਿ ਇਸ ਲੜੀ ਤਹਿਤ ਅੱਜ ਇਹ ਸਕੂਲ ਬੈਗ ਸਾਡੀ ਸੰਸਥਾ ਦੇ ਮੈਂਬਰ ਐਡਵੋਕੇਟ ਯਸ਼ਪਾਲ ਸਿੰਗਲਾ ਤੇ ਨਰਿੰਦਰ ਵਰਮਾ ਵੱਲੋਂ ਦਿੱਤੇ ਗਏ ਹਨ।ਉਨ੍ਹਾਂ ਕਿਹਾ ਕਿ ਇਹ ਲੋਕ ਭਲਾਈ ਦੇ ਕਾਰਜਾਂ ਵਿੱਚ ਸੰਸਥਾ ਦੇ ਮੈਂਬਰਾਂ ਵੱਲੋਂ ਦਿਲ ਖੋਲ੍ਹ ਕੇ ਸਹਿਯੋਗ ਦਿੱਤਾ ਜਾਂਦਾ ਹੈ।ਇਸ ਮੌਕੇ ਭਾਜਪਾ ਮੰਡਲ ਪ੍ਰਧਾਨ ਪਰਮਿੰਦਰ ਗੁਪਤਾ, ਰੇਸ਼ਮਾ ਦੀਦੀ, ਲਲਿਤ ਸ਼ਰਮਾ, ਓਮ ਪ੍ਰਕਾਸ਼ ਠੇਕੇਦਾਰ, ਅਸ਼ਵਨੀ ਚੋਪੜਾ, ਆਕਾਸ਼ ਜਲੋਟਾ, ਪਵਨ ਸ਼ਰਮਾ, ਹੀਨਾ ਸਿੰਗਲਾ, ਸੁਸ਼ਮਾ ਗਰਗ, ਲਲਿਤਾ ਵਰਮਾ, ਮੈਡਮ ਰਜਨੀ ਮਿੱਤਲ ਆਦਿ ਮੈਂਬਰ ਹਾਜ਼ਰ ਸਨ।

## ਹਲਕਾ ਲਹਿਰਾ ਦੇ ਬਸਪਾ ਅਹੁਦੇਦਾਰਾਂ ਦੀ ਚੋਣ

ਮੂਨਕ (ਰਾਜਪਾਲ ਸਿੰਗਲਾ)-ਬਹੁਜਨ ਸਮਾਜ ਪਾਰਟੀ ਦੇ ਆਗੂ, ਜਿਸ ਵਿੱਚ ਡਾਕਟਰ ਮੱਖਣ ਸਿੰਘ ਲੋਕ ਸਭਾ ਇੰਚਾਰਜ ਸੰਗਰੂਰ, ਚਮਕੌਰ ਸਿੰਘ ਵੀਰ ਜਰਨਲ ਸਕੱਤਰ ਪੰਜਾਬ, ਰਣਧੀਰ ਸਿੰਘ ਨਾਗਰਾ ਹਲਕਾ ਇੰਚਾਰਜ ਸੰਗਰੂਰ, ਨਿਰਮਲ ਸਿੰਘ ਕੋਹਰੀਆ ਜ਼ਿਲ੍ਹਾ ਪ੍ਰਧਾਨ ਸੰਗਰੂਰ, ਬਸਪਾ ਆਗੂ ਮੱਟੂ ਸਾਹਿਬ, ਪਵਿੱਤਰ ਸਿੰਘ ਆਦਿ ਦੀ ਅਗਵਾਈ ਹੇਠਾਂ ਇੱਕ ਜ਼ਰੂਰੀ ਮੀਟਿੰਗ ਬੇਗਮਪੁਰਾ ਧਾਮ ਸ੍ਰੀ ਗੁਰੂ ਰਵਿਦਾਸ ਮੰਦਰ ਬੋਪੁਰ ਵਿੱਚ ਹੋਈ, ਜਿਸ ਵਿੱਚ ਬਸਪਾ ਹਲਕਾ ਲਹਿਰਾ ਦੀ ਬਾਡੀ ਦੀ ਚੋਣ ਕੀਤੀ ਗਈ। ਇਸ ਵਿੱਚ ਰਾਜ ਕੁਮਾਰ ਜੱਸਲ ਬੋਪੁਰ ਨੂੰ ਹਲਕਾ ਲਹਿਰਾ ਦਾ ਪ੍ਰਧਾਨ, ਅਮਨ ਬੋਧ ਖਨੌਰੀ ਨੂੰ ਜ਼ਿਲ੍ਹਾ ਕੋਆਰਡੀਨੇਟਰ, ਸ਼ੰਭੂ ਰੰਗਾ ਚੱਠਾ ਗੋਬਿੰਦਪੁਰਾ ਨੂੰ ਜਰਨਲ ਸਕੱਤਰ, ਰਾਮ ਨਾਥ ਲਹਿਰਾ ਨੂੰ ਖ਼ਜ਼ਾਨਚੀ, ਤਰਸੇਮ ਸਿੰਘ ਨੂੰ ਬੀ ਵੀ ਐੱਫ ਪ੍ਰਧਾਨ, ਜਗਸੀਰ ਸਿੰਘ ਬੋਪੁਰ ਨੂੰ ਵਾਇਸ ਪ੍ਰਧਾਨ, ਗੁਲਾਬ ਸਿੰਘ ਨੂੰ ਸ਼ਹਿਰੀ ਪ੍ਰਧਾਨ ਖਨੌਰੀ, ਰਾਜਿੰਦਰ ਸਿੰਘ ਸ਼ਹਿਰੀ ਪ੍ਰਧਾਨ ਲਹਿਰਾ ਲਾਇਆ ਗਿਆ।

ਇਸ ਮੌਕੇ ਰਾਮਨਾਥ ਸਿੰਘ ਲਹਿਰਾ, ਡਾਕਟਰ ਭੂਰਾ ਸਿੰਘ, ਬੰਤ ਸਿੰਘ ਲਹਿਰਾ, ਰਾਮਦਾਸ ਭੁੱਕਲ, ਕ੍ਰਿਸ਼ਨ ਸਿੰਘ ਜੱਸਲ, ਸੁਰਜੀਤ ਸਿੰਘ, ਕਰਮਚੰਦ ਫੌਜੀ ਠਸਕਾ, ਡਾ. ਓਮ ਪਕਾਸ਼, ਨੰਬਰਦਾਰ ਸ਼ਰਨਜੀਤ ਸਿੰਘ, ਸੁਰੇਸ਼ ਕੁਮਾਰ ਬਨਾਰਸੀ, ਆਖੇ ਰਾਮ ਖਨੌਰੀ ਖ਼ੁਰਦ, ਬਿਕਰਮ ਸਿੰਘ, ਮਿੱਠੂ ਰਾਮ, ਚਾਨਣ ਸਿੰਘ ਭੁੱਲਣ, ਸਾਬਕਾ ਪ੍ਰਧਾਨ ਜਗਸੀਰ ਸਿੰਘ, ਬਾਲੀ ਸਿੰਘ, ਰਾਮ ਰੂਪ ਸਿੰਘ ਠਸਕਾ, ਜੇਠੂ ਰਾਮ ਮੰਡਵੀ ਆਦਿ ਨਾਲ ਪਿੰਡਾਂ 'ਚੋਂ ਬਸਪਾ ਆਗੂ ਭਾਰੀ ਗਿਣਤੀ ਵਿੱਚ ਹਾਜ਼ਰ ਸਨ।ਇਸ ਮੌਕੇ ਬਾਬਾ ਜਗਦੀਸ਼ ਦਾਸ ਜੀ ਮੰਡਵੀ ਵਾਲਿਆਂ ਤੇ ਬਾਬਾ ਕਰਨੈਲ ਸਿੰਘ ਖਨੌਰੀ ਨੇ ਆਏ ਬਸਪਾ ਆਗੂਆਂ ਦਾ ਧੰਨਵਾਦ ਕੀਤਾ।

## ਤਰਕਸ਼ੀਲ ਸੁਸਾਇਟੀ ਵੱਲੋਂ ਪਹਿਲਗਾਮ ਘਟਨਾ ਦੀ ਸਖਤ ਨਿੰਦਾ

ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਪਟਿਆਲਾ ਨੇ ਪਹਿਲਗਾਮ ਵਿਖੇ ਹੋਏ ਦਹਿਸ਼ਤੀ ਹਮਲੇ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਇਸ ਹਮਲੇ ਵਿੱਚ ਮਾਰੇ ਗਏ ਬੇਕਸੂਰ ਲੋਕਾਂ ਦੇ ਦੁਖੀ ਪਰਵਾਰਾਂ ਨਾਲ ਦੁੱਖ ਸਾਂਝਾ ਕਰਦਿਆਂ ਹਮਦਰਦੀ ਜ਼ਾਹਰ ਕੀਤੀ ਹੈ।ਇਕਾਈ ਦੀ ਪ੍ਰਧਾਨ ਬੀਬੀ ਕੁਲਵੰਤ ਕੌਰ ਤੇ ਵਿੱਤ ਮੁਖੀ ਸਤੀਸ਼ ਕੁਮਾਰ ਆਲੋਵਾਲ, ਰਾਮ ਸਿੰਘ ਬੰਗ, ਗੁਰਵਿੰਦਰ ਸਿੰਘ ਤੇ ਓਮ ਪ੍ਰਕਾਸ਼ ਨੇ ਮੀਡੀਆ ਬਿਆਨ ਜਾਰੀ ਕਰਦਿਆਂ ਕਿਹਾ ਕਿ ਪਹਿਲਗਾਮ ਹਮਲੇ ਦੇ ਸਾਰੇ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾਵਾਂ ਦਿੱਤੀਆਂ ਜਾਣ ਤੇ ਇਸ ਘਟਨਾਕ੍ਰਮ ਦੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ।ਇਸ ਮੌਕਾ ਇਕਾਈ ਦੇ ਮੀਡੀਆ ਮੁਖੀ ਰਾਮ ਸਿੰਘ ਬੰਗ ਨੇ ਕਿਹਾ ਕਿ ਕੇਂਦਰ ਤੇ ਰਾਜ ਸਰਕਾਰਾਂ ਦੀ ਇਹ ਖਾਸ ਜ਼ਿੰਮੇਵਾਰੀ ਬਣਦੀ ਹੈ, ਕਿਉਂਕਿ ਵੰਡ ਪਾਓ ਤਾਕਤਾਂ ਖਿਲਾਫ ਸਖਤ ਕਾਰਵਾਈ ਕਰਨ ਤਾਂ ਕਿ ਫਿਰਕੂ ਜਾਂ ਸ਼ਰਾਰਤੀ ਤੱਤਾਂ ਨੂੰ ਮੁੜ ਸਿਰ ਚੁੱਕਣ ਦਾ ਹੌਸਲਾ ਨਾ ਪਵੇ।ਉਨ੍ਹਾਂ ਸਰਕਾਰਾਂ ਤੋਂ ਮੰਗ ਕੀਤੀ ਕਿ ਕਸ਼ਮੀਰ ਤੇ ਦੇਸ਼ ਦੇ ਵੱਖ-ਵੱਖ ਕੋਨਿਆਂ ਵਿੱਚ ਵਸੇ ਕਸ਼ਮੀਰੀਆਂ ਦੀ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਜਾਣ।ਸੁਸਾਇਟੀ ਦੇ ਆਗੂਆਂ ਨੇ ਲੋਕਾਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਆਪਸੀ ਭਾਈਚਾਰਕ ਸਾਂਝ ਬਣਾਈ ਰੱਖਣ ਤੇ ਕਿਸੇ ਕਿਸਮ ਦੀ ਭੜਕਾਹਟ ਵਿੱਚ ਨਾ ਆਉਣ, ਇਸੇ ਵਿੱਚ ਦੇਸ਼ ਦਾ ਭਲਾ ਹੈ।

## ਛਾਜਲੀ ਦੇ ਸਰਪੰਚ ਨੇ ਪਾਣੀ ਦੀ ਲੋੜ ਪੂਰੀ ਕਰਨ ਦਾ ਕੀਤਾ ਵਾਅਦਾ



ਦਿੜ੍ਹਬਾ (ਜਸਵੀਰ ਲਾਡੀ)-ਪੰਜਾਬ ਵਿਧਾਨ ਸਭਾ ਹਲਕਾ ਦਿੜ੍ਹਬਾ ਦੇ ਸਭ ਤੋਂ ਵੱਡੇ ਪਿੰਡ ਛਾਜਲੀ ਦੀਆਂ ਕਈ ਅਹਿਮ ਮੰਗਾਂ ਅਧੂਰੀਆਂ ਪਈ ਸਨ, ਜਿਨ੍ਹਾਂ 'ਚੋਂ ਇੱਕ ਮੰਗ ਪੀਣ ਵਾਲੇ ਪਾਣੀ ਦੀ ਸੀ।ਪਿੰਡ ਵਿੱਚ ਬਣੇ ਵਾਟਰ ਵਰਕਸ ਦੀ ਟੈਂਕੀ ਕਾਫ਼ੀ ਸਮਾਂ ਪਹਿਲਾਂ ਖ਼ਦਸ਼ਾ ਹਾਲਤ ਹੋਣ ਕਰਕੇ ਮਹਿਕਮੇ ਨੇ ਢਾਹ ਦਿੱਤੀ ਸੀ, ਜਿਸ ਕਰਕੇ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਸਮੱਸਿਆ ਆ ਰਹੀ ਸੀ।ਪਿਛਲੀਆਂ ਕਈ ਪੰਚਾਇਤਾਂ ਆਈਆਂ ਤੇ ਬਦਲ ਗਈਆਂ।ਇਸ ਵਾਰ ਪੰਚਾਇਤੀ ਚੋਣਾਂ 'ਚ ਸਰਪੰਚ ਗੁਰਬਿਆਸ ਸਿੰਘ ਖੰਗੂੜਾ ਨੇ ਵਾਅਦਾ ਕੀਤਾ ਸੀ ਕਿ ਉਹ ਪਿੰਡ ਵਾਸੀਆਂ ਦੀ ਵੱਡੀ ਲੋੜ ਪਾਣੀ ਦੀ ਪੂਰੀ ਕਰੇਗਾ, ਜੋ ਉਸ ਨੇ ਦਿੜ੍ਹਬਾ ਹਲਕਾ ਦੇ ਐੱਮ ਐੱਲ ਏ ਅਤੇ ਪੰਜਾਬ ਦੇ ਖਜ਼ਾਨਾ ਮੰਤਰੀ ਸ. ਹਰਪਾਲ ਸਿੰਘ ਚੀਮਾ ਤੋਂ ਮਨਜ਼ੂਰ ਕਰਾ ਲਈ ਹੈ।

ਸਰਪੰਚ ਗੁਰਬਿਆਸ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਹੈ ਕਿ ਪ੍ਰਾਜੈਕਟ ਲਈ 6.50 ਕਰੋੜ ਰੁਪਏ ਦੀ ਮਨਜ਼ੂਰੀ ਦੇ ਦਿੱਤੀ ਹੈ, ਜੋ ਅਗਸਤ ਮਹੀਨੇ 'ਚ ਸ਼ੁਰੂ ਹੋ ਜਾਵੇਗਾ।ਉਨ੍ਹਾਂ ਦੱਸਿਆ ਕਿ ਇਸ ਪ੍ਰਾਜੈਕਟ 'ਚ ਦੋ ਪਾਣੀਆਂ ਵਾਲੀਆਂ ਟੈਂਕੀਆਂ ਬਨਣਗੀਆਂ, ਜਿਨ੍ਹਾਂ ਦੀ 250-250 ਲੱਖ ਲਿਟਰ ਪਾਣੀ ਜਮ੍ਹਾਂ ਕਰਨ ਦੀ ਸਮਰੱਥਾ ਹੋਵੇਗੀ।ਇੱਕ ਪਹਿਲਾਂ ਵਾਲੀ ਜਗ੍ਹਾ 'ਤੇ ਅਤੇ ਦੂਜੀ ਰੋੜ੍ਹਾਂ ਤੇ ਸਮਰਾਓ ਪੱਤੀ ਨੰਗਲਾ ਰੋਡ 'ਤੇ ਬਣੇਗੀ।ਅੰਡਰ ਗ੍ਰਾਊਂਡ ਪਾਇਪ ਲਾਈਨ ਪਾਈ ਜਾਵੇਗੀ, ਜਿਸ ਦਾ ਦਾਇਰਾ 40 ਕਿਲੋਮੀਟਰ ਹੋਵੇਗਾ।ਜਿਸ ਦੀ ਡੂੰਘਿਆਈ ਇੱਕ ਮੀਟਰ ਧਰਤੀ ਹੇਠ ਹੋਵੇਗੀ ਅਤੇ ਜਿਸ ਰਾਹੀਂ ਪਿੰਡ ਦੇ ਹਰ ਕੋਨੇ 'ਚ ਪਾਣੀ ਦੀ ਸਪਲਾਈ ਪਹੁੰਚਾਈ ਜਾਵੇਗੀ, ਜਿਵੇਂ ਮਾਡਲ ਟਾਊਨ (ਥੇਹੀ), ਟਿੱਬੀ ਬਸਤੀ, ਸਟੇਸ਼ਨ, ਗੋਬਿੰਦਗੜ੍ਹ ਰੋਡ, ਚੱਠਾ ਰੋਡ, ਕੋਠਿਆਂ ਵਾਲਾ ਪਹ੍ਹਾ ਸੰਗਤੀਵਾਲਾ ਰੋਡ ਆਦਿ ਥਾਵਾਂ ਘਰ-ਘਰ ਪਾਣੀ ਪੁੱਜਦਾ ਕੀਤਾ ਜਾਵੇਗਾ।

ਇਸ ਮੌਕੇ ਉਨ੍ਹਾਂ ਨੇ ਨਾਲ ਪੰਚਾਇਤ ਮੈਂਬਰ ਸੰਸਾਰ ਸਿੰਘ ਬੋਲਾ,ਕਰਮਜੀਤ ਸਿੰਘ ਕਰਮਾ, ਗੁਰਸੇਵਕ ਸਿੰਘ ਧਾਲੀਵਾਲ,ਜੀਤ ਸਿੰਘ ਵਾਲੀਆ, ਪ੍ਰਗਟ ਸਿੰਘ,ਦਲਜੀਤ ਸਿੰਘ,ਸਤਗੁਰ ਸਿੰਘ,ਗਗਨੀ, ਹੁਸੀ ਚਾਹਲ , ਦੀਪ ਕੰਬੋਜ ਆਦਿ ਹਾਜ਼ਰ ਸਨ।

## ਜੌੜਾਮਾਜਰਾ ਵੱਲੋਂ ਵੱਖ-ਵੱਖ ਸਕੂਲਾਂ 'ਚ ਵਿਕਾਸ ਕਾਰਜਾਂ ਦਾ ਉਦਘਾਟਨ



ਸਮਾਣਾ (ਗੁਰਪਿਆਰ ਸਿੰਘ ਬੱਲ)-ਹਲਕਾ ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਆਪਣੇ ਹਲਕੇ ਦੇ ਪਿੰਡਾਂ ਗਾਜੀਸਲਾਰ, ਕਾਕੜਾ, ਜਮਾਲਪੁਰ ਰਾਈਮਾਜਰਾ ਤੇ ਚੁਤੈਹਰਾ ਦੇ ਸਰਕਾਰੀ ਸਕੂਲਾਂ ਵਿੱਚ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।ਉਨ੍ਹਾ ਇਸ ਦੌਰਾਨ ਵਿਦਿਆਰਥੀਆਂ ਨਾਲ ਰੂਬਰੂ ਹੁੰਦਿਆਂ ਵਿੱਦਿਅਕ ਤੇ ਹੋਰ ਸਹਿ-ਵਿੱਦਿਅਕ ਗਤੀਵਿਧੀਆਂ 'ਚ ਮੱਲਾਂ ਮਾਰਨ ਲਈ ਸਨਮਾਨ ਵੀ ਕੀਤਾ।ਪੰਜਾਬ ਦੇ ਸਕੂਲਾਂ ਵਿਖੇ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਕੀਤੇ ਗਏ ਵਿਕਾਸ ਕਾਰਜਾਂ ਨੂੰ ਵਿਦਿਆਰਥੀਆਂ ਦੇ ਭਵਿੱਖ ਬਣਾਉਣ ਲਈ ਮੀਲ ਪੱਥਰ ਦੱਸਦਿਆਂ ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸਕੂਲਾਂ 'ਚ ਡਿਜੀਟਲ ਇੰਟ੍ਰੈਕਟਿਵ ਸਕਰੀਨਾਂ, ਨਵੇਂ ਬੈਂਚ ਤੇ ਕਮਰਿਆਂ ਸਮੇਤ ਹੋਰ ਸਹੂਲਤਾਂ ਪ੍ਰਦਾਨ ਕੀਤੀਆਂ ਹਨ।ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਸਕੂਲਾਂ ਨੂੰ ਵਿਸ਼ਵ ਪੱਧਰੀ ਸਹੂਲਤਾਂ ਨਾਲ ਲੈਸ ਕਰਕੇ ਦੇਸ਼ ਭਰ 'ਚ ਸਭ ਤੋਂ ਬਿਹਤਰ ਸਕੂਲਾਂ ਦਾ ਦਰਜਾ ਦੇ ਰਹੀ ਹੈ, ਇਸ ਦੇ ਨਾਲ ਹੀ ਸਰਕਾਰੀ ਸਕੂਲਾਂ ਵਿੱਚ ਨਵੇਂ ਪੁਰਾਣੇ ਬਲੈਕ ਬੋਰਡਾਂ ਦੀ ਥਾਂ ਸਮਾਰਟ ਇੰਟਰੈਕਟਿਵ ਬੋਰਡ, ਲਾਇਬ੍ਰੇਰੀਆਂ, ਲੈਬਾਰਟਰੀਆਂ, ਚਾਰਦੀਵਾਰੀਆਂ, ਨਵਾਂ ਫਰਨੀਚਰ, ਪੀਣ ਵਾਲਾ ਪਾਣੀ, ਟੁਆਇਲਟ ਬਲਾਕ, ਖੇਡਾਂ ਦੇ ਮੈਦਾਨ ਉਪਲਬਧ ਕਰਵਾਏ ਗਏ ਹਨ।ਇਸ ਮੌਕੇ ਮਾਰਕੀਟ ਕਮੇਟੀ ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ, ਗੁਰਦੇਵ ਸਿੰਘ ਟਿਵਾਣਾ, ਸਕੂਲਾਂ ਦੇ ਪ੍ਰਿੰਸੀਪਲ ਵੱਡੀ ਗਿਣਤੀ ਅਧਿਆਪਕ, ਵਿਦਿਆਰਥੀ, ਮਾਪੇ ਤੇ ਹੋਰ ਪਤਵੰਤੇ ਮੌਜੂਦ ਸਨ।

## ਮਿਊਂਸਪਲ ਪਾਰਕ 'ਚ ਪੌਦੇ ਲਗਾਏ



ਭੀਖੀ (ਧਰਮਵੀਰ ਸ਼ਰਮਾ)-ਸ਼੍ਰੋਮਣੀ ਭਗਤ ਬਾਬਾ ਨਾਮਦੇਵ ਵੈੱਲਫੇਅਰ ਸਭਾ ਭੀਖੀ ਦੇ ਪ੍ਰਧਾਨ ਤੇ ਸਾਬਕਾ ਕੌਂਸਲਰ ਡਾ. ਪਵਿੱਤਰ ਸਿੰਘ ਔਲਖ ਵੱਲੋਂ ਆਪਣੀ ਦੋਹਤੀ ਗੁਰਬਾਣੀ ਕੌਰ ਰਾਏ (ਆਸਟ੍ਰੇਲੀਆ) ਦੇ ਜਨਮ ਦਿਨ ਦੀ ਖੁਸ਼ੀ ਵਿੱਚ ਸਥਾਨਕ ਲਾਲਾ ਦੌਲਤ ਮੱਲ ਮਿਊਂਸਪਲ ਪਾਰਕ ਵਿੱਚ ਪੌਦੇ ਲਗਾਏ ਗਏ।ਇਸ ਮੌਕੇ ਉਨ੍ਹਾਂ ਕਿਹਾ ਕਿ ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਸਾਨੂੰ ਆਪਣੇ ਖਾਸ ਦਿਨਾਂ ਮੌਕੇ ਪੌਦੇ ਜ਼ਰੂਰ ਲਗਾਉਣੇ ਚਾਹੀਦੇ ਹਨ ਤਾਂ ਜੋ ਦਿਨੋਂ ਦਿਨ ਵਧ ਰਹੇ ਪ੍ਰਦੂਸ਼ਣ ਨੂੰ ਠੱਲ੍ਹ ਪਾਈ ਜਾ ਸਕੇ। ਉਨ੍ਹਾਂ ਦੱਸਿਆ ਕਿ ਅਜਿਹੇ ਸਮਾਜ ਭਲਾਈ ਦੇ ਕਾਰਜਾਂ ਲਈ ਉਹ ਹਮੇਸ਼ਾ ਤਤਪਰ ਰਹਿੰਦੇ ਹਨ।ਇਸ ਮੌਕੇ ਉਨ੍ਹਾਂ ਨਾਲ ਫਾਰਮੇਸੀ ਅਫਸਰ ਪ੍ਰਦੀਪ ਸਿੰਘ ਔਲਖ, ਅਮਰ ਸਿੰਘ ਨੂਰੀ ਆਦਿ ਹਾਜ਼ਰ ਸਨ।

## ਚੋਰੀ ਦੇ ਤਿੰਨ ਮੋਟਰਸਾਈਕਲਾਂ ਸਮੇਤ ਦੋ ਕਾਬੂ



ਸ਼ੇਰਪੁਰ (ਰਵੀ ਟਿੱਬਾ)-ਥਾਣਾ ਸ਼ੇਰਪੁਰ ਦੀ ਪੁਲਸ ਨੇ ਚੋਰੀ ਦੇ ਤਿੰਨ ਮੋਟਰਸਾਈਕਲਾਂ ਸਮੇਤ ਦੋ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਇਸ ਸੰਬੰਧੀ ਥਾਣਾ ਮੁਖੀ ਗੁਰਪਾਲ ਸਿੰਘ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਦੱਸਿਆ ਕਿ ਵਧ ਰਹੀਆਂ ਚੋਰੀ ਦੀਆਂ ਵਾਰਦਾਤਾਂ ਨੂੰ ਠੱਲ੍ਹ ਪਾਉਣ ਲਈ ਸਥਾਨਕ ਪੁਲਸ ਪਾਰਟੀ ਨੇ ਕੁਲਦੀਪ ਸਿੰਘ ਉਰਫ ਗੋਦਾ ਪੁੱਤਰ ਕ੍ਰਿਸ਼ਨ ਸਿੰਘ ਵਾਸੀ ਰਾਮਨਗਰ ਛੰਨਾ ਤੇ ਦੀਪਕ ਕੁਮਾਰ ਉਰਫ ਦੀਪੂ ਪੁੱਤਰ ਹਰਵਿੰਦਰ ਕੁਮਾਰ ਵਾਸੀ ਨੇੜੇ ਅਨਾਜ ਮੰਡੀ ਸ਼ੇਰਪੁਰ ਨੂੰ ਚੋਰੀ ਕੀਤੇ ਦੋ ਮੋਟਰਸਾਈਕਲਾਂ ਸਪਲੈਂਡਰ ਰੰਗ ਕਾਲਾ ਤੇ ਹੀਰੋ ਹਾਂਡਾ ਸੀ ਡੀ ਡੀਲਕਸ ਬਿਨਾਂ ਨੰਬਰੀ ਬਰਾਮਦ ਕਰਾਏ ਗਏ ਅਤੇ ਤਫਤੀਸ਼ ਦੌਰਾਨ ਇੱਕ ਹੋਰ ਮੋਟਰਸਾਈਕਲ ਇਨ੍ਹਾਂ ਦੇ ਕਬਜ਼ੇ ਵਿੱਚੋਂ ਬਰਾਮਦ ਕਰਾਇਆ ਗਿਆ।ਦੋਸ਼ੀਆਂ ਖਿਲਾਫ ਮੁਕੱਦਮਾ ਥਾਣਾ ਸ਼ੇਰਪੁਰ ਦਰਜ ਕੀਤਾ ਗਿਆ। ਇਸ ਸਮੇਂ ਏਐੱਸਆਈ ਗੁਰਪਾਲ ਸਿੰਘ, ਹੌਲਦਾਰ ਜਸਜੋਤ ਸ਼ੈਲੀ, ਮੁੱਖ ਮੁਨਸ਼ੀ ਲਖਵਿੰਦਰ ਸਿੰਘ ਲੱਖਾ ਤੇ ਹੋਰ ਵੀ ਪੁਲਸ ਕਰਮੀ ਹਾਜ਼ਰ ਸਨ।

# ਨਸ਼ਾ ਰਹਿਣ ਨਹੀਂ ਦੇਣਾ, ਪਾਣੀ ਜਾਣ ਨਹੀਂ ਦੇਣਾ : ਤਰੁਨਪ੍ਰੀਤ ਸੌਂਦ

### ਕੈਬਨਿਟ ਮੰਤਰੀ ਨੇ ਵਿਲੇਜ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਨੂੰ ਨਸ਼ਿਆਂ ਦੇ ਖਾਤਮੇ ਦੀ ਸਹੁੰ ਚੁਕਾਈ




ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਪਿਛਲੀਆਂ ਸਰਕਾਰਾਂ ਦੀਆਂ ਪੁਸ਼ਤ ਪਨਾਹੀਆਂ ਕਾਰਨ ਪੰਜਾਬ ਵਿੱਚ ਵੱਡੇ ਪੱਧਰ 'ਤੇ ਨਸ਼ੇ ਪੁੱਜੇ ਤੇ ਪਾਣੀਆਂ ਦੀ ਲੁੱਟ ਵੀ ਹੁੰਦੀ ਰਹੀ ਹੈ।ਇਸ ਕਾਰਨ ਕਦੇ ਪੰਜਾਬ ਵਿੱਚ ਦਹਿਸ਼ਤਗਰਦੀ ਦਾ ਦੌਰ ਆਇਆ ਤੇ ਕਦੇ ਪੰਜਾਬ ਦੇ ਨੌਜਵਾਨਾਂ ਨੂੰ ਵਿਦੇਸ਼ ਜਾਣ ਲਈ ਮਜਬੂਰ ਹੋਣਾ ਪਿਆ।ਕਈ ਆਗੂਆਂ ਨੇ ਗੁਰਦੁਆਰਾ ਸਾਹਿਬ ਵੱਲ ਹੱਥ ਕਰ ਕੇ ਨਸ਼ੇ ਖਤਮ ਕਰਨ ਦੀ ਸਹੁੰ ਵੀ ਖਾਧੀ, ਪਰ ਲੋਕਾਂ ਨੂੰ ਧੋਖਾ ਹੀ ਮਿਲਿਆ ਤੇ ਨਸ਼ਿਆਂ ਵਿੱਚ ਵਾਧਾ ਹੁੰਦਾ ਗਿਆ। ਪੰਜਾਬ ਦੇ ਪਾਣੀ ਦੀ ਲੁੱਟ ਲਈ ਨਹਿਰਾਂ ਬਣਾਉਣ ਲਈ ਟੱਕ ਲਾਉਣ ਵਾਲੇ ਆਗੂ ਬਾਅਦ ਵਿੱਚ ਆਪਣੇ ਆਪ ਨੂੰ ਪਾਣੀਆਂ ਦੇ ਰਾਖੇ ਵੀ ਅਖਵਾਉਂਦੇ ਰਹੇ।ਇਹ ਤਾਂ ਮੁੱਖ ਮੰਤਰੀ ਪੰਜਾਬ ਸ੍. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਬਣਨ 'ਤੇ ਪੰਜਾਬ ਦੇ ਹਾਲਾਤ ਸੁਧਰਨ ਵਾਲੇ ਪਾਸੇ ਮੁੜੇ ਹਨ ਤੇ ਅੱਜ ਪੰਜਾਬ ਰੰਗਲਾ ਪੰਜਾਬ ਬਣਨ ਦੇ ਰਾਹ ਪਿਆ ਹੈ।ਪੰਜਾਬ ਵਿੱਚ ਨਸ਼ਾ ਕਿਸੇ ਵੀ ਹਾਲਤ ਵਿੱਚ ਰਹਿਣ ਨਹੀਂ ਦਿੱਤਾ ਜਾਵੇਗਾ ਤੇ ਪੰਜਾਬ ਦੇ ਪਾਣੀਆਂ ਦੀ ਲੁੱਟ ਬਿਲਕੁਲ ਨਹੀਂ ਹੋਣ ਦਿੱਤੀ ਜਾਵੇਗੀ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਸੋਹਣ ਫਾਰਮ, ਸਰਹਿੰਦ ਵਿਖੇ ਜ਼ਿਲ੍ਹਾ ਪੱਧਰੀ ਵਿਲੇਜ ਡਿਫੈਂਸ ਕਮੇਟੀ ਦੀ ਮੀਟਿੰਗ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਸਰਵ ਪੱਖੀ ਵਿਕਾਸ ਲਈ ਦਿਨ-ਰਾਤ ਇੱਕ ਕਰ ਕੇ ਕੰਮ ਕਰ ਰਹੀ ਹੈ, ਜਿਸ ਦੇ ਸਾਰਥਕ ਸਿੱਟੇ ਸਾਹਮਣੇ ਆ ਰਹੇ ਹਨ।ਉਨ੍ਹਾਂ ਕਿਹਾ ਕਿ ਪਹਿਲਾਂ ਵਿੱਦਿਅਕ ਸੈਸ਼ਨ ਤੋਂ 02-02 ਮਹੀਨੇ ਬਾਅਦ ਵੀ ਵਿਦਿਆਰਥੀਆਂ ਨੂੰ ਕਿਤਾਬਾਂ ਨਹੀਂ ਮਿਲਦੀਆਂ ਹੁੰਦੀਆਂ ਸਨ, ਪਰ ਹੁਣ 01 ਅਪ੍ਰੈਲ ਨੂੰ ਸੈਸ਼ਨ ਸ਼ੁਰੂ ਹੋਇਆ, ਪਰ ਅਗੇਤੇ ਤੌਰ 'ਤੇ ਹੀ 20 ਮਾਰਚ ਨੂੰ ਸਰਕਾਰੀ ਸਕੂਲਾਂ ਵਿੱਚ ਕਿਤਾਬਾਂ ਤੇ ਵਰਦੀਆਂ ਪੁੱਜ ਗਈਆਂ ਸਨ।ਉਨ੍ਹਾਂ ਕਿਹਾ ਕਿ ਅੱਜ ਵੱਡੀ ਗਿਣਤੀ ਲੋਕਾਂ ਦਾ ਬਿਜਲੀ ਦਾ ਬਿੱਲ ਜ਼ੀਰੋ ਆ ਰਿਹਾ ਹੈ ਤੇ ਖੇਤਾਂ ਨੂੰ ਬਿਜਲੀ ਵੀ ਪੂਰੀ ਮਿਲ ਰਹੀ ਹੈ। ਇਸ ਮੌਕੇ ਕੈਬਨਿਟ ਮੰਤਰੀ ਨੇ ਉਨ੍ਹਾਂ ਗ੍ਰਾਮ ਪੰਚਾਇਤਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਨਸ਼ਿਆਂ ਖਿਲਾਫ ਮਤੇ ਪਾਏ ਹਨ ਤੇ ਜਿਹੜੇ ਪਿੰਡਾਂ ਵਿੱਚ ਨਸ਼ੇ ਮੁਕੰਮਲ ਤੌਰ 'ਤੇ ਖਤਮ ਹੋਏ ਹਨ, ਉਨ੍ਹਾਂ ਨੂੰ ਵਧਾਈ ਦਿੱਤੀ।ਕੈਬਨਿਟ ਮੰਤਰੀ ਨੇ ਨਾਲ ਹੀ ਵਿਲੇਜ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਨੂੰ ਨਸ਼ਿਆਂ ਦੇ ਖਾਤਮੇ ਦੀ ਸਹੁੰ ਵੀ ਚੁਕਾਈ ਤੇ ਡੱਟ ਕੇ ਕੰਮ ਕਰਨ ਲਈ ਪ੍ਰੇਰਿਆ।ਸਮਾਗਮ ਦੌਰਾਨ ਹਲਕਾ ਫਤਹਿਗੜ੍ਹ ਸਾਹਿਬ ਦੇ ਵਿਧਾਇਕ ਲਖਬੀਰ ਸਿੰਘ ਰਾਏ, ਹਲਕਾ ਬਸੀ ਪਠਾਣਾਂ ਦੇ ਵਿਧਾਇਕ ਰੁਪਿੰਦਰ ਸਿੰਘ ਹੈਪੀ ਨੇ ਕਿਹਾ ਕਿ ਜਿਹੜੇ ਨਸ਼ਾ ਪੀੜਤ ਹਨ, ਉਨ੍ਹਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਸਾਥ ਦੇ ਕੇ ਇਲਾਜ ਕਰਵਾਇਆ ਜਾਵੇਗਾ ਤੇ ਨਸ਼ਾ ਤਸਕਰਾਂ ਨੂੰ ਬਖਸ਼ਿਆ ਨਹੀਂ ਜਾਵੇਗਾ।ਇਸ ਦੇ ਨਾਲ ਹੀ ਉਨ੍ਹਾਂ ਨੇ ਸੱਦਾ ਦਿੱਤਾ ਕਿ ਅੱਜ ਹਰ ਇਕ ਵਿਅਕਤੀ ਨੂੰ ਪਾਣੀਆਂ ਨੂੰ ਬਚਾਉਣ ਲਈ ਸਰਕਾਰ ਦਾ ਸਾਥ ਦੇਣਾ ਚਾਹੀਦਾ ਹੈ।ਇਸ ਮੌਕੇ ਨਸ਼ਿਆਂ ਖਿਲਾਫ ਕੀਤੀਆਂ ਜਾ ਰਹੀਆਂ ਕਰਵਾਈਆਂ ਤੇ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਨੂੰ ਵੀਡੀਓਜ਼ ਦੇ ਰੂਪ ਵਿੱਚ ਵੀ ਦਿਖਾਇਆ ਗਿਆ।

## ਦਸਮੇਸ਼ ਕਾਨਵੈਂਟ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ




ਸਰਦੂਲਗੜ੍ਹ (ਅਵਤਾਰ ਜਟਾਣਾ)-ਹਮੇਸ਼ਾ ਪੜ੍ਹਾਈ, ਖੇਡਾਂ ਤੇ ਅਨੁਸ਼ਾਸਨ ਦੇ ਖੇਤਰ ਵਿੱਚ ਸਰਦੂਲਗੜ੍ਹ ਏਰੀਏ ਦੇ ਮੋਹਰੀ ਸਕੂਲ ਦਸਮੇਸ਼ ਕਾਨਵੈਂਟ ਸੀਨੀ. ਸੈਕੰਡਰੀ ਸਕੂਲ ਸਰਦੂਲਗੜ੍ਹ ਦੇ ਪੰਜਵੀਂ ਜਮਾਤ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਆਏ ਪ੍ਰਸ਼ਨ ਪੱਤਰਾਂ ਵਿੱਚੋਂ ਸਕੂਲ ਦੇ ਕੁੱਲ 84 ਵਿਦਿਆਰਥੀਆਂ ਵਿੱਚੋਂ 30 ਵਿਦਿਆਰਥੀਆਂ ਨੇ 500/500 ਅੰਕ ਹਾਸਲ ਕਰਕੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ।ਇਸੇ ਤਰ੍ਹਾਂ 10 ਵਿਦਿਆਰਥੀਆਂ ਨੇ 499/500 ਅੰਕ, 3 ਵਿਦਿਆਰਥੀਆਂ ਨੇ 498/500 ਤੇ ਬਾਕੀ ਵਿਦਿਆਰਥੀਆਂ ਨੇ ਵੀ 95% ਤੋਂ ਉੱਪਰ ਅੰਕ ਹਾਸਲ ਕੀਤੇ।ਵਿਦਿਆਰਥੀਆਂ ਦੇ ਇਸ ਬਹੁਤ ਹੀ ਵਧੀਆ ਨਤੀਜੇ ਲਈ ਇਨ੍ਹਾਂ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ ਕਰਨ ਦੇ ਨਾਲ ਹੀ ਪ੍ਰਿੰਸੀਪਲ ਭੁਪਿੰਦਰ ਸਿੰਘ ਸੰਧੂ ਨੇ ਇਸ ਨਤੀਜੇ ਲਈ ਪ੍ਰਾਇਮਰੀ ਸੈਕਸ਼ਨ ਦੇ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਅਗਲੀਆਂ ਜਮਾਤਾਂ ਦੇ ਅਧਿਆਪਕਾਂ ਨੂੰ ਇਸ ਪਨੀਰੀ ਨੂੰ ਇਸੇ ਤਰ੍ਹਾਂ ਕਾਮਯਾਬੀ ਲਈ ਮਿਹਨਤ ਕਰਕੇ ਤਰਾਸ਼ਦੇ ਰਹਿਣ ਲਈ ਉਤਸ਼ਾਹਤ ਕੀਤਾ।

# ਵਿਧਾਇਕ ਭੁੱਲਰ ਵੱਲੋਂ ਵੱਖ-ਵੱਖ ਸਕੂਲਾਂ 'ਚ ਵਿਕਾਸ ਪ੍ਰਾਜੈਕਟਾਂ ਦਾ ਉਦਘਾਟਨ




ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਸਰਕਾਰੀ ਸਕੂਲਾਂ ਵਿੱਚ ਅਤਿ-ਆਧੁਨਿਕ ਬੁਨਿਆਦੀ ਢਾਂਚੇ ਨੂੰ ਯਕੀਨੀ ਬਣਾ ਕੇ ਰਾਜ ਦੀ ਸਿੱਖਿਆ ਪ੍ਰਣਾਲੀ ਦੀ ਨੁਹਾਰ ਬਦਲਣ ਦੇ ਉਦੇਸ਼ ਨਾਲ ਕੀਤੇ ਜਾ ਰਹੇ ਯਤਨਾਂ ਤਹਿਤ ਫ਼ਿਰੋਜ਼ਪੁਰ ਸ਼ਹਿਰੀ ਹਲਕੇ ਦੇ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਅੱਜ 'ਪੰਜਾਬ ਸਿੱਖਿਆ ਕ੍ਰਾਂਤੀ' ਮੁਹਿੰਮ ਤਹਿਤ ਸਰਕਾਰੀ ਮਿਡਲ ਸਕੂਲ ਨਿਹਾਲੇ ਵਾਲਾ, ਸਰਕਾਰੀ ਪ੍ਰਾਇਮਰੀ ਸਕੂਲ ਕਮਾਲੇ ਵਾਲਾ, ਸਰਕਾਰੀ ਪ੍ਰਾਇਮਰੀ/ਹਾਈ ਸਕੂਲ ਦੁਲਚੀ ਕੇ ਵਿਖੇ ਵਿਕਾਸ ਪ੍ਰਾਜੈਕਟਾਂ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਨਾਲ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਡਾਕਟਰ ਸਤਿੰਦਰ ਸਿੰਘ ਨੈਸ਼ਨਲ ਐਵਾਰਡੀ ਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਫ਼ਿਰੋਜ਼ਪੁਰ-3 ਰਣਜੀਤ ਸਿੰਘ ਹਾਜ਼ਰ ਸਨ। ਇਸ ਮੌਕੇ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸਰਕਾਰੀ ਸਕੂਲਾਂ ਦੀ ਨੁਹਾਰ ਬਦਲਣ ਤੇ ਸੂਬੇ ਵਿੱਚ ਵਿੱਦਿਅਕ ਮਿਆਰਾਂ ਨੂੰ ਉੱਚਾ ਚੁੱਕਣ ਲਈ 'ਪੰਜਾਬ ਸਿੱਖਿਆ ਕ੍ਰਾਂਤੀ' ਪ੍ਰੋਗਰਾਮ ਸ਼ੁਰੂ ਕੀਤਾ ਹੈ। ਇਸ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਪ੍ਰਾਪਤ ਕਰਨ ਵਾਲੇ ਆਮ ਘਰਾਂ ਦੇ ਬੱਚੇ ਵਿਸ਼ਵ ਪੱਧਰੀ ਮੁਕਾਬਲੇ ਦੇ ਇਸ ਯੁੱਗ ਵਿੱਚ ਆਪਣਾ ਅਹਿਮ ਸਥਾਨ ਬਣਾ ਸਕਣ। ਉਨ੍ਹਾਂ ਕਿਹਾ ਕਿ ਹੁਣ ਸਰਕਾਰੀ ਸਕੂਲ ਆਧੁਨਿਕ ਸਹੂਲਤਾਂ ਨਾਲ ਲੈਸ ਹਨ, ਜਿਸ ਵਿੱਚ ਹਾਈ-ਸਪੀਡ ਵਾਈ-ਫਾਈ ਕਨੈਕਸ਼ਨ, ਪੀਣ ਵਾਲਾ ਸਾਫ਼ ਪਾਣੀ, ਲੜਕੇ ਤੇ ਲੜਕੀਆਂ ਲਈ ਵੱਖਰੇ ਪਖਾਨੇ, ਚਾਰਦੀਵਾਰੀ, ਸਮਾਰਟ ਕਲਾਸਰੂਮ, ਏਕੀਕ੍ਰਿਤ ਵਿਗਿਆਨ ਲੈਬਾਂ, ਇੰਟਰਐਕਟਿਵ ਪੈਨਲ, ਖੇਡ ਦੇ ਮੈਦਾਨ ਤੇ ਆਧੁਨਿਕ ਫਰਨੀਚਰ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਬੁਨਿਆਦੀ ਢਾਂਚੇ ਵਿੱਚ ਇਸ ਮਹੱਤਵਪੂਰਨ ਨਿਵੇਸ਼ ਦਾ ਉਦੇਸ਼ ਵਿਦਿਆਰਥੀਆਂ ਲਈ ਸਿੱਖਣ ਦਾ ਅਨੁਕੂਲ ਮਾਹੌਲ ਸਿਰਜਣਾ ਹੈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦਾ ਉਦੇਸ਼ ਵਿੱਦਿਅਕ ਮਿਆਰਾਂ ਨੂੰ ਉੱਚਾ ਚੁੱਕਣਾ ਹੈ ਤੇ ਸਰਕਾਰੀ ਸਕੂਲ ਵਿੱਦਿਅਕ ਗੁਣਵੱਤਾ ਦੇ ਮਾਮਲੇ ਵਿੱਚ ਪ੍ਰਾਈਵੇਟ ਸਕੂਲਾਂ ਨੂੰ ਪਛਾੜ ਰਹੇ ਹਨ। ਇਸ ਮੌਕੇ ਰਾਜ ਬਹਾਦਰ ਸਿੰਘ ਗਿੱਲ ਕੋਆਰਡੀਨੇਟਰ ਸਿੱਖਿਆ ਫ਼ਿਰੋਜ਼ਪੁਰ ਸ਼ਹਿਰੀ, ਗੁਰਜੀਤ ਸਿੰਘ ਚੀਮਾ, ਹਿਮਾਂਸ਼ੂ ਠੱਕਰ, ਬਲਰਾਜ ਸਿੰਘ ਕਟੋਰਾ, ਅਮਰਿੰਦਰ ਸਿੰਘ ਬਰਾੜ, ਸੁਰਿੰਦਰ ਸਿੰਘ ਗਿੱਲ, ਪਿੰਡ ਨਿਹਾਲੇ ਵਾਲਾ ਬੋਹੜ ਸਿੰਘ, ਸਰਪੰਚ ਬਲਵੀਰ ਸਿੰਘ ਸਰਪੰਚ, ਬਚਨ ਸਿੰਘ ਨੰਬਰਦਾਰ, ਜਗਜੀਤ ਸਿੰਘ ਸਾਬਕਾ ਸਰਪੰਚ, ਰਣਜੀਤ ਸਿੰਘ, ਸੁਖਦੇਵ ਸਿੰਘ, ਪਿੰਡ ਕਮਾਲੇਵਾਲਾ ਮੇਜਰ ਸਿੰਘ ਸਰਪੰਚ, ਦੁਲਚੀ ਕੇ ਤੋਂ ਪ੍ਰਗਟ ਸਿੰਘ, ਮੰਤਰੀ ਮੱਲ ਦੁਲਚੀ ਕੇ ਤੇ ਬੱਚਿਆਂ ਦੇ ਮਾਪੇ-ਅਧਿਆਪਕ ਤੇ ਵਿਦਿਆਰਥੀ ਮੌਜੂਦ ਸੀ।

## ਮੁਫ਼ਤ ਫਾਇਬ੍ਰੋ ਸਕੈਨ ਕੈਂਪ 7 ਤੇ 28 ਨੂੰ

ਫਿਰੋਜ਼ਪੁਰ (ਗੁਰਬਚਨ ਸਿੰਘ)-ਫਿਰੋਜ਼ਪੁਰ ਦੇ ਮੋਗਾ ਰੋਡ 'ਤੇ ਸਥਿਤ ਜੈਨੇਸਿਸ ਅਮਨਦੀਪ ਮਲਟੀਸਪੈਸ਼ਲਟੀ ਹਸਪਤਾਲ ਵੱਲੋਂ ਲੋਕਾਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦੇ ਹੋਏ 7 ਮਈ ਤੇ 28 ਮਈ 2025 ਨੂੰ ਮੁਫ਼ਤ ਫਾਇਬ੍ਰੋ ਸਕੈਨ ਕੈਂਪ ਲਗਾਇਆ ਜਾ ਰਿਹਾ ਹੈ।ਆਮ ਤੌਰ 'ਤੇ ਲਗਭਗ 4000 ਰੁਪਏ ਦਾ ਇਹ ਟੈਸਟ ਇਸ ਵਿਸ਼ੇਸ਼ ਕੈਂਪ ਦੌਰਾਨ ਬਿਲਕੁਲ ਮੁਫ਼ਤ ਕੀਤਾ ਜਾਵੇਗਾ।ਇਸ ਵਿਸ਼ੇਸ਼ ਕੈਂਪ ਵਿੱਚ ਮਰੀਜ਼ਾਂ ਦੀ ਜਾਂਚ ਡਾ. ਅਰਸ਼ਦ ਇਕਬਾਲ ਕਾਦਰੀ ਵੱਲੋਂ ਕੀਤੀ ਜਾਵੇਗੀ, ਜੋ ਕਿ ਜਿਗਰ ਦੀਆਂ ਬਿਮਾਰੀਆਂ ਦੇ ਮਹਰ ਹਨ।

ਜਾਣਕਾਰੀ ਦਿੰਦਿਆਂ ਹਸਪਤਾਲ ਦੇ ਫੈਸਿਲਟੀ ਡਾਇਰੈਕਟਰ ਡਾ. ਅਭਿਸ਼ੇਕ ਅਰੋੜਾ ਨੇ ਦੱਸਿਆ ਕਿ ਇਸ ਕੈਂਪ ਦਾ ਮਕਸਦ ਜਿਗਰ ਨਾਲ ਸੰਬੰਧਤ ਬਿਮਾਰੀਆਂ ਦੀ ਸਮੇਂ ਸਿਰ ਪਛਾਣ ਕਰਨੀ ਹੈ।ਕੈਂਪ ਵਿੱਚ ਸਿਰੋਸਿਸ, ਫੈਟੀ ਲਿਵਰ, ਮੋਟਾਪਾ, ਅਲਕੋਹਲਿਕ ਲਿਵਰ, ਕਰੋਨਿਕ ਹੈਪੇਟਾਈਟਿਸ ਬੀ ਤੇ ਸੀ ਸਮੇਤ ਹੋਰ ਜਿਗਰ ਦੀਆਂ ਸਮੱਸਿਆਵਾਂ ਦੀ ਜਾਂਚ ਕੀਤੀ ਜਾਵੇਗੀ।ਡਾ. ਅਰੋੜਾ ਨੇ ਇਹ ਵੀ ਦੱਸਿਆ ਕਿ ਟੈਸਟ ਤੋਂ 2 ਤੋਂ 3 ਘੰਟੇ ਪਹਿਲਾਂ ਮਰੀਜ਼ ਦਾ ਪੇਟ ਖਾਲੀ ਹੋਣਾ ਲਾਜ਼ਮੀ ਹੈ।ਇਹ ਕੈਂਪ ਸਵੇਰੇ 10.30 ਵਜੇ ਤੋਂ ਦੁਪਹਿਰ 2 ਵਜੇ ਤੱਕ ਚੱਲੇਗਾ।

5-May--25-page-11-Majha-25-Final.qxd 5/4/2025 9:17 PM Page 1



# ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸਮਾਰੋਹ

## * ਧਾਲੀਵਾਲ, ਕਟਾਰੂਚੱਕ ਤੇ ਡਾ. ਰਵਜੋਤ ਸਿੰਘ ਕੈਬਨਿਟ ਮੰਤਰੀ ਨੇ ਕੀਤੀ ਸ਼ਿਰਕਤ



ਪਠਾਨਕੋਟ (ਦਵਿੰਦਰ ਸਿੰਘ)-ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਅਧੀਨ ਇੱਕ ਸਮਾਰੋਹ ਉਤਸਵ ਰਿਜ਼ੋਰਟ ਪਠਾਨਕੋਟ ਵਿਖੇ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਆਦਿੱਤਿਆ ਉਪਲ ਡਿਪਟੀ ਕਮਿਸ਼ਨਰ ਪਠਾਨਕੋਟ ਵੱਲੋਂ ਕੀਤੀ ਗਈ।

ਸਮਾਰੋਹ ਦੌਰਾਨ ਧਾਲੀਵਾਲ ਕੈਬਨਿਟ ਮੰਤਰੀ ਪੰਜਾਬ, ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਅਤੇ ਰਵਜੋਤ ਸਿੰਘ ਕੈਬਨਿਟ ਮੰਤਰੀ ਪੰਜਾਬ ਬਤੌਰ ਮੁੱਖ ਮਹਿਮਾਨ ਹਾਜ਼ਰ ਹੋਏ।ਸਮਾਰੋਹ ਦਾ ਆਰੰਭ ਆਦਿੱਤਿਆ ਉਪਲ ਡੀਸੀ ਪਠਾਨਕੋਟ ਨੇ ਮੁੱਖ ਮਹਿਮਾਨਾਂ ਨੂੰ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਕੀਤਾ।ਸਮਾਰੋਹ ਵਿੱਚ ਜ਼ਿਲ੍ਹਾ ਪਠਾਨਕੋਟ ਦੇ ਵੱਖ-ਵੱਖ ਪਿੰਡਾਂ ਅੰਦਰ ਬਣਾਈਆਂ ਗ੍ਰਾਮੀਣ ਸੁਰੱਖਿਆ ਸਮਿਤੀਆਂ, ਬਲਾਕ ਸੁਰੱਖਿਆ ਸਮਿਤੀਆਂ ਦੇ ਮੈਂਬਰ, ਪਿੰਡਾਂ ਦੇ ਸਰਪੰਚ, ਪੰਚ, ਨੰਬਰਦਾਰ, ਬਲਾਕ ਪ੍ਰਧਾਨ ਸ਼ਾਮਲ ਹੋਏ।ਸਮਾਰੋਹ ਦੌਰਾਨ ਦਲਜਿੰਦਰ ਸਿੰਘ ਢਿੱਲੋਂ ਐੱਸਐੱਸਪੀ ਅਤੇ ਆਦਿੱਤਿਆ ਉਪਲ ਡੀਸੀ ਪਠਾਨਕੋਟ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਅਧੀਨ ਪਿਛਲੇ ਦੋ ਮਹੀਨੇ ਦੌਰਾਨ ਪੁਲਸ ਪ੍ਰਸ਼ਾਸਨ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੀ ਗਈ ਕਾਰਗੁਜ਼ਾਰੀ 'ਤੇ ਰੌਸ਼ਨੀ ਪਾਈ।ਇਸ ਮੌਕੇ ਸੰਬੋਧਨ ਕਰਦਿਆਂ ਧਾਲੀਵਾਲ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਪੰਜਾਬ ਦੀ ਜਵਾਨੀ ਨਸ਼ਿਆਂ ਵਿੱਚ ਰੁੜ੍ਹ ਰਹੀ ਸੀ ਅਤੇ ਇਸ ਨੂੰ ਬਚਾਉਣ ਲਈ ਮੁੱਖ ਮੰਤਰੀ ਪੰਜਾਬ ਵੱਲੋਂ ਨਸ਼ਿਆਂ ਵਿਰੁੱਧ ਸਖਤ ਕਦਮ ਚੁੱਕੇ ਗਏ। ਪੰਜਾਬ ਅੰਦਰ ਪਾਣੀਆਂ ਦੇ ਸਵਾਲ 'ਤੇ ਬੋਲਦਿਆਂ ਕੁਲਦੀਪ ਸਿੰਘ ਧਾਲੀਵਾਲ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਪੰਜਾਬ ਅੰਦਰ ਕਿਸੇ ਦੂਸਰੇ ਸੂਬੇ ਨੂੰ ਦੇਣ ਲਈ ਪਾਣੀ ਦੀ ਇੱਕ ਵੀ ਬੂੰਦ ਨਹੀਂ ਹੈ, ਸੈਂਟਰ ਸਰਕਾਰ ਨੇ ਤਾਂ ਕਾਲਾ ਕਾਨੂੰਨ ਪਾਸ ਕਰਕੇ ਪੰਜਾਬੀਆਂ ਦੇ ਹੱਕਾਂ 'ਤੇ ਡਾਕਾ ਮਾਰਿਆ ਹੈ।

ਇਸ ਮੌਕੇ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਨਿਗਰਾਨੀ ਵਿੱਚ ਪੂਰੇ ਪੰਜਾਬ ਅੰਦਰ ਵਿਕਾਸ ਕਾਰਜ ਕੀਤੇ ਜਾ ਰਹੇ ਹਨ ਅਤੇ ਇਹ ਜੋ ਨਸ਼ਿਆਂ ਦੇ ਖਿਲਾਫ ਮੁਹਿੰਮ ਚਲਾਈ ਹੈ ਉਸ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

ਉਨ੍ਹਾਂ ਕਿਹਾ ਕਿ ਅਗਰ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣਾ ਹੈ ਤਾਂ ਪੰਜਾਬ ਅੰਦਰ ਨਸ਼ੇ ਨੂੰ ਖਤਮ ਕਰਨਾ ਹੀ ਪੈਣਾ ਹੈ।ਸੰਬੋਧਨ ਕਰਦਿਆਂ ਰਵਜੋਤ ਸਿੰਘ ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਨੇ ਪੰਜਾਬ ਅੰਦਰ ਇੱਕ ਨਵੇਂ ਯੁੱਗ ਦਾ ਆਰੰਭ ਕੀਤਾ ਹੈ, ਬਿਨਾਂ ਕਿਸੇ ਪੱਖਪਾਤ ਤੋਂ ਵਿਕਾਸ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਆਓ ਸਾਰੇ ਮਿਲ ਕੇ ਪੰਜਾਬ ਨੂੰ ਨਸ਼ੇ ਤੋਂ ਮੁਕਤ ਬਣਾਈਏ ਅਤੇ ਅਪਣੇ ਬੱਚਿਆਂ ਦਾ ਭਵਿੱਖ ਉੱਜਵਲ ਕਰੀਏ।

ਇਸ ਮੌਕੇ ਸਵਰਣ ਸਲਾਰੀਆਂ ਉਪ ਪ੍ਰਧਾਨ ਆਮ ਆਦਮੀ ਪਾਰਟੀ ਪੰਜਾਬ, ਵਿਭੂਤੀ ਸ਼ਰਮਾ ਚੇਅਰਮੈਨ ਨਗਰ ਸੁਧਾਰ ਟਰੱਸਟ-ਕਮ-ਹਲਕਾ ਇੰਚਾਰਜ ਪਠਾਨਕੋਟ, ਅੰਮਿਤ ਮੰਟੂ ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ-ਕਮ-ਹਲਕਾ ਇੰਚਾਰਜ ਸੁਜਾਨਪੁਰ, ਸੁਨੀਲ ਗੁਪਤਾ ਚੇਅਰਮੈਨ ਪੈਸਕੋ ਪੰਜਾਬ, ਸਤੀਸ਼ ਮਹਿੰਦਰੂ ਚੇਅਰਮੈਨ ਦਾ ਹਿੰਦੂ ਕੋਪਰੇਟਿਵ ਬੈਂਕ ਪਠਾਨਕੋਟ, ਵਿਕਾਸ ਸੈਨੀ ਚੇਅਰਮੈਨ ਮਾਰਕੀਟ ਕਮੇਟੀ ਪਠਾਕੋਟ, ਮਨੋਹਰ ਠਾਕੁਰ ਚੇਅਰਮੈਨ ਮਾਰਕੀਟ ਕਮੇਟੀ ਨਰੋਟ ਜੈਮਲ ਸਿੰਘ, ਸੌਰਵ ਬਹਿਲ ਸੰਯੁਕਤ ਸਕੱਤਰ ਯੁਵਾ, ਬੱਬਲੀ ਕੁਮਾਰ ਪ੍ਰਧਾਨ ਨਗਰ ਪੰਚਾਇਤ ਨਰੋਟ ਜੈਮਲ ਸਿੰਘ, ਸਮੀਰ ਸ਼ਾਰਧਾ ਜ਼ਿਲ੍ਹਾ ਸਕੱਤਰ, ਨਤਿੰਦਰ ਸਿੰਘ ਟਰੱਸਟੀ ਨਗਰ ਸੁਧਾਰ ਟਰੱਸਟ ਪਠਾਨਕੋਟ, ਹਰਜੀਤ ਸਿੰਘ ਟਰੱਸਟੀ ਨਗਰ ਸੁਧਾਰ ਟਰੱਸਟ ਪਠਾਨਕੋਟ, ਗੌਤਮ ਮਾਨ ਸੰਯੁਕਤ ਸਕੱਤਰ ਪੰਜਾਬ ਅਤੇ ਹੋਰ ਪਾਰਟੀ ਦੇ ਕਾਰਜਕਰਤਾ ਹਾਜ਼ਰ ਸਨ।

# ਮਨਰੇਗਾ ਵਰਕਰ ਮੰਗਾਂ ਨੂੰ ਲੈ ਕੇ ਅੱਜ ਡੀ ਸੀ ਦਫਤਰ ਤਰਨ ਤਾਰਨ ਦੇਣਗੇ ਧਰਨਾ : ਪੰਡੋਰੀ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਕਾਰਲ ਮਾਰਕਸ ਦੇ ਜਨਮ ਦਿਨ (5 ਮਈ) 'ਤੇ ਮਨਰੇਗਾ ਵਰਕਰਜ਼ ਯੂਨੀਅਨ ਅਤੇ ਦਿਹਾਤੀ ਮਜ਼ਦੂਰ ਸਭਾ ਵੱਲੋਂ ਮਨਰੇਗਾ ਵਰਕਰਾਂ ਦੀਆਂ ਮੰਗਾਂ ਨੂੰ ਲੈ ਕੇ ਡਿਪਟੀ ਕਮਿਸ਼ਨਰ ਤਰਨ ਤਾਰਨ ਦਫ਼ਤਰ ਅੱਗੇ ਵਿਸ਼ਾਲ ਧਰਨੇ 'ਚ ਸੈਕੜੇ ਮਜ਼ਦੂਰ ਪਹੁੰਚਣਗੇ ਜਿਸ ਦੀਆਂ ਤਿਆਰੀਆਂ ਪੂਰਨ ਤੌਰ 'ਤੇ ਮੁਕੰਮਲ ਹੋ ਚੁੱਕੀਆ ਹਨ ।

ਧਰਨੇ ਨੂੰ ਕਾਮਯਾਬ ਕਰਨ ਲਈ ਬਲਦੇਵ ਸਿੰਘ ਪੰਡੋਰੀ, ਜਸਬੀਰ ਸਿੰਘ ਵੈਰੋਵਾਲ, ਨਰਿੰਦਰ ਸਿੰਘ ਰਟੋਲ, ਕਰਮ ਸਿੰਘ ਪੰਡੋਰੀ ਦੀ ਅਗਵਾਈ 'ਚ ਬਲਾਕ ਖਡੂਰ ਸਹਿਬ, ਚੋਹਲਾ ਸਾਹਿਬ ਦੇ ਪਿੰਡਾਂ ਕੰਗ, ਸੰਘਰਕੋਟ, ਬਦੇਸ਼ਾ, ਫਤਿਆਬਾਦ, ਚੰਡੀਗੜ੍ਹ ਮੁਹੱਲਾ, ਕੋਟ ਮਹੁੰਮਦ ਖਾਂ, ਮੁੰਡਾ ਪਿੰਡ ਆਦਿ 'ਚ ਭਰਵੀਆਂ ਮੀਟਿੰਗਾਂ ਕੀਤੀਆਂ ਗਈਆਂ।

ਮੀਟਿੰਗਾਂ ਵਿੱਚ ਬਲਾਕ ਗੰਡੀਵਿੰਡ, ਨੌਸ਼ਹਿਰਾ ਪੰਨੂਆਂ ਨੂੰ ਤੋੜਨ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਆਗੂਆਂ ਨੇ ਕਿਹਾ ਕਿ ਮਨਰੇਗਾ ਵਰਕਰਾਂ ਦੇ ਲਗਭਗ ਚਾਰ ਮਹੀਨੇ ਤੋਂ ਪੈਸੇ ਨਹੀਂ ਪਾਏ ਜਾ ਰਹੇ ਅਤੇ ਕਾਫੀ ਵਰਕਰਾਂ ਦੇ ਪਿਛਲੇ ਬਣਦੇ ਬਕਾਏ ਵੀ ਨਹੀਂ ਮਿਲ ਰਹੇ।ਇਨ੍ਹਾਂ ਆਗੂਆਂ ਨੇ ਮੰਗ ਕਰਦਿਆ ਕਿਹਾ ਮਨਰੇਗਾ ਵਰਕਰਾਂ ਦੇ ਜੌਬ ਕਾਰਡ ਬਣਾਏ ਜਾਣ ਅਤੇ 100 ਦਿਨ ਕੰਮ ਯਕੀਨੀ ਬਣਾਇਆ ਜਾਵੇ ਅਤੇ ਪਿੰਡਾਂ ਦੇ ਸਰਪੰਚਾਂ ਦੀ ਦਖਲਅੰਦਾਜ਼ੀ ਬੰਦ ਕੀਤੀ ਜਾਵੇ, ਜਿਹੜਾ ਵੀ ਕੰਮ ਕਰਨਾ ਚਾਹੁੰਦਾ ਹੈ, ਹਰੇਕ ਨੂੰ ਕੰਮ ਦਿੱਤਾ ਜਾਵੇ ਅਤੇ ਮਨਰੇਗਾ ਸਕੀਮ ਨੂੰ ਪਾਰਦਰਸ਼ੀ ਢੰਗ ਨਾਲ ਚੱਲਣ ਦਿੱਤਾ ਜਾਵੇ।

ਮਨਰੇਗਾ ਵਰਕਰਾਂ ਦੇ ਸਾਰੇ ਪਰਿਵਾਰ ਨੂੰ ਸਾਰਾ ਸਾਲ ਕੰਮ ਦਿੱਤਾ ਜਾਵੇ ਅਤੇ ਦਿਹਾੜੀ 700 ਰੁਪਏ ਕੀਤੀ ਜਾਵੇ। ਮਨਰੇਗਾ ਵਰਕਰਾਂ ਲਈ ਲੋੜੀਂਦਾ ਸਾਮਾਨ ਕਹੀ ਬੱਠਲ ਅਤੇ ਮੁੱਢਲੀ ਸਹਾਇਤਾ ਦੀ ਦਵਾਈ ਦੀ ਕਿੱਟ ਮੁਹੱਈਆ ਕਰਵਾਈ ਜਾਵੇ। ਮਨਰੇਗਾ ਵਰਕਰਾਂ ਦਾ ਸਿਹਤ ਬੀਮਾ ਫ੍ਰੀ ਕੀਤਾ ਜਾਵੇ।ਇਸ ਮੌਕੇ ਦਾਰਾ ਸਿੰਘ ਮੁੰਡਾ ਪਿੰਡ, ਤਰਸੇਮ ਸਿੰਘ ਕੰਗ, ਸੁਲੱਖਣ ਸਿੰਘ ਤੁੜ, ਜੋਗਿੰਦਰ ਸਿੰਘ ਨੇ ਸੰਬੋਧਨ ਕੀਤਾ ।

# ਨਸ਼ਾ ਤਸਕਰ ਦੇ ਘਰ 'ਤੇ ਚੱਲਿਆ ਪੀਲਾ ਪੰਜਾ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਕਾਦੀਆਂ ਦੇ ਵਾਲਮੀਕ ਮੁਹੱਲੇ ਵਿਖੇ ਇੱਕ ਨਸ਼ਾ ਵੇਚਣ ਵਾਲੇ ਤਸਕਰ ਦੇ ਘਰ ਨੂੰ ਜੇਸੀਬੀ ਮਸ਼ੀਨ ਨਾਲ ਤੋੜਿਆ ਗਿਆ।ਜੇਸੀਬੀ ਅਤੇ ਭਾਰੀ ਸੁਰੱਖਿਆ ਫੋਰਸ ਲੈ ਕੇ ਮੌਕੇ 'ਤੇ ਪਹੁੰਚੇ ਐੱਸਐੱਚਓ ਕਾਦੀਆਂ ਨਿਰਮਲ ਸਿੰਘ, ਡੀਐੱਸਪੀ ਰਜੇਸ਼ ਕੱਕੜ ਅਤੇ ਐੱਸਐੱਸਪੀ ਬਟਾਲਾ ਮੁਹੰਮਦ ਮੀਰ ਕਾਸਿਮ ਨੇ ਦੱਸਿਆ ਕਿ ਨਸ਼ਾ ਤਸਕਰ ਕਾਕਾ ਪੁੱਤਰ ਸ੍ਰੀ ਚੰਦ ਜੋ ਕਿ ਇਸ ਵੇਲੇ ਅੰਮ੍ਰਿਤਸਰ ਦੀ ਜੇਲ ਵਿੱਚ ਬੰਦ ਹੈ, ਨੇ ਨਸ਼ਾ ਵੇਚ ਕੇ ਘਰ ਬਣਾਇਆ ਸੀ। ਉਸ ਨੂੰ ਸਿਵਲ ਪ੍ਰਸ਼ਾਸਨ ਵੱਲੋਂ ਕਾਫੀ ਨੋਟਿਸ ਦਿੱਤੇ ਗਏ ਸਨ ਜਿਸ ਨੂੰ ਉਸ ਨੇ ਗੰਭੀਰਤਾ ਨਾਲ ਨਹੀਂ ਲਿਆ। ਇਸ ਲਈ ਘਰ ਨੂੰ ਤੋੜਨ ਲਈ ਸਿਵਲ ਪ੍ਰਸ਼ਾਸਨ ਦੇ ਨਾਲ ਭਾਰੀ ਪੁਲਸ ਸੁਰੱਖਿਆ ਫੋਰਸ ਵੀ ਪਹੁੰਚੀ।

ਐੱਸਐੱਸਪੀ ਨੇ ਦੱਸਿਆ ਕਿ ਮੁਲਜ਼ਮ ਖਿਲਾਫ ਛੇ ਮੁਕੱਦਮੇ ਦਰਜ ਹਨ ਜਿਨ੍ਹਾਂ ਵਿੱਚੋਂ ਚਾਰ ਮੁਕੱਦਮੇ ਐੱਨਡੀਪੀਐੱਸ ਐਕਟ ਦੇ ਹਨ ਜੋ ਕਿ ਵੱਖ-ਵੱਖ ਥਾਣੇ ਦੀਨਾਨਗਰ, ਕਾਦੀਆਂ, ਕਾਹਨੂੰਵਾਨ ਅਤੇ ਈਐੱਫ ਥਾਣਾ ਮੁਹਾਲੀ ਤੋਂ ਇਲਾਵਾ ਹੋਰ ਵੀ ਪਰਚੇ ਦਰਜ ਹਨ। ਉਨ੍ਹਾਂ ਨੇ ਦੱਸਿਆ ਕਿ ਪੁਲਸ ਜ਼ਿਲਾ ਬਟਾਲਾ ਹੁਣ ਤੱਕ 250 ਤੋਂ ਵੱਧ ਗ੍ਰਿਫਤਾਰੀਆਂ ਨਸ਼ਿਆਂ ਵਿਰੁੱਧ ਕਰ ਚੁੱਕਾ ਅਤੇ ਜਿਹੜੇ ਲੋਕ ਨਸ਼ਾ ਵੇਚਣ ਦੇ ਧੰਦੇ ਨਾਲ ਜੁੜੇ ਹਨ ਉਨ੍ਹਾਂ ਤਸਕਰਾਂ ਨੂੰ ਚੇਤਾਵਨੀ ਦਿੰਦੇ ਹਨ ਕਿ ਉਹ ਆਪਣਾ ਨਸ਼ੇ ਦਾ ਕਾਰੋਬਾਰ ਛੱਡ ਦੇਣ ਨਹੀਂ ਤਾਂ ਉਨ੍ਹਾਂ ਦਾ ਹਸ਼ਰ ਵੀ ਇਹੋ ਹੀ ਹੋਵੇਗਾ।

ਇਸ ਮੌਕੇ ਸਿਵਲ ਪ੍ਰਸ਼ਾਸਨ ਵਿੱਚ ਈਓ ਕਾਦੀਆਂ ਅਤੇ ਨਗਰ ਪਾਲਿਕਾ ਸਮੂਹ ਕਰਮਚਾਰੀਆਂ ਤੋਂ ਇਲਾਵਾ ਐੱਸਐੱਸਪੀ ਬਟਾਲਾ ਮੁਹੰਮਦ ਮੀਰ ਕਾਸਿਮ, ਡੀਐੱਸਪੀ ਰਜੇਸ਼ ਕੱਕੜ ਅਤੇ ਐੱਸਐੱਚਓ ਕਾਦੀਆਂ ਨਿਰਮਲ ਸਿੰਘ ਭਾਰੀ ਪੁਲਸ ਸੁਰੱਖਿਆ ਸਮੇਤ ਮੌਜੂਦ ਸਨ।

# ਪੰਜਾਬ ਦੇ ਹੱਕਾਂ ਲਈ ਪੰਜਾਬ ਵਾਸੀਆਂ ਨੂੰ ਇੱਕਮੁਠ ਹੋ ਕੇ ਲੜਨ ਦੀ ਲੋੜ: ਸਰਬਜੀਤ ਕੌਰ



ਜੰਡਿਆਲਾ ਗੁਰੂ(ਹਰਿੰਦਰ ਪਾਲ ਸਿੰਘ)-ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਾਸੀਆਂ ਨਾਲ ਵਚਨਬੱਧ ਹੈ ਅਤੇ ਪੰਜਾਬ ਦੀ ਰਾਖੀ ਲਈ ਹਮੇਸ਼ਾ ਤੱਤਪਰ ਨਜ਼ਰ ਆ ਰਹੀ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਮਹਿਲਾ ਆਗੂ ਸਰਬਜੀਤ ਕੌਰ ਜੰਡਿਆਲਾ ਗੁਰੂ ਨੇ ਕਿਹਾ ਕਿ ਹਲਕਾ ਜੰਡਿਆਲਾ ਦੇ ਵਿਧਾਇਕ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਵੱਲੋਂ ਜਿੱਥੇ ਹਲਕੇ ਦੇ ਵਿਕਾਸ ਨੂੰ ਤਰਜੀਹ ਦਿੱਤੀ ਜਾ ਰਹੀ ਹੈ ਉੱਥੇ ਦੂਜੇ ਪਾਸੇ ਪਾਣੀਆਂ ਉਪਰ ਵੱਜ ਰਹੇ ਡਾਕੇ ਦੇ ਵਿਰੋਧ ਵਿੱਚ ਵੀ ਆਪਣੇ ਪੰਜਾਬ ਵਾਸੀਆਂ ਦੇ ਨਾਲ ਚਟਾਨ ਵਾਂਗ ਖੜ੍ਹੇ ਹਨ ਅਤੇ ਪੰਜਾਬ ਵਾਸੀਆਂ ਦੀ ਆਵਾਜ਼ ਨੂੰ ਕੇਂਦਰ ਦੀ ਭਾਜਪਾ ਸਰਕਾਰ ਤੱਕ ਪਹੁੰਚਾਉਣ ਦਾ ਯਤਨ ਕਰ ਰਹੇ ਹਨ ਅਤੇ ਪਾਣੀਆਂ ਦੇ ਡਾਕੇ ਦੇ ਵਿਰੋਧ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਆਪਣੀਆਂ ਵਿਰੋਧੀ ਪਾਰਟੀਆਂ ਨਾਲ ਬੀਤੇ ਦਿਨ ਮੀਟਿੰਗ ਕਰਕੇ ਸ਼ਲਾਘਾਯੋਗ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਕੋਈ ਪੰਜਾਬ ਨਾਲ ਪਹਿਲੀ ਬੇਇਨਸਾਫੀ ਨਹੀਂ ਹੈ।ਪੰਜਾਬ ਵਿੱਚ ਹੜ੍ਹ ਆਉਣ ਦੇ ਬਾਵਜੂਦ ਕੋਈ ਪੈਕਜ ਨਹੀਂ ਦਿੱਤਾ ਗਿਆ। ਕਰੀਬ 7000 ਕਰੋੜ ਰੂਰਲ ਡਿਵੈਲਪਮੈਂਟ ਫੰਡ ਰੋਕ ਰੱਖਿਆ ਹੈ। ਉਨ੍ਹਾਂ ਕਿਹਾ ਕਿ ਸਾਡੇ ਪੰਜਾਬ ਦੇ ਨੌਜਵਾਨਾਂ ਕੋਲ ਸ਼ਹੀਦ ਸਰਦਾਰ ਭਗਤ ਸਿੰਘ ਦਾ ਜੋਸ਼ ਹੈ ਜੋ ਪੰਜਾਬ ਦੇ ਹੱਕਾਂ ਲਈ ਹਰ ਵੇਲੇ ਤਿਆਰ ਰਹਿੰਦੇ ਹਨ।ਉਨ੍ਹਾਂ ਕਿਹਾ ਕਿ ਅੱਜ ਕੇਂਦਰ ਦੀ ਸਰਕਾਰ ਪੰਜਾਬ ਦੀ ਅਣਖ ਨੂੰ ਨਾ ਵੰਗਾਰੇ।ਮੋਦੀਆਨ ਪੰਜਾਬ ਦਾ ਸਾਰਾ ਹੱਕ ਸਾਨੂੰ ਦੇਵੇ ਨਹੀਂ ਤਾਂ ਪੰਜਾਬ ਦੇ ਲੋਕ ਹੱਕ ਲੈਣਾ ਜਾਣਦੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਵਾਸੀਆਂ ਨੂੰ ਇੱਕਮੁਠ ਹੋ ਕੇ ਪਾਣੀਆਂ ਦੀ ਅਤੇ ਪੰਜਾਬ ਦੇ ਹੱਕਾਂ ਲਈ ਪੰਜਾਬ ਵਾਸੀਆਂ ਦੀ ਆਪਣੀ ਸਰਕਾਰ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਸਾਥ ਦਿੰਦਿਆਂ ਹੋਇਆਂ ਸਾਂਝੀ ਲੜਾਈ ਲੜਨੀ ਚਾਹੀਦੀ ਹੈ।ਇਸ ਮੌਕੇ ਸਰਬਜੀਤ ਕੌਰ ਸੀਨੀਅਰ ਮਹਿਲਾ ਆਗੂ ਆਮ ਆਦਮੀ ਪਾਰਟੀ ਜੰਡਿਆਲਾ ਗੁਰੂ, ਤੋਂ ਇਲਾਵਾ ਸੁਖਵਿੰਦਰ ਕੌਰ, ਮਨਜੀਤ ਕੌਰ, ਕੁਲਵਿੰਦਰ ਕੌਰ, ਸ਼ਵੇਤਾ ਅਰੋੜਾ, ਗੁਰਜੀਤ ਕੌਰ, ਕੰਵਲਜੀਤ ਕੌਰ, ਕੁਲਵੰਤ ਕੌਰ, ਆਦਰਸ਼ ਪਾਲ ਕੌਰ ਅਤੇ ਗੁਰਪ੍ਰੀਤ ਕੌਰ ਆਦਿ ਹਾਜ਼ਰ ਸਨ।

# ਕਾਮਰੇਡ ਜਸਵਿੰਦਰ ਕੌਰ ਦੀ ਮਿੱਠੀ ਯਾਦ 'ਚ ਸ਼ਰਧਾਂਜਲੀ ਸਮਾਗਮ



ਘੁਰਕਵਿੰਡ (ਨਜ਼ਸ)-ਕਾਮਰੇਡ ਜਸਵਿੰਦਰ ਕੌਰ ਸਾਨੂੰ 14 ਅਪ੍ਰੈਲ 2025 ਨੂੰ ਸਦੀਵੀ ਵਿਛੋੜਾ ਦੇ ਗਏ ਸਨ।ਉਨ੍ਹਾਂ ਦੀ ਯਾਦ ਵਿੱਚ ਗੁਰਦੁਆਰਾ ਬਾਬਾ ਗੋਪਾਲ ਦਾਸ ਘੁਰਕਵਿੰਡ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।ਰਾਗੀ ਸਿੰਘਾਂ ਨੇ ਕੀਰਤਨ ਰਾਹੀ ਸ਼ਰਧਾ ਦੇ ਫੁੱਲ ਭੇਟ ਕੀਤੇ।ਉਪਰੰਤ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਪੀੜਤ ਪਰਿਵਾਰ ਨਾਲ ਹਮਦਰਦੀ ਅਤੇ ਦੁੱਖ ਸਾਂਝਾ ਕੀਤਾ।ਸ਼ਰਧਾ ਦੇ ਫੁੱਲ ਭੇਟ ਕਰਦਿਆਂ ਬੁਲਾਰਿਆਂ ਨੇ ਦੱਸਿਆ ਕਿ ਬੀਬੀ ਜਸਵਿੰਦਰ ਕੌਰ ਖੇਤ ਮਜ਼ਦੂਰ ਸਭਾ ਦੇ ਉੱਘੇ ਲੀਡਰ ਕਾਮਰੇਡ ਰਸ਼ਪਾਲ ਸਿੰਘ ਦੇ ਮਾਤਾ ਜੀ ਸਨ।ਉਨ੍ਹਾਂ ਨੇ ਚੰਗੀ ਸਿੱਖਿਆ ਦੇ ਕੇ ਆਪਣੇ ਪੁੱਤਰ ਕਾਮਰੇਡ ਰਸ਼ਪਾਲ ਸਿੰਘ, ਨਹੂੰ ਕਾਮਰੇਡ ਅੰਜੂ ਰਾਣੀ ਅਤੇ ਕੋਮਲ, ਪੋਤੇ ਅਰਸ਼ਦੀਪ ਸਿੰਘ, ਜਸ਼ਨਦੀਪ ਸਿੰਘ, ਸਮਾਇਲਦੀਪ, ਗੁਰਸਿਮਰਨਪ੍ਰੀਤ ਸਿੰਘ, ਸਤਕਾਰਪ੍ਰੀਤ ਸਿੰਘ, ਪੋਤੀ ਅਲਕਾ ਅਤੇ ਪ੍ਰਿਅੰਕਾ ਨੂੰ ਇਨਕਲਾਬੀ ਗੁੜਤੀ ਦੇ ਕੇ ਲੋਕ ਲਹਿਰ ਵੱਲ ਤੋਰਿਆ।ਉਨ੍ਹਾਂ ਕਿਹਾ ਕਿ ਤੁਰ ਤਾਂ ਸਾਰਿਆਂ ਨੇ ਜਾਣਾ ਹੈ ਪਰ ਕੁੱਝ ਲੋਕ ਜਸਵਿੰਦਰ ਕੌਰ ਵਰਗੇ ਹੁੰਦੇ ਹਨ ਜੋ ਸਮਾਜ ਵਿੱਚ ਸਦੀਵੀ ਪੈੜਾਂ ਪਾ ਜਾਂਦੇ ਹਨ। ਉਨ੍ਹਾਂ ਕਿਹਾ ਕਿ ਜਸਵਿੰਦਰ ਕੌਰ ਸੰਘਰਸ਼ਾਂ ਦੌਰਾਨ ਕਦੇ ਡੋਲੇ ਨਹੀਂ।

ਉਨ੍ਹਾਂ ਜ਼ਿੰਦਗੀ ਲੋਕਾਂ ਦੇ ਲੇਖੇ ਲਾ ਦਿੱਤੀ। ਸ਼ਰਧਾਂਜਲੀ ਸਮਾਗਮ ਵਿੱਚ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ, ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਜੋਗਿੰਦਰ ਸਿੰਘ ਵਲਟੋਹਾ, ਜ਼ਿਲ੍ਹਾ ਸਕੱਤਰ ਕਾਮਰੇਡ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ, ਕਾਮਰੇਡ ਲਾਲ ਸਿੰਘ ਵਲਟੋਹਾ, ਕਾਮਰੇਡ ਹੀਰਾ ਸਿੰਘ ਖਡੂਰ ਸਾਹਿਬ, ਕਾਮਰੇਡ ਜਗੀਰ ਸਿੰਘ ਘੁਰਕਵਿੰਡ, ਕਾਮਰੇਡ ਲਖਬੀਰ ਸਿੰਘ ਘੁਰਕਵਿੰਡ, ਕਾਮਰੇਡ ਪ੍ਰਵੀਨ ਕੌਰ, ਕਾਮਰੇਡ ਜਸਬੀਰ ਕੌਰ, ਕਾਮਰੇਡ ਸਵਰਨ ਸਿੰਘ ਕਿਰਤੋਵਾਲ ਕਲਾਂ, ਇੰਦਰਜੀਤ ਸਿੰਘ ਸਰਪੰਚ, ਬਲਵਿੰਦਰ ਸਿੰਘ ਮੁੱਠਿਆਂ ਵਾਲਾ ਸਾਬਕਾ ਸਰਪੰਚ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ।ਸ਼ੋਕ ਸੰਦੇਸ਼ ਭੇਜਣ ਵਾਲਿਆਂ ਵਿੱਚ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਕਾਮਰੇਡ ਗੁਲਜ਼ਾਰ ਸਿੰਘ ਗੋਰੀਆ, ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਜੋਗਿੰਦਰ ਸਿੰਘ ਵਲਟੋਹਾ, ਕਾਮਰੇਡ ਲਾਲ ਸਿੰਘ ਵਲਟੋਹਾ, ਕਾਮਰੇਡ ਨਰਿੰਦਰਪਾਲ ਸਿੰਘ ਖਡੂਰ ਸਾਹਿਬ ਆਦਿ ਨੇ ਸ਼ਰਧਾਂਜਲੀ ਭੇਟ ਕੀਤੀ।ਆਏ ਹੋਏ ਸਾਥੀਆਂ ਦਾ ਧੰਨਵਾਦ ਕਾਮਰੇਡ ਰਸ਼ਪਾਲ ਸਿੰਘ ਨੇ ਕੀਤਾ।

# ਮਿਡ ਡੇਅ ਮੀਲ ਵਰਕਰਾਂ ਵੱਲੋਂ ਮਾਣਭੱਤਾ ਨਾ ਵਧਾਉਣ 'ਤੇ ਸਰਕਾਰ ਖਿਲਾਫ ਰੋਸ ਪ੍ਰਗਟ



ਬਟਾਲਾ (ਤਰਲੋਕ ਬੱਗਾ)-ਮਿਡ-ਡੇਅ-ਮੀਲ ਵਰਕਰ ਯੂਨੀਅਨ ਬਟਾਲਾ ਦੀਆਂ ਆਗੂਆਂ ਨੀਲਮ, ਪੁਸ਼ਪਾ, ਹਰਜਸ ਕੌਰ ਅਤੇ ਮਨਦੀਪ ਕੁਮਾਰ ਨੇ ਮਾਣਭੱਤਾ ਨਾ ਵਧਾਉਣ 'ਤੇ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਵਿਰੁੱਧ ਰੋਸ ਪ੍ਰਗਟ ਕਰਦਿਆਂ ਮਾਣਭੱਤੇ ਵਿੱਚ ਵਾਧਾ ਕਰਨ ਦੀ ਮੰਗ ਕੀਤੀ।ਇਸ ਮੌਕੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੂਬਾਈ ਆਗੂ ਕਾਮਰੇਡ ਗੁਰਪ੍ਰੀਤ ਸਿੰਘ ਰੰਗੀਲਪੁਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ।ਸ਼ੁਰੂਆਤ ਵਿੱਚ ਆਗੂਆਂ ਅਤੇ ਵਰਕਰਾਂ ਨੇ ਪਹਿਲਗਾਮ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਗਈ।ਸਭ ਮਿਡ ਡੇਅ ਮੀਲ ਵਰਕਰਾਂ ਨੇ ਮੰਗ ਕੀਤੀ ਕਿ ਉਨ੍ਹਾਂ ਨੂੰ ਰੈਗੂਲਰ ਕੀਤਾ ਜਾਵੇ ਅਤੇ ਜਿੰਨਾ ਚਿਰ ਰੈਗੂਲਰ ਹੋਣ ਦਾ ਪ੍ਰੋਸੈੱਸ ਚੱਲਦਾ ਹੈ ਉਨਾ ਚਿਰ ਮਾਣਭੱਤਾ 18000 ਰੁਪਏ ਮਹੀਨਾ ਕੀਤਾ ਜਾਵੇ, ਵਰਦੀਆਂ ਅਤੇ ਐਪਰਨ ਦਿੱਤੇ ਜਾਣ, ਹਰੇਕ ਸਕੂਲ ਵਿੱਚ ਘੱਟੋ-ਘੱਟ ਦੋ ਵਰਕਰਾਂ ਜ਼ਰੂਰ ਰੱਖੀਆਂ ਜਾਣ ਅਤੇ ਬੱਚਿਆਂ ਦੀ ਗਿਣਤੀ ਘਟਣ 'ਤੇ ਬੇਵਜ੍ਹਾ ਵਰਕਰਾਂ ਦੀ ਛਾਂਟੀ ਨਾ ਕੀਤੀ ਜਾਵੇ ।ਆਗੂਆਂ ਨੇ ਦੱਸਿਆ ਕਿ ਦੋ ਸਾਲ ਪਹਿਲਾਂ ਸਿੱਖਿਆ ਮੰਤਰੀ ਪੰਜਾਬ ਨੇ ਮਾਣਭੱਤੇ ਵਿੱਚ ਵਾਧਾ ਕਰਨ ਦਾ ਲਾਰਾ ਲਾਇਆ ਸੀ ਪਰ ਹੁਣ ਤੱਕ ਮਾਣਭੱਤੇ ਵਿੱਚ ਕੋਈ ਵਾਧਾ ਨਹੀਂ ਹੋਇਆ। ਇਸ ਕਰਕੇ ਸਮੁੱਚੇ ਪੰਜਾਬ ਦੀਆਂ ਮਿਡ ਡੇਅ ਮੀਲ ਵਰਕਰਾਂ ਵਿੱਚ ਭਾਰੀ ਰੋਸ ਹੈ।ਅੰਤ ਵਿੱਚ ਪਹਿਲਗਾਮ ਦੀ ਘਟਨਾ ਕਰਕੇ ਆਗੂਆਂ ਅਤੇ ਵਰਕਰਾਂ ਨੇ ਫਿਰਕੂ ਨਫ਼ਰਤ ਫੈਲਾਉਣ ਵਾਲਿਆਂ ਤੋਂ ਲੋਕਾਂ ਨੂੰ ਸੁਚੇਤ ਰਹਿਣ ਦੀ ਅਪੀਲ ਕੀਤੀ ।ਇਸ ਮੌਕੇ ਰਾਜ ਰਾਣੀ, ਉਰਮਿਲਾ, ਤਾਰੋ, ਲਖਵਿੰਦਰ ਕੌਰ, ਮਨਜੀਤ ਕੌਰ, ਅਮਰਜੀਤ, ਵੀਨਾ, ਗੀਟਾ, ਕ੍ਰਿਸ਼ਨਾ, ਦੇਵਾ, ਗੀਤਾ, ਪੁਸ਼ਪਾ, ਪੂਨਮ, ਬਿੰਦਰ, ਰਤਨੋ, ਕਾਂਤਾ, ਸੁਦੇਸ਼ ਕੁਮਾਰੀ ਅਤੇ ਗੁਰਦਿਆਲ ਸਿੰਘ ਆਦਿ ਹਾਜ਼ਰ ਸਨ ।

# ਰਾਜ ਬਰਿੰਦਰ ਸਿੰਘ ਧਨੋਆ ਨੇ ਸਬ-ਤਹਿਸੀਲਦਾਰ ਵਜੋਂ ਚਾਰਜ ਸੰਭਾਲਿਆ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਜੰਡਿਆਲਾ ਗੁਰੂ ਦੇ ਨਾਇਬ ਤਹਿਸੀਲਦਾਰ ਵਜੋਂ ਰਾਜ ਬਰਿੰਦਰ ਸਿੰਘ ਧਨੋਆ ਨੇ ਚਾਰਜ ਸੰਭਾਲਿਆ ਜਿਸ 'ਤੇ ਨੰਬਰਦਾਰ ਯੂਨੀਅਨ ਦੇ ਪ੍ਰਧਾਨ ਕੁਲਵੰਤ ਸਿੰਘ ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿਚ ਨੰਬਰਦਾਰਾਂ ਨੇ ਨਾਇਬ ਤਹਿਸੀਲਦਾਰ ਰਾਜ ਬਰਿੰਦਰ ਸਿੰਘ ਧਨੋਆ ਨੂੰ ਫੁੱਲਾਂ ਦਾ ਬੁੱਕਾ ਦੇ ਕੇ ਸਨਮਾਨਿਤ ਕੀਤਾ।ਇਸ ਮੌਕੇ ਨਾਇਬ ਤਹਿਸੀਲਦਾਰ ਰਾਜ ਬਰਿੰਦਰ ਸਿੰਘ ਧਨੋਆ ਨੇ ਕਿਹਾ ਕਿ ਕਿਸੇ ਵੀ ਕੰਮ ਕਰਵਾਉਣ ਲਈ ਆਉਣ ਵਾਲੇ ਵਿਅਕਤੀ ਨੂੰ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ।ਲੋਕਾਂ ਦੇ ਰੁਕੇ ਹੋਏ ਕੰਮ ਟਾਈਮ ਸਿਰ ਨਿਪਟਾਏ ਜਾਣਗੇ, ਬਕਾਇਆ ਪਏ ਜੰਡਿਆਲਾ ਗੁਰੂ ਦੇ ਇੰਤਕਾਲ ਵੀ ਨਿਪਟਾਏ ਗਏ ਹਨ। ਆਉਣ ਵਾਲੇ ਸਮੇਂ ਵਿੱਚ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਹਰ ਇਕ ਦਾ ਕੰਮ ਵਾਰੀ ਦੇ ਆਧਾਰ 'ਤੇ ਕੀਤਾ ਜਾਵੇਗਾ।ਇਸ ਮੌਕੇ ਮੁਖਵਿੰਦਰ ਸਿੰਘ ਰੀਡਰ, ਅਤੁਲ ਪਟਵਾਰੀ, ਅਰੁਣ ਕੁਮਾਰ ਬਿੱਟੂ ਵਸੀਕਾ, ਕਿਸ਼ਨ ਵਸੀਕਾ, ਕੁਲਦੀਪ ਵਸੀਕਾ, ਸੇਵਕ ਵਸੀਕਾ, ਮਨਜੀਤ ਸਿੰਘ ਪੱਪੀ, ਵੀਰ ਸਿੰਘ ਨੰਬਰਦਾਰ, ਹਰਜੀਤ ਸਿੰਘ ਬੰਡਾਲਾ, ਰਵਿੰਦਰ ਸਿੰਘ ਪੀ ਟੀ ਨੰਬਰਦਾਰ, ਜਸਬੀਰ ਸਿੰਘ ਸੋਹੀ, ਦਲਬੀਰ ਸਿੰਘ ਨੰਬਰਦਾਰ, ਟਿੰਕੂ, ਸੋਢੀ, ਗੁਰਸੇਵਕ ਸਿੰਘ, ਮਨਪ੍ਰੀਤ ਸਿੰਘ ਜਾਣੀਆ, ਗੁਰਦੀਪ ਸਿੰਘ ਭੋਲਾ, ਵਿਵੇਕ ਸ਼ਰਮਾ, ਹਰਜੀਤ ਸਿੰਘ ਨੰਬਰਦਾਰ, ਬਲਬੀਰ ਸਿੰਘ ਸਾਬਕਾ ਸਰਪੰਚ, ਅਰਮਿੰਦਰ ਸਿੰਘ ਸੋਢੀ, ਕੰਵਲਜੀਤ ਸਿੰਘ ਲਾਡੀ ਅਤੇ ਪਰਗਟ ਸਿੰਘ ਆਦਿ ਹਾਜ਼ਰ ਸਨ।

# ਕਰਨਬੀਰ ਸਿੰਘ ਬੁਰਜ ਵੱਲੋਂ ਪਿੰਡ-ਪਿੰਡ ਕਾਂਗਰਸੀ ਵਰਕਰਾਂ ਦੀ ਲਾਮਬੰਦੀ ਜਾਰੀ



ਸਰਾਏ ਅਮਾਨਤ ਖਾਂ (ਮੱਖਣ ਮਨੋਜ )-ਤਰਨਤਾਰਨ ਹਲਕੇ ਵਿੱਚ ਆਪਣੇ ਆਪ ਨੂੰ ਲਾਵਾਰਸ ਸਮਝ ਰਹੇ ਕਾਂਗਰਸੀ ਵਰਕਰਾਂ ਵਿੱਚ ਨਵਾਂ ਜੋਸ਼ ਭਰਕੇ ਲਾਮਬੰਦ ਕਰਨ ਲਈ ਹਲਕੇ ਦੇ ਸੀਨੀਅਰ ਕਾਂਗਰਸੀ ਆਗੂ ਕਰਨਬੀਰ ਸਿੰਘ ਬੁਰਜ ਨੇ ਵੱਖ-ਵੱਖ ਪਿੰਡਾਂ ਵਿੱਚ ਕਾਂਗਰਸੀ ਵਰਕਰਾਂ ਨਾਲ ਮੀਟਿੰਗਾਂ ਕਰਕੇ ਉਨ੍ਹਾਂ ਨੂੰ ਲਾਮਬੰਦ ਕੀਤਾ।ਇਸ ਸਮੇਂ ਬੋਲਦਿਆਂ ਕਾਂਗਰਸ ਦੇ ਜ਼ਿਲਾ ਸੀ ਮੀਤ ਪ੍ਰਧਾਨ ਕਰਨਬੀਰ ਸਿੰਘ ਬੁਰਜ ਨੇ ਕਿਹਾ ਕਿ ਜਦੋਂ ਦੀ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਹੈ ਉਦੋਂ ਤੋਂ ਹੀ ਪੰਜਾਬ ਨੇ ਤਰੱਕੀ ਤਾਂ ਕੀ ਕਰਨੀ ਸੀ ਸਗੋਂ ਪੰਜਾਬ 'ਚ ਚਲ ਰਹੇ ਕਾਰੋਬਾਰ ਵੀ ਫਿਰੌਤੀਆਂ ਦੀ ਦਹਿਸ਼ਤ ਨਾਲ ਬੰਦ ਹੋ ਰਹੇ ਹਨ ਅਤੇ ਲੋਕ ਬੇਰੁਜ਼ਗਾਰ ਹੋ ਰਹੇ ਹਨ। ਭਗਵੰਤ ਮਾਨ ਵਿਕਾਸ ਤੇ ਰੋਜ਼ਗਾਰ ਦੇਣ ਦੇ ਝੂਠੇ ਸਬਜ਼ਬਾਗ ਵਿਖਾ ਰਹੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਦੋ ਇਨ੍ਹਾਂ ਨੂੰ ਵੋਟਾਂ ਪਾ ਕੇ ਪਛਤਾ ਰਹੇ ਹਨ। ਇਸ ਸਮੇਂ ਕਰਨਬੀਰ ਸਿੰਘ ਬੁਰਜ ਨੂੰ ਕਾਂਗਰਸੀ ਵਰਕਰਾਂ ਨੇ ਸਨਮਾਨਤ ਕਰਦਿਆਂ ਜੀ ਆਇਆਂ ਆਖਿਆ।ਇਸ ਸਮੇਂ ਪ੍ਰਤਾਪ ਸਿੰਘ ਰਾਏ, ਮਨਜਿੰਦਰ ਸਿੰਘ ਮਨੀ, ਲਵਪ੍ਰੀਤ ਸਿੰਘ ਲਵ ਮਾਹਲ, ਅਨਮੋਲਦੀਪ ਸਿੰਘ, ਤਰਨ ਤਾਰਨ ਤੋਂ ਇਲਾਵਾ ਹਰਜੀਤ ਸਿੰਘ ਜੀਤਾ, ਕਾਕਾ ਦਿੱਲੀ ਵਾਲਾ, ਜੱਜਬੀਰ ਸਿੰਘ ਜੱਜ ਖੈਰਦੀਨ ਕੇ, ਸਾਬਕਾ ਸਰਪੰਚ ਸੁੱਚਾ ਸਿੰਘ ਖੈਰਦੀਨ ਕੇ ਆਦਿ ਹਾਜ਼ਰ ਸਨ।

# ਸ੍ਰੀ ਵਾਲਮੀਕ ਤੀਰਥ ਤੋਂ ਹੋਇਆ ਨਸ਼ਾ ਮੁਕਤੀ ਮੁਹਿੰਮ ਦਾ ਆਗਾਜ਼

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)- ਅੱਜ ਸ੍ਰੀ ਵਾਲਮੀਕ ਤੀਰਥ ਤੋਂ ਨਸ਼ਾ ਮੁਕਤੀ ਮੁਹਿੰਮ ਦਾ ਆਗਾਜ਼ ਕੀਤਾ ਗਿਆ। ਇਸ ਮੌਕੇ ਯੁੱਧ ਨਸ਼ੇ ਵਿਰੁੱਧ ਮੁਹਿੰਮ ਤਹਿਤ ਪਿੰਡ ਪੱਧਰ ਦੀਆਂ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਨੂੰ ਮੁਖਾਤਿਬ ਹੁੰਦੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਪੰਜਾਬ ਪੁਲਸ ਵੱਲੋਂ ਨਸ਼ਾ ਤਸਕਰਾਂ ਵਿਰੁੱਧ ਕੀਤੀ ਗਈ ਕਾਰਵਾਈ ਦੀ ਸਰਾਹਨਾ ਕਰਦਿਆਂ ਦੱਸਿਆ ਕਿ ਪੰਜਾਬ ਪੁਲਸ ਨੇ 1 ਮਾਰਚ 2025 ਤੋਂ ਲੈ ਕੇ ਹੁਣ ਤੱਕ 8 ਹਜ਼ਾਰ ਦੇ ਕਰੀਬ ਐੱਫਆਈਆਰ ਦਰਜ ਕੀਤੀਆਂ ਹਨ।ਇਸ ਮੌਕੇ ਸੰਬੋਧਨ ਕਰਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਸਰਹੱਦੀ ਇਲਾਕੇ ਦੇ ਲੋਕਾਂ ਦੀ ਪਿੱਠ ਥਾਪੜ ਦੀਆਂ ਕਿਹਾ ਕਿ ਹੁਣ ਤੁਹਾਡਾ ਖੌਫ ਨਸ਼ਾ ਤਸਕਰਾਂ ਨੂੰ ਸਤਾਉਣ ਲੱਗਾ ਹੈ, ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ 31 ਮਈ ਤੱਕ ਦਾ ਸਮਾਂ ਮਿਥਿਆ ਹੈ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸਾਕਸ਼ੀ ਸਾਹਨੀ ਨੇ ਜਿਲ੍ਹੇ ਨੂੰ ਨਸ਼ਾ ਮੁਕਤ ਕਰਨ ਲਈ ਵਿਲੇਜ ਲੈਵਲ ਡਿਫੈਂਸ ਕਮੇਟੀ ਮੈਂਬਰਾਂ ਕੌਂਸਲਰਾਂ ਪੰਚਾਇਤਾਂ ਦਾ ਸਾਥ ਮੰਗਦੇ ਹੋਏ ਲੋਕਾਂ ਨੂੰ ਨਸ਼ੇ ਦੇ ਰੋਗੀਆਂ ਦਾ ਇਲਾਜ ਕਰਵਾਉਣ ਲਈ ਅੱਗੇ ਆਉਣ ਦੀ ਅਪੀਲ ਕੀਤੀ। ਜ਼ਿਲਾ ਪੁਲਸ ਮੁਖੀ ਮਨਿੰਦਰ ਸਿੰਘ ਨੇ ਕਿਹਾ ਕਿ ਸਰਹੱਦੀ ਪੱਟੀ ਵਿੱਚੋਂ ਹੁੰਦੀ ਨਸ਼ੇ ਦੀ ਤਸਕਰੀ ਦਾ ਲੱਕ ਅਸੀਂ ਤੁਹਾਡੇ ਸਾਥ ਨਾਲ ਤੋੜ ਦਿੱਤਾ ਹੈ ਅਤੇ ਹੁਣ ਸਾਡੀ ਲੋੜ ਹੈ ਕਿ ਅਸੀਂ ਨਸ਼ੇ ਦੇ ਰੋਗੀਆਂ ਦਾ ਇਲਾਜ ਕਰਵਾਈਏ।ਇਸ ਮੌਕੇ ਕੈਬਨਿਟ ਮੰਤਰੀ ਮੁੰਡੀਆ, ਹਰਭਜਨ ਸਿੰਘ ਈ.ਟੀ.ਓ. ਨੇ ਸਮਾਗਮ ਵਿੱਚ ਆਏ ਹੋਏ ਲੋਕਾਂ ਨੂੰ ਸਹੁੰ ਵੀ ਚੁਕਾਈ ਅਤੇ ਲੋਕਾਂ ਨੂੰ ਨਸ਼ੇ ਦੇ ਮਾਰੂ ਪ੍ਰਭਾਵਾਂ ਤੋਂ ਜਾਗਰੂਕ ਕਰਵਾਉਣ ਲਈ ਆਜ਼ਾਦ ਭਗਤ ਸਿੰਘ ਵਿਰਾਸਤ ਮੰਚ ਵਲੋਂ ਇੱਕ ਨੁੱਕੜ ਨਾਟਕ ਦੀ ਪੇਸ਼ਕਾਰੀ ਵੀ ਕੀਤੀ ਗਈ। ਇਸ ਮੌਕੇ ਮੇਅਰ ਜਤਿੰਦਰ ਸਿੰਘ ਮੋਤੀ ਭਾਟੀਆ, ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਜਰ, ਜੀਵਨਜੋਤ ਕੌਰ, ਡਾ. ਅਜੇ ਗੁਪਤਾ, ਡਾ. ਜਸਬੀਰ ਸਿੰਘ ਸੰਧੂ, ਦਲਬੀਰ ਸਿੰਘ ਟੌਂਗ, ਨਸ਼ਾ ਮੁਕਤੀ ਮੋਰਚਾ ਦੇ ਮਾਝਾ ਕੋਆਰਡੀਨੇਟਰ ਸੋਨੀਆ ਮਾਨ, ਦੀਕਸ਼ਿਤ ਧਵਨ, ਕੁਲਦੀਪ ਸਿੰਘ ਮੱਤੇਵਾਲ, ਡੀਆਈਜੀ ਸਤਿੰਦਰ ਸਿੰਘ, ਚੇਅਰਮੈਨ ਬਲਦੇਵ ਸਿੰਘ ਮਿਆਦੀਆਂ , ਚੇਅਰਮੈਨ ਕਰਮਜੀਤ ਸਿੰਘ ਰਿੰਟੂ, ਚੇਅਰਮੈਨ ਜਸਪ੍ਰੀਤ ਸਿੰਘ, ਜੁਗਿੰਦਰ ਪਾਲ ਸਿੰਘ ਜੱਗਾ ਮਜੀਠਾ, ਇਕਬਾਲ ਸਿੰਘ, ਨਰੇਸ਼ ਪਾਠਕ ਅਤੇ ਹੋਰ ਸ਼ਖਸੀਅਤਾਂ ਹਾਜ਼ਰ ਸਨ।



# ਗੰਡੀਵਿੰਡ ਦੇ ਵਾਰਡ ਨੰਬਰ 3 'ਚ ਗਲੀ ਦਾ ਕੰਮ ਸ਼ੁਰੂ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਪਿੰਡ ਗੰਡੀਵਿੰਡ ਵਿਖੇ ਸਰਪੰਚ ਜਥੇਦਾਰ ਗੁਰਮੀਤ ਸਿੰਘ ਨੇ ਪਿੰਡ ਗੰਡੀਵਿੰਡ ਦੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਦਿਆਂ 3 ਨੰਬਰ ਵਾਰਡ ਦੀ ਗਲੀ ਬਣਾਉਣ ਦੀ ਸ਼ੁਰੂਆਤ ਕੀਤੀ ਗਈ।ਇਸ ਮੌਕੇ ਪਿੰਡ ਗੰਡੀਵਿੰਡ ਦੇ ਸਰਪੰਚ ਜਥੇਦਾਰ ਗੁਰਮੀਤ ਸਿੰਘ ਨੂੰ ਜਗੀਰ ਸਿੰਘ ਜੇਈ ਵੱਲੋਂ ਸਨਮਾਨਿਤ ਕੀਤਾ ਗਿਆ, ਜਿਸ ਵਿਚ ਪਿੰਡ ਦੇ ਹੋਰ ਮੋਹਤਬਰ ਸੱਜਣ ਤੇ ਪ੍ਰਮੁੱਖ ਸ਼ਖਸੀਅਤਾਂ ਅਮਰਜੀਤ ਸਿੰਘ ਪੱਪੂ, ਸਾਬਕਾ ਸਰਪੰਚ ਨਿਸ਼ਾਨ ਸਿੰਘ ਗੰਡੀਵਿੰਡ, ਠੇਕੇਦਾਰ ਕ੍ਰਿਪਾਲ ਸਿੰਘ, ਪਰਮਜੀਤ ਸਿੰਘ ਬਿਜਲੀ ਬੋਰਡ, ਮੈਂਬਰ ਮਲਕੀਤ ਸਿੰਘ, ਮੈਂਬਰ ਸੁਖਵਿੰਦਰ ਸਿੰਘ ਸੋਨੀ, ਮੈਂਬਰ ਹਰਪ੍ਰੀਤ ਸਿੰਘ, ਡਾ. ਨਿਸ਼ਾਨ ਸਿੰਘ, ਡਾ. ਮਿਲਖਾ ਸਿੰਘ, ਜਰਨੈਲ ਸਿੰਘ ਲੱਡੂ, ਨੰਬਰਦਾਰ ਸਰਬਰਿੰਦਰ ਸਿੰਘ, ਠੇਕੇਦਾਰ ਅਨੋਖ ਸਿੰਘ, ਹਰਪ੍ਰੀਤ ਸਿੰਘ ਟੇਲਰ ਮਾਸਟਰ, ਜੁਗਰਾਜ ਸਿੰਘ ਆਦਿ ਹਾਜ਼ਰ ਸਨ।



# 'ਮੇਰਾ ਘਰ ਮੇਰੇ ਨਾਂਅ' ਸਕੀਮ ਤਹਿਤ ਜਾਗਰੂਕਤਾ ਕੈਂਪ ਤੇ ਅਜਲਾਸ



ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਡਿਪਟੀ ਕਮਿਸ਼ਨਰ ਗੁਰਦਾਸਪੁਰ ਦੀ ਰਹਿਨੁਮਾਈ ਹੇਠ ਬਲਾਕ ਫ਼ਤਹਿਗੜ੍ਹ ਚੂੜੀਆਂ ਦੇ ਅਧੀਨ ਆਉਂਦੇ ਪਿੰਡ ਮੁਰੀਦਕੇ ਵਿਖੇ ਮੇਰਾ ਘਰ ਮੇਰੇ ਨਾਮ ਸਕੀਮ ਤੇ ਮੈਪ-2 ਦੇ ਅਧੀਨ ਅਜਲਾਸ ਕਰਵਾਇਆ ਗਿਆ।ਅਜਲਾਸ ਦੀ ਅਗਵਾਈ ਨਾਇਬ ਤਹਿਸੀਲਦਾਰ ਫਤਿਹਗੜ੍ਹ ਚੂੜੀਆਂ ਜਸਬੀਰ ਕੌਰ, ਪਟਵਾਰੀ ਲਖਵਿੰਦਰਪਾਲ, ਰਜਿਸਟਰੀ ਕਲਰਕ ਜਸਵਿੰਦਰ ਕੌਰ ਤੇ ਗਗਨਦੀਪ ਸਿੰਘ ਨੇ ਕੀਤੀ।ਇਸ ਵਿੱਚ ਪਿੰਡ ਮੁਰੀਦਕੇ ਦੇ ਲੋਕਾਂ ਨੂੰ ਸਰਪੰਚ ਅੰਮ੍ਰਿਤਪਾਲ ਦੀ ਹਾਜ਼ਰੀ ਵਿੱਚ ਜਾਣਕਾਰੀ ਦਿੱਤੀ ਗਈ।ਇਸ ਮੌਕੇ ਸਰਪੰਚ ਅੰਮ੍ਰਿਤਪਾਲ ਕੌਰ ਨੇ ਸਭ ਆਏ ਹੋਏ ਅਮਲੇ ਦਾ ਧੰਨਵਾਦ ਕੀਤਾ।ਇਸ ਮੌਕੇ ਸਾਬਕਾ ਸਰਪੰਚ ਗੁਰਦੀਪ ਸਿੰਘ, ਨੰਬਰਦਾਰ ਹਰਦੀਪ ਸਿੰਘ, ਮਲਕੀਤ ਸਿੰਘ, ਗੁਰਮੀਤ ਸਿੰਘ, ਜਸਵਿੰਦਰ ਸਿੰਘ, ਜਗੀਰ ਸਿੰਘ, ਤਰਸੇਮ ਸਿੰਘ ਮੈਂਬਰ, ਨੰਬਰਦਾਰ ਸਤਨਾਮ ਸਿੰਘ, ਹਰਵੰਤ ਸਿੰਘ, ਬਲਕਾਰ ਸਿੰਘ, ਦਲਜੀਤ ਸਿੰਘ, ਮੁਖਤਾਰ ਸਿੰਘ, ਰਛਪਾਲ ਸਿੰਘ, ਚੌਕੀਦਾਰ ਬਲਵਿੰਦਰ ਸਿੰਘ, ਜੋਬਨਪ੍ਰੀਤ ਸਿੰਘ, ਨਿਰਮਲ ਸਿੰਘ ਆਦਿ ਹਾਜ਼ਰ ਸਨ।

ਇਸ ਸਕੀਮ ਵਿੱਚ ਪਿੰਡ ਚੱਠਾ, ਮੁਰੀਦਕੇ, ਭੋਲੋਕੇ, ਮਾਨ ਸੈਂਡਵਾਲ, ਕੁਲਾਰ, ਨਾਸਰਕੇ, ਸੁੰਢਲ, ਡੋਗਰ, ਸੇਖੋਂਵਾਲੀ, ਪੰਨਵਾਂ, ਰਿਆਲੀ ਖੁਰਦ, ਖੋਖਰ, ਚੰਦੂਸੂਜਾ, ਸੀੜਾ, ਲੋਧੀਨੰਗਲ, ਤੇਜਾ ਕਲਾਂ ਤੇ ਲਾਲੇਨੰਗਲ ਸ਼ਾਮਲ ਸਨ।

# ਗੁਰਦੁਆਰਾ ਬਾਬਾ ਬੀਰ ਸਿੰਘ ਪਿੰਡ ਮਰਹਾਣਾ ਵਿਖੇ ਧਾਰਮਿਕ ਮੁਕਾਬਲੇ 8 ਨੂੰ



ਪੱਟੀ (ਬਲਦੇਵ ਸਿੰਘ ਸੰਧੂ)-ਪਿੰਡ ਮਰਹਾਣਾ ਦੇ ਗੁਰਦੁਆਰਾ ਬਾਬਾ ਬੀਰ ਸਿੰਘ ਵਿਖੇ ਸ਼ਹੀਦ ਭਾਈ ਤਾਰੂ ਸਿੰਘ ਗੁਰਮਤਿ ਪ੍ਰਚਾਰ ਸੋਸਾਇਟੀ ਦਸਤਾਰ ਇ-ਦਸਤੂਰ ਸੁਸਾਇਟੀ ਵੱਲੋਂ ਗੁਰਬਾਣੀ ਰਸੀਏ, ਭਰਾ ਮਾਰੂ ਜੰਗ ਤੋਂ ਕੌਮ ਨੂੰ ਸੁਚੇਤ ਕਰਨ ਵਾਲੀ ਸ਼ਖਸ਼ੀਅਤ ਬਾਬਾ ਬੀਰ ਸਿੰਘ ਦੀ ਯਾਦ ਨੂੰ ਸਮਰਪਿਤ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੂਹ ਨੌਜਵਾਨ ਅਤੇ ਪ੍ਰਚਾਰਕ ਸਾਹਿਬਾਨ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੱਚਿਆਂ ਦੇ ਧਾਰਮਿਕ ਮੁਕਾਬਲੇ ਦਸਤਾਰ, ਦੁਮਾਲਾ, ਗੁਰਬਾਣੀ ਕੰਠ ਅਤੇ ਸਵਾਲ ਜਵਾਬ, ਗੁਰਦੁਆਰਾ ਬਾਬਾ ਬੀਰ ਸਿੰਘ ਜੀ ਪਿੰਡ ਮਰਹਾਣਾ ਵਿਖੇ 8 ਮਈ ਨੂੰ ਸਵੇਰੇ 8-45 ਤੋਂ ਲੈ ਕੇ 12-30 ਤਕ ਕਰਵਾਏ ਜਾ ਰਹੇ ਹਨ।

ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਸੁਸਾਇਟੀ ਦੇ ਕਨਵੀਨਰ ਭਾਈ ਸੰਦੀਪ ਸਿੰਘ ਖਾਲੜਾ, ਵਾਈਸ ਕਨਵੀਨਰ ਭਾਈ ਹਰਜੀਤ ਸਿੰਘ ਆਸਟਰੇਲੀਆ, ਪ੍ਰਧਾਨ ਭਾਈ ਸੰਤੋਖ ਸਿੰਘ ਪੱਟੀ, ਸਕੱਤਰ ਭਾਈ ਨਿਰਮਲ ਸਿੰਘ ਸੁਰ ਸਿੰਘ, ਮੀਤ ਸਕੱਤਰ ਭਾਈ ਹਰਚਰਨ ਸਿੰਘ ਉਬੋਕੇ, ਜ਼ੋਨਲ ਇੰਚਾਰਜ ਭਿਖੀਵਿੰਡ ਭਾਈ ਗੁਰਜੰਟ ਸਿੰਘ ਅਤੇ ਸਿੱਖ ਪ੍ਰਚਾਰਕ ਭਾਈ ਜਗਜੀਤ ਸਿੰਘ ਅਹਿਮਦਪੁਰ ਨੇ ਪ੍ਰੈੱਸ ਨਾਲ ਗੱਲਬਾਤ ਦੌਰਾਨ ਕੀਤਾ।ਉਨ੍ਹਾਂ ਕਿਹਾ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਪੰਜਵੀਂ ਜਮਾਤ ਤੋਂ ਲੈ ਕੇ ਬਾਰਵੀਂ ਜਮਾਤ ਤੱਕ ਦੇ ਲੜਕੇ ਅਤੇ ਲੜਕੀਆਂ ਭਾਗ ਲੈ ਸਕਦੇ ਹਨ।ਦਸਤਾਰ, ਦੁਮਾਲਾ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਵਿਦਿਆਰਥੀ ਦਸਤਾਰ, ਦੁਮਾਲਾ, ਬਾਜ, ਸ਼ੀਸ਼ਾ, ਪਿੰਨ ਆਪਣੀ ਲੈ ਕੇ ਆਉਣਗੇ। ਗੁਰਬਾਣੀ ਕੰਠ ਮੁਕਾਬਲਾ ਅਤੇ ਸਵਾਲ ਜਵਾਬ ਮੁਕਾਬਲਾ ਦਿੱਤੇ ਹੋਏ ਸਿਲੇਬਸ ਦੇ ਵਿੱਚੋਂ ਹੀ ਹੋਵੇਗਾ।ਉਨ੍ਹਾਂ ਨੇ ਇਲਾਕੇ ਦੀਆਂ ਸੰਗਤਾਂ, ਸਕੂਲ ਅਤੇ ਬੱਚਿਆਂ ਦੇ ਮਾਤਾ ਪਿਤਾ ਨੂੰ ਆਪਣੇ ਬੱਚਿਆਂ ਨੂੰ ਮਹਾਨ ਵਿਰਾਸਤ ਤੋਂ ਜਾਣੂੰ ਕਰਵਾਉਣ ਦੇ ਮਕਸਦ ਨਾਲ ਕਰਵਾਏ ਜਾ ਰਹੇ ਇਨ੍ਹਾਂ ਮੁਕਾਬਲਿਆਂ ਵਿੱਚ ਲੈ ਕੇ ਪਹੁੰਚਣ ਦੀ ਅਪੀਲ ਕੀਤੀ।ਇਸ ਮੌਕੇ ਮੀਤ ਪ੍ਰਧਾਨ ਭਾਈ ਹੀਰਾ ਸਿੰਘ ਸੋਹਲ, ਮਨਦੀਪ ਸਿੰਘ ਘੋਲੀਆਂ ਕਲਾਂ, ਸਿੱਖ ਪ੍ਰਚਾਰਕ ਭਾਈ ਸੁਖਵਿੰਦਰ ਸਿੰਘ ਖਾਲੜਾ, ਦਸਤਾਰ ਕੋਆਰਡੀਨੇਟਰ ਹਰਪ੍ਰੀਤ ਸਿੰਘ, ਹਰਜੀਤ ਸਿੰਘ ਲਹਿਰੀ, ਜਗਦੀਸ਼ ਸਿੰਘ ਭਿਖੀਵਿੰਡ, ਸਾਜਨ ਪ੍ਰੀਤ ਸਿੰਘ, ਤਾਜਵੀਰ ਸਿੰਘ, ਆਕਾਸ਼ਦੀਪ ਸਿੰਘ, ਸੁਖਮਨਦੀਪ ਸਿੰਘ, ਪ੍ਰਚਾਰਕ ਭਾਈ ਜੋਗਾ ਸਿੰਘ, ਅਤੇ ਹੈਡ ਗ੍ਰੰਥੀ ਗੁਰਦੁਆਰਾ ਰਾਠੀ ਕੇ ਭਾਈ ਜੋਗਾ ਸਿੰਘ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੂਹ ਅਹੁਦੇਦਾਰ ਹਾਜ਼ਰ ਸਨ।

# ਦੀਨਾਨਗਰ ਦੇ ਸਰਕਾਰੀ ਸਕੂਲਾਂ 'ਚ 70.76 ਲੱਖ ਦੇ ਵਿਕਾਸ ਕਾਰਜਾਂ ਦੇ ਉਦਘਾਟਨ



ਦੀਨਾਨਗਰ, (ਬਲਵਿੰਦਰ ਸਿੰਘ ਬਿੱਲਾ)-ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਤੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਵਿਧਾਨ ਸਭਾ ਹਲਕਾ ਦੀਨਾਨਗਰ ਦੇ ਪਿੰਡ ਝੰਡੇਚੱਕ, ਲੋਹਗੜ੍ਹ, ਦਬੁਰਜੀ ਸ਼ਾਮ ਸਿੰਘ ਅਤੇ ਦੀਨਾਨਗਰ ਸ਼ਹਿਰ ਦੇ ਸਰਕਾਰੀ ਪ੍ਰਾਇਮਰੀ, ਮਿਡਲ ਤੇ ਸੀਨੀਅਰ ਸੈਕੰਡਰੀ ਸਕੂਲਾਂ ਅੰਦਰ ਕਰੀਬ 70.76 ਲੱਖ ਰੁਪਏ ਦੀ ਲਾਗਤ ਨਾਲ ਕਰਵਾਏ ਗਏ ਵਿਕਾਸ ਕਾਰਜਾਂ ਦੀ ਉਦਘਾਟਨ ਕੀਤਾ ਗਿਆ।ਇਸ ਮੌਕੇ ਤੇ ਉਨ੍ਹਾਂ ਦੇ ਨਾਲ ਹਲਕਾ ਸਿੱਖਿਆ ਕਮੇਟੀ ਕੋਆਡੀਨੇਟਰ ਪ੍ਰਿੰਸੀਪਲ ਸੁਖਦੇਵ ਰਾਜ ਵੀ ਮੌਜੂਦ ਸਨ।

ਚੌਧਰੀ ਜੈਮੁਨੀ ਮੈਮੋਰੀਅਲ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿਖੇ 48.82 ਲੱਖ ਰੁਪਏ ਦੀ ਲਾਗਤ ਨਾਲ ਕੀਤੇ ਗਏ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਸਕੂਲ ਪ੍ਰਿੰਸੀਪਲ ਰਾਜਵਿੰਦਰ ਕੌਰ ਦੀ ਅਗਵਾਈ ਹੇਠ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਪਿਛਲੇ ਤਿੰਨ ਸਾਲਾਂ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸੂਬੇ ਦੇ ਸਰਕਾਰੀ ਸਕੂਲਾਂ ਦੀ ਨੁਹਾਰ ਬਦਲ ਕੇ ਰੱਖ ਦਿੱਤੀ ਹੈ।ਉਨ੍ਹਾਂ ਕਿਹਾ ਕਿ ਪਹਿਲਾਂ ਸਿਰਫ਼ ਨਿੱਜੀ ਸਕੂਲਾਂ ਵਿੱਚ ਹੀ ਟਰਾਂਸਪੋਰਟ ਦੀ ਸੁਵਿਧਾ ਸੀ ਅਤੇ ਆਧੁਨਿਕ ਕਲਾਸ ਰੂਮ ਸਨ ਪਰ ਹੁਣ ਸਰਕਾਰੀ ਸਕੂਲ ਦੇ ਬੱਚੇ ਵੀ ਇਹ ਲਾਭ ਉਠਾ ਰਹੇ ਹਨ।ਪਹਿਲਾਂ ਦੀ ਕਿਸੇ ਸਰਕਾਰ ਨੇ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਕਦੇ ਕੋਈ ਪਹਿਲਕਦਮੀ ਨਹੀਂ ਕੀਤੀ ਪਰ ਅਸੀਂ ਲੋਕਾਂ ਦੇ ਸਹਿਯੋਗ ਨਾਲ ਸਿੱਖਿਆ ਖੇਤਰ ਵਿੱਚ ਕ੍ਰਾਂਤੀਕਾਰੀ ਬਦਲਾਅ ਕਰ ਰਹੇ ਹਾਂ।ਸਮਾਗਮ ਦੌਰਾਨ ਸਟੇਜ ਸੱਕਤਰ ਦੀ ਭੂਮਿਕਾ ਮੈਡਮ ਸੋਨੀਆ ਵਾਲੀਆ ਅਤੇ ਨਿਸ਼ਾ ਭਾਰਦਵਾਜ ਨੇ ਨਿਭਾਈ।ਸਮਾਗਮ ਦੌਰਾਨ ਅਨੁਸ਼ਾਸਨ ਦੀ ਕਮਾਨ ਐੱਨਸੀਸੀ ਇੰਚਾਰਜ ਹਰਦੀਪ ਰਾਜ ਅਤੇ ਮੁਕੇਸ਼ ਸ਼ਰਮਾ ਦੀ ਅਗਵਾਈ ਹੇਠ ਐੱਨਸੀਸੀ ਕੈਡਿਟਾਂ ਦੀ ਟੀਮ ਵੱਲੋਂ ਸ਼ਾਨਦਾਰ ਢੰਗ ਨਾਲ ਨਿਭਾਈ ਗਈ। ਇਸ ਮੌਕੇ ਸਿੱਖਿਆ ਕਮੇਟੀ ਮੈਂਬਰ ਜਗਜੀਤ ਸਿੰਘ ਪਿੰਟਾ, ਰਿਟਾ. ਪ੍ਰਿੰ. ਸੰਸਾਰ ਸਿੰਘ, ਸ਼ਹਿਰੀ ਬਲਾਕ ਪ੍ਰਧਾਨ ਹਰਦੇਵ ਸਿੰਘ ਅਤੇ ਗੌਰਵ ਧੀਰ, ਬਲਾਕ ਪ੍ਰਧਾਨ ਕਾਜਲ ਪੱਖੋਵਾਲ, ਬਲਾਕ ਪ੍ਰਧਾਨ ਦੀਪਕ ਚੇਚੀਆਂ, ਵਰਿੰਦਰ ਕਪੂਰ, ਰਜੇਸ਼ ਕੁਮਾਰ ਡੇਜੀ, ਰਾਜ ਕੁਮਾਰ ਅਵਾਂਖਾ ਅਤੇ ਦੀਪਕ ਚੱਢਾ ਦੇ ਇਲਾਵਾ ਅਧਿਆਪਕ ਗੁਰਦੀਪ ਸਿੰਘ, ਨਰੇਸ਼ ਕੁਮਾਰ, ਪੰਕਜ ਸ਼ਰਮਾ, ਦਵਿੰਦਰ ਕੁਮਾਰ, ਵਿਜੇ ਕੁਮਾਰ, ਜੀਵਨ ਜੋਤੀ, ਅਲਕਾ, ਰਜਨੀ, ਸੁਨੀਤਾ ਸ਼ਰਮਾ, ਬਬੀਤਾ ਗੁਪਤਾ, ਬਲਾਕ ਨੋਡਲ ਅਫਸਰ ਪਵਨ ਕੁਮਾਰ ਅਤੇ ਰਵਿੰਦਰਪਾਲ ਰੋਮੀ ਵੀ ਮੌਜੂਦ ਸਨ।

# ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਕੀਰਤਨ ਮੁਕਾਬਲੇ 'ਚ ਜੇਤੂ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਸ੍ਰੀ ਸੁਖਮਨੀ ਸਾਹਿਬ ਸੇਵਾ ਸੋਸਾਇਟੀ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਗੁਰੂ ਨਾਨਕ ਪੜਾਓ ਸਾਹਿਬ, ਫਤਿਹਆਬਾਦ ਵਿਖੇ ਧਾਰਮਿਕ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਇਲਾਕੇ ਦੀ ਨਾਮਵਰ ਸੰਸਥਾ ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ, ਗੋਇੰਦਵਾਲ ਸਾਹਿਬ ਦੇ ਵਿਦਿਆਰਥੀਆਂ ਨੇ ਭਾਗ ਲਿਆ।ਇਨ੍ਹਾਂ ਧਾਰਮਿਕ ਮੁਕਾਬਲਿਆਂ ਵਿੱਚ ਧਾਰਮਿਕ ਲੈਕਚਰ, ਗੁਰਬਾਣੀ ਸ਼ਬਦ ਗਾਇਨ ਅਤੇ ਗੁਰਬਾਣੀ ਕੰਠ ਦੇ ਮੁਕਾਬਲੇ ਕਰਵਾਏ ਗਏ।ਸਕੂਲ ਦੇ ਸੰਗੀਤ ਅਧਿਆਪਕ ਹਰਜੀਤ ਸਿੰਘ ਦੀ ਅਗਵਾਈ ਵਿੱਚ ਗੁਰਬਾਣੀ ਸ਼ਬਦ ਕੀਰਤਨ ਮੁਕਾਬਲੇ ਵਿੱਚੋਂ ਬਲਕਰਨ ਸਿੰਘ, ਪਲਕਪ੍ਰੀਤ ਕੌਰ, ਮਹਿਕਪ੍ਰੀਤ ਕੌਰ, ਹਰਲੀਨ ਕੌਰ, ਨਵਰੀਤ ਕੌਰ, ਤਨਵੀਰ ਕੌਰ ਅਤੇ ਹਰਮਨਦੀਪ ਸਿੰਘ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ।ਸੰਸਥਾ ਦੇ ਡਾਇਰੈਕਟਰ ਡਾ. ਜਤਿੰਦਰਪਾਲ ਸਿੰਘ ਰੰਧਾਵਾ ਅਤੇ ਸਕੂਲ ਦੇ ਪ੍ਰਿੰ. ਮਨੀਸ਼ਾ ਸੂਦ ਨੇ ਅਧਿਆਪਕ ਅਤੇ ਵਿਦਿਆਰਥੀਆਂ ਨੂੰ ਧਾਰਮਿਕ ਮੁਕਾਬਲਿਆਂ ਵਿੱਚ ਜੇਤੂ ਰਹਿਣ 'ਤੇ ਵਧਾਈ ਦਿੱਤੀ।




# ਰਿਟਾਇਰਮੈਂਟ ਮੌਕੇ ਲਾਇਨਮੈਨ ਮੰਗਲ ਸਿੰਘ ਵਰਪਾਲ ਦਾ ਮਾਣ-ਸਨਮਾਨ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ):ਇੰਪਲਾਈਜ਼ ਫੈਡਰੇਸ਼ਨ ਚਾਹਲ ਜਥੇਬੰਦੀ ਵੱਲੋਂ ਮੰਗਲ ਸਿੰਘ ਵਰਪਾਲ ਦੀ ਰਿਟਾਇਰਮੈਂਟ ਪਾਰਟੀ 'ਤੇ ਵੱਖ-ਵੱਖ ਤਰ੍ਹਾਂ ਦੇ ਤੋਹਫੇ ਦੇ ਕੇ ਸਨਮਾਨਿਤ ਕੀਤਾ ਗਿਆ ਤੇ ਵਿਸ਼ੇਸ਼ ਤੌਰ 'ਤੇ ਪ੍ਰੋਗਰਾਮ 'ਤੇ ਪਹੁੰਚੇ ਪ੍ਰਤਾਪ ਸਿੰਘ ਸੂਬਾ ਮੀਤ ਪ੍ਰਧਾਨ ਨੇ ਸਮੂਹ ਇੰਪਲਾਈਜ਼ ਫੈਡਰੇਸ਼ਨ ਚਾਹਲ ਵੱਲੋਂ ਸਾਰੇ ਪਰਿਵਾਰ ਨੂੰ ਵਧਾਈ ਦਿੱਤੀ ਗਈ। ਇਸ ਮੌਕੇ ਮਨਿੰਦਰ ਸਿੰਘ ਮਨੀ ਪ੍ਰਧਾਨ ਜੰਡਿਆਲਾ ਗੁਰੂ ਨੇ ਕਿਹਾ ਕਿ ਮੰਗਲ ਸਿੰਘ ਨੇ ਆਪਣੀਆਂ ਬਿਜਲੀ ਮਹਿਕਮੇ ਵਿੱਚ ਸੇਵਾਵਾਂ ਨੂੰ 1989 ਤੋਂ ਲੈ ਕੇ 2025 ਤੱਕ ਪੀਐੱਸਪੀਸੀਐੱਲ ਦੀਆਂ ਵੱਖ-ਵੱਖ ਡਵੀਜ਼ਨਾਂ ਤੇ ਸਬ ਡਵੀਜ਼ਨਾਂ ਵਿੱਚ ਪੂਰੀ ਮਿਹਨਤ ਤੇ ਇਮਾਨਦਾਰੀ ਨਾਲ ਨਿਭਾਇਆ। ਇਸ ਸਮੇਂ ਮੰਗਲ ਸਿੰਘ ਦੀ ਗਰਿਡ ਉਸਾਰੀ ਮੰਡਲ ਵਰਪਾਲ ਤੋਂ ਰਿਟਾਇਰਮੈਂਟ ਹੋਈ ਹੈ। ਇਸ ਮੌਕੇ ਸਬ ਡਵੀਜ਼ਨ ਬੰਡਾਲਾ ਤੇ ਸਟੇਸ਼ਨ ਦੇ ਮੁਲਾਜ਼ਮਾਂ ਵੱਲੋਂ ਵੀ ਸਿਰੋਪਾਉ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਐੱਸਡੀਓ ਮਹਿੰਦਰ ਸਿੰਘ, ਸੂਬਾ ਆਗੂ ਪ੍ਰਤਾਪ ਸਿੰਘ ਸੁਖੇਵਾਲ, ਜੇਈ ਰਣਜੀਤ ਸਿੰਘ, ਸੁਖਦੇਵ ਸਿੰਘ ਸੂਬਾ ਆਗੂ, ਮਨਿੰਦਰ ਸਿੰਘ ਮਨੀ ਪ੍ਰਧਾਨ ਮੰਡਲ ਜੰਡਿਆਲਾ ਗੁਰੂ, ਗੁਰਸੇਵਕ ਸਿੰਘ, ਹਰਮੀਤ ਸਿੰਘ, ਵਰਿੰਦਰ ਸਿੰਘ, ਗੁਰਦੇਵ ਸਿੰਘ, ਬਲਜਿੰਦਰ ਸਿੰਘ ਨੇ ਪਰਿਵਾਰ ਨਾਲ ਇਸ ਖੁਸ਼ੀ ਦੇ ਮੌਕੇ ਵਧਾਈਆਂ ਦਿੱਤੀਆਂ।


# 'ਆਪ' ਨੂੰ ਵੱਡਾ ਹੁੰਗਾਰਾ; ਵੀਹ ਅਕਾਲੀ ਤੇ ਕਾਂਗਰਸੀ ਪਰਿਵਾਰਾਂ ਦਾ ਆਪ 'ਚ ਰਲੇਵਾਂ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਹਲਕਾ ਮਜੀਠਾ ਤੇ ਪਿੰਡ ਅਰਜਨ ਮਾਂਗਾ (ਥੇਹ) ਵਿੱਚ ਡਾ. ਬਲਜਿੰਦਰ ਸਿੰਘ ਦੇ ਗ੍ਰਹਿ ਵਿਖੇ ਹਲਕਾ ਇੰਚਾਰਜ ਜਗਵਿੰਦਰ ਪਾਲ ਸਿੰਘ ਜੱਗਾ ਮਜੀਠੀਆ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਨੂੰ ਉਸ ਸਮੇਂ ਵੱਡਾ ਹੁੰਗਾਰਾ ਮਿਲਿਆ ਜਦੋਂ 20 ਪਰਿਵਾਰ ਅਕਾਲੀ, ਕਾਂਗਰਸ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਹਲਕਾ ਇੰਚਾਰਜ ਜਗਵਿੰਦਰ ਸਿੰਘ ਜੱਗਾ ਮਜੀਠੀਆ ਦੀ ਅਗਵਾਈ ਹੇਠ ਡਾ. ਕਾਲਾ ਦੇ ਨਾਲ ਖਜਾਨ ਸਿੰਘ, ਦਲਬੀਰ ਸਿੰਘ, ਕਸ਼ਮੀਰ ਸਿੰਘ, ਕੁਲਵੰਤ ਸਿੰਘ, ਰਤਨ ਸਿੰਘ, ਇੰਦਰ ਸਿੰਘ, ਮਹਿੰਦਰ ਸਿੰਘ, ਗੁਰਜੰਟ ਸਿੰਘ, ਹਰਦੀਪ ਸਿੰਘ ਫੌਜੀ, ਕੁਲਦੀਪ ਸਿੰਘ, ਸਾਬਕਾ ਸਰਪੰਚ ਰਣਧੀਰ ਸਿੰਘ, ਜਗੀਰ ਸਿੰਘ, ਮਲਵਿੰਦਰ ਸਿੰਘ ਮੱਲੂ, ਲੱਖਾ ਸਿੰਘ, ਭਜਨ ਸਿੰਘ, ਦਿਲਬਾਗ ਸਿੰਘ, ਲਲਕਾਰ ਸਿੰਘ, ਸਵਿੰਦਰ ਸਿੰਘ, ਸੂਬੇਦਾਰ ਬਲਬੀਰ ਸਿੰਘ, ਗੁਰਦਿਆਲ ਸਿੰਘ, ਸੋਨੀ ਸਿੰਘ, ਜਰਮਨਜੀਤ ਸਿੰਘ ਜੰਮੂ, ਨਰਿੰਦਰ ਸਿੰਘ, ਸੁਵਿੰਦਰ ਕੌਰ, ਸ਼ਰਨਜੀਤ ਕੌਰ, ਹਰਜੀਤ ਕੌਰ, ਇੰਦਰਜੀਤ ਕੌਰ, ਅਮਨਜੋਤ ਕੌਰ ਆਦਿ ਕਰੀਬ 20 ਪਰਿਵਾਰਾਂ ਨੇ ਆਮ ਆਦਮੀ ਪਾਰਟੀ ਵਿੱਚ ਸ਼ਮੂਲੀਅਤ ਕੀਤੀ।ਇਸ ਮੌਕੇ ਜੱਗਾ ਮਜੀਠੀਆ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਮਜੀਠੇ ਹਲਕੇ ਨੂੰ ਸਿੱਖਿਆ ਅਤੇ ਸਿਹਤ ਵਜੋਂ ਮੋਹਰੀ ਹਲਕਾ ਬਣਾਇਆ ਜਾਵੇਗਾ। ਪਿੰਡ ਅਰਜਨ ਮਾਂਗਾ ਤੋਂ ਨਾਥ ਦੀ ਖੂਹੀ ਨੂੰ ਜਾਣ ਵਾਲੀ ਸੜਕ ਪਹਿਲ ਦੇ ਆਧਾਰ ਤੇ ਬਣਾਈ ਜਾਵੇਗੀ, ਮਹਿਤਾ ਤੋਂ ਅੰਮ੍ਰਿਤਸਰ ਵਾਇਆ ਅਰਜਨ ਮਾਂਗਾ ਟਾਹਲੀ ਸਾਹਿਬ ਕੱਥੂਨੰਗਲ ਬੱਸ ਸੇਵਾ ਸ਼ੁਰੂ ਕਰਵਾਈ ਜਾਵੇਗੀ ।ਸਰਕਾਰੀ ਸਕੂਲ ਅਰਜਨ ਮਾਂਗਾ ਨੂੰ ਅਪਗ੍ਰੇਡ ਕਰਨ ਅਤੇ ਮੁਹੱਲਾ ਕਲੀਨਿਕ ਬਣਾਉਣ ਦੀ ਸਿਫਾਰਸ਼ ਕੀਤੀ ਜਾਵੇਗੀ।ਹਰ ਖੇਤ ਤੱਕ ਨਹਿਰੀ ਪਾਣੀ ਪਹੁੰਚਾਇਆ ਜਾਵੇਗਾ।

ਇਸ ਸਮੇਂ ਅੰਮ੍ਰਿਤਸਰ ਦਿਹਾਤੀ ਕਿਸਾਨ ਵਿੰਗ ਦੇ ਪ੍ਰਧਾਨ ਸਰਪੰਚ ਬਲਬੀਰ ਸਿੰਘ ਬੋਪਾਰਾਏ, ਸਰਪੰਚ ਸੁਰਜੀਤ ਸਿੰਘ ਭੋਏਵਾਲ, ਸਰਪੰਚ ਲਖਵਿੰਦਰ ਸਿੰਘ ਨਾਥ ਦੀ ਖੂਹੀ, ਸਰਪੰਚ ਮਨਦੀਪ ਸਿੰਘ, ਸਰਪੰਚ ਰਾਜਕੁਮਾਰ ਲੁੱਧਰ, ਬਚਿੱਤਰ ਸਿੰਘ ਲਾਲੀ ਢਿੰਗਨੰਗਲ, ਮੈਂਬਰ ਪੰਚਾਇਤ ਨਿਸ਼ਾਨ ਸਿੰਘ, ਮਲਕੀਤ ਸਿੰਘ, ਤਰਲੋਚਨ ਸਿੰਘ, ਸੁਖਜਿੰਦਰ ਸਿੰਘ, ਬਲਾਕ ਪ੍ਰਧਾਨ ਤਰਵਿੰਦਰ ਸਿੰਘ, ਅਰਪਨਦੀਪ ਸਿੰਘ, ਪ੍ਰਗਟ ਸਿੰਘ, ਨਰਿੰਦਰ ਸਿੰਘ, ਮਾਸਟਰ ਪਲਵਿੰਦਰ ਸਿੰਘ, ਜੁਝਾਰ ਸਿੰਘ, ਡਾਕਟਰ ਨਿਸ਼ਾਨ ਸਿੰਘ, ਪ੍ਰਿੰ. ਗੁਰਮੁਖ ਸਿੰਘ ਅਰਜਨ ਮਾਂਗਾ ਆਦਿ ਹਾਜ਼ਰ ਸਨ।

# ਕਿਰਤੀ ਕਿਸਾਨ ਯੂਨੀਅਨ ਨੇ ਕੈਬਨਿਟ ਮੰਤਰੀ ਕਟਾਰੂਚੱਕ ਨੂੰ ਦਿੱਤਾ ਮੰਗ ਪੱਤਰ




ਪਠਾਨਕੋਟ (ਦਵਿੰਦਰ ਸਿੰਘ)-ਕਿਰਤੀ ਕਿਸਾਨ ਯੂਨੀਅਨ ਨੇ ਬੀਬੀਐੱਮਬੀ ਵੱਲੋਂ ਹਰਿਆਣਾ ਨੂੰ ਫੌਰੀ ਵਾਧੂ ਪਾਣੀ ਛੱਡਣ ਦੇ ਫੈਸਲੇ ਖਿਲਾਫ, ਦਰਿਆਈ ਪਾਣੀਆਂ ਦੇ ਮਸਲੇ ਰਿਪੇਰੀਅਨ ਸਿਧਾਂਤ ਅਨੁਸਾਰ ਹੱਲ ਕਰਨ, ਹਰਿਆਣਾ, ਰਾਜਸਥਾਨ ਅਤੇ ਦਿੱਲੀ ਦੀਆਂ ਪਾਣੀ ਦੀਆਂ ਲੋੜਾਂ ਪੂਰਾ ਕਰਨ ਦਾ ਸਥਾਈ ਹੱਲ ਕੱਢਣ ਲਈ ਕੇਂਦਰ ਸਰਕਾਰ ਸ਼ਾਰਧਾ ਯਮੁਨਾ ਲਿੰਕ ਨਹਿਰ ਦੀ ਉਸਾਰੀ ਕਰਨ, ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਅਜਲਾਸ ਵਿੱਚ ਡੈਮ ਸੇਫਟੀ ਐਕਟ ਰੱਦ ਕਰਨ, ਹਰ ਖੇਤ ਤੱਕ ਨਹਿਰੀ ਪਾਣੀ ਅਤੇ ਹਰ ਘਰ ਤੱਕ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਵਾਉਣ ਲਈ ਪੰਜਾਬ ਸਰਕਾਰ ਵੱਲੋਂ ਲੋੜੀਂਦਾ ਬਜਟ ਜਾਰੀ ਕਰਨ ਮੰਗਾਂ ਨੂੰ ਲੈ ਕੇ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੂੰ ਮੰਗ ਪੱਤਰ ਸੌਂਪਿਆ ਗਿਆ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਸਤਬੀਰ ਸਿੰਘ ਸੁਲਤਾਨੀ, ਜ਼ਿਲ੍ਹਾ ਪ੍ਰਧਾਨ ਤਰਲੋਕ ਸਿੰਘ ਬਹਿਰਾਮਪੁਰ, ਜ਼ਿਲਾ ਸਕੱਤਰ ਅਨੋਖ ਸਿੰਘ ਘੋੜੇਵਾਹ ਨੇ ਕੀਤਾ ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇ ਇਸ਼ਾਰੇ ਤੇ ਭਾਜਪਾ ਦੀਆਂ ਸਰਕਾਰਾਂ ਪੰਜਾਬ ਨਾਲ ਧੱਕੇਸ਼ਾਹੀ ਕਰ ਰਹੀਆਂ ਹਨ।ਤੱਥ ਸਪੱਸ਼ਟ ਕਰ ਰਹੇ ਹਨ ਕਿ ਹਰਿਆਣਾ ਆਪਣੇ ਹਿੱਸੇ ਦਾ ਪਾਣੀ ਵਰਤ ਚੁੱਕਾ ਹੈ।ਮਾਨਵੀ ਆਧਾਰ 'ਤੇ ਵੀ 4000 ਕਿਊਸਕ ਪਾਣੀ ਦਿੱਤਾ ਜਾ ਰਿਹਾ ਹੈ ਪਰ ਹੁਣ ਹੋਰ ਵਾਧੂ ਪਾਣੀ ਦੀ ਮੰਗ ਕਰਨਾ ਅਤੇ ਬੀਬੀਐੱਮਬੀ ਵੱਲੋਂ ਵਾਧੂ ਪਾਣੀ ਛੱਡਣ ਦਾ ਫੈਸਲਾ ਪੰਜਾਬ ਦੀਆਂ ਪਾਣੀ ਲੋੜਾਂ ਅਣਡਿੱਠ ਕਰਨ ਦੇ ਬਰਾਬਰ ਹੈ।ਕਿਸਾਨ ਆਗੂਆਂ ਨੇ ਕਿਹਾ ਕਿ ਸੂਬੇ ਵਿੱਚ ਫਸਲਾਂ ਦੀ ਬਿਜਾਈ ਦਾ ਸਮਾਂ ਹੈ ਤੇ ਕਿਸਾਨਾਂ ਨੂੰ ਨਹਿਰੀ ਪਾਣੀ ਦੀ ਸਖਤ ਲੋੜ ਹੈ। ਅਜਿਹੇ ਵਿੱਚ ਬੀਬੀਐੱਮਬੀ ਦਾ ਮਨੁੱਖਤਾ ਦੇ ਨਾਂ ਹੇਠ ਕੀਤਾ ਫੈਸਲਾ ਇੱਕ ਸੂਬੇ ਦੇ ਲੋਕਾਂ ਦੇ ਮਾਨਵੀ ਪੱਖ ਨੂੰ ਅਣਗੌਲਿਆਂ ਕਰਨ ਦੇ ਬਰਾਬਰ ਹੈ।ਇਸ ਫੈਸਲੇ ਨੂੰ ਕਦੇ ਵੀ ਤਰਕਸੰਗਤ ਨਹੀਂ ਕਿਹਾ ਜਾ ਸਕਦਾ।ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨ ਅੰਦੋਲਨ ਕਾਰਨ ਕੇਂਦਰ ਦੀ ਭਾਜਪਾ ਸਰਕਾਰ ਪੰਜਾਬ ਨਾਲ ਲਗਾਤਾਰ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ ਜਿਸ ਕਾਰਨ ਇਹ ਧੱਕੇਸ਼ਾਹੀ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਮੇਤ ਪੂਰੇ ਉੱਤਰ ਪੱਛਮੀ ਭਾਰਤ ਵਿੱਚ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਡਿਗਦਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਗੰਗਾ ਦੀ ਸਹਾਇਕ ਨਦੀ ਸ਼ਾਰਧਾ ਦਾ ਅਜਾਈਂ ਜਾ ਰਿਹਾ ਪਾਣੀ ਜੋ ਕਿ ਬਰਸਾਤਾਂ ਸਮੇਂ ਹੜ੍ਹਾਂ ਦਾ ਕਾਰਨ ਵੀ ਬਣਦਾ ਹੈ, ਸੰਭਾਲ ਕੇ ਵਰਤਣ ਦੀ ਲੋੜ ਹੈ।ਇਸ ਪਾਣੀ ਨੂੰ ਵਰਤਣ ਲਈ ਸ਼ਾਰਧਾ ਯਮੁਨਾ ਲਿੰਕ ਨਹਿਰ ਦੀ ਉਸਾਰੀ ਕਰਕੇ ਪੱਛਮੀ ਉੱਤਰ ਪ੍ਰਦੇਸ਼, ਹਰਿਆਣਾ, ਰਾਜਸਥਾਨ ਅਤੇ ਦਿੱਲੀ ਦੀਆਂ ਪਾਣੀ ਦੀਆਂ ਲੋੜਾਂ ਨੂੰ ਪੂਰਾ ਕੀਤਾ ਜਾ ਸਕਦਾ ਹੈ।ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਨਾਲ ਕਿੜ ਕੱਢਣ ਦੀ ਬਜਾਏ ਫ਼ਸਲੀ ਵਿਭਿੰਨਤਾ ਅਤੇ ਰਾਵੀ ਦਰਿਆ ਦੇ ਪਾਕਿਸਤਾਨ ਅਜਾਈਂ ਜਾ ਰਹੇ ਪਾਣੀ ਦੀ ਸੰਭਾਲ ਅਤੇ ਵਰਤੋਂ ਲਈ ਪੰਜਾਬ ਸਰਕਾਰ ਨੂੰ ਵੱਡਾ ਵਿੱਤੀ ਪੈਕੇਜ ਦੇਣਾ ਚਾਹੀਦਾ ਹੈ ਤਾਂ ਜੋ ਪੰਜਾਬ ਸਰਕਾਰ ਹਰ ਖੇਤ ਤੱਕ ਅਤੇ ਹਰ ਘਰ ਪੀਣ ਵਾਲਾ ਸਾਫ ਨਹਿਰੀ ਪਾਣੀ ਮੁਹੱਈਆ ਕਰਵਾ ਸਕੇ।ਇਸ ਮੌਕੇ ਸਤਨਾਮ ਸਿੰਘ ਮਾਨੇਪੁਰ, ਹਰਜਿੰਦਰ ਸਿੰਘ ਘੋੜੇਵਾਹ, ਚੰਨਣ ਸਿੰਘ ਦੋਰਾਂਗਲਾ, ਮੁਖਤਿਆਰ ਸਿੰਘ ਮੱਲ੍ਹੀਆਂ, ਅਜੀਤ ਸਿੰਘ ਮੱਲ੍ਹੀਆਂ, ਪਲਵਿੰਦਰ ਸਿੰਘ ਕਿਲਾ ਨੱਥੂ ਸਿੰਘ ਵਾਲਾ, ਦਲਜੀਤ ਸਿੰਘ ਤਲਵੰਡੀ ਆਦਿ ਹਾਜ਼ਰ ਹੋਏ।

5 May Page-12.qxd 5/4/2025 9:16 PM Page 1



# ਪੁਲਸ ਨੇ ਜਵਾਹਰਪੁਰ ਲੁੱਟ ਮਾਮਲੇ 'ਚ ਸ਼ਾਮਲ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਡੇਰਾ ਬੱਸੀ (ਗੁਰਜੀਤ ਬਿੱਲਾ, ਵਿਨੈ ਕੁਮਾਰ ਜੈਨ)**- ਸੰਗਠਿਤ ਅਪਰਾਧ ਅਤੇ ਅਪਰਾਧੀਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਦੌਰਾਨ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਪੁਲਸ ਨੇ ਇੱਕ ਵੱਡੀ ਸਫਲਤਾ ਪ੍ਰਾਪਤ ਕੀਤੀ ਜਦੋਂ ਸਬ ਡਵੀਜ਼ਨ ਡੇਰਾਬੱਸੀ ਪੁਲਸ ਦੀ ਇੱਕ ਟੀਮ ਨੇ ਘਟਨਾ ਵਾਪਰਨ ਦੇ ਤਿੰਨ ਦਿਨਾਂ ਦੇ ਅੰਦਰ ਜਵਾਹਰਪੁਰ ਲੁੱਟ ਮਾਮਲੇ ਨੂੰ ਸੁਲਝਾ ਲਿਆ ਅਤੇ ਘਟਨਾ ਵਿੱਚ ਸ਼ਾਮਲ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ।ਉਕਤ ਜਾਣਕਾਰੀ ਦਿੰਦਿਆਂ ਦੀਪਕ ਪਾਰੀਕ, ਐਸ ਐਸ ਪੀ ਐਸ ਏ ਐਸ ਨਗਰ ਨੇ ਅੱਜ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਰੋਹਿਤ ਕੁਮਾਰ ਉਰਫ਼ ਜਮਨ ਵਾਸੀ ਪਿੰਡ ਲਲੋਨੀ, ਜ਼ਿਲ੍ਹਾ ਕਰਨਾਲ, ਹਰਿਆਣਾ, ਸਤਿੰਦਰ ਸਿੰਘ ਵਾਸੀ ਪਿੰਡ ਭੂਡਾ ਸਾਹਿਬ, ਜ਼ਿਲ੍ਹਾ ਐਸ ਏ ਐਸ ਨਗਰ, ਮੋਹਾਲੀ, ਮੋਤੀ ਵਾਸੀ ਪਿੰਡ ਨੀਲਾ ਖੇੜੀ, ਜ਼ਿਲ੍ਹਾ ਕਰਨਾਲ, ਹਰਿਆਣਾ ਅਤੇ ਅਕਸ਼ੈ ਵਾਸੀ ਪਿੰਡ ਲਲੋਨੀ, ਥਾਣਾ ਤਰੋੜੀ, ਜ਼ਿਲ੍ਹਾ ਕਰਨਾਲ ਵਜੋਂ ਹੋਈ ਹੈ।ਐਸ ਐਸ ਪੀ ਨੇ ਅੱਗੇ ਕਿਹਾ ਕਿ 30 ਅਪ੍ਰੈਲ ਦੀ ਸਵੇਰ ਨੂੰ ਉੱਤਰ ਪ੍ਰਦੇਸ਼ ਦੇ ਰਹਿਣ ਵਾਲੇ ਜ਼ਿਆ-ਉਲ-ਹੱਕ ਨੇ ਡੇਰਾ ਬੱਸੀ ਬੱਸ ਸਟੈਂਡ ਤੋਂ ਅੰਬਾਲਾ ਰੇਲਵੇ ਸਟੇਸ਼ਨ ਲਈ ਟੈਕਸੀ ਹੁੰਡਈ ਐਕਸੈਂਟ ਕਾਰ ਬੁੱਕ ਕੀਤੀ ਸੀ। ਸਫ਼ਰ ਦੌਰਾਨ ਚੰਡੀਗੜ੍ਹ-ਅੰਬਾਲਾ ਰਾਸ਼ਟਰੀ ਰਾਜਮਾਰਗ 'ਤੇ ਜਵਾਹਰਪੁਰ ਚੌਂਕ ਨੇੜੇ ਟੈਕਸੀ ਡਰਾਈਵਰ ਸਮੇਤ ਚਾਰ ਅਣਪਛਾਤੇ ਕਾਰ ਸਵਾਰ ਵਿਅਕਤੀਆਂ ਨੇ ਬੰਦੂਕ ਦੀ ਨੋਕ 'ਤੇ ਉਸ ਤੋਂ 20,600 ਰੁਪਏ ਦੀ ਨਕਦੀ, ਏ ਟੀ ਐਮ ਕਾਰਡ, ਮੋਬਾਈਲ ਫੋਨ ਅਤੇ ਮਹੱਤਵਪੂਰਨ ਦਸਤਾਵੇਜ਼ ਲੁੱਟ ਲਏ। ਘਟਨਾ ਤੋਂ ਬਾਅਦ ਡੀ ਆਈ ਜੀ ਰੋਪੜ ਰੇਂਜ ਹਰਚਰਨ ਸਿੰਘ ਭੁੱਲਰ ਨੇ ਮਾਮਲੇ ਨੂੰ ਜਲਦੀ ਤੋਂ ਜਲਦੀ ਸੁਲਝਾਉਣ ਲਈ ਨਿਰਦੇਸ਼ ਦਿੱਤੇ ਸਨ, ਐਸ ਐਸ ਪੀ ਨੇ ਅੱਗੇ ਕਿਹਾ।ਕਰਵਾਈ ਸੰਬੰਧੀ ਵੇਰਵੇ ਪ੍ਰਦਾਨ ਕਰਦੇ ਹੋਏ ਐਸ ਐਸ ਪੀ ਨੇ ਅੱਗੇ ਕਿਹਾ ਕਿ ਐਫ ਆਈ ਆਰ ਮਿਤੀ 02.05.2025 ਥਾਣਾ ਡੇਰਾਬੱਸੀ ਵਿਖੇ ਦਰਜ ਕੀਤੀ ਗਈ ਸੀ ਅਤੇ ਐਸ ਪੀ (ਦਿਹਾਤੀ) ਮਨਪ੍ਰੀਤ ਸਿੰਘ ਅਤੇ ਡੀ ਐਸ ਪੀ ਡੇਰਾਬੱਸੀ ਬਿਕਰਮਜੀਤ ਸਿੰਘ ਬਰਾੜ ਦੀ ਨਿਗਰਾਨੀ ਹੇਠ ਇੱਕ ਵਿਸ਼ੇਸ਼ ਟੀਮ ਬਣਾਈ ਗਈ ਸੀ। ਐਸਐਸਪੀ ਨੇ ਕਿਹਾ, ਐਸ ਐਚ ਓ ਡੇਰਾਬੱਸੀ ਇੰਸਪੈਕਟਰ ਸੁਮਿਤ ਮੋਰ ਦੀ ਅਗਵਾਈ ਵਾਲੀ ਟੀਮ ਨੇ ਅਪਰਾਧ ਵਾਲੀ ਥਾਂ ਤੋਂ ਅਹਿਮ ਸਬੂਤ ਇਕੱਠੇ ਕੀਤੇ ਅਤੇ ਸਥਾਨਕ ਸਰੋਤਾਂ ਤੋਂ ਜਾਣਕਾਰੀ ਇਕੱਠੀ ਕੀਤੀ ਜਿਸ ਨਾਲ ਅਪਰਾਧ ਵਿੱਚ ਸ਼ਾਮਲ ਸਾਰੇ ਚਾਰ ਮੁਲਜ਼ਮਾਂ ਦੀ ਪਛਾਣ ਹੋ ਗਈ। ਟੀਮ ਨੇ ਕੱਲ੍ਹ ਸ਼ਾਮ ਨੂੰ ਡੇਰਾਬੱਸੀ ਦੇ ਰਾਮਗੜ੍ਹ ਮੁਬਾਰਕਪੁਰ ਰੋਡ ਤੋਂ ਚਾਰ ਮੁਲਜ਼ਮਾਂ ਨੂੰ ਟਰੈਕ ਕੀਤਾ ਅਤੇ ਗ੍ਰਿਫ਼ਤਾਰ ਕੀਤਾ। ਐਸ ਐਸ ਪੀ ਨੇ ਕਿਹਾ ਕਿ ਮੁਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਇਹ ਅੰਤਰ-ਰਾਜੀ ਗਰੋਹ ਪਹਿਲਾਂ ਟ੍ਰਾਈਸਿਟੀ ਵਿੱਚ ਅਜਿਹੀਆਂ ਕਈ ਘਟਨਾਵਾਂ ਵਿੱਚ ਸ਼ਾਮਲ ਸੀ। ਐਸ ਐਸ ਪੀ ਅੱਗੇ ਕਿਹਾ ਗਰੋਹ ਦਾ ਵਾਰਦਾਤ ਕਰਨ ਦਾ ਢੰਗ ਯੂਪੀ-ਬਿਹਾਰ ਨਾਲ ਸਬੰਧਤ ਪ੍ਰਵਾਸੀ ਮਜ਼ਦੂਰਾਂ ਨੂੰ ਨਿਸ਼ਾਨਾ ਬਣਾਉਣਾ ਅਤੇ ਯਾਤਰਾ ਦੌਰਾਨ ਉਨ੍ਹਾਂ ਨੂੰ ਲੁੱਟਣਾ ਸੀ।ਐਸ ਐਸ ਪੀ ਨੇ ਦੱਸਿਆ ਕਿ ਅੱਜ ਦੋਸ਼ੀ ਸਤਿੰਦਰ ਨੂੰ ਹਥਿਆਰ ਬਰਾਮਦ ਕਰਨ ਲਈ ਪਿੰਡ ਭੁੱਡਾ ਨੇੜੇ ਲਿਜਾਇਆ ਜਾ ਰਿਹਾ ਸੀ ਤਾਂ ਪੁਲਸ ਹਿਰਾਸਤ ਤੋਂ ਭੱਜਣ ਦੀ ਅਸਫਲ ਕੋਸ਼ਿਸ਼ ਵਿੱਚ ਛੱਤ ਤੋਂ ਛਾਲ ਮਾਰਦੇ ਹੋਏ ਉਸ ਦੇ ਖੱਬੇ ਗਿੱਟੇ 'ਤੇ ਫ੍ਰੈਕਚਰ ਹੋ ਗਿਆ।ਉਨ੍ਹਾਂ ਦੇ ਅਗਲੇਰੇ ਪਿਛਲੇਰੇ ਸਬੰਧਾਂ ਅਤੇ ਸਾਥੀਆਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਜਾਰੀ ਹੈ।

# ਰੰਧਾਵਾ ਨੇ 73.58 ਲੱਖ ਰੁਪਏ ਦੇ ਨਵੇਂ ਵਿਕਾਸ ਕਾਰਜ ਵੱਖ-ਵੱਖ ਸਕੂਲਾਂ 'ਚ ਵਿਦਿਆਰਥੀਆਂ ਨੂੰ ਕੀਤੇ ਸਮਰਪਤ




**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਸ਼ਨੀਵਾਰ ਨੂੰ ਆਪਣੇ ਵਿਧਾਨ ਸਭਾ ਹਲਕੇ ਦੇ ਜ਼ੀਰਕਪੁਰ ਖੇਤਰ ਅੰਦਰ ਆਉਂਦੇ ਚਾਰ ਸਕੂਲਾਂ ਵਿੱਚ 73.58 ਲੱਖ ਰੁਪਏ ਦੀ ਲਾਗਤ ਨਾਲ ਵੱਖ-ਵੱਖ ਵਿਕਾਸ ਕਾਰਜਾਂ ਦੇ ਉਦਘਾਟਨ ਕਰਕੇ ਵਿਦਿਆਰਥੀਆਂ ਨੂੰ ਸਮਰਪਤ ਕੀਤੇ। ਇਸ ਦੇ ਨਾਲ ਹੀ ਵਿਧਾਇਕ ਰੰਧਾਵਾ ਨੇ ਸਰਕਾਰੀ ਪ੍ਰਾਇਮਰੀ ਸਕੂਲ ਲੋਹਗੜ੍ਹ ਵਿਖੇ 14 ਲੱਖ ਰੁਪਏ ਦੀ ਮਨਜ਼ੂਰ ਹੋਈ ਗਰਾਂਟ ਦੀ ਵਿਕਾਸ ਕਾਰਜਾਂ ਲਈ ਸ਼ੁਰੂਆਤ ਕੀਤੀ।ਸਿੱਖਿਆ ਕੋਆਰਡੀਨੇਟਰ ਗੁਰਪ੍ਰੀਤ ਸਿੰਘ ਵਿਰਕ ਨੇ ਵਿਧਾਇਕ ਰੰਧਾਵਾ ਦੁਆਰਾ ਅੱਜ ਵਿਦਿਆਰਥੀਆਂ ਨੂੰ ਸਮਰਪਤ ਕੀਤੇ ਗਏ ਵੱਖ-ਵੱਖ ਵਿਕਾਸ ਕਾਰਜਾਂ ਦਾ ਵੇਰਵਾ ਦਿੰਦਿਆਂ ਦੱਸਿਆ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਪਿੰਡ ਛੱਤ ਵਿੱਖੇ 11 ਲੱਖ 35 ਹਜ਼ਾਰ ਰੁਪਏ ਦੀ ਲਾਗਤ ਨਾਲ ਆਧੁਨਿਕ ਕਲਾਸ ਰੂਮ ਅਤੇ ਹੋਰ ਕੰਮ, ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਪਿੰਡ ਸਿਤਾਬਗੜ੍ਹ ਵਿਖੇ 20 ਲੱਖ 71 ਹਜ਼ਾਰ ਰੁਪਏ ਦੀ ਲਾਗਤ ਨਾਲ ਚਾਰਦੀਵਾਰੀ ਖੇਡ ਮੈਦਾਨ ਦਾ ਨਵਾਂ ਟਰੈਕ, ਪਿੰਡ ਲੋਹਗੜ੍ਹ ਦੇ ਪੀ ਐਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿੱਚ 26 ਲੱਖ 52 ਹਜ਼ਾਰ ਤੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ 15 ਲੱਖ ਦੀ ਲਾਗਤ ਨਾਲ ਤਿਆਰ ਕੀਤੇ ਚਾਰ ਆਧੁਨਿਕ ਕਲਾਸ ਰੂਮ, ਸਾਇੰਸ ਲੈਬ ਤੇ ਹੋਰ ਵਿਕਾਸ ਕਾਰਜ ਵਿਦਿਆਰਥੀਆਂ ਨੂੰ ਸਮਰਪਤ ਕੀਤੇ ਗਏ ਹਨ। ਇਸ ਮੌਕੇ ਐਮ ਐਲ ਏ ਕੁਲਜੀਤ ਸਿੰਘ ਰੰਧਾਵਾ ਨੇ ਸੰਬੋਧਨ ਵਿੱਚ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਦੇ ਸਕੂਲਾਂ ਦੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਅਤੇ ਸਿੱਖਿਆ ਦੀ ਗੁਣਵੱਤਾ ਵਿਚ ਲਿਆਂਦੀ ਗਈ ਤਬਦੀਲੀ ਨੇ ਪੰਜਾਬ ਦੇ ਲੋਕਾਂ ਦਾ ਸਰਕਾਰੀ ਸਕੂਲਾਂ ਵਿੱਚ ਪਿਛਲੀਆਂ ਸਰਕਾਰਾਂ ਸਮੇਂ ਖੁੱਸਿਆ ਵਿਸ਼ਵਾਸ ਬਹਾਲ ਕਰ ਦਿੱਤਾ ਹੈ। ਉਹਨਾਂ ਕਿਹਾ ਕਿ ਸਮੁੱਚੇ ਪੰਜਾਬ ਵਿੱਚ 2000 ਕਰੋੜ ਰੁਪਏ ਦੀ ਲਾਗਤ ਨਾਲ 12000 ਸਰਕਾਰੀ ਸਕੂਲਾਂ ਨੂੰ ਨਿਵੇਕਲੀ ਦਿੱਖ ਦਿੱਤੀ ਜਾ ਰਹੀ ਹੈ। ਵਿਧਾਇਕ ਰੰਧਾਵਾ ਨੇ ਕਿਹਾ ਜਦੋਂ ਉਹ ਸਕੂਲਾਂ ਦੇ ਦੌਰੇ ਦੌਰਾਨ ਨਵੇਂ-ਨਵੇਂ ਕਮਰੇ, ਸਮਾਰਟ ਕਲਾਸ ਰੂਮ, ਕੰਪਿਊਟਰ ਤੇ ਸਾਇੰਸ ਲੈਬ, ਸਾਫ ਪੀਣ ਵਾਲੇ ਪਾਣੀ ਦੀ ਵਿਵਸਥਾ, ਖੇਡ ਦੇ ਮੈਦਾਨ ਆਦਿ ਦੇਖਦੇ ਹਨ ਤਾਂ ਉਸ ਮੌਕੇ ਉਥੇ ਪੜ੍ਹ ਰਹੇ ਬੱਚਿਆਂ ਦੇ ਚਿਹਰਿਆਂ ਤੇ ਆਈ ਮੁਸਕਾਨ ਹੀ ਪੰਜਾਬ ਦੀ ਭਗਵੰਤ ਸਿੰਘ ਮਾਨ ਸਰਕਾਰ ਦਾ ਸਭ ਤੋਂ ਵੱਡਾ ਧੰਨਵਾਦ ਹੁੰਦਾ ਹੈ।ਉਹਨਾਂ ਕਿਹਾ ਕਿ ਪੰਜਾਬ ਸਰਕਾਰ ਦਾ ਇੱਕੋ ਇੱਕ ਨਿਸ਼ਾਨਾ ਪੰਜਾਬ ਦੇ ਸਰਕਾਰੀ ਸਕੂਲਾਂ ਦੀ ਦਿੱਖ ਨਿੱਜੀ ਸਕੂਲਾਂ ਤੋਂ ਵੀ ਬਿਹਤਰ ਬਣਾ ਕੇ ਸਰਕਾਰੀ ਸਿੱਖਿਆ ਸੰਸਥਾਵਾਂ ਵਿੱਚ ਮਿਆਰੀ ਸਿੱਖਿਆ ਸਹੂਲਤਾਂ ਮੁਹਈਆ ਕਰਵਾਉਣਾ ਹੈ। ਇਸ ਮੌਕੇ ਇਹਨਾਂ ਸਕੂਲਾਂ ਦੇ ਅਧਿਆਪਕਾਂ ਤੋਂ ਇਲਾਵਾ ਇਲਾਕੇ ਦੇ ਪੰਚ-ਸਰਪੰਚ ਅਤੇ ਮੋਹਤਬਰ ਤੇ ਆਮ ਆਦਮੀ ਪਾਰਟੀ ਦੀ ਸਮੁੱਚੀ ਟੀਮ ਮੌਜੂਦ ਰਹੀ।

# ਐੱਮ ਐੱਸ ਸੀ ਮੈਥੇਮੈਟਿਕਸ ਦੇ ਸਮੈਸਟਰ ਪਹਿਲਾ ਦਾ ਨਤੀਜਾ ਸੌ ਫੀਸਦੀ ਰਿਹਾ



**ਮਾਹਿਲਪੁਰ (ਸਤਰੀ)**- ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਨਤੀਜਿਆਂ ਵਿੱਚ ਖੇਤਰ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਮਾਹਿਲਪੁਰ ਵਿੱਚ ਚਲਦੇ ਕੋਰਸ ਐੱਮ ਐੱਸ ਸੀ ਮੈਥੇਮੈਟਿਕਸ ਦੇ ਸਮੈਸਟਰ ਪਹਿਲਾ ਦਾ ਨਤੀਜਾ ਸੌ ਫੀਸਦੀ ਰਿਹਾ ਹੈ।ਕਾਲਜ ਦੇ ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਅਤੇ ਮੈਥੇਮੈਟਿਕਸ ਵਿਭਾਗ ਦੇ ਮੁਖੀ ਤੇ ਉਪ ਪ੍ਰਿੰਸੀਪਲ ਅਰਾਧਨਾ ਦੁੱਗਲ ਨੇ ਦੱਸਿਆ ਕਿ ਐਮ ਐਸ ਸੀ ਮੈਥੇਮੈਟਿਕਸ ਦੇ ਸਮੈਸਟਰ ਪਹਿਲਾ ਦੇ ਨਤੀਜੇ ਵਿੱਚ ਵਿਦਿਆਰਥਣ ਲਵਪ੍ਰੀਤ ਕੌਰ ਨੇ 89.6 ਫੀਸਦੀ ਅੰਕ ਹਾਸਲ ਕਰਕੇ ਪਹਿਲਾ ਸਥਾਨ, ਜਸਪ੍ਰੀਤ ਕੌਰ ਨੇ 83.4 ਫੀਸਦੀ ਅੰਕਾਂ ਨਾਲ ਦੂਜਾ ਅਤੇ ਵਿਦਿਆਰਥਣ ਸਿਮਰਨ ਨੇ 77 ਫੀਸਦੀ ਅੰਕ ਹਾਸਲ ਕਰ ਕੇ ਤੀਜਾ ਸਥਾਨ ਪ੍ਰਾਪਤ ਕੀਤਾ। ਉਨ੍ਹਾਂ ਦੱਸਿਆ ਕਿ ਜਮਾਤ ਦੇ ਹੋਰ ਵਿਦਿਆਰਥੀ ਵੀ ਚੰਗੇ ਅੰਕ ਹਾਸਲ ਕਰਕੇ ਪਾਸ ਹੋਏ ਹਨ। ਇਸ ਮੌਕੇ ਵਿਭਾਗ ਦੇ ਹੋਰ ਅਧਿਆਪਕਾਂ ਪ੍ਰੋ ਸੁਖਵਿੰਦਰ ਸਿੰਘ, ਡਾ ਮੀਨਾਕਸ਼ੀ ਸ਼ਰਮਾ, ਪ੍ਰੋ ਰਜਨੀ, ਪ੍ਰੋ ਸੰਜਨਾ ਅਤੇ ਪ੍ਰੋ ਪੰਕਜ ਨੇ ਵੀ ਵਿਦਿਆਰਥੀਆਂ ਨੂੰ ਚੰਗੇ ਨਤੀਜਿਆਂ ਲਈ ਸ਼ੁੱਭਕਾਮਨਾਵਾਂ ਦਿੱਤੀਆਂ ।

# ਮਹਾਨ ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਹਾੜਾ ਅੱਜ



**ਬਸਤੀ ਸ਼ੇਖ ਜਲੰਧਰ (ਲਖਵਿੰਦਰ ਸਿੰਘ)**- ਮਹਾਨ ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਹਾੜਾ 5 ਮਈ ਨੂੰ ਸਵੇਰੇ 10 ਵਜੇ ਤਹਿਸੀਲ ਕੰਪਲੈਕਸ ਜੱਸਾ ਸਿੰਘ ਰਾਮਗੜ੍ਹੀਆ ਚੌਕ (ਜਲੰਧਰ) ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ ਇਹ ਜਾਣਕਾਰੀ ਦਿੰਦਿਆਂ ਰਾਮ ਸਿੰਘ ਭੱਟੀ ਨੇ ਦੱਸਿਆ ਕਿ ਮਹਾਨ ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਤਸਵੀਰ 'ਤੇ ਫੁੱਲਾਂ ਦੀ ਮਾਲਾ ਸਵੇਰੇ 10 ਵਜੇ ਭੇਟ ਕੀਤੀ ਜਾਵੇਗੀ ਉਪਰੰਤ ਮਿੱਠੇ ਪ੍ਰਸ਼ਾਦ ਦਾ ਲੰਗਰ ਲਗਾਇਆ ਜਾਵੇਗਾ। ਉਨ੍ਹਾਂ ਰਾਮਗੜ੍ਹੀਆ ਭਾਈਚਾਰੇ ਨੂੰ ਸਮੇਂ ਸਿਰ ਪਹੁੰਚ ਦੀ ਅਪੀਲ ਕੀਤੀ।

# ਮਾਨ ਸਰਕਾਰ ਝੂਠੇ ਮਖੌਟੇ ਲਾ ਕੇ ਸਿਹਤ ਸਹੂਲਤਾਂ ਸੁਧਾਰ ਦੇ ਦਾਅਵੇ ਕਰ ਰਹੀ : ਸੰਤੋਸ਼ ਚੌਧਰੀ



**ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)**- ਹੁਸ਼ਿਆਰਪੁਰ ਤੋਂ ਸਾਬਕਾ ਕਾਂਗਰਸੀ ਸੰਸਦ ਅਤੇ ਸਾਬਕਾ ਕੇਂਦਰੀ ਰਾਜ ਮੰਤਰੀ ਸੰਤੋਸ਼ ਚੌਧਰੀ ਨੇ ਪੰਜਾਬ ਦੀ ਮੌਜੂਦਾ ਸੱਤਾਧਾਰੀ ਪਾਰਟੀ ਆਮ ਆਦਮੀ ਪਾਰਟੀ ਨੂੰ ਲੰਮੇ ਹੱਥੀਂ ਲੈਂਦਿਆਂ ਖੂਬ ਰਗੜੇ ਲਾਏ ਤੇ ਕਿਹਾ ਕਿ ਸਰਕਾਰ ਝੂਠੇ ਮਖੌਟੇ ਲਾ ਕੇ ਸਿਹਤ ਸਹੂਲਤਾਵਾਂ 'ਚ ਸੁਧਾਰਾਂ ਦੇ ਦਾਅਵੇ ਕਰ ਰਹੀ ਹੈ। ਮੀਡੀਆ ਦੇ ਮੁਖਾਤਿਬ ਹੁੰਦਿਆਂ ਸੰਤੋਸ਼ ਚੌਧਰੀ ਨੇ ਕਿਹਾ ਕਿ ਉਨ੍ਹਾਂ ਵਲੋਂ ਆਪਣੇ ਮੰਤਰੀ ਕਾਰਜਕਾਲ ਦੌਰਾਨ ਹੁਸ਼ਿਆਰਪੁਰ ਨੂੰ 9 ਸਰਕਾਰੀ ਐਂਬੂਲੈਂਸਾਂ ਦਿੱਤੀਆਂ ਸਨ ਤਾਂ ਜੋ ਮਰੀਜ਼ਾਂ ਨੂੰ ਕੁਝ ਰਾਹਤ ਮਹਿਸੂਸ ਹੋ ਸਕੇ ਪਰੰਤੂ ਬਹੁਤ ਸ਼ਰਮ ਦੀ ਗੱਲ ਹੈ ਕਿ ਸਿਹਤ ਸੁਧਾਰਾਂ ਦੇ ਦਾਅਵੇ ਕਰਨ ਵਾਲੀ ਖੋਖਲੀ ਸਰਕਾਰ ਨੇ ਉਨ੍ਹਾਂ ਐਂਬੂਲੈਂਸ ਤੋਂ ਮੇਰਾ ਨਾਮ ਮਿਟਾ ਕੇ ਉਪਰ ਪੰਜਾਬ ਸਰਕਾਰ ਲਿਖਵਾ ਦਿੱਤਾ ਹੈ ਜੋ ਕਿ ਸਰਕਾਰੀ ਹਦਾਇਤਾਂ ਦੇ ਬਿਲਕੁੱਲ ਉਲਟ ਹੈ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਸਰਕਾਰ ਨੇ ਸਿਹਤ ਸੁਧਾਰਾਂ ਦੇ ਦਾਅਵੇ ਅਤੇ ਵਾਅਦੇ ਕੀਤੇ ਸਨ ਪਰੰਤੂ ਜਿਸ ਤਰ੍ਹਾਂ ਨਾਲ ਝੂਠੇ ਮਖੌਟੇ ਲਾ ਕੇ ਇਹ ਸਰਕਾਰ ਲੋਕਾਂ ਦੀਆਂ ਅੱਖਾਂ ਦਾ ਘੱਟਾ ਫੂਕ ਰਹੀ ਹੈ। ਸਾਬਕਾ ਮੰਤਰੀ ਨੇ ਕਿਹਾ ਕਿ ਜੇਕਰ ਸਰਕਾਰ ਸੱਚਮੁੱਚ ਲੋਕਾਂ ਦੀ ਹਮਦਰਦ ਹੈ ਕਿ ਇਸ ਤਰ੍ਹਾਂ ਦੀਆਂ ਹੋਰ ਐਂਬੂਲੈਂਸਾਂ ਨੂੰ ਲੋਕਾਂ ਦੇ ਲਈ ਲਿਆਵੇ ਨਾ ਕਿ ਕੇਂਦਰ ਦੇ ਪੈਸੇ 'ਤੇ ਆਪਣਾ ਹੱਕ ਜਤਾ ਕੇ ਲੋਕਾਂ ਦੇ ਅੱਖੀਂ ਘੱਟਾ ਪਾਵੇ। ਇਸ ਮੌਕੇ ਉਨਾਂ ਦੇ ਨਾਲ ਰੋਹਿਤ ਖੁੱਲਰ, ਮੇਜਰ ਸਿੰਘ, ਕ੍ਰਿਸ਼ਨਾ ਸੈਣੀ, ਬਿੱਟੂ ਬਲਜਿੰਦਰ, ਟਿੰਮਾ ਅਤੇ ਜਗਰੂਪ ਧਾਮੀ ਹਾਜ਼ਰ ਸਨ।


# ਬੀਬੀ ਭਾਨੀ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ




**ਐਸ. ਏ. ਐੱਸ. ਨਗਰ (ਗੁਰਜੀਤ ਬਿੱਲਾ)**- ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਸਿੱਖ ਕੌਮ ਦੀ ਸਤਿਕਾਰਤ ਹਸਤੀ ਬੀਬੀ ਭਾਨੀ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਭਾਵਨਾ ਉਤਸ਼ਾਹ ਪੂਰਵਕ ਮਨਾਇਆ ਗਿਆ। ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਗਏ । ਉਪਰੰਤ ਸਾਰਾ ਦਿਨ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਗਿਆ । ਇਸ ਗੁਰਮਤਿ ਸਮਾਗਮ ਵਿੱਚ ਭਾਈ ਰਵਿੰਦਰ ਸਿੰਘ ਦੇ ਇੰਟਰਨੈਸ਼ਨਲ ਢਾਡੀ ਜਥੇ ਨੇ ਗੁਰੂ ਸਪੁੱਤਰੀ, ਗੁਰੂ ਮਹਿਲ, ਗੁਰੂ ਮਾਤਾ, ਗੁਰੂ ਦਾਦੀ ਬੀਬੀ ਭਾਨੀ ਜੀ ਦਾ ਪੂਰਾ ਜੀਵਨ ਬ੍ਰਿਤਾਂਤ ਸੰਗਤਾਂ ਨੂੰ ਵਿਸਥਾਰ ਸਹਿਤ ਢਾਡੀ ਵਾਰਾਂ ਵਿੱਚ ਸੁਣਾਇਆ। ਸ਼੍ਰੋਮਣੀ ਪ੍ਰਚਾਰਕ ਭਾਈ ਸਰੂਪ ਸਿੰਘ ਨੇ ਆਪਣੇ ਪ੍ਰਵਚਨਾਂ ਰਾਹੀਂ ਬੀਬੀ ਭਾਨੀ ਜੀ ਨੂੰ ਤੀਜੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਦੀ ਸਪੁੱਤਰੀ, ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਦੇ ਮਹਿਲ, ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਾਤਾ ਅਤੇ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਾਦੀ ਜੀ ਹੋਣ ਦਾ ਮਾਣ ਪ੍ਰਾਪਤ ਹੋਣ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ ।ਭਾਈ ਅਮਰਜੀਤ ਸਿੰਘ ਦੇ ਰਾਗੀ ਜਥੇ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਜੋੜਿਆ । ਇਸ ਤੋਂ ਇਲਾਵਾ ਸ਼੍ਰੋਮਣੀ ਪ੍ਰਚਾਰਕ ਭਾਈ ਰਾਮ ਸਿੰਘ, ਭਾਈ ਸਵਿੰਦਰ ਸਿੰਘ, ਭਾਈ ਜਸਵੰਤ ਸਿੰਘ, ਮਿੱਤਰ ਪਿਆਰੇ ਨੂੰ ਕੀਰਤਨੀ ਜਥਾ, ਬੀਬੀ ਬਖਸ਼ਿੰਦਰ ਕੌਰ, ਹਰਜੱਸ ਕੀਰਤਨੀ ਜਥਾ, ਸੁਖਮਨੀ ਸੇਵਾ ਸੁਸਾਇਟੀ ਦੀਆਂ ਬੀਬੀਆਂ ਦੇ ਜਥੇ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜਥੇ ਭਾਈ ਇੰਦਰਜੀਤ ਸਿੰਘ, ਭਾਈ ਹਰਬਖਸ਼ ਸਿੰਘ, ਭਾਈ ਜਸਵਿੰਦਰ ਸਿੰਘ ਅਤੇ ਭਾਈ ਗੁਰਮੀਤ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ।ਸਾਰੇ ਜਥਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਮਾਹਿਰ ਡਾਕਟਰਾਂ ਵਲੋਂ ਮਰੀਜ਼ਾਂ ਦਾ ਮੁਆਇਨਾ ਕੀਤਾ ਗਿਆ ਅਤੇ ਦਵਾਈ ਗੁ. ਪ੍ਰਬੰਧਕ ਕਮੇਟੀ ਵਲੋਂ ਦਿੱਤੀ ਗਈ। ਗੁਰੂ ਦਾ ਲੰਗਰ ਸਾਰਾ ਦਿਨ ਅਤੁੱਟ ਵਰਤਾਇਆ ਗਿਆ।ਇਸ ਮੌਕੇ ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ 14 ਮਈ ਨੂੰ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਦੇ ਪਹਿਲੇ ਮੁੱਖ ਗ੍ਰੰਥੀ ਬਾਬਾ ਬਲਵੰਤ ਸਿੰਘ ਦੀ 40ਵੀਂ ਬਰਸੀ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਜਾਵੇਗੀ।

# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਕਲਾਸ ਰੂਮ ਡੈਕੋਰੇਸ਼ਨ ਪ੍ਰਤੀਯੋਗਤਾ

**ਕਪੂਰਥਲਾ (ਹਨੀ)**- ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਪ੍ਰਭਦੀਪ ਕੌਰ ਮੋਂਗਾ ਦੀ ਅਗਵਾਈ ਵਿੱਚ ਕਲਾਸ ਰੂਮ ਡੈਕੋਰੇਸ਼ਨ ਪ੍ਰਤੀਯੋਗਤਾ ਕਰਵਾਈ ਗਈ । ਜਿਸ ਵਿੱਚ ਕੇ ਜੀ ਵਿੰਗ ਤੋਂ ਸੀਨੀਅਰ ਵਿੰਗ ਦੇ ਸਾਰੇ ਵਿਦਿਆਰਥੀਆਂ ਨੇ ਭਾਗ ਲਿਆ । ਪ੍ਰਤਿਯੋਗਤਾ ਦੌਰਾਨ ਕੇ ਜੀ ਵਿੰਗ 'ਚੋਂ ਨਰਸਰੀ ਜੈਸਮੀਨ ਜਮਾਤ ਪਹਿਲੇ ਅਤੇ ਯੂ ਕੇ ਜੀ ਰੋਜ ਜਮਾਤ ਦੂਜੇ ਸਥਾਨ 'ਤੇ ਰਹੀ । ਪ੍ਰਾਇਮਰੀ ਵਿੰਗ 'ਚੋਂ ਪੰਜਵੀਂ ਏ ਪਹਿਲੇ, ਪਹਿਲੀ ਏ ਦੂਜੇ ਅਤੇ ਤੀਜੀ ਬੀ ਤੇ ਚੌਥੀ ਬੀ ਜਮਾਤ ਸਾਂਝੇ ਤੌਰ 'ਤੇ ਤੀਜੇ ਸਥਾਨ ਰਹੀ । ਸੀਨੀਅਰ ਵਿੰਗ 'ਚੋਂ ਸੱਤਵੀਂ ਏ ਪਹਿਲੇ, ਅੱਠਵੀਂ ਏ ਦੂਜੇ ਅਤੇ ਛੇਵੀਂ ਏ ਤੀਜੇ ਸਥਾਨ 'ਤੇ ਰਹੀ । ਨੌਂਵੀਂ ਤੋਂ ਬਾਰ੍ਹਵੀਂ ਜਮਾਤ 'ਚੋਂ ਗਿਆਰ੍ਹਵੀਂ ਕਾਮਰਸ ਪਹਿਲੇ, ਗਿਆਰ੍ਹਵੀਂ ਆਰਟਸ ਦੂਜੇ ਅਤੇ ਦਸਵੀਂ ਬੀ ਜਮਾਤ ਤੀਜੇ ਸਥਾਨ 'ਤੇ ਰਹੀ । ਇਸ ਮੌਕੇ ਪ੍ਰਾਇਮਰੀ ਵਿੰਗ ਵੱਲੋਂ ਆਈਡੀਅਲ ਸਟੂਡੈਂਟ ਦੀ ਗਤੀਵਿਧੀ ਵੀ ਕਰਵਾਈ ਗਈ ।




# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਮਜ਼ਦੂਰ ਦਿਵਸ ਮਨਾਇਆ



**ਸੁਲਤਾਨਪੁਰ ਲੋਧੀ (ਹਨੀ, ਬਲਵੀਰ ਸ਼ਾਲ੍ਹਾਪੁਰੀ)**- ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਿੰਸੀਪਲ ਰੇਨੂੰ ਅਰੋੜਾ ਦੀ ਅਗਵਾਈ ਵਿਚ ਮਜ਼ਦੂਰ ਦਿਵਸ ਨੂੰ ਸਮਰਪਿਤ ਸਮਾਗਮ ਕੀਤਾ ਗਿਆ । ਜਿਸ ਦੀ ਸ਼ੁਰੂਆਤ ਸਪੈਸ਼ਲ ਮੋਰਨਿੰਗ ਅਸੈਂਬਲੀ ਦੇ ਨਾਲ ਕੀਤੀ ਗਈ । ਇਸ ਦੌਰਾਨ ਪਹਿਲੀ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਸ਼ਬਦ, ਸਪੀਚ ਅਤੇ ਕਵਿਤਾਵਾਂ ਰਾਹੀਂ ਮਜ਼ਦੂਰਾਂ ਦੇ ਅਣਮੁੱਲੇ ਯੋਗਦਾਨ ਦੀ ਸ਼ਲਾਘਾ ਕੀਤੀ। ਵਿਦਿਆਰਥੀਆਂ ਦੁਆਰਾ ਸਕੂਲ ਦੇ ਸਾਰੇ ਹੈਲਪਰਾਂ ਤੇ ਡਰਾਈਵਰਾਂ ਪ੍ਰਤੀ ਪਿਆਰ ਅਤੇ ਸਤਿਕਾਰ ਦਾ ਪ੍ਰਗਟਾਵਾ, ਉਨ੍ਹਾਂ ਨੂੰ ਫੁੱਲ ਅਤੇ ਚਾਕਲੇਟ ਦੇ ਕੇ ਅਤੇ ਗ੍ਰੀਡਿੰਗ ਕਾਰਡਸ ਬਣਾ ਕੇ ਕੀਤਾ ਗਿਆ । ਪ੍ਰਿੰਸੀਪਲ ਰੇਨੂੰ ਅਰੋੜਾ ਨੇ ਕਿਰਤੀ ਮਜ਼ਦੂਰਾਂ ਦਾ ਸਨਮਾਨ ਕਰਨ ਦਾ ਸੁਨੇਹਾ ਦਿੱਤਾ। ਉਨ੍ਹਾਂ ਕਿਹਾ ਕਿ ਮਿਹਨਤਕਸ਼ਾਂ ਦੇ ਸਹਿਯੋਗ ਤੋਂ ਬਿਨਾਂ ਕੋਈ ਵੀ ਸੂਬਾ ਜਾਂ ਦੇਸ਼ ਤਰੱਕੀ ਨਹੀਂ ਕਰ ਸਕਦਾ। ਇਸ ਮੌਕੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਨੇ ਸਾਰੇ ਕਰਮਚਾਰੀਆਂ ਨੂੰ ਮਜ਼ਦੂਰ ਦਿਵਸ ਦੀ ਵਧਾਈ ਦਿੱਤੀ ।

# 'ਬੀ ਬੀ ਐੱਮ ਬੀ ਵੱਲੋਂ ਹਰਿਆਣਾ ਨੂੰ ਫੌਰੀ ਵਾਧੂ ਪਾਣੀ ਛੱਡਣ ਦਾ ਫੈਸਲਾ ਪੰਜਾਬ ਨਾਲ ਧੱਕੇਸ਼ਾਹੀ'





**ਬੰਗਾ (ਅਵਤਾਰ ਕਲੇਰ)**- ਕੁੱਲ ਹਿੰਦ ਕਿਸਾਨ ਸਭਾ ਨੇ ਬੀ ਬੀ ਐੱਮ ਬੀ ਵਲੋਂ ਹਰਿਆਣਾ ਨੂੰ ਫੌਰੀ ਵਾਧੂ ਪਾਣੀ ਛੱਡਣ ਦੇ ਫੈਸਲੇ ਨੂੰ ਪੰਜਾਬ ਨਾਲ ਧੱਕੇਸ਼ਾਹੀ ਕਰਾਰ ਦਿੰਦਿਆਂ ਕੇਂਦਰ ਦੀ ਭਾਜਪਾ ਸਰਕਾਰ ਤੇ ਕਿਸਾਨ ਅੰਦੋਲਨ ਕਾਰਨ ਪੰਜਾਬ ਨਾਲ ਕਿੜ ਕੱਢਣ ਦਾ ਦੋਸ਼ ਲਾਇਆ ਹੈ। ਜਥੇਬੰਦੀ ਨੇ ਦਰਿਆਈ ਪਾਣੀਆਂ ਦੇ ਮਸਲੇ ਨੂੰ ਰਿਪੇਰੀਅਨ ਸਿਧਾਂਤ ਅਨੁਸਾਰ ਹੱਲ ਕਰਨ ਦੀ ਲੋੜ ਉੱਪਰ ਜ਼ੋਰ ਦਿੰਦਿਆਂ ਮੰਗ ਕੀਤੀ ਕਿ ਹਰਿਆਣਾ, ਰਾਜਸਥਾਨ ਅਤੇ ਦਿੱਲੀ ਦੀਆਂ ਪਾਣੀ ਦੀਆਂ ਲੋੜਾਂ ਨੂੰ ਪੂਰਾ ਕਰਨ ਦਾ ਸਥਾਈ ਹੱਲ ਕੱਢਣ ਲਈ ਕੇਂਦਰ ਸਰਕਾਰ ਨੂੰ ਸ਼ਾਰਧਾ ਯਮੁਨਾ ਲਿੰਕ ਨਹਿਰ ਦੀ ਉਸਾਰੀ ਕਰਨ ਲਈ ਸਬੰਧਤ ਸੂਬਿਆਂ ਨਾਲ ਗੱਲਬਾਤ ਕਰਨ ਦੀ ਪਹਿਲਕਦਮੀ ਹੱਥ ਲੈਣ ਦਾ ਰਾਹ ਅਖਤਿਆਰ ਕਰਨਾ ਚਾਹੀਦਾ ਹੈ।ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦਿਆਂ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਦਸੌਂਧਾ ਸਿੰਘ ਜ਼ਿਲ੍ਹਾ ਸੈਕਟਰੀ ਜਸਵਿੰਦਰ ਸਿੰਘ ਭੰਗਲ ਅਤੇ ਜੁਝਾਰ ਸਿੰਘ ਕੁੱਕੜ ਮਾਜ਼ਰਾ ਮੀਤ ਸਕੱਤਰ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਇਸ਼ਾਰੇ ਤੇ ਭਾਜਪਾ ਦੀਆਂ ਸਰਕਾਰਾਂ ਪੰਜਾਬ ਨਾਲ ਧੱਕੇਸ਼ਾਹੀ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਤੱਥ ਸਪੱਸ਼ਟ ਕਰ ਰਹੇ ਹਨ ਕਿ ਹਰਿਆਣਾ ਆਪਣੇ ਹਿੱਸੇ ਦਾ ਪਾਣੀ ਵਰਤ ਚੁੱਕਾ ਹੈ। ਮਾਨਵੀ ਅਧਾਰ ਤੇ ਵੀ 4000 ਕਿਊਸਕ ਪਾਣੀ ਦਿੱਤਾ ਜਾ ਰਿਹਾ ਹੈ ਪਰ ਹੁਣ ਹੋਰ ਵਾਧੂ ਪਾਣੀ ਦੀ ਮੰਗ ਕਰਨਾ ਅਤੇ ਬੀ ਬੀ ਐੱਮ ਬੀ ਵਲੋਂ ਵਾਧੂ ਪਾਣੀ ਛੱਡਣ ਦਾ ਫੈਸਲਾ ਪੰਜਾਬ ਦੀਆਂ ਪਾਣੀ ਲੋੜਾਂ ਨੂੰ ਅਣਡਿੱਠ ਕਰਨ ਦੇ ਬਰਾਬਰ ਹੈ।ਕਿਸਾਨ ਆਗੂਆਂ ਨੇ ਕਿਹਾ ਕਿ ਇਸ ਫੈਸਲੇ ਨੂੰ ਕਦਾਚਿੱਤ ਵੀ ਤਰਕਸੰਗਤ ਨਹੀਂ ਕਿਹਾ ਜਾ ਸਕਦਾ। ਉਨ੍ਹਾਂ ਕਿਹਾ ਕਿ ਗੰਗਾ ਦੀ ਸਹਾਇਕ ਨਦੀ ਸ਼ਾਰਧਾ ਦਾ ਅਜਾਈਂ ਜਾ ਰਿਹਾ ਪਾਣੀ ਜੋ ਕਿ ਬਰਸਾਤਾਂ ਸਮੇਂ ਹੜ੍ਹਾਂ ਦਾ ਕਾਰਨ ਵੀ ਬਣਦਾ ਹੈ, ਨੂੰ ਸੰਭਾਲ ਕੇ ਵਰਤਣ ਦੀ ਲੋੜ ਹੈ।

# ਸ਼ਹਿਰ ਅੰਦਰੋਂ ਹਨੇਰਾ ਹਟਾਉਣ ਤੋਂ ਅਸਮਰੱਥ ਸਟਰੀਟ ਲਾਈਟਾਂ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਨਗਰ ਕੌਂਸਲ ਸ਼ਹਿਰ ਗੜ੍ਹਸ਼ੰਕਰ ਦੀ ਗੱਲ ਕੀਤੀ ਜਾਵੇ ਤਾਂ ਇੱਥੇ ਲੱਗੀਆਂ ਸਟਰੀਟ ਲਾਈਟਾਂ ਲੱਖਾਂ ਰੁਪਏ ਖਰਚਣ ਦੇ ਬਾਵਜੂਦ ਸ਼ਹਿਰ ਅੰਦਰੋਂ ਹਨੇਰਾ ਹਟਾਉਣ ਤੋਂ ਅਸਮਰੱਥ ਹੀ ਸਾਬਿਤ ਹੋ ਰਹੀਆਂ ਹਨ ਅਤੇ ਇਹਨਾਂ ਸਟਰੀਟ ਲਾਈਟਾਂ ਦੀਆਂ ਤਾਰਾਂ ਦੇ ਜੋੜ ਵੀ ਜ਼ਿਆਦਾਤਰ ਨੰਗੇ ਹਨ ਅਤੇ ਤਾਰਾਂ ਹੇਠਾਂ ਵੱਲ ਲਮਕ ਰਹੀਆਂ ਹਨ ਜੋ ਕਦੀ ਵੀ ਕਿਸੇ ਵੱਡੇ ਹਾਦਸੇ ਦਾ ਕਾਰਨ ਬਣ ਸਕਦੀਆਂ ਹਨ। ਨਗਰ ਕੌਂਸਲ ਤੋਂ ਆਰ ਟੀ ਆਈ ਤਹਿਤ ਮੰਗੀ ਜਾਣਕਾਰੀ ਵਿੱਚ ਵਿਭਾਗ ਵਲੋਂ ਸਟਰੀਟ ਲਾਈਟਾਂ ਸਮੇਤ ਹੋਰ ਇਲੈਕਟਰੀਕਲ ਦਾ ਪ੍ਰਤੀ ਮਹੀਨਾ 55 ਹਜ਼ਾਰ ਦੱਸਿਆ ਗਿਆ ਹੈ, ਜਿਸ ਦਾ ਇੱਕ ਕੰਪਨੀ ਨੂੰ ਠੇਕਾ ਵੀ ਦਿੱਤਾ ਗਿਆ ਹੈ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਏਨਾ ਰੁਪਏ ਖਰਚਣ ਦੇ ਬਾਵਜੂਦ ਲੱਗੀਆਂ ਸਟਰੀਟ ਲਾਈਟਾ ਸ਼ਹਿਰ ਅੰਦਰੋਂ ਹਨੇਰਾ ਹਟਾਉਣ ਵਿੱਚ ਨਾ ਕਾਮਯਾਬ ਸਾਬਿਤ ਹੋ ਰਹੀਆਂ ਹਨ, ਜਿਸ ਦਾ ਸਬੰਧਤ ਵਿਭਾਗ 'ਤੇ ਇੱਕ ਵੱਡਾ ਸਵਾਲੀਆ ਚਿੰਨ ਲੱਗਦਾ ਨਜ਼ਰ ਆ ਰਿਹਾ ਹੈ। ਇਸ ਸਬੰਧੀ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾਈ ਆਗੂ ਗੁਰਨੇਕ ਸਿੰਘ ਭੱਜਲ ਨੇ ਕਿਹਾ ਕਿ ਸਰਕਾਰਾਂ ਦੇ ਦਾਅਵੇ ਤੇ ਵਾਅਦੇ ਕਿਤੇ ਨਾ ਕਿਤੇ ਖੋਖਲੇ ਜ਼ਰੂਰ ਨਜ਼ਰ ਆਉਂਦੇ ਹਨ ਜਦੋਂ ਪ੍ਰਸ਼ਾਸਨ ਵਲੋਂ ਅਤਿ ਜ਼ਰੂਰੀ ਹੋਣ ਵਾਲਿਆਂ ਕੰਮਾਂ ਨੂੰ ਅਣਗੌਲਿਆ ਕਰ ਦਿੱਤਾ ਜਾਂਦਾ ਹੈ। ਉਹਨਾਂ ਨਗਰ ਕੌਂਸਲ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਸ਼ਹਿਰ ਅੰਦਰ ਬੰਦ ਪਈਆਂ ਸਟਰੀਟ ਲਾਈਟਾਂ ਠੀਕ ਕੀਤੀਆਂ ਜਾਣ ਅਤੇ ਬਿਜਲੀ ਦੀਆਂ ਤਾਰਾਂ ਉੱਚੀਆਂ ਕੀਤੀਆਂ ਜਾਣ ਤੇ ਤਾਰਾਂ ਦੇ ਜੋੜ ਕਵਰ ਵੀ ਕੀਤੇ ਜਾਣ ਤਾਂ ਜੋ ਕਿਸੇ ਵੀ ਤਰ੍ਹਾਂ ਦਾ ਹਾਦਸਾ ਨਾ ਵਾਪਰੇ।

# ਕੇਂਦਰ ਦੇ ਪੰਜਾਬ ਵਿਰੋਧੀ ਵਤੀਰੇ ਦੀ ਪੰਜਾਬ ਚੇਤਨਾ ਮੰਚ ਵਲੋਂ ਸਖ਼ਤ ਨਿੰਦਾ


**ਫਗਵਾੜਾ (ਡਾ. ਰਮਨ)**- ਪੰਜਾਬ ਦੇ ਪਾਣੀਆਂ ਦੀ ਵੰਡ ਦੇ ਮਸਲੇ ਉੱਤੇ ਕੇਂਦਰ ਸਰਕਾਰ ਵੱਲੋਂ ਪੰਜਾਬ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਦਾ ਪੰਜਾਬ ਚੇਤਨਾ ਮੰਚ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਅਤੇ ਕੇਂਦਰ ਦੇ ਪੰਜਾਬ ਪ੍ਰਤੀ ਵਤੀਰੇ ਦੀ ਸਖ਼ਤ ਨਿੰਦਿਆ ਕੀਤੀ ਹੈ। ਮੰਚ ਦੇ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ, ਜਨਰਲ ਸਕੱਤਰ ਸਤਨਾਮ ਸਿੰਘ ਮਾਣਕ ਅਤੇ ਜਥੇਬੰਦਕ ਸਕੱਤਰ ਗੁਰਮੀਤ ਸਿੰਘ ਪਲਾਹੀ ਵੱਲੋਂ ਇੱਥੇ ਜਾਰੀ ਕੀਤੇ ਗਏ ਇੱਕ ਸਾਂਝੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਪੂਰੇ ਪੰਜਾਬ ਦੀਆਂ ਸਾਰੀਆਂ ਰਾਜਸੀ ਪਾਰਟੀਆਂ ਨੂੰ ਨਾ ਸਿਰਫ਼ ਪੰਜਾਬ ਦੇ ਹੱਕਾਂ ਲਈ ਸਖ਼ਤੀ ਨਾਲ ਖੜ੍ਹਨਾ ਚਾਹੀਦਾ ਹੈ, ਸਗੋਂ ਪੰਜਾਬ ਵਿਧਾਨ ਸਭਾ ਦੇ ਸੋਮਵਾਰ ਨੂੰ ਹੋਣ ਵਾਲੇ ਵਿਸ਼ੇਸ਼ ਸੈਸ਼ਨ ਵਿੱਚ ਇੱਕ ਮਤਾ ਪਾਸ ਕਰਕੇ ਕੇਂਦਰ ਵੱਲੋਂ ਬਣਾਏ ਗਏ ਡੈਮ ਸੇਫ਼ਟੀ ਕਾਨੂੰਨ ਨੂੰ ਵੀ ਰੱਦ ਕਰਨਾ ਚਾਹੀਦਾ ਹੈ। ਬਿਆਨ ਵਿੱਚ ਕਿਹਾ ਗਿਆ ਹੈ ਕਿ ਜਿਵੇਂ ਪਾਣੀਆਂ ਦੇ ਮਸਲੇ ਉੱਤੇ ਸਰਬ ਪਾਰਟੀ ਮੀਟਿੰਗ ਵਿੱਚ ਸਹਿਮਤੀ ਪ੍ਰਗਟਾਈ ਗਈ ਹੈ ਇਵੇਂ ਹੀ ਇੱਕ ਸਰਬ ਪਾਰਟੀ ਮੀਟਿੰਗ ਬੁਲਾ ਕੇ ਅਤੇ ਵਿਧਾਨ ਸਭਾ ਦੇ ਸੈਸ਼ਨ ਵਿੱਚ ਚੰਡੀਗੜ੍ਹ ਪੰਜਾਬ ਨੂੰ ਦਿੱਤੇ ਜਾਣ ਦੀ ਮੰਗ ਵੀ ਪੂਰੇ ਜ਼ੋਰ ਸ਼ੋਰ ਨਾਲ ਤੇ ਸਰਬ ਸੰਮਤੀ ਨਾਲ ਉਠਾਉਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਪੰਜਾਬ ਚੇਤਨਾ ਮੰਚ ਪੰਜਾਬ ਲਈ ਖੜ੍ਹਨ ਵਾਲੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਅਤੇ ਜਨਤਕ ਜਥੇਬੰਦੀਆਂ ਦੀ ਪੂਰਨ ਹਮਾਇਤ ਕਰਦਾ ਹੈ।

# ਸਿਟੀ ਬਿਊਟੀਫੁਲ ਚੰਡੀਗੜ੍ਹ 'ਚ ਨਸ਼ੇ ਜਿਹਾ ਦਾਗ ਨਹੀਂ ਹੋਣਾ ਚਾਹੀਦਾ : ਸੈਣੀ


**ਚੰਡੀਗੜ੍ਹ (ਗੁਰਜੀਤ ਬਿੱਲਾ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਸਾਲ 2047 ਤੱਕ ਵਿਕਸਤ ਭਾਰਤ ਬਣਾਉਣ ਦੇ ਵਿਜ਼ਨ ਵਿੱਚ ਨੌਜੁਆਨਾਂ ਦੀ ਮਹੱਤਵਪੂਰਨ ਭੂਮਿਕਾ ਹੋਵੇਗੀ। ਇਸ ਦੇ ਲਈ ਨੌਜੁਆਨਾਂ ਨੂੰ ਨਸ਼ੇ ਤੋਂ ਦੂਰ ਰਹਿਣਾ ਹੋਵੇਗਾ। ਨੌਜੁਆਨਾਂ ਦਾ ਸਰੀਰ ਤੰਦਰੁਸਤ ਹੋਵੇਗਾ ਤਾਂ ਹੀ ਉਹ ਪੂਰੀ ਊਰਜਾ ਨਾਲ ਵਿਕਸਤ ਭਾਰਤ ਬਣਾਏ ਜਾਣ ਦੇ ਸੁਪਨੇ ਨੂੰ ਸਾਕਾਰ ਕਰਨ ਵਿੱਚ ਵਿਸ਼ੇਸ਼ ਯੋਗਦਾਨ ਦੇ ਸਕਣਗੇ।ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਪੀਲ 'ਤੇ ਪੂਰੇ ਦੇਸ਼ ਵਿੱਚ ਨਸ਼ੇ ਵਿਰੁੱਧ ਅਭਿਆਨ ਚਲਾਏ ਜਾ ਰਹੇ ਹਨ। ਇਸ ਲੜੀ ਵਿੱਚ ਅੱਜ ਸਿਟੀ ਬਿਊਟੀਫੁਲ ਚੰਡੀਗੜ੍ਹ ਵਿੱਚ ਨਸ਼ੇ ਵਿਰੁੱਧ ਪੈਦਲ ਮਾਰਚ ਕੱਢੇ ਜਾਣ ਦਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ, ਜਿਸ ਵਿੱਚ ਟ੍ਰਾਈ ਸਿਟੀ ਦੇ ਨੌਜੁਆਨਾਂ ਅਤੇ ਉਨ੍ਹਾਂ ਦੇ ਮਾਂ-ਪਿਓ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਹੈ, ਜੋ ਇਹ ਸੰਦੇਸ਼ ਦਿੰਦਾ ਹੈ ਕਿ ਜਦੋਂ ਇੱਕ ਵਾਰ ਕੁੱਝ ਕਰਨ ਦੀ ਠਾਲ ਲੈਂਦੇ ਹਨ ਤਾਂ ਉਹ ਉਸ ਨੂੰ ਪੂਰਾ ਕਰਕੇ ਹੀ ਸਾਹ ਲੈਂਦੇ ਹਨ।ਉਨ੍ਹਾਂ ਨੇ ਕਿਹਾ ਕਿ ਸਿਟੀ ਬਿਊਟੀਫੁਲ ਚੰਡੀਗੜ੍ਹ ਵਿੱਚ ਨਸ਼ੇ ਜਿਹਾ ਦਾਗ ਨਹੀਂ ਹੋਣਾ ਚਾਹੀਦਾ। ਨੌਜੁਆਨਾਂ ਨੂੰ ਨਸ਼ੇ ਤੋਂ ਦੂਰ ਰਹਿ ਕੇ ਇਸ ਸ਼ਹਿਰ ਦੀ ਖੂਬਸੂਰਤੀ ਨੂੰ ਬਰਕਰਾਰ ਰੱਖਣ ਵਿੱਚ ਯੋਗਦਾਨ ਦੇਣਾ ਚਾਹੀਦਾ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ੇ ਵਿਰੁੱਧ ਇਸ ਅਭਿਆਨ ਨੂੰ ਹੋਰ ਮਜ਼ਬੂਤ ਬਣਾਉਣ ਲਈ ਯੋਗਦਾਨ ਦੇਣ।ਨਸ਼ੇ ਵਿਰੁੱਧ ਪੈਦਲ ਮਾਰਚ ਵਿੱਚ ਪੰਜਾਬ ਦੇ ਰਾਜਪਾਲ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ, ਹਰਿਆਣਾ ਦੇ ਰਾਜਪਾਲ ਬੰਡਾਰੂ ਦੱਤਾਤ੍ਰੇਅ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਕਈ ਰਾਜਨੇਤਾਵਾਂ ਨੇ ਭਾਗ ਲਿਆ।

# ਗੀਤਕਾਰ ਤੇ ਪੇਸ਼ਕਾਰ ਭੱਟੀ ਭੜੀਵਾਲਾ ਕੌਮੀ ਸਲਾਹਕਾਰ ਨਿਯੁਕਤ



**ਕਪੂਰਥਲਾ (ਹਨੀ)**- ਭਾਰਤ ਸਰਕਾਰ ਅਧੀਨ ਦੇਸ਼ ਦੀ ਪ੍ਰਮੁੱਖ ਕਲਾ ਭਲਾਈ ਸੰਸਥਾ ਇੰਡਿਕ ਆਰਟਸ ਵੈਲਫੇਅਰ ਕੌਂਸਲ ਵੱਲੋਂ ਮਹੱਤਵਪੂਰਨ ਨਿਯੁਕਤੀਆਂ ਦਾ ਐਲਾਨ ਕਰਦਿਆਂ ਪ੍ਰਸਿੱਧ ਗੀਤਕਾਰ, ਪੇਸ਼ਕਾਰ, ਨਿਰਦੇਸ਼ਕ ਅਤੇ ਨਿਰਮਾਤਾ ਭੱਟੀ ਭੜੀਵਾਲਾ ਨੂੰ ਮੁੱਖ ਕੌਮੀ ਸਲਾਹਕਾਰ ਵਜੋਂ ਨਿਯੁਕਤ ਕੀਤਾ ਗਿਆ ਹੈ ।ਭੱਟੀ ਭੜੀ ਵਾਲਾ ਨੇ ਆਪਣੇ ਅਨੇਕਾਂ ਗੀਤਾਂ ਰਾਹੀਂ ਸੰਗੀਤਕ ਜਗਤ ਵਿੱਚ ਖਾਸ ਪਛਾਣ ਬਣਾਈ ਹੈ। ਜ਼ਿਕਰਯੋਗ ਹੈ ਕਿ ਭੱਟੀ ਭੜੀਵਾਲਾ ਨੇ 1000 ਤੋਂ ਉੱਪਰ ਗੀਤ ਲਿਖੇ ਹਨ ਜਿਹਨਾਂ ਨੂੰ 119 ਸੰਸਾਰ ਪ੍ਰਸਿੱਧ ਪੰਜਾਬੀ ਗਾਇਕ ਤੇ ਗਾਇਕਾਵਾਂ ਨੇ ਆਪਣੀ ਆਵਾਜ਼ ਦੇ ਕੇ ਮਾਣ ਖੱਟਿਆ ! ਭੱਟੀ ਭੜੀ ਵਾਲਾ ਦੇ ਲਿਖੇ ਗੀਤ ਕੁਲਦੀਪ ਮਾਣਕ, ਸੁਰਿੰਦਰ ਛਿੰਦਾ, ਹੰਸ ਰਾਜ ਹੰਸ, ਜਸਬੀਰ ਜੱਸੀ, ਦੁਰਗਾ ਰੰਗੀਲਾ, ਜਸਪਿੰਦਰ ਨਰੂਲਾ, ਅਮਰ ਨੂਰੀ, ਕਮਲਜੀਤ ਨੀਰੂ, ਬਈ ਹਰਦੀਪ, ਰਣਜੀਤ ਮਣੀ, ਗੁਰਲੇਜ਼ ਅਖਤਰ, ਮੰਨਤ ਨੂਰ, ਮਾਸਟਰ ਸਲੀਮ, ਬਿੱਲ ਸਿੰਘ, ਮਨਿੰਦਰ ਮੰਗਾ, ਜੀਤ ਜਗਜੀਤ, ਇੰਦਰ ਸਹਿਜ਼ਾਦ ਤੋਂ ਇਲਾਵਾ ਹੋਰ ਸੈਂਕੜੇ ਗਾਇਕਾ ਨੇ ਗਾਏ ਹਨ । ਸੱਭਿਆਚਾਰਕ, ਸਮਾਜਿਕ ਤੇ ਪਰਵਾਰਕ ਗੀਤਾਂ ਵਿੱਚ ਭੱਟੀ ਭੜੀ ਵਾਲਾ ਦੇ ਨਾਂ ਦੀ ਤੂਤੀ ਬੋਲਦੀ ਹੈ । ਭੱਟੀ ਭੜੀਵਾਲਾ ਨੇ ਸਦਾ ਹੀ ਨਸ਼ਿਆਂ, ਹਥਿਆਰਾਂ ਤੇ ਮਾਰੂ ਗੀਤਾਂ ਦੇ ਖਿਲਾਫ਼ ਆਵਾਜ਼ ਬੁਲੰਦ ਕੀਤੀ ਹੈ। ਭੱਟੀ ਭੜੀ ਵਾਲਾ ਇੱਕ ਚੰਗਾ ਪੜ੍ਹਿਆ ਲਿਖਿਆ ਤੇ ਸੂਝਵਾਨ ਗੀਤਕਾਰ ਹੈ ।ਕਲਮਾਂ, ਗੀਤਕਾਰਾਂ ਅਤੇ ਸਾਹਿਤਕਾਰਾਂ ਦਾ ਉਹ ਵਿਸ਼ੇਸ਼ ਸਤਿਕਾਰ ਕਰਦਾ ਹੈ । ਉਨ੍ਹਾਂ ਦੀ ਅਗਵਾਈ ਹੇਠ ਸਾਹਿਤ ਤੇ ਭਾਸ਼ਾ ਸੈਲ, ਕਲਾ ਅਤੇ ਸੱਭਿਆਚਾਰ ਸੈਲ ਦਾ ਗਠਨ ਕੀਤਾ ਜਾਵੇਗਾ। ਭੱਟੀ ਭੜੀ ਵਾਲਾ ਕੌਂਸਲ ਦੀ ਕਲਾ ਜੀਵਨ ਯੋਜਨਾ ਵਿੱਚ ਵੀ ਆਪਣੀ ਅਹਿਮ ਭੂਮਿਕਾ ਨਿਭਾਉਣਗੇ। ਇੰਡਿਕ ਆਰਟਸ ਵੈਲਫੇਅਰ ਕੌਂਸਲ ਦੇ ਚੇਅਰਮੈਨ ਪ੍ਰੋ. ਭੋਲਾ ਯਮਲਾ ਨੇ ਭੱਟੀ ਭੜੀਵਾਲਾ ਨੂੰ ਨਵੀ ਅਹਿਮ ਜ਼ਿੰਮੇਵਾਰੀ ਲਈ ਵਧਾਈ ਦਿੰਦੇ ਹੋਏ ਕਿਹਾ ਭੱਟੀ ਭੜੀ ਵਾਲਾ ਵਰਗੇ ਤਜਰਬੇਕਾਰ ਅਤੇ ਰਚਨਾਤਮਕ ਵਿਅਕਤੀਆਂ ਦਾ ਸਾਡੇ ਨਾਲ ਜੁੜਨਾ ਸਨਮਾਨ ਦੀ ਗੱਲ ਹੈ।

# ਪੰਜਾਬ ਪ੍ਰੈੱਸ ਕਲੱਬ 'ਚ ਕੌਮਾਂਤਰੀ ਪ੍ਰੈੱਸ ਆਜ਼ਾਦੀ ਦਿਵਸ 'ਤੇ ਪ੍ਰਭਾਵਸ਼ਾਲੀ ਸਮਾਗਮ




**ਜਲੰਧਰ** : ਅੱਜ ਕੌਮਾਂਤਰੀ ਪ੍ਰੈੱਸ ਆਜ਼ਾਦੀ ਦਿਵਸ 'ਤੇ ਪੰਜਾਬ ਪ੍ਰੈੱਸ ਕਲੱਬ ਜਲੰਧਰ ਵਿਖੇ ਇਕ ਸੰਖੇਪ ਤੇ ਭਾਵਪੂਰਤ ਸਮਾਗਮ ਹੋਇਆ, ਜਿਸ ਵਿਚ ਪੱਤਰਕਾਰਾਂ ਨੇ ਪ੍ਰੈੱਸ ਦੀ ਆਜ਼ਾਦੀ ਅੱਗੇ ਦਰਪੇਸ਼ ਚੁਣੌਤੀਆਂ 'ਤੇ ਗਹਿਰੀ ਚਿੰਤਾ ਪ੍ਰਗਟ ਕੀਤੀ। ਇਸ ਅਵਸਰ 'ਤੇ ਆਪਣੇ ਵਿਚਾਰ ਰੱਖਣ ਵਾਲੇ ਬਹੁਤੇ ਪੱਤਰਕਾਰਾਂ ਵਲੋਂ ਇਹ ਕਿਹਾ ਗਿਆ ਕਿ ਪੱਤਰਕਾਰ ਭਾਈਚਾਰੇ ਨੂੰ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਆਪਸੀ ਸਹਿਯੋਗ ਨਾਲ ਕਰਨਾ ਚਾਹੀਦਾ ਹੈ। ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰੈੱਸ ਕਲੱਬ ਦੇ ਪ੍ਰਧਾਨ ਸਤਨਾਮ ਸਿੰਘ ਮਾਣਕ ਨੇ ਕਿਹਾ ਕਿ ਪ੍ਰੈੱਸ ਨੂੰ ਹਮੇਸ਼ਾ ਤੋਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ ਤੇ ਅੱਜ ਵੀ ਕਰਨਾ ਪੈ ਰਿਹਾ ਹੈ। ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਰੂਸ ਅਤੇ ਯੂਕਰੇਨ ਦੀ ਜੰਗ ਵਿਚ ਅਤੇ ਇਜ਼ਰਾਈਲ ਅਤੇ ਹਮਾਸ ਦੀ ਜੰਗ ਵਿਚ ਸੈਂਕੜੇ ਹੀ ਪੱਤਰਕਾਰਾਂ ਦੇ ਸ਼ਹੀਦ ਹੋ ਜਾਣ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਇਹ ਸਾਰੀਆਂ ਚੁਣੌਤੀਆਂ ਪੱਤਰਕਾਰੀ ਦੇ ਪੇਸ਼ੇ ਦੀਆਂ ਚੁਣੌਤੀਆਂ ਹਨ, ਜਿਨ੍ਹਾਂ ਦਾ ਦ੍ਰਿੜ੍ਹਤਾ ਅਤੇ ਦਲੇਰੀ ਨਾਲ ਹੀ ਸਾਹਮਣਾ ਕੀਤਾ ਜਾ ਸਕਦਾ ਹੈ। ਦੇਸ਼ ਦੀਆਂ ਅਜੋਕੀਆਂ ਸਥਿਤੀਆਂ ਵਿਚ ਜਮਹੂਰੀਅਤ ਨੂੰ ਬਚਾਉਣ ਲਈ ਪੱਤਰਕਾਰਾਂ ਨੂੰ ਜਾਗਰੂਕ ਹੋ ਕੇ ਆਪਣਾ ਰੋਲ ਨਿਭਾਉਣਾ ਚਾਹੀਦਾ ਹੈ।ਪ੍ਰੈੱਸ ਕਲੱਬ ਦੇ ਸੀਨੀਅਰ ਮੀਤ ਪ੍ਰਧਾਨ ਰਾਜੇਸ਼ ਥਾਪਾ ਨੇ ਕਿਹਾ ਕਿ ਦੇਸ਼ ਵਿਚ ਪੱਤਰਕਾਰੀ ਦੀ ਆਜ਼ਾਦੀ ਦਾ ਮਿਆਰ ਲਗਾਤਾਰ ਘਟਦਿਆਂ ਅੱਜ ਭਾਰਤ ਵਿਸ਼ਵ ਪ੍ਰੈੱਸ ਅਜ਼ਾਦੀ ਦਰਜਾਬੰਦੀ ਵਿਚ 159ਵੇਂ ਸਥਾਨ ਉੱਤੇ ਆ ਖੜ੍ਹਾ ਹੈ। ਇਸ ਦੀ ਸਥਿਤੀ ਹਰ ਹੀਲੇ ਬਚਾਉਣ ਲਈ ਸਾਨੂੰ ਯਤਨਸ਼ੀਲ ਰਹਿਣਾ ਚਾਹੀਦਾ ਹੈ। ਪੱਤਰਕਾਰ ਸੁਕਰਾਂਤ ਸਫ਼ਰੀ ਨੇ ਪ੍ਰੈੱਸ ਦੀ ਆਜ਼ਾਦੀ ਨੂੰ ਸਹੀ ਅਰਥਾਂ ਤੋਂ ਪਹਿਚਾਨਣ ਦੀ ਗੱਲ ਕੀਤੀ । ਪੱਤਰਕਾਰ ਦਵਿੰਦਰ ਕੁਮਾਰ ਨੇ ਮੀਡੀਆ ਜਗਤ ਵਿੱਚ ਆ ਰਹੀ ਯੁਵਾ ਪੀੜ੍ਹੀ ਦੇ ਤੌਰ-ਤਰੀਕਿਆਂ ਕਰਕੇ ਆਉਂਦੀਆਂ ਚੁਣੌਤੀਆਂ ਨੂੰ ਅਤੇ ਇਸ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਸੈਮੀਨਾਰ ਅਤੇ ਸੀਨੀਅਰ ਪੱਤਰਕਾਰਾਂ ਵੱਲੋਂ ਵਿਹਾਰਕ ਤਜਰਬਿਆਂ ਨੂੰ ਉਨ੍ਹਾਂ ਨਾਲ ਸਾਂਝੇ ਕਰਨ ਤੇ ਉਪਰਾਲੇ ਕਰਨ ਲਈ ਕਿਹਾ। ਇਸ ਮੌਕੇ ਅਮਰਜੀਤ ਸਿੰਘ, ਨਿਤਿਨ ਕੌੜਾ ਅਤੇ ਸੁਮਿਤ ਮਹਿੰਦਰੂ ਨੇ ਵੀ ਪੱਤਰਕਾਰੀ ਨਾਲ ਸੰਬੰਧਤ ਕੁਝ ਚਲੰਤ ਮੁੱਦਿਆਂ ਉੱਤੇ ਸੁਝਾਅ ਰੱਖਦਿਆਂ ਆਪਣੀਆਂ ਕੁਝ ਉਲਝਣਾਂ ਵੀ ਸਾਹਮਣੇ ਰੱਖੀਆਂ । ਸਮਾਗਮ ਦੇ ਅੰਤ ਵਿੱਚ ਕਲੱਬ ਦੇ ਪ੍ਰਧਾਨ ਸਤਨਾਮ ਸਿੰਘ ਮਾਣਕ ਨੇ ਸਮਾਗਮ ਵਿਚ ਸ਼ਿਰਕਤ ਕਰਨ ਲਈ ਆਏ ਸਾਰੇ ਪੱਤਰਕਾਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪੱਤਰਕਾਰ ਮਦਨ ਭਾਰਦਵਾਜ, ਟਿੰਕੂ ਪੰਡਿਤ, ਰਾਜੇਸ਼ ਸ਼ਰਮਾ, ਸੁਰਜੀਤ ਸਿੰਘ ਜੰਡਿਆਲਾ, ਰਾਮ ਸਿੰਘ ਇਨਸਾਫ਼, ਜਸਬੀਰ ਸਿੰਘ ਸੋਢੀ, ਪਰਮਜੀਤ ਸਿੰਘ, ਰਾਜੇਸ਼ ਗਾਬਾ, ਇੰਦਰਜੀਤ ਆਰਟਿਸਟ, ਅਜੈ ਕੁਮਾਰ, ਕੁਲਵੰਤ ਸਿੰਘ ਮਠਾਰੂ, ਹਰਸ਼ਰਨ ਸਿੰਘ ਚਾਵਲਾ, ਰਾਕੇਸ਼ ਬੌਬੀ, ਕੁਲਪ੍ਰੀਤ ਸਿੰਘ, ਤੇਜਿੰਦਰ ਸਿੰਘ, ਇੰਦਰਜੀਤ ਸਿੰਘ ਅਤੇ ਹੋਰ ਵੀ ਮੀਡੀਆ ਜਗਤ ਨਾਲ ਜੁੜੀਆਂ ਹਸਤੀਆਂ ਹਾਜ਼ਰ ਸਨ। ਇਸ ਅਵਸਰ 'ਤੇ ਪ੍ਰੈੱਸ ਦੀ ਆਜ਼ਾਦੀ ਦੇ ਨਾਂਅ ਕੇਕ ਵੀ ਕੱਟਿਆ ਗਿਆ।

# ਸੜਕਾਂ ਕਿਨਾਰੇ ਫਰੂਟ ਤੇ ਸਬਜ਼ੀ ਵਿਕਰੇਤਾ ਫੂਡ ਸੇਫਟੀ ਐਕਟ ਦੀਆਂ ਉਡਾ ਰਹੇ ਧੱਜੀਆਂ : ਧੀਮਾਨ



**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**- ਨਿਯਮਾਂ ਦੇ ਰਖਵਾਲੇ ਸੁੱਤੇ ਕੁੰਭਕਰਨੀ ਨੀਂਦੇ ਤੇ ਲੋਕਾਂ ਦੀ ਹੋ ਰਹੀ ਲੁੱਟ ।ਭੋਜਨ ਪਦਾਰਥਾਂ ਵਿਚ ਨਾ ਕੁਆਲਟੀ ਅਤੇ ਨਾ ਮਿਆਰ ਤੇ ਸੜਕਾਂ ਕਿਨਾਰੇ ਥੋਕ ਕੀਮਤਾਂ ਤੋਂ 2,3 ਗੁਣਾ ਵੱਧ ਕੀਮਤ 'ਤੇ ਵਿਕਰੀ ਹੋ ਰਿਹਾ ਫਰੂਟ, ਸਬਜ਼ੀ ਆਦਿ ਪ੍ਰਤੀ ਨਾ ਮੰਡੀਕਰਨ ਬੋਰਡ, ਨਾ ਜ਼ਿਲ੍ਹਾ ਹੈਲਥ ਅਫਸਰ ਵਲੋਂ ਧਿਆਨ ਅਤੇ ਕੁੰਭ ਕਰਨੀ ਨੀਂਦੇ ਸੁੱਤੇ ਪਏ ਨਗਰ ਨਿਗਮ ਦੇ ਅਧਿਕਾਰੀਆਂ ਵਲੋਂ ਧਿਆਨ ਨਾ ਦੇਣ 'ਤੇ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਪ੍ਰਚੂਨ ਖ੍ਰੀਦਦਾਰ ਲੋਕਾਂ ਦੀ ਵੱਡੇ ਪੱਧਰ 'ਤੇ ਆਰਥਿਕ ਲੁੱਟ ਕਰਵਾਈ ਜਾ ਰਹੀ ਹੈ।ਧੀਮਾਨ ਨੇ ਜ਼ਿਲ੍ਹਾ ਹੈਲਥ ਅਫਸਰ ਦੇ ਸਾਰਾ ਮਾਮਲਾ ਧਿਆਨ ਹੇਠ ਲਿਆਂਦਾ ਤੇ ਦੱਸਿਆ ਕਿ ਫੂਡ ਸੈਫਟੀ ਐਂਡ ਸਟੈਂਡਰਡ ਐਕਟ 2006 ਦੇ ਨਿਯਮਾਂ ਅਨੁਸਾਰ ਕੋਈ ਵੀ ਵਿਕਰੇਤਾ ਫਰੂਟ ਉਤੇ ਕਿਸੇ ਕਿਸਮ ਦਾ ਸਟਿਕਰ ਲੱਗਾ ਕੇ ਫਰੂਅ ਅਤੇ ਸਬਜ਼ੀ ਨਹੀਂ ਵਿਕਰੀ ਕਰ ਸਕਦਾ ਤੇ ਇਹ ਅਪਰਾਧ ਦੀ ਸ਼੍ਰੇਣੀ ਵਿਚ ਆਉਂਦਾ ਹੈ। ਪਰ ਸਿਹਤ ਵਿਭਾਗ ਵਲੋਂ ਧਿਆਨ ਨਾ ਦੇਣ ਕਾਰਨ ਸ਼ਰੇਆਮ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਜਦੋਂ ਕੋਈ ਫਰੂਟ ਅਤੇ ਸਬਜ਼ੀ ਸੜਕਾਂ ਕਿਨਾਰੇ ਖੁੱਲ੍ਹੀ ਹਵਾ ਅਤੇ ਧੂੜ ਮਿੱਟੀ ਵਿਕਰੀ ਹੁੰਦੀ ਹੈ ਤੇ ਉਸ ਪਦਾਰਥ ਦੀ ਗੁਣਵੱਤਾ ਦਾ ਅਲੋਪ ਹੋਣਾ ਲਾਜ਼ਮੀ ਹੈ।ਧੂੜ ਦੇ ਜ਼ਹਿਰੀਲੇ ਕਣ ਸਾਰੇ ਪਦਾਰਥਾਂ ਉਤੇ ਡਿੱਗ ਪੈਂਦੇ ਹਨ ਤੇ ਆਪਣਾ ਰਸਾਇਣਕ ਪ੍ਰਭਾਵ ਵੀ ਪਾਉਂਦੇ ਹਨ । ਜਦੋਂ ਸੜਕਾਂ ਕਿਨਾਰੇ ਰੇਹੜੀਆਂ ਲਗਦੀਆਂ ਹਨ ਤਾਂ ਐਕਸੀਡੈਂਟ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ । ਜਿਹੜਾ ਪਾਣੀ ਸਬਜ਼ੀ ਅਤੇ ਫਰੂਟ ਉਤੇ ਵਾਰ ਵਾਰ ਛਿੜਕਿਆ ਜਾਦਾ ਹੈ ਕੀ ਪਤਾ ਕਿਸ ਤਰ੍ਹਾਂ ਦਾ ਹੈ।ਇਸੇ ਤਰ੍ਹਾਂ ਹਰੇਕ ਪਦਾਰਥ ਨੂੰ ਵਿਕਰੀ ਕਰਨ ਤੋਂ ਪਹਿਲਾਂ ਉਨ੍ਹਾਂ ਪਦਾਰਥਾਂ ਦੀ ਰੇਟ ਲਿਸਟ ਲੱਗਣੀ ਲਾਜ਼ਮੀ ਹੈ।ਪਰ ਇਹ ਮੰਡੀ ਬੋਰਡ ਨੇ ਸਿਰਫ ਕਰੋਨਾ ਦੇ ਹੀ ਦੌਰਾਨ ਕੀਤਾ ਸੀ ਤੇ ਬਾਅਦ ਵਿਚ ਲਗਦਾ ਮੰਡੀ ਕਰਨ ਬੋਰਡ ਦੇ ਸਾਰੇ ਅਧਿਕਾਰੀ ਲੁੱਟ ਕਰਨ ਵਾਲੇ ਮਾਹੌਲ ਵਿਚ ਕੁੰਭਕਰਨੀ ਨੀਂਦੇ ਚਲੇ ਗਏ ਹਨ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਸਿਹਤ ਨੂੰ ਤੰਦਰੁਸਤ ਰੱਖਣ ਲਈ ਭੋਜਨ ਪਦਾਰਥਾਂ ਦੀ ਬੇ ਅਸੂਲੀ ਹੋ ਰਹੀ ਵਿਕਰੀ ਵਿਰੁੱਧ ਲਾਮਬੰਦ ਹੋਣ ਤੇ ਆਪਣੇ ਹੱਕਾਂ ਦੀ ਪਹਿਚਾਣ ਕਰਨ।

# ਆਰ ਐੱਮ ਪੀ ਆਈ ਵੱਲੋਂ ਮਈ ਦਿਵਸ ਮੌਕੇ ਢੇਰੀਆਂ 'ਚ ਕਾਨਫਰੰਸ




**ਸ਼ਾਹਕੋਟ (ਗਿਆਨ ਸੈਦਪੁਰੀ)** ਪਿੰਡ ਢੇਰੀਆਂ ਵਿਖੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ( ਆਰ ਐਮ ਪੀ ਆਈ) ਵਲੋਂ ਪਹਿਲੀ ਮਈ ਦੇ ਸ਼ਹੀਦਾਂ ਤੇ ਪਾਰਟੀ ਦੇ ਵਿੱਛੜ ਚੁੱਕੇ ਆਗੂਆਂ ਸਰਵਸਾਥੀ ਕਰਨੈਲ ਚੰਦ ਸਹੋਤਾ, ਕਰਤਾਰ ਚੰਦ ਨਾਹਰ ਤੇ ਗੁਰਦਾਵਰ ਸਿੰਘ ਭੱਟੀ ਅਤੇ ਪਹਿਲਗਾਮ (ਕਸ਼ਮੀਰ) 'ਚ ਅੱਤਵਾਦੀਆਂ ਹੱਥੋਂ ਸ਼ਹੀਦ ਹੋਏ 27 ਲੋਕਾਂ ਨੂੰ ਸ਼ਰਧਾਜਲੀ ਭੇਟ ਕਰਨ ਲਈ ਕਾਨਫਰੰਸ ਕੀਤੀ ਗਈ।ਇਸ ਕਾਨਫਰੰਸ ਵਿੱਚ ਇਲਾਕੇ ਭਰ 'ਚੋਂ ਵੱਡੀ ਗਿਣਤੀ 'ਚ ਔਰਤਾਂ ਮਰਦਾਂ ਨੇ ਹਿੱਸਾ ਲੈ ਕੇ ਸ਼ਹੀਦਾਂ ਤੇ ਵਿੱਛੜੇ ਸਾਥੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ।ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਾਰਟੀ ਸੂਬਾ ਸਕੱਤਰ ਕਾਮਰੇਡ ਪਰਗਟ ਸਿੰਘ ਜਾਮਾਰਾਏ ਤੇ ਪਾਰਟੀ ਦੇ ਕੇਂਦਰੀ ਕਮੇਟੀ ਮੈਂਬਰ ਤੇ ਪ੍ਰਮੁੱਖ ਕਿਸਾਨ ਆਗੂ ਸਾਥੀ ਕੁਲਵੰਤ ਸਿੰਘ ਸੰਧੂ ਨੇ ਕਿਹਾ ਕਿ ਮਈ ਦਿਵਸ ਤੇ ਪਹਿਲਗਾਮ ਹਮਲੇ ਦੇ ਸ਼ਹੀਦਾਂ ਅਤੇ ਮਜਦੂਰ ਲਹਿਰ ਦੇ ਵਿੱਛੜੇ ਸਾਥੀਆਂ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਵਿੱਛੜ ਚੁੱਕੇ ਮਜਦੂਰਾਂ ਕਿਸਾਨਾਂ ਤੇ ਸ਼ਹੀਦਾਂ ਦੇ ਪਾਇਆਂ ਪੂਰਨਿਆਂ 'ਤੇ ਚੱਲਦਿਆਂ ਹੋਇਆਂ ਹਰ ਤਰ੍ਹਾਂ ਦੀ ਫਿਰਕਾਪ੍ਰਸਤੀ, ਫਾਸ਼ੀਵਾਦ ਤੇ ਅੱਤਵਾਦ ਦੇ ਖਿਲਾਫ ਦ੍ਰਿੜਤਾ ਪੂਰਵਕ ਲੜਾਈ ਲੜੀ ਜਾਵੇ। ਆਗੂਆਂ ਨੇ ਕਿਹਾ ਕਿ ਇਸ ਵੇਲੇ ਦੇਸ਼ ਦੀ ਗੱਦੀ 'ਤੇ ਬੈਠੀ ਬੀ ਜੇ ਪੀ ਤੇ ਆਰ ਐਸ ਐਸ ਦੀ ਅਗਵਾਈ ਵਾਲੀ ਮੋਦੀ ਸਰਕਾਰ ਨੇ ਮੁਲਕ ਦੇ ਮਜਦੂਰਾਂ, ਕਿਸਾਨਾਂ , ਘੱਟ ਗਿਣਤੀ ਫਿਰਕਿਆਂ ਤੇ ਆਮ ਲੋਕਾਂ ਦਾ ਜਿਉਣਾ ਮੁਸ਼ਕਲ ਕੀਤਾ ਹੋਇਆ ਹੈ । ਦੇਸ਼ ਅੰਦਰ ਅਸਮਾਨ ਛੂਹ ਰਹੀ ਮਹਿੰਗਾਈ ਨੇ ਗਰੀਬ ਤੇ ਆਮ ਲੋਕਾਂ ਦਾ ਲੱਕ ਤੋੜ ਸੁੱਟਿਆ ਹੈ ਦੇਸ਼ ਦੇ ਕਰੋੜਾਂ ਲੋਕ ਇਕ ਟਾਈਮ ਦੀ ਰੋਟੀ ਖਾ ਕੇ ਹੀ ਆਪਣਾ ਸਮਾਂ ਬਤੀਤ ਕਰ ਰਹੇ ਹਨ।ਆਗੂਆਂ ਨੇ ਮਜਦੂਰਾਂ ਨੂੰ ਜੋਰਦਾਰ ਢੰਗ ਨਾਲ ਅਪੀਲ ਕੀਤੀ ਕਿ ਦੇਸ਼ ਵਿੱਚ ਚੱਲੇ ਕਿਸਾਨ ਅੰਦੋਲਨ ਦੀ ਤਰਜ 'ਤੇ ਇਕੱਠੇ ਹੋਕੇ ਆਪਣੇ ਹਿੱਤਾਂ, ਹੱਕਾਂ ਦੀ ਰਾਖੀ ਕੀਤੀ ਜਾਵੇ । ਇਸ ਮੌਕੇ ਦਿਹਾਤੀ ਮਜਦੂਰ ਸਭਾ ਦੇ ਸੂਬਾ ਪ੍ਰਧਾਨ ਤੇ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਦਰਸ਼ਨ ਨਾਹਰ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੀਆਂ ਮਜ਼ਦੂਰ ਤੇ ਆਮ ਲੋਕ ਮਾਰੂ ਨੀਤੀਆਂ ਦੇ ਖਿਲਾਫ ਆਪਣੇ ਹੱਕਾਂ ਹਕੂਕਾਂ ਦੀ ਰਾਖੀ ਲਈ ਮੈਦਾਨ ਨਿਤਰਨਾ ਸਮੇਂ ਪ੍ਰਮੁੱਖ ਲੋੜ ਹੈ।ਉਨ੍ਹਾਂ ਕਿਹਾ ਕਿ ਚੋਣਾਂ ਸਮੇਂ ਆਮ ਆਦਮੀ ਪਾਰਟੀ ਨੇ ਲੋਕਾਂ ਨਾਲ ਕੀਤੀਆਂ ਗਰੰਟੀਆ ਵਿੱਚੋਂ ਇਕ ਵੀ ਗਰੰਟੀ ਪੂਰੀ ਨਹੀਂ ਕੀਤੀ ਨਾ ਤਾਂ ਬੀਬੀਆਂ ਨੂੰ ਹਜਾਰ ਹਜਾਰ ਰੁਪਏ ਦਿੱਤਾ, ਨਾ ਬੁਢਾਪਾ ਵਿਧਵਾ ਪੈਨਸ਼ਨ ਪੱਚੀ ਸੌ ਰੁਪਏ ਪ੍ਰਤੀ ਮਹੀਨਾ ਕੀਤੀ। ਲੋੜਵੰਦ ਗਰੀਬਾਂ ਨੂੰ ਘਰ ਬਣਾਉਣ ਲਈ ਪਲਾਟ ਵੀ ਨਹੀਂ ਦਿੱਤੇ ਜਾ ਰਹੇ ਤੇ ਪਹਿਲਾਂ ਕੱਟੇ ਪਲਾਟਾਂ ਦੇ ਕਬਜੇ ਵੀ ਨਹੀਂ ਦਿੱਤੇ ਜਾ ਰਹੇ ਤੇ ਗਰੀਬਾਂ / ਮਜਦੂਰਾਂ ਸਿਰ ਚੜ੍ਹਿਆ ਕਰਜਾ ਵੀ ਮੁਆਫ਼ ਨਹੀਂ ਕੀਤਾ ਗਿਆ, ਸਗੋਂ ਮੁੱਖ ਮੰਤਰੀ ਭਗਵੰਤ ਮਾਨ ਦੇ ਘਰ ਅੱਗੇ ਸੰਗਰੂਰ ਵਿਖੇ ਆਪਣੇ ਹੱਕ ਮੰਗਣ ਗਏ ਮਜਦੂਰ ਮਰਦ ਔਰਤਾਂ ਦੀ ਗੱਲ ਸੁਣਨ ਦੀ ਬਜਾਏ ਪੁਲਸ ਵਲੋਂ ਰੱਜ ਕੇ ਕੁਟਾਪਾ ਚਾੜਿਆ ਗਿਆ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਦਿਹਾਤੀ ਮਜਦੂਰ ਸਭਾ ਦੇ ਸੂਬਾਈ ਪ੍ਰੈਸ ਸਕੱਤਰ ਸਾਥੀ ਬਲਦੇਵ ਨੂਰਪਰੀ, ਪਾਰਟੀ ਦੇ ਸੀਨੀਅਰ ਆਗੂ ਮਨੋਹਰ ਸਿੰਘ ਗਿੱਲ ਪਾਰਟੀ ਦੇ ਤਹਿਸੀਲ ਸਕੱਤਰ ਦਲਵਿੰਦਰ ਸਿੰਘ ਕੁਲਾਰ, ਸਰਬਜੀਤ ਢੇਰੀਆ, ਨਛੱਤਰ ਨਾਹਰ, ਦੇਵ ਮੱਲੀਆ, ਬਲਦੇਵ ਸਿੰਘ ਉਗੀ, ਬਲਵੀਰ ਸਿੱਧੂ, ਸੁਖਵਿੰਦਰ ਕਿੰਦਾ, ਬਖਸ਼ੀ ਪੰਡੋਰੀ, ਹਰਜਿੰਦਰ ਬਜੂਹਾ ਖੁਰਦ , ਮੁਲਾਜ਼ਮਾਂ ਦੇ ਆਗੂ ਸਾਥੀ ਕੁਲਦੀਪ ਵਾਲੀਆ ਤੇ ਦਿਹਾਤੀ ਮਜ਼ਦੂਰ ਸਭਾ ਦੀ ਜਸਵਿੰਦਰ ਕੌਰ ਮਾਹੂੰਵਾਲ ਆਦਿ ਨੇ ਵੀ ਸ਼ਹੀਦਾਂ ਨੂੰ ਸ਼ਰਧਾਜਲੀ ਭੇਟ ਕੀਤੀ ਤੇ ਆਪਣੇ ਵਿਚਾਰ ਵੀ ਪੇਸ਼ ਕੀਤੇ। ਇਸ ਮੌਕੇ ਅਗਾਂਹ ਵਧੂ ਨਾਟਕ ਟੀਮ ਚੰਡੀਗੜ੍ਹ ਸਕੂਲ ਆਫ ਡਰਾਮਾ ਵਲੋਂ ਨਿਰਦੇਸ਼ਕ ਇਕੱਤਰ ਸਿੰਘ ਦੀ ਅਗਵਾਈ 'ਚ ਨਾਟਕ ਵੀ ਪੇਸ਼ ਕੀਤੇ ਗਏ।

# ਵੈਦ ਕਰਾਸਫਿੱਟ ਕਲੱਬ ਦੇ ਖਿਡਾਰੀਆਂ ਨੇ ਨਸ਼ਿਆਂ ਖਿਲਾਫ ਕੱਢੀ ਚੇਤਨਾ ਰੈਲੀ




**ਅੱਡਾ ਸਰਾਂ/ਟਾਂਡਾ ਉੜਮੁੜ (ਕਾਜਲ, ਓਂਕਾਰ)**- ਵੈਦ ਕਰਾਸਫਿੱਟ ਕਲੱਬ ਅਹੀਆਪੁਰ ਅਤੇ ਲਿਟਲ ਕਿੰਗਡਮ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਅਤੇ ਖਿਡਾਰੀਆਂ ਨੇ ਮਿਲ ਕੇ ਨਸ਼ਿਆਂ ਖਿਲਾਫ ਜਾਗਰੂਕਤਾ ਦਾ ਸੰਚਾਰ ਕਰਨ ਲਈ ਜਾਗਰੂਕਤਾ ਰੈਲੀ ਕੱਢੀ । ਜਿਸ ਵਿਚ ਐੱਸ ਐੱਚ ਓ ਗੁਰਿੰਦਰਜੀਤ ਸਿੰਘ ਨਾਗਰਾ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਪੁਲਸ ਟੀਮ ਨੇ ਵੀ ਹਿੱਸਾ ਲਿਆ। ਦੋਨਾਂ ਸੰਸਥਾਵਾਂ ਦੇ ਪ੍ਰੈਜ਼ੀਡੈਂਟ ਅਤੇ ਟਾਂਡਾ ਯੂਨਾਈਟਡ ਸਪੋਰਟਸ ਕਲੱਬ ਦੇ ਸਰਪ੍ਰਸਤ ਗਗਨ ਵੈਦ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਕੋਚ ਰੋਹਿਤ ਕੁਮਾਰ, ਪ੍ਰਿੰਸੀਪਲ ਮੀਤਾ ਆਨੰਦ, ਵਾਈਸ ਪ੍ਰਿੰਸੀਪਲ ਸੂਰਜ ਸਹੋਤਾ ਅਤੇ ਖੇਡ ਇੰਚਾਰਜ ਹਰਪ੍ਰੀਤ ਸਿੰਘ ਕਮਾਂਡਰ ਦੀ ਦੇਖ-ਰੇਖ ਵਿਚ ਇਹ ਚੇਤਨਾ ਰੈਲੀ ਲਿਟਲ ਕਿੰਗਡਮ ਸਕੂਲ ਤੋਂ ਸ਼ੁਰੂ ਹੋਈ ਅਤੇ ਉੜਮੁੜ ਅਹੀਆਪੁਰ ਰੋਡ ਤੋਂ ਹੁੰਦੀ ਹੋਈ ਬਾਬਾ ਬਾਰੇ ਸ਼ਾਹ ਚੌਂਕ, ਬਜ਼ਾਰ ਅਹੀਆਪੁਰ ਤੋਂ ਹੁੰਦੀ ਹੋਈ ਵੈਦ ਕ੍ਰੋਸਫਿੱਟ ਕਲੱਬ ਕੇਂਦਰ ਜਾ ਕੇ ਸੰਪੰਨ ਹੋਈ । ਰੈਲੀ ਦੇ ਸਫ਼ਰ ਦੌਰਾਨ ਵਿਦਿਆਰਥੀਆਂ ਨੇ ਹੱਥਾਂ ਵਿਚ ਫੜੇ ਲਿਖਤ ਪੋਸਟਰਾਂ ਅਤੇ ਨਾਅਰਿਆਂ ਦੇ ਨਾਲ ਨਾਲ ਨਸ਼ਿਆਂ ਦੇ ਸਿਹਤ ਅਤੇ ਸਮਾਜਿਕ ਜੀਵਨ ਤੇ ਪੈਣ ਵਾਲੇ ਮਾਰੂ ਪ੍ਰਭਾਵ ਤੋਂ ਜਾਣੂ ਕਰਵਾਉਂਦੇ ਹੋਏ ਹਰ ਤਰ੍ਹਾਂ ਦੇ ਨਸ਼ੇ ਤੋਂ ਦੂਰ ਰਹਿਣ ਦਾ ਹੋਕਾ ਦਿੱਤਾ । ਇਸ ਦੌਰਾਨ ਵਿਦਿਆਰਥੀਆਂ ਅਤੇ ਖਿਡਾਰੀਆਂ ਨੇ ਬੱਚਿਆਂ ਅਤੇ ਨੌਜਵਾਨਾਂ ਨੂੰ ਵੱਧ ਚੜ੍ਹ ਕੇ ਖੇਡਾਂ ਨਾਲ ਜੁੜਨ ਦੀ ਪ੍ਰੇਨਾ ਦਿੱਤੀ। ਇਸ ਮੌਕੇ ਪ੍ਰਿੰਸੀਪਲ ਮੀਤਾ ਨੇ ਕਿਹਾ ਕਿ ਨੌਜਵਾਨ ਵਰਗ ਨੂੰ ਨਸ਼ਿਆਂ ਦੀ ਗ੍ਰਿਫਤ ਵਿੱਚੋਂ ਬਾਹਰ ਕੱਢਣਾ ਅੱਜ ਦੇ ਸਮੇਂ ਦੀ ਲੋੜ ਹੈ ਕਿਉਂਕਿ ਜੇਕਰ ਆਪਣੀ ਨੌਜਵਾਨ ਪੀੜ੍ਹੀ ਨੂੰ ਬਚਾਉਣ ਲਈ ਅਸੀਂ ਹੁਣ ਵੀ ਸੁਚੇਤ ਨਾ ਹੋਏ ਤਾਂ ਇਸ ਦੇ ਭਿਆਨਕ ਨਤੀਜੇ ਭੁਗਤਣੇ ਪੈ ਸਕਦੇ ਹਨ।ਇਸ ਮੌਕੇ ਪਹੁੰਚੇ ਏ.ਐੱਸ.ਆਈ. ਜਸਵੀਰ ਸਿੰਘ ਨੇ ਕਲੱਬ ਅਤੇ ਸਕੂਲ ਦੇ ਪ੍ਰਬੰਧਕਾਂ ਅਤੇ ਵਿਦਿਆਰਥੀਆਂ ਦੀ ਇਸ ਪਹਿਲ ਦੀ ਸ਼ਲਾਘਾ ਕਰਦੇ ਹੋਏ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਪੰਜਾਬ ਪੁਲਸ ਵੱਲੋਂ ਨਸ਼ਿਆਂ ਖਿਲਾਫ ਸ਼ੁਰੂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਨਸ਼ਾ ਇਕ ਸਮਾਜਿਕ ਬੁਰਾਈ ਹੈ। ਇਸ ਮੌਕੇ ਵਿਦਿਆਰਥੀਆਂ ਨੇ ਨਸ਼ੇ ਦੀ ਦਲਦਲ ਵਿੱਚੋ ਬਾਹਰ ਨਿਕਲਣ ਦਾ ਸੰਦੇਸ਼ ਦੇਣ ਲਈ ਨੁੱਕੜ ਨਾਟਕ ਦਾ ਮੰਚਨ ਵੀ ਕੀਤਾ। ਇਸ ਮੌਕੇ ਕਸ਼ਿਸ਼ ਗਿੱਲ, ਚੰਦਰੇਸ਼ ਸ਼ਰਮਾ ਆਯੂਸ਼ ਕੇ ਸੀ ਪ੍ਰਥਮ ਪ੍ਰਭਜੋਤ ਕੌਰ, ਨੈਨਾ ਕੁਮਾਰੀ, ਜਸਮੀਤ ਕੌਰ ਸਿੱਧੂ, ਜਸਨੂਰ ਕੌਰ, ਅਰਪਣ ਦੀਆ, ਜਸਮੀਤ ਅਤੇ ਮਨਪ੍ਰੀਤ ਆਦਿ ਮੌਜੂਦ ਸਨ।

# ਟੈਂਪੂ 'ਤੇ ਡਿੱਗਾ ਸਫੈਦਾ, ਦੋ ਗੰਭੀਰ ਜ਼ਖਮੀ



**ਕਿਸ਼ਨਗੜ੍ਹ (ਸੁਖਜੀਤ ਕੁਮਾਰ)**- ਕਿਸ਼ਨਗੜ੍ਹ-ਆਦਮਪੁਰ ਸੜਕ 'ਤੇ ਵਾਪਰੇ ਇਕ ਹਾਦਸੇ 'ਚ ਟੈਂਪੂ 'ਚ ਸਵਾਰ ਦੋ ਸਵਾਰੀਆਂ ਗੰਭੀਰ ਜ਼ਖਮੀ ਹੋ ਗਈਆਂ ਜਦਕਿ ਚਾਲਕ ਦਾ ਵਾਲ ਵਾਲ ਬਚਾਅ ਹੋ ਗਿਆ। ਜਾਣਕਾਰੀ ਅਨੁਸਾਰ ਐਤਵਾਰ ਢਾਈ ਕੁ ਵਜੇ ਦੇ ਕਰੀਬ ਜਦ ਭਾਰੀ ਬਾਰਿਸ਼ ਅਤੇ ਹਨੇਰੀ ਚੱਲ ਰਹੀ ਸੀ, ਟੈਂਪੂ ਚਾਲਕ ਮਦਨ ਲਾਲ ਕਿਸ਼ਨਗੜ੍ਹ ਤੋਂ ਟੈਂਪੂ ਵਿੱਚ ਦੋ ਸਵਾਰੀਆਂ ਲੈ ਕੇ ਆਦਮਪੁਰ ਵੱਲ ਜਾ ਰਿਹਾ ਸੀ। ਜਦ ਉਹ ਕਿਸ਼ਨਗੜ੍ਹ ਅੱਡੇ ਤੋਂ ਥੋੜ੍ਹੀ ਦੂਰ ਹੀ ਪੈਂਦੇ ਪਿੰਡ ਦੌਲਤਪੁਰ ਕੋਲ ਗਿਆ ਤਾਂ ਇੱਕਦਮ ਬਾਰਿਸ਼ ਆਈ ਅਤੇ ਤੇਜ਼ ਹਨੇਰੀ ਚੱਲ ਪਈ। ਤੇਜ਼ ਹਨੇਰੀ ਕਾਰਨ ਸੜਕ ਦੇ ਕਿਨਾਰੇ ਲੱਗਾ ਇਕ ਵੱਡਾ ਸਫੈਦੇ ਦਾ ਦਰੱਖਤ ਟੁੱਟ ਕੇ ਟੈਂਪੂ ਉਪਰ ਡਿਗ ਪਿਆ। ਦਰੱਖਤ ਟੈਂਪੂ ਦੇ ਵਿਚਕਾਰ ਡਿੱਗਣ ਕਾਰਨ ਟੈਂਪੂ ਦੋਫਾੜ ਹੋ ਗਿਆ। ਦੋਨੋਂ ਗੰਭੀਰ ਰੂਪ 'ਚ ਜ਼ਖਮੀ ਸਵਾਰੀਆਂ ਨੂੰ ਸਥਾਨਕ ਲੋਕਾਂ ਨੇ ਨਿੱਜੀ ਹਸਪਤਾਲ 'ਚ ਦਾਖਲ ਕਰਵਾਇਆ। ਜ਼ਖਮੀਆਂ ਦੀ ਫੌਰੀ ਤੌਰ 'ਤੇ ਪਹਿਚਾਣ ਨਹੀਂ ਹੋ ਸਕੀ।